ਐਤਵਾਰ, 13 ਸਤੰਬਰ, 2026
28 ਭਾਦੋਂ { ਨਾਨਕਸ਼ਾਹੀ 558 / ਬਿਕ੍ਰਮੀ 2083
ਜਿਲਦ/VOL. : 75
ਅੰਕ/NO. : 103

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 13 SEPTEMBER, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

## ਬ੍ਰਿਕਸ ਵੱਲੋਂ ਇਕ-ਪਾਸੜ ਟੈਰਿਫਾਂ ਦਾ ਵਿਰੋਧ, ਐਲਾਨਨਾਮਾ ਪ੍ਰਵਾਨ



**ਨਵੀਂ ਦਿੱਲੀ** : ਬ੍ਰਿਕਸ ਦੇਸ਼ਾਂ ਨੇ ਇਕਪਾਸੜ ਟੈਰਿਫਾਂ ਅਤੇ ਆਰਥਿਕ ਪਾਬੰਦੀਆਂ ਦੀ ਸਖ਼ਤ ਆਲੋਚਨਾ ਕੀਤੀ ਹੈ। ਬ੍ਰਿਕਸ ਸੰਮੇਲਨ ਵਿੱਚ ਅਪਣਾਏ ਗਏ ਨਵੀਂ ਦਿੱਲੀ ਐਲਾਨਨਾਮੇ ਵਿੱਚ ਇੱਕਪਾਸੜ ਟੈਰਿਫ ਅਤੇ ਗੈਰ-ਟੈਰਿਫ ਕਦਮਾਂ 'ਤੇ ਗੰਭੀਰ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ ਜੋ ਵਪਾਰ 'ਚ ਅੜਿਕਾ ਬਣਦੇ ਹਨ ਅਤੇ ਵਿਸ਼ਵ ਵਪਾਰ ਸੰਗਠਨ ਦੇ ਨਿਯਮਾਂ ਨਾਲ ਮੇਲ ਨਹੀਂ ਖਾਂਦੇ। ਸਮੂਹ ਨੇ ਕਿਹਾ ਕਿ ਵਪਾਰਕ ਪਾਬੰਦੀਆਂ ਦਾ ਪ੍ਰਸਾਰ, ਜਿਸ ਵਿੱਚ ਵਾਤਾਵਰਣ ਦੇ ਉਦੇਸ਼ਾਂ ਦੇ ਨਾਮ 'ਤੇ ਲਗਾਏ ਗਏ ਅੰਨ੍ਹੇਵਾਹ ਟੈਰਿਫ ਅਤੇ ਸੁਰੱਖਿਆਵਾਦ ਸ਼ਾਮਲ ਹਨ, ਵਿਸ਼ਵ ਵਪਾਰ ਨੂੰ ਹੋਰ ਘਟਾ ਸਕਦੇ ਹਨ ਅਤੇ ਕਾਰੋਬਾਰਾਂ ਅਤੇ ਅਰਥਵਿਵਸਥਾਵਾਂ ਲਈ ਅਨਿਸ਼ਚਿਤਤਾ ਪੈਦਾ ਕਰ ਸਕਦੇ ਹਨ। ਘੋਸ਼ਣਾ ਪੱਤਰ ਵਿੱਚ ਆਰਥਿਕ ਅਤੇ ਸੈਕੰਡਰੀ ਪਾਬੰਦੀਆਂ ਸਮੇਤ ਇਕਪਾਸੜ ਜ਼ਬਰਦਸਤੀ ਦੇ ਉਪਾਵਾਂ ਦੀ ਵੀ ਨਿੰਦਾ ਕੀਤੀ ਗਈ, ਇਹ ਕਹਿੰਦੇ ਹੋਏ ਕਿ ਇਹ ਅੰਤਰਰਾਸ਼ਟਰੀ ਕਾਨੂੰਨ ਦੇ ਉਲਟ ਹਨ ਅਤੇ ਨਿਸ਼ਾਨਾ ਬਣਾਏ ਗਏ ਦੇਸ਼ਾਂ ਵਿੱਚ ਆਬਦੀ ਉਪਰ ਦੂਰਗਾਮੀ ਅਸਰ ਪਾਉਣਗੇ। ਇਹ ਉਪਾਅ ਕਮਜ਼ੋਰ ਵਰਗਾਂ ਨੂੰ ਵਿਕਾਸ, ਸਿਹਤ ਅਤੇ ਭੋਜਨ ਸੁਰੱਖਿਆ ਦੇ ਉਨ੍ਹਾਂ ਦੇ ਅਧਿਕਾਰਾਂ ਨੂੰ ਕਮਜ਼ੋਰ ਕਰਕੇ ਪ੍ਰਭਾਵਿਤ ਕਰਦੇ ਹਨ, ਜਦੋਂ ਕਿ ਡਿਜੀਟਲ ਪਾੜੇ ਨੂੰ ਵੀ ਡੂੰਘਾ ਕਰਦੇ ਹਨ ਅਤੇ ਵਾਤਾਵਰਣ ਸੰਬੰਧੀ ਚੁਣੌਤੀਆਂ ਨੂੰ ਵੀ ਹੋਰ ਗੰਭੀਰ ਬਣਾਉਂਦੇ ਹਨ। ਇਹ ਐਲਾਨ ਆਰਥਿਕ ਅਤੇ ਵਿਦੇਸ਼ ਨੀਤੀ ਦੇ ਸਾਧਨਾਂ ਵਜੋਂ ਟੈਰਿਫ ਅਤੇ ਪਾਬੰਦੀਆਂ ਦੀ ਵਰਤੋਂ 'ਤੇ ਵਧ ਰਹੇ ਤਣਾਅ ਦੇ ਵਿਚਕਾਰ ਆਇਆ ਹੈ।

18ਵੇਂ ਬ੍ਰਿਕਸ ਸੰਮੇਲਨ ਨੇ ਸ਼ਨੀਵਾਰ ਇੱਕ ਵੱਡੀ ਕੂਟਨੀਤਕ ਸਫਲਤਾ ਪ੍ਰਾਪਤ ਕੀਤੀ ਤੇ ਮੈਂਬਰ ਦੇਸ਼ਾਂ ਨੇ ਸਰਬਸੰਮਤੀ ਨਾਲ 'ਨਵੀਂ ਦਿੱਲੀ ਐਲਾਨਨਾਮਾ 2026' ਨੂੰ ਅਪਣਾਇਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੋ-ਰੋਜ਼ਾ ਭਾਰਤ-ਮੇਜ਼ਬਾਨੀ ਸੰਮੇਲਨ ਵਿੱਚ ਸ਼ੁਰੂਆਤੀ ਦਿਨ ਦੇ ਵਿਚਾਰ-ਵਟਾਂਦਰੇ ਦੇ ਅੰਤ ਵਿੱਚ ਐਲਾਨਨਾਮੇ ਨੂੰ ਅਪਣਾਉਣ ਦਾ ਐਲਾਨ ਕੀਤਾ। ਸ਼ੁਰੂ ਵਿਚ ਘੋਸ਼ਣਾ ਦੇ ਪਾਠਕ੍ਰਮ 'ਤੇ ਗੱਲਬਾਤ ਉਸ ਵੇਲੇ ਅਟਕ ਗਈ, ਜਦੋਂ ਈਰਾਨ ਅਤੇ ਯੂ ਏ ਈ ਦੋਵਾਂ ਨੇ ਆਪਣੇ ਸਟੈਂਡ ਸਖ਼ਤ ਕਰ ਲਏ। ਬ੍ਰਿਕਸ ਇੱਕ ਸਹਿਮਤੀ-ਅਧਾਰਤ ਸਮੂਹ ਹੈ, ਜਿਸ ਦਾ ਅਰਥ ਹੈ ਕਿ ਕੋਈ ਵੀ ਇੱਕ ਮੈਂਬਰ ਅੰਤਮ ਸਾਂਝੇ ਐਲਾਨ ਨੂੰ ਰੋਕ ਸਕਦਾ ਹੈ। ਸਿਖਰ ਸੰਮੇਲਨ ਦੇ ਉਦਘਾਟਨੀ ਸੈਸ਼ਨ ਦੇ ਅੰਤ 'ਤੇ ਪ੍ਰਧਾਨ ਮੰਤਰੀ ਮੋਦੀ ਨੂੰ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਹੱਥ ਮਿਲਾਉਂਦੇ ਹੋਏ ਦੇਖਿਆ ਗਿਆ। 'ਅੱਜ ਦੀ ਚਰਚਾ ਇਹ ਸਪੱਸ਼ਟ ਕਰਦੀ ਹੈ ਕਿ ਬਦਲਦੀ ਦੁਨੀਆ ਨੂੰ ਪੁਰਾਣੀਆਂ ਸੰਸਥਾਵਾਂ ਦੁਆਰਾ ਨਹੀਂ ਚਲਾਇਆ ਜਾ ਸਕਦਾ, ਪ੍ਰਤੀਨਿਧਤਾ, ਜਵਾਬਦੇਹੀ ਅਤੇ ਨਿਯਮ-ਨਿਰਮਾਣ ਵਿੱਚ ਸੁਧਾਰ ਜ਼ਰੂਰੀ ਹਨ,' ਮੋਦੀ ਨੇ ਆਪਣੇ ਸਮਾਪਤੀ ਭਾਸ਼ਣ ਵਿੱਚ ਕਿਹਾ। ਉਨ੍ਹਾ ਕਿਹਾ ਕਿ ਅਸੀਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਗਲੋਬਲ ਸਾਊਥ ਨੂੰ ਭਵਿੱਖ ਦੀਆਂ ਤਕਨਾਲੋਜੀਆਂ ਅਤੇ ਉਨ੍ਹਾਂ ਨੂੰ ਨਿਯੰਤਰਿਤ ਕਰਨ ਵਾਲੇ ਨਿਯਮਾਂ ਦੇ ਵਿਕਾਸ ਵਿੱਚ ਬਰਾਬਰ ਭਾਗੀਦਾਰੀ ਹੋਣੀ ਚਾਹੀਦੀ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਫੈਸਲਿਆਂ ਅਤੇ ਉਨ੍ਹਾਂ ਦੇ ਨਤੀਜਿਆਂ ਵਿਚਕਾਰ ਪਾੜੇ ਨੂੰ ਭਾਈਵਾਲੀ ਅਤੇ ਸਮੂਹਿਕ ਕਾਰਵਾਈ ਦੁਆਰਾ ਪੂਰਾ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਅੱਜ ਅਪਣਾਇਆ ਗਿਆ ਨਵੀਂ ਦਿੱਲੀ ਐਲਾਨਨਾਮਾ ਸਾਡੇ ਸਾਂਝੇ ਸੰਕਲਪ ਲਈ ਇੱਕ ਸਪੱਸ਼ਟ ਦਿਸ਼ਾ ਪ੍ਰਦਾਨ ਕਰਦਾ ਹੈ। ਹੁਣ ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਇਨ੍ਹਾਂ ਮਤਿਆਂ ਨੂੰ ਠੋਸ ਨਤੀਜਿਆਂ ਵਿੱਚ ਬਦਲੀਏ।

## ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਦੇ ਸੰਬੰਧ 'ਚ ਨਗਰ ਕੀਰਤਨ ਸਜਾਇਆ



**ਅੰਮ੍ਰਿਤਸਰ (ਨਵਾਂ ਜ਼ਮਾਨਾ ਸਰਵਿਸ)**
ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਸ਼ਨੀਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਤੋਂ ਸ੍ਰੀ ਹਰਿਮੰਦਰ ਸਾਹਿਬ ਤੱਕ ਨਗਰ ਕੀਰਤਨ ਸਜਾਇਆ ਗਿਆ। ਇਸ ਸੰਬੰਧ ਵਿੱਚ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਗੁਰਬਾਣੀ ਦਾ ਕੀਰਤਨ ਕੀਤਾ ਗਿਆ ਅਤੇ ਅਰਦਾਸ ਉਪਰੰਤ ਨਗਰ ਕੀਰਤਨ ਦੀ ਸ਼ੁਰੂਆਤ ਕੀਤੀ ਗਈ। ਗੁਰਦੁਆਰਾ ਰਾਮਸਰ ਸਾਹਿਬ ਉਹ ਅਸਥਾਨ ਹੈ, ਜਿੱਥੇ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਗਈ ਸੀ। 1604 ਵਿੱਚ ਨਗਰ ਕੀਰਤਨ ਦੇ ਰੂਪ ਵਿੱਚ ਪਾਵਨ ਸਰੂਪ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਲਿਆਂਦਾ ਗਿਆ ਸੀ ਅਤੇ ਇਸ ਦਾ ਪਹਿਲਾ ਪ੍ਰਕਾਸ਼ ਕੀਤਾ ਗਿਆ ਸੀ। ਅੱਜ ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਕਾਰਜਕਾਰੀ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਵੱਲੋਂ ਸੰਗਤਾਂ ਨੂੰ ਇਤਿਹਾਸ ਸਬੰਧੀ ਜਾਣੂ ਕਰਵਾਇਆ ਗਿਆ ਅਤੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਨਗਰ ਕੀਰਤਨ ਦੀ ਅਗਵਾਈ ਕਰ ਰਹੇ ਪੰਜ ਪਿਆਰੇ ਸਾਹਿਬਾਨਾਂ ਤੇ ਸਿੰਘ ਸਾਹਿਬਾਨ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ। ਇਸ ਦੌਰਾਨ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਿਖੇ ਸੁੰਦਰ ਜਲੌਅ ਸਜਾਏ ਜਾ ਰਹੇ ਹਨ। ਸ੍ਰੀ ਹਰਿਮੰਦਰ ਸਾਹਿਬ ਨੂੰ ਫੁੱਲਾਂ ਨਾਲ ਸੁੰਦਰ ਸਰੂਪ ਵਿੱਚ ਸਜਾਇਆ ਗਿਆ ਹੈ।

## ਭਰੋਸੇਯੋਗਤਾ ਬਹਾਲ ਕਰਨ ਲਈ ਕੰਮ ਕਰੇ ਭਾਰਤ : ਕਾਂਗਰਸ

**ਨਵੀਂ ਦਿੱਲੀ** : ਬ੍ਰਿਕਸ ਦੇ ਵਧਦੇ ਪ੍ਰਭਾਵ ਦਾ ਸਵਾਗਤ ਕਰਦੇ ਹੋਏ ਕਾਂਗਰਸ ਨੇ ਸ਼ਨੀਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦੇਸ਼ ਦੀ ਕੂਟਨੀਤਕ ਜਗ੍ਹਾ ਅਤੇ ਗਲੋਬਲ ਦੱਖਣੀ ਦੇਸ਼ਾਂ ਵਿੱਚ ਕੱਦ ਨੂੰ ਬਹਾਲ ਕਰਨ ਲਈ ਸਮੂਹ ਦੀ ਭਾਰਤ ਦੀ ਪ੍ਰਧਾਨਗੀ ਦੀ ਵਰਤੋਂ ਕਰਨ ਦੀ ਅਪੀਲ ਕੀਤੀ ਤੇ ਜ਼ੋਰ ਦੇ ਕੇ ਕਿਹਾ ਕਿ ਏਕਤਾ ਦੇ ਐਲਾਨ ਇਕਸਾਰ ਤੇ ਨਤੀਜੇ ਵਜੋਂ ਕਾਰਵਾਈ ਦੁਆਰਾ ਮੇਲ ਖਾਂਦੇ ਹੋਣੇ ਚਾਹੀਦੇ ਹਨ।

ਕੁਲ ਹਿੰਦ ਕਾਂਗਰਸ ਕਮੇਟੀ ਦੇ ਵਿਦੇਸ਼ ਮਾਮਲਿਆਂ ਦੇ ਵਿਭਾਗ ਦੇ ਚੇਅਰਪਰਸਨ ਸਲਮਾਨ ਖੁਰਸ਼ੀਦ ਨੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਇਸ ਵਿੱਚ ਬ੍ਰਿਕਸ ਮੈਂਬਰ ਈਰਾਨ 'ਤੇ ਹਮਲਿਆਂ ਦੇ ਕਥਿਤ ਸਮਰਥਨ, ਪੱਛਮੀ ਏਸ਼ੀਆ ਵਿੱਚ ਚੱਲ ਰਹੇ ਯੁੱਧ ਦੌਰਾਨ ਭਾਜਪਾ ਸਰਕਾਰ ਦੀ ਸੀਮਤ ਕੂਟਨੀਤਕ ਭੂਮਿਕਾ (ਬ੍ਰਿਕਸ ਮੈਂਬਰਾਂ ਵਿਚਕਾਰ ਸਹਿਮਤੀ ਬਣਾਉਣ ਦੀ ਇੱਛਾ ਨਾ ਹੋਣ ਸਮੇਤ) ਅਤੇ ਬ੍ਰਿਕਸ ਦੇ ਸੰਸਥਾਪਕ ਮੈਂਬਰ ਦੱਖਣੀ ਅਫਰੀਕਾ ਲਈ ਇਸ ਦੀ ਨਾਕਾਫ਼ੀ ਸਹਾਇਤਾ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਲਈ ਵਿਸ਼ੇਸ਼ ਉਪਾਅ ਕਰਨਾ ਸ਼ਾਮਲ ਹੈ, ਜਦੋਂ ਇਸ ਨੂੰ ਕੂਟਨੀਤਕ ਦਬਾਅ ਦਾ ਸਾਹਮਣਾ ਕਰਨਾ ਪਿਆ। ਉਨ੍ਹਾ ਕਿਹਾ ਕਿ ਭਾਜਪਾ ਸਰਕਾਰ ਨੂੰ ਗਲੋਬਲ ਸਾਊਥ ਵਿੱਚ ਭਾਈਵਾਲਾਂ ਵਿੱਚ ਵਿਸ਼ਵਾਸ ਮੁੜ ਸਥਾਪਤ ਕਰਨ ਲਈ ਕਦਮ ਚੁੱਕਣੇ ਚਾਹੀਦੇ ਹਨ, ਇਹ ਦਿਖਾ ਕੇ ਕਿ ਭਾਰਤ ਸੰਕਟ ਦੇ ਸਮੇਂ ਵਿੱਚ ਵੀ ਇੱਕ ਭਰੋਸੇਯੋਗ ਅਤੇ ਰਚਨਾਤਮਕ ਭਾਈਵਾਲ ਬਣਿਆ ਹੋਇਆ ਹੈ।

ਪਾਰਟੀ ਨੇ ਕਿਹਾ ਕਿ ਭਾਰਤ ਨੂੰ ਆਪਣੇ ਰਾਸ਼ਟਰੀ ਅਤੇ ਆਰਥਿਕ ਹਿੱਤਾਂ ਦੀ ਰਾਖੀ ਕਰਦੇ ਹੋਏ ਸਮੂਹ ਨੂੰ 'ਨੈਤਿਕ ਅਗਵਾਈ ਅਤੇ ਰਣਨੀਤਕ ਸਪੱਸ਼ਟਤਾ' ਪ੍ਰਦਾਨ ਕਰਨੀ ਚਾਹੀਦੀ ਹੈ। ਕਾਂਗਰਸ ਨੇ ਬ੍ਰਿਕਸ ਦੇਸ਼ਾਂ ਨਾਲ ਭਾਰਤ ਦੇ 'ਡੂੰਘੇ • ਬਾਕੀ ਸਫਾ 2 'ਤੇ

## ਮੋਦੀ ਸਰਕਾਰ ਦੇਸ਼ ਨੂੰ ਤਬਾਹ ਕਰਨ 'ਤੇ ਤੁਲੀ : ਧਾਲੀਵਾਲ

**ਬਰਨਾਲਾ (ਨਵਾਂ ਜ਼ਮਾਨਾ ਸਰਵਿਸ)**
ਸੀ ਪੀ ਆਈ ਐੱਮ ਵੱਲੋਂ ਪਾਰਟੀ ਦੇ ਸਾਬਕਾ ਕੌਮੀ ਜਨਰਲ ਸਕੱਤਰ ਮਰਹੂਮ ਸੀਤਾ ਰਾਮ ਯੇਚੁਰੀ ਦੀ ਦੂਸਰੀ ਬਰਸੀ ਨੂੰ ਸਮਰਪਤ ਤਰਕਸ਼ੀਲ ਭਵਨ ਬਰਨਾਲਾ ਵਿਖੇ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਸੈਮੀਨਾਰ 'ਚ ਸੁਖਵਿੰਦਰ ਸਿੰਘ ਸੇਖੋਂ ਸੂਬਾ ਸਕੱਤਰ ਸੀ ਪੀ ਆਈ (ਐੱਮ), ਡਾਕਟਰ ਅਸ਼ੋਕ ਧਾਵਲੇ ਪੋਲਿਟ ਬਿਊਰੋ ਮੈਂਬਰ ਸੀ ਪੀ ਆਈ (ਐੱਮ), ਨਿਰਮਲ ਸਿੰਘ ਧਾਲੀਵਾਲ ਸਕੱਤਰ ਸੀ ਪੀ ਆਈ ਪੰਜਾਬ ਅਤੇ ਕੁਲਦੀਪ ਸਿੰਘ ਕਾਲਾ ਢਿੱਲੋਂ ਕਾਂਗਰਸ ਵਿਧਾਇਕ, ਜਸਵਿੰਦਰ ਸਿੰਘ ਸਕੱਤਰ ਸੀ ਪੀ ਆਈ (ਐੱਮ) ਮੱਧ ਪ੍ਰਦੇਸ਼ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।

ਸੁਖਵਿੰਦਰ ਸਿੰਘ ਸੇਖੋਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਭਰ ਵਿੱਚ ਪਾਰਟੀ ਦੀ ਕੇਂਦਰੀ ਕਮੇਟੀ ਵੱਲੋਂ ਕੌਮੀ ਆਗੂ ਸੀਤਾ ਰਾਮ ਯੇਚੁਰੀ ਦੀ ਬਰਸੀ ਮਨਾਈ ਜਾ ਰਹੀ ਹੈ, ਜਿਸ ਤਹਿਤ ਉਨ੍ਹਾ ਦੀ ਯਾਦ ਵਿੱਚ ਪੰਜਾਬ ਵਿੱਚ ਪੰਜ ਥਾਵਾਂ 'ਤੇ ਸੈਮੀਨਾਰ ਕਰਵਾਏ ਗਏ ਅਤੇ ਅੱਜ ਬਰਨਾਲਾ ਵਿੱਚ ਇਹ ਸੈਮੀਨਾਰ ਹੋਇਆ। ਉਨ੍ਹਾ ਦੱਸਿਆ ਕਿ ਦੇਸ਼ ਦੀ ਰਾਜਨੀਤੀ ਵਿੱਚ ਜਿੰਨਾ ਵੱਡਾ ਯੋਗਦਾਨ ਸੀਤਾ ਰਾਮ ਯੇਚੁਰੀ ਦਾ ਸੀ, ਉਨ੍ਹਾ ਦੇ ਯੋਗਦਾਨ ਨੂੰ ਲੋਕਾਂ ਤੱਕ ਪਹੁੰਚਾਉਣ ਅਤੇ ਉਨ੍ਹਾਂ ਦੀ ਸੋਚ ਨੂੰ ਸਮਾਜ ਦੇ ਹਰ ਵਰਗ ਤੱਕ ਪਹੁੰਚਾਉਣ ਲਈ ਉਨ੍ਹਾ ਦੀ ਬਰਸੀ ਮੌਕੇ ਇਹ ਸੈਮੀਨਾਰ ਕਰਵਾਏ ਜਾ ਰਹੇ ਹਨ।

ਸੈਮੀਨਾਰ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਪੰਜਾਬ ਦੇ ਸੂਬਾ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਦੇਸ਼ ਤਬਾਹੀ ਵੱਲ ਜਾ ਰਿਹਾ ਹੈ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੀ ਥਾਂ ਬੇਰੁਜ਼ਗਾਰੀ ਵੱਲ ਧੱਕ ਦਿੱਤਾ ਹੈ।ਕੇਂਦਰ ਸਰਕਾਰ ਖਿਲਾਫ ਦਿੱਲੀ ਵਿਖੇ ਨੀਟ ਦੀ ਪ੍ਰੀਖਿਆ ਲੀਕ ਨੂੰ ਲੈ ਕੇ ਨੌਜਵਾਨਾਂ ਵੱਲੋਂ ਜ਼ੋਰਦਾਰ ਪ੍ਰਦਰਸ਼ਨ ਕੀਤਾ ਗਿਆ ਸੀ, ਜਿਨ੍ਹਾਂ • ਬਾਕੀ ਸਫਾ 2 'ਤੇ

**ਯੇਚੁਰੀ ਦੀ ਦੂਜੀ ਬਰਸੀ ਨੂੰ ਸਮਰਪਤ ਸੈਮੀਨਾਰ**



## ਗੁਰਸ਼ਰਨ ਭਾਅ ਜੀ ਦਾ ਜਨਮ ਦਿਹਾੜਾ ਸਮਾਗਮ 16 ਨੂੰ

**ਜਲੰਧਰ (ਨ ਜ਼ ਸ)**-ਪੰਜਾਬ ਦੀ ਇਨਕਲਾਬੀ ਰੰਗਮੰਚ ਲਹਿਰ ਦੇ ਮੋਢੀ ਸਿਰਜਕ ਸ਼੍ਰੋਮਣੀ ਨਾਟਕਕਾਰ ਗੁਰਸ਼ਰਨ ਸਿੰਘ ਦੇ 16 ਸਤੰਬਰ ਨੂੰ ਜਨਮ ਦਿਹਾੜੇ 'ਤੇ ਨਾਟਕ, ਗੀਤ-ਸੰਗੀਤ ਅਤੇ ਕਲਾ ਪ੍ਰੇਮੀਆਂ ਦੀ ਮਿਲਣੀ ਹੋਵੇਗੀ। ਜਨਮ ਦਿਹਾੜੇ 'ਤੇ ਉਹਨਾ ਦੇ ਜੱਦੀ ਘਰ ਗੁਰੂ ਖਾਲਸਾ ਨਿਵਾਸ ਵਿਖੇ ਦਿਨੇ ਦੋ ਵਜੇ ਤੋਂ ਦੇਰ ਰਾਤ ਤੱਕ ਬਹੁ ਕਲਾ ਵੰਨਗੀਆਂ ਦਾ ਪ੍ਰੋਗਰਾਮ ਗੁਰਸ਼ਰਨ ਭਾਅ ਜੀ ਦੀ ਘਾਲਣਾ ਨੂੰ ਸਮਰਪਤ ਹੋਵੇਗਾ। ਨਾਟਕ, ਗੀਤ-ਸੰਗੀਤ ਅਤੇ ਬਹੁ-ਵੰਨਗੀ ਹੋਰ ਕਲਾ-ਕ੍ਰਿਤਾਂ ਤੋਂ ਇਲਾਵਾ ਕਿਸਾਨ ਅੰਦੋਲਨ ਦੇ ਸੰਬੰਧ ਵਿੱਚ ਨਕੁਲ ਸਾਹਨੀ ਦੀ ਦਸਤਾਵੇਜ਼ੀ ਫ਼ਿਲਮ 'ਲੱਖਾਂ ਬਗਾਵਤਾਂ' ਵੀ ਦਿਖਾਈ ਜਾਵੇਗੀ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਰਹੇ ਲੰਮਾ ਸਮਾਂ ਪੰਜਾਬੀ ਰੰਗਮੰਚ ਨੂੰ ਇੱਕ ਬੋਹੜ ਦੇ ਰੂਪ ਵਿੱਚ ਵਿਕਸਤ ਕਰਨ ਵਾਲੇ, ਮੇਲਾ ਗਦਰੀ ਬਾਬਿਆਂ ਨੂੰ ਚਾਰ ਚੰਨ੍ਹ ਲਾਉਣ ਵਾਲੇ ਗੁਰਸ਼ਰਨ ਭਾਅ ਜੀ ਦੀ ਯਾਦ 'ਚ ਹੋਣ ਵਾਲੇ ਜਨਮ ਦਿਹਾੜਾ ਸਮਾਗਮ ਮੌਕੇ ਹੁੰਮ-ਹੁਮਾ ਕੇ ਪਹੁੰਚਣ ਦੀ ਖੇਚਲ ਕੀਤੀ ਜਾਵੇ।

### ਜੱਗੂ ਗੈਂਗ ਦਾ ਮੁੱਖ ਗੈਂਗਸਟਰ ਲਿਆਂਦਾ ਭਾਰਤ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਬਟਾਲਾ ਦੇ ਥਾਣਾ ਕਿਲ੍ਹਾ ਲਾਲ ਸਿੰਘ ਅਧੀਨ ਪੈਂਦੇ ਪਿੰਡ ਨੰਗਲ ਦਾ ਰਹਿਣ ਵਾਲਾ ਅੰਮ੍ਰਿਤਪਾਲ ਸਿੰਘ ਉਰਫ਼ ਉਰਫ਼ ਗੁਰਪਾਲ ਸਿੰਘ, ਜੋ ਕਿ ਜੱਗੂ ਭਗਵਾਨਪੁਰੀਆ ਅਪਰਾਧਕ ਨੈੱਟਵਰਕ ਦਾ ਮੁੱਖ ਗੈਂਗਸਟਰ ਬਣ ਕੇ ਉਭਰਿਆ ਸੀ, ਨੂੰ ਮਾਲਦੋਵਾ ਤੋਂ ਭਾਰਤ ਲਿਆਂਦਾ ਗਿਆ ਹੈ। ਪੰਜਾਬ ਦੇ ਚਾਰ ਜ਼ਿਲ੍ਹਿਆਂ ਵਿੱਚ 2019 ਤੋਂ 2025 ਦਰਮਿਆਨ ਉਸ ਖ਼ਿਲਾਫ਼ 21 ਐੱਫ ਆਈ ਆਰ ਦਰਜ ਹਨ। ਉਹ ਭਗਵਾਨਪੁਰੀਆ ਗੈਂਗ ਦੇ ਰੈਂਕਾਂ ਵਿੱਚ ਤੇਜ਼ੀ ਨਾਲ ਅੱਗੇ ਵਧਿਆ ਅਤੇ 7 ਕਤਲਾਂ ਦੇ ਨਾਲ-ਨਾਲ ਫਿਰੌਤੀ, ਨਸ਼ੀਲੇ ਪਦਾਰਥਾਂ ਅਤੇ ਅਸਲੇ ਦੀ ਸਮੱਗਲਿੰਗ ਦੇ ਕਈ ਮਾਮਲਿਆਂ ਵਿੱਚ ਨਾਮਜ਼ਦ ਕੀਤਾ ਗਿਆ। ਇੰਟਰਪੋਲ ਵੱਲੋਂ ਰੈੱਡ ਕਾਰਨਰ ਨੋਟਿਸ ਜਾਰੀ ਹੋਣ ਤੋਂ ਬਾਅਦ ਨਕਲੀ ਵੇਰਵਿਆਂ ਵਾਲੇ ਪਾਸਪੋਰਟ 'ਤੇ ਉਹ ਵਿਦੇਸ਼ ਭੱਜ ਗਿਆ ਸੀ।

### ਛੇ ਸਾਲਾਂ ਬਾਅਦ ਗੁਆਂਗਜ਼ੂ-ਦਿੱਲੀ ਉਡਾਣਾਂ ਮੁੜ ਸ਼ੁਰੂ ਹੋਣਗੀਆਂ

**ਪੇਈਚਿੰਗ** : ਚੀਨ ਸਾਊਥਰਨ ਏਅਰਲਾਈਨਜ਼ ਨੇ ਸਨਿੱਚਰਵਾਰ ਘੋਸ਼ਣਾ ਕੀਤੀ ਕਿ ਉਹ 21 ਸਤੰਬਰ ਤੋਂ ਗੁਆਂਗਜ਼ੂ-ਨਵੀਂ ਦਿੱਲੀ ਰੂਟ 'ਤੇ ਨਿਯਮਤ ਯਾਤਰੀ ਸੇਵਾਵਾਂ ਨੂੰ ਮੁੜ ਸ਼ੁਰੂ ਕਰੇਗੀ, ਜਿਸ ਨਾਲ ਛੇ ਸਾਲਾਂ ਦੀ ਮੁਅੱਤਲੀ ਤੋਂ ਬਾਅਦ ਸੇਵਾ ਮੁੜ ਸ਼ੁਰੂ ਹੋ ਜਾਵੇਗੀ। ਕੈਰੀਅਰ ਨੇ ਕਿਹਾ ਇਸ ਮੁੜ ਸ਼ੁਰੂਆਤ ਨਾਲ ਏਅਰਲਾਈਨ ਦੱਖਣੀ ਏਸ਼ੀਆ ਵਿੱਚ ਅੱਠ ਰਾਊਂਡ-ਟ੍ਰਿਪ ਰੂਟਾਂ ਵਿੱਚ ਹਫ਼ਤੇ ਵਿੱਚ 100 ਤੋਂ ਵੱਧ ਉਡਾਣਾਂ ਚਲਾਏਗੀ। ਚੀਨ ਸਾਊਥਰਨ ਏਅਰਲਾਈਨਜ਼, ਜਿਸ ਦਾ ਮੁੱਖ ਦਫ਼ਤਰ ਚੀਨ ਦੇ ਦੱਖਣੀ ਗੁਆਂਗਡੋਂਗ ਸੂਬੇ ਦੇ ਗੁਆਂਗਜ਼ੂ ਵਿੱਚ ਹੈ, ਦੇਸ਼ ਦੇ ਪ੍ਰਮੁੱਖ ਕੈਰੀਅਰਾਂ ਵਿੱਚੋਂ ਇੱਕ ਹੈ। ਕੈਰੀਅਰ ਨੇ ਇਹ ਐਲਾਨ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਬ੍ਰਿਕਸ ਸੰਮੇਲਨ ਵਿੱਚ ਸ਼ਾਮਲ ਹੋਣ ਅਤੇ ਦੁਵੱਲੇ ਸੰਬੰਧਾਂ ਨੂੰ ਹੋਰ ਬਿਹਤਰ ਬਣਾਉਣ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਮੌਕੇ ਕੀਤਾ।

### ਰੰਗਦਾਰ ਵਿਸ਼ੇਸ਼ ਸਪਲੀਮੈਂਟ



ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਦਿਵਸ ਨੂੰ ਸਮਰਪਿਤ (ਮੇਲਾ ਜਗ) **ਸ੍ਰੀ ਗੋਇੰਦਵਾਲ ਸਾਹਿਬ** ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ **ਕਾਬਲ ਸਿੰਘ ਮੱਲ੍ਹੀ** ਨਾਲ ਮੋਬਾਇਲ ਨੰਬਰ 99142-36641 'ਤੇ ਸੰਪਰਕ ਕੀਤਾ ਜਾ ਸਕਦਾ ਹੈ। *-ਜਨਰਲ ਮੈਨੇਜਰ*

## ਪ੍ਰਸਿੱਧ ਫ਼ੋਟੋ ਕਲਾਕਾਰ ਹਰਭਜਨ ਬਾਜਵਾ ਦਾ ਦੇਹਾਂਤ



**ਫ਼ਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**
ਕਲਾ ਅਤੇ ਫ਼ੋਟੋਗ੍ਰਾਫ਼ੀ ਦੀ ਦੁਨੀਆ ਵਿੱਚ ਵੱਡਾ ਨਾਮਣਾ ਖੱਟਣ ਵਾਲੇ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਫ਼ੋਟੋ ਕਲਾਕਾਰ ਅਤੇ ਮਹਾਨ ਚਿੱਤਰਕਾਰ ਸ. ਸੋਭਾ ਸਿੰਘ ਦੇ ਸ਼ਾਗਿਰਦ ਹਰਭਜਨ ਸਿੰਘ ਬਾਜਵਾ ਸ਼ਨੀਵਾਰ ਦੁਪਹਿਰ 12 ਵਜੇ ਬਟਾਲਾ ਵਿਖੇ ਅਕਾਲ ਚਲਾਣਾ ਕਰ ਗਏ। ਉਹ ਲਗਭਗ 85 ਵਰ੍ਹਿਆਂ ਦੇ ਸਨ ਅਤੇ ਪਿਛਲੇ ਕੁਝ ਸਮੇਂ ਤੋਂ ਸਿਹਤ ਸਮੱਸਿਆਵਾਂ ਨਾਲ ਜੂਝ ਰਹੇ ਸਨ।ਉਨ੍ਹਾਂ ਦਾ ਅੰਤਿਮ ਸੰਸਕਾਰ 13 ਸਤੰਬਰ ਨੂੰ ਸਵੇਰੇ 11 ਵਜੇ ਬਟਾਲਾ ਵਿਖੇ ਨੇੜੇ ਕਾਦੀਆਂ ਚੁੰਗੀ ਸਥਿਤ ਸ਼ਮਸ਼ਾਨਘਾਟ ਵਿੱਚ ਕੀਤਾ ਜਾਵੇਗਾ।ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਹਰਭਜਨ ਬਾਜਵਾ ਦੇ ਦੁਖਦਾਈ ਵਿਛੋੜੇ 'ਤੇ ਕਮੇਟੀ ਤਰਫੋਂ ਉਹਨਾਂ ਦੇ ਪਰਿਵਾਰ ਸਾਕ-ਸਬੰਧੀਆਂ ਤੇ ਸੰਗੀ ਸਾਥੀਆਂ ਨਾਲ਼ ਗਹਿਰੇ ਦੁੱਖ਼ ਦਾ ਪ੍ਰਗਟਾਵਾ ਕੀਤਾ ਹੈ। ਉਹਨਾਂ ਕਿਹਾ ਕਿ ਗ਼ਦਰੀ ਬਾਬਿਆਂ ਦੇ ਮੇਲੇ ਮੌਕੇ ਉਹਨਾਂ ਨੂੰ ਉਚੇਚੇ ਤੌਰ 'ਤੇ ਸਿਜਦਾ ਕੀਤਾ ਜਾਏਗਾ। ਬਾਜਵਾ ਦੀਆਂ ਕਾਵਿ-ਕਿਰਤਾਂ ਵਿੱਚ 'ਸੁੱਕੇ ਕੱਖਾਂ ਥੱਲੇ ਅੱਗ', 'ਮੌਤ ਇੱਕ ਆਸ ਦੀ' ਅਤੇ 'ਤਰੇਲ ਦੀ ਇੱਕ ਬੂੰਦ' ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹਨ।ਇਸ ਤੋਂ ਇਲਾਵਾ 'ਜੇਲ੍ਹ ਦੀਆਂ ਭੁੱਲੀਆਂ ਵਿਸਰੀਆਂ ਯਾਦਾਂ' ਵਿਚ ਮਨੁੱਖੀ ਸੰਵੇਦਨਾ ਦੇ ਡੂੰਘੇ ਅਹਿਸਾਸ ਮਿਲਦੇ ਹਨ

### ਸਚਿਨ ਪਾਇਲਟ 15 ਨੂੰ ਪੰਜਾਬ ਆਉਣਗੇ

**ਚੰਡੀਗੜ੍ਹ** : ਪੰਜਾਬ ਕਾਂਗਰਸ ਦੇ ਨਵੇਂ ਇੰਚਾਰਜ ਸਚਿਨ ਪਾਇਲਟ 15 ਸਤੰਬਰ ਨੂੰ ਆਪਣੇ ਪਹਿਲੇ ਪੰਜਾਬ ਦੌਰੇ ਉੱਤੇ ਚੰਡੀਗੜ੍ਹ ਪਹੁੰਚ ਰਹੇ ਹਨ। ਪੰਜਾਬ ਕਾਂਗਰਸ ਦਾ ਇੰਚਾਰਜ ਬਣਨ ਤੋਂ ਬਾਅਦ ਇਹ ਉਨ੍ਹਾ ਦਾ ਪਹਿਲਾ ਦੌਰਾ ਹੋਵੇਗਾ, ਜਿਸ ਨੂੰ ਲੈ ਕੇ ਪਾਰਟੀ ਵਰਕਰਾਂ ਅਤੇ ਲੀਡਰਸ਼ਿਪ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਇਸ ਦੌਰੇ ਨੂੰ ਕਾਂਗਰਸ ਪਾਰਟੀ ਦੀ ਅੰਦਰੂਨੀ ਗੁੱਟਬਾਜ਼ੀ, ਸੂਬੇ ਦੀ ਅੰਦਰੂਨੀ ਸਿਆਸਤ ਅਤੇ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਨਾਲ ਵੀ ਜੋੜ ਕੇ ਦੇਖਿਆ ਜਾ ਰਿਹਾ ਹੈ। ਆਪਣੇ ਇਸ ਦੌਰੇ ਦੌਰਾਨ ਸਚਿਨ ਪਾਇਲਟ ਚੰਡੀਗੜ੍ਹ ਵਿੱਚ ਕਾਂਗਰਸ ਪਾਰਟੀ ਵੱਲੋਂ ਕੀਤੇ ਜਾਣ ਵਾਲੇ ਵਿਸ਼ੇਸ਼ ਪ੍ਰਦਰਸ਼ਨ ਵਿੱਚ ਹਿੱਸਾ ਲੈਣਗੇ। ਕਾਂਗਰਸ ਪਾਰਟੀ ਵੱਲੋਂ ਸੰਗਰੂਰ ਸੁਸਾਈਡ ਕੇਸ ਦੇ ਮਾਮਲੇ ਵਿੱਚ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਦੇ ਘਰ ਦਾ ਘਿਰਾਓ ਕੀਤਾ ਜਾਣਾ ਹੈ। ਇਸ ਪ੍ਰਦਰਸ਼ਨ ਵਿੱਚ ਸਚਿਨ ਪਾਇਲਟ ਤੋਂ ਇਲਾਵਾ ਪੰਜਾਬ ਕਾਂਗਰਸ ਦੀ ਸਿਖਰਲੀ ਲੀਡਰਸ਼ਿਪ ਅਤੇ ਵਰਕਰ ਵੀ ਵੱਡੀ ਗਿਣਤੀ ਵਿੱਚ ਮੌਜੂਦ ਰਹਿਣਗੇ।

### 6 ਦਿਨਾਂ 'ਚ ਤੀਜੀ ਵਾਰ ਦਿੱਲੀ-ਹਲਵਾਰਾ ਉਡਾਣ ਰੱਦ

**ਅੰਮ੍ਰਿਤਸਰ** : ਕੌਮਾਂਤਰੀ ਹਵਾਈ ਅੱਡਾ ਹਲਵਾਰਾ ਤੋਂ ਸ਼ੁਰੂ ਹੋਈ ਹਵਾਈ ਸਫ਼ਰ ਦੀ ਸਹੂਲਤ ਹੁਣ ਯਾਤਰੀਆਂ ਲਈ ਮੁਸੀਬਤ ਬਣਦੀ ਜਾ ਰਹੀ ਹੈ। ਸਨਿੱਚਰਵਾਰ ਨੂੰ ਦਿੱਲੀ-ਹਲਵਾਰਾ-ਦਿੱਲੀ ਹਵਾਈ ਸੇਵਾ ਮੁੜ ਰੱਦ ਹੋਣ ਕਾਰਨ 102 ਯਾਤਰੀਆਂ ਨੂੰ ਭਾਰੀ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪਿਆ। ਕਾਬਲ-ਏ-ਗ਼ੌਰ ਹੈ ਕਿ ਪਹਿਲਾਂ 7 ਅਤੇ 9 ਸਤੰਬਰ ਨੂੰ ਵੀ ਇਸੇ ਰੂਟ ਦੀ ਉਡਾਣ ਰੱਦ ਹੋਣ ਕਾਰਨ ਯਾਤਰੀਆਂ ਨੂੰ ਪਰੇਸ਼ਾਨੀ ਝੱਲਣੀ ਪਈ ਸੀ। ਦਿੱਲੀ ਤੋਂ ਹਲਵਾਰਾ ਆਉਣ ਵਾਲੀ ਏਅਰ ਇੰਡੀਆ ਦੀ ਏ ਆਈ-481 ਉਡਾਣ ਹਲਵਾਰਾ ਨਹੀਂ ਪੁੱਜੀ। ਇਸੇ ਜਹਾਜ਼ ਨੇ ਹਲਵਾਰਾ ਤੋਂ ਯਾਤਰੀਆਂ ਨੂੰ ਲੈ ਕੇ ਏ ਆਈ-482 ਵਜੋਂ ਦਿੱਲੀ ਵਾਪਸ ਜਾਣਾ ਸੀ।

## ਅੱਜ-ਨਾਮਾ

ਬਰਿਕਸ ਬੈਠਕ ਤੋਂ ਅੱਜ ਆਵਾਜ਼ ਉੱਠੀ,
ਵਿਰੋਧਤਾ ਮੂਲੋਂ ਨਾ ਕਿਸੇ ਦੀ ਕਰਾਂਗੇ ਜੀ।
ਮਿਥ ਕੇ ਆਪਣਾ ਏਜੰਡਾ ਹੈ ਕੰਮ ਕਰਨਾ,
ਸਾਹਮਣੇ ਕਿਸੇ ਦੇ ਪੱਥਰ ਨਾ ਧਰਾਂਗੇ ਜੀ।
ਅਮੀਰ-ਗਰੀਬ ਦਾ ਪਾੜਾ ਹੈ ਬੜਾ ਵੱਡਾ,
ਕਰ ਕੇ ਕੰਮ ਸਭ ਪਾੜੇ ਉਹ ਭਰਾਂਗੇ ਜੀ।
ਰੱਖਣੀ ਆਪਸ ਦੇ ਵਿੱਚ ਉਹ ਸੁਰ ਸਾਂਝੀ,
ਖਾਰੇ ਸਮੁੰਦਰ ਤੱਕ ਮਿਲ ਕੇ ਤਰਾਂਗੇ ਜੀ।
ਪਹਿਲੇ ਦਿਨ ਕੁਝ ਆਖਿਆ ਵੇਖਿਆ ਸੀ,
ਪੋਚਾ ਉਹਦੇ 'ਤੇ ਗਿਆ ਈ ਮਾਰਿਆ ਜੀ।
ਰੁੱਸਿਆ ਰੱਫੜ ਟਰੰਪ ਕੁਝ ਪਾਏ ਨਾਹੀਂ,
ਏਨੇ ਨਾਲ ਉਹ ਗਿਆ ਪੁਚਕਾਰਿਆ ਜੀ।

*-ਤੀਸ ਮਾਰ ਖਾਂ*

## ਪ੍ਰਤੀ ਘਰ-ਖਰਚ 'ਚ ਚੰਡੀਗੜ੍ਹ ਤੇ ਬੈਂਗਲੁਰੂ ਕਮਾਈ 'ਚ ਉੱਪਰ

**ਨਵੀਂ ਦਿੱਲੀ** : ਬੈਂਗਲੁਰੂ ਕਮਾਈ ਅਤੇ ਬੱਚਤ ਵਿੱਚ ਸਭ ਤੋਂ ਅੱਗੇ ਹੈ, ਪ੍ਰਤੀ ਘਰ ਖਰਚ ਵਿੱਚ ਚੰਡੀਗੜ੍ਹ ਕੁੱਲ ਖਪਤ ਵਿੱਚ ਦਿੱਲੀ-ਐੱਨ ਸੀ ਆਰ, ਉਚ-ਆਮਦਨ ਵਾਲੇ ਪਰਵਾਰਾਂ ਦੀ ਗਿਣਤੀ ਵਿੱਚ ਮੁੰਬਈ ਅਤੇ ਘਰੇਲੂ ਉਧਾਰ ਲੈਣ ਵਿੱਚ ਚੇਨਈ ਮੋਹਰੀ ਹੈ। ਟਾਟਾ ਦੁਆਰਾ ਦ ਮੈਨੀ ਅਰਬਨ ਇੰਡੀਆਜ਼ ਸਿਰਲੇਖ ਵਾਲੇ 100 ਸ਼ਹਿਰਾਂ ਦੇ ਇੱਕ ਨਵੇਂ ਅਧਿਐਨ ਅਨੁਸਾਰ ਭਾਰਤ ਦੇ ਸਭ ਤੋਂ ਅਮੀਰ ਸ਼ਹਿਰ ਜ਼ਰੂਰੀ ਨਹੀਂ ਹਨ ਕਿ ਉਹ ਹਨ, ਜਿੱਥੇ ਪਰਵਾਰ ਸਭ ਤੋਂ ਵੱਧ ਖਰਚ ਕਰਦੇ ਹਨ, ਬਚਾਉਂਦੇ ਹਨ ਜਾਂ ਉਧਾਰ ਲੈਂਦੇ ਹਨ। ਅਧਿਐਨ ਇਸ ਗੱਲ ਦੀ ਜਾਂਚ ਕਰਦਾ ਹੈ ਕਿ ਸ਼ਹਿਰੀ ਭਾਰਤ ਦੇ ਪਰਵਾਰ ਕਿਵੇਂ ਕਮਾਉਂਦੇ ਹਨ, ਖਰਚ ਕਰਦੇ ਹਨ, ਬਚਾਉਂਦੇ ਹਨ ਅਤੇ ਉਧਾਰ ਲੈਂਦੇ ਹਨ, ਸ਼ਹਿਰਾਂ ਵਿਚਕਾਰ ਖੁਸ਼ਹਾਲੀ ਅਤੇ ਵਿੱਤੀ ਵਿਹਾਰ ਵਿੱਚ ਤਿੱਖੇ ਅੰਤਰ ਨੂੰ ਪ੍ਰਗਟ ਕਰਦੇ ਹਨ। ਔਸਤ ਸਾਲਾਨਾ ਘਰੇਲੂ ਆਮਦਨ ਵਿੱਚ ਬੈਂਗਲੁਰੂ ਵੱਡੇ ਛੇ ਮਹਾਂਨਗਰਾਂ ਵਿੱਚ ਸਿਖਰ 'ਤੇ ਹੈ, ਜਿੱਥੇ ਪਰਵਾਰ ਕੋਲਕਾਤਾ ਨਾਲੋਂ 1.7 ਗੁਣਾ ਵੱਧ ਕਮਾਈ ਕਰਦੇ ਹਨ। ਵੱਡੇ 6 ਮਹਾਂਨਗਰਾਂ ਵਿੱਚ ਆਮਦਨ ਦਰਜਾਬੰਦੀ ਹੈਰਾਨੀਜਨਕ ਨਹੀਂ ਹੋ ਸਕਦੀ, ਪਰ ਅਧਿਐਨ ਸ਼ਹਿਰਾਂ ਵਿਚਕਾਰ ਮਹੱਤਵਪੂਰਨ ਪਾੜੇ ਨੂੰ ਉਜਾਗਰ ਕਰਦਾ ਹੈ। ਇਹ ਵੀ ਦਰਸਾਉਂਦਾ ਹੈ ਕਿ ਵੱਡੇ ਮਹਾਂਨਗਰਾਂ ਤੋਂ ਬਾਹਰ ਕਈ ਸ਼ਹਿਰ ਵਧੀਆ ਪ੍ਰਦਰਸ਼ਨ ਕਰਦੇ ਹਨ। ਸਾਲਾਨਾ ਘਰੇਲੂ ਆਮਦਨ ਵਿੱਚ ਚੰਡੀਗੜ੍ਹ ਬੈਂਗਲੁਰੂ ਤੋਂ ਬਿਲਕੁਲ ਪਿੱਛੇ ਹੈ, ਜਦੋਂ ਕਿ ਵਡੋਦਰਾ ਦਿੱਲੀ ਦੇ ਨਾਲ ਹੈ। ਹਾਲਾਂ ਕਿ ਔਸਤ ਆਮਦਨ ਪੂਰੀ ਕਹਾਣੀ ਨਹੀਂ ਦੱਸਦੀ। ਆਮਦਨ ਸ਼੍ਰੇਣੀਆਂ ਵਿੱਚ ਘਰਾਂ ਦੀ ਵੰਡ ਇੱਕ ਵੱਖਰੀ ਤਸਵੀਰ ਪ੍ਰਦਾਨ ਕਰਦੀ ਹੈ। ਅਧਿਐਨ ਸਾਲਾਨਾ 1.5 ਲੱਖ ਰੁਪਏ ਤੋਂ ਘੱਟ ਕਮਾਈ ਕਰਨ ਵਾਲੇ • ਬਾਕੀ ਸਫਾ 2 'ਤੇ



## ਸਿਵਲ ਹਸਪਤਾਲ 'ਚ ਮੁੜ ਸ਼ੁਰੂ ਹੋਇਆ ਮੋਤੀਆ ਬਿੰਦ ਦਾ ਅਪ੍ਰੇਸ਼ਨ



ਜਗਰਾਉਂ (ਸੰਜੀਵ ਅਰੋੜਾ)-ਜਗਰਾਉਂ ਦੇ ਸਿਵਲ ਹਸਪਤਾਲ ਵਿੱਚ ਕਰੀਬ ਦੋ ਸਾਲ ਬਾਅਦ ਮੋਤੀਆ ਬਿੰਦ ਦੀ ਸਰਜਰੀ ਮੁੜ ਸ਼ੁਰੂ ਹੋਣ ਨਾਲ ਇਲਾਕੇ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੀ ਹੈ। ਹਸਪਤਾਲ ਵਿਖੇ 85 ਸਾਲਾ ਬਿਰਧ ਮਾਤਾ ਸੁਰਜੀਤ ਕੌਰ ਦੀ ਅੱਖ ਦਾ ਮੋਤੀਆ ਬਿੰਦ ਦਾ ਸਫ਼ਲ ਆਪ੍ਰੇਸ਼ਨ ਕਰਕੇ ਲੈਂਸ ਪਾਇਆ ਗਿਆ। ਖਾਸ ਗੱਲ ਇਹ ਰਹੀ ਕਿ ਇਹ ਪੂਰੀ ਸਰਜਰੀ ਤੇ ਲੈਂਸ ਦੀ ਸਹੂਲਤ ਮਰੀਜ਼ ਨੂੰ ਬਿਲਕੁਲ ਮੁਫ਼ਤ ਪ੍ਰਦਾਨ ਕੀਤੀ ਗਈ। ਸਿਵਲ ਹਸਪਤਾਲ ਜਗਰਾਉਂ ਦੇ ਐੱਸ.ਐੱਮ.ਓ. ਡਾ. ਅਮਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਦੋ ਸਾਲਾਂ ਤੋਂ ਹਸਪਤਾਲ ਵਿੱਚ ਮੋਤੀਆ ਬਿੰਦ ਦੇ ਆਪ੍ਰੇਸ਼ਨ ਬੰਦ ਸਨ। ਹੁਣ ਅੱਖਾਂ ਦੇ ਮਾਹਿਰ ਸਰਜਨ ਡਾ. ਵਾਹਿਗੁਰੂ ਪਾਲ ਵੱਲੋਂ ਲੈਂਜ਼ ਪਾ ਕੇ ਮੋਤੀਆ ਬਿੰਦ ਦਾ ਸਫਲ ਆਪ੍ਰੇਸ਼ਨ ਕੀਤਾ ਗਿਆ ਹੈ। ਇਸ ਸਬੰਧੀ ਡਾ. ਸ਼ਰਮਾ ਨੇ ਦੱਸਿਆ ਕਿ 85 ਸਾਲਾ ਮਾਤਾ ਸੁਰਜੀਤ ਕੌਰ ਪਿਛਲੇ ਦੋ ਸਾਲਾਂ ਤੋਂ ਪਰੇਸ਼ਾਨ ਸਨ ਤੇ ਅਧਰੰਗ ਦੀ ਸਮੱਸਿਆ ਨਾਲ ਪੀੜਤ ਹਨ। ਅਜਿਹੇ ਮਰੀਜ਼ਾਂ ਦੀ ਸਰਜਰੀ ਕਰਨਾ ਕਈ ਵਾਰ ਚੁਣੌਤੀਪੂਰਨ ਹੁੰਦਾ ਹੈ ਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਵੀ ਇਸ ਤਰ੍ਹਾਂ ਦੇ ਕੇਸਾਂ ਦੀ ਸਰਜਰੀ ਕਰਨ ਤੋਂ ਡਾਕਟਰ ਅਕਸਰ ਪਰਹੇਜ਼ ਕਰਦੇ ਹਨ। ਉਨ੍ਹਾਂ ਦੱਸਿਆ ਕਿ ਸਿਵਲ ਹਸਪਤਾਲ ਵਿੱਚ ਮਾਤਾ ਸੁਰਜੀਤ ਕੌਰ ਦੀ ਸਰਜਰੀ ਸਫਲਤਾਪੂਰਵਕ ਕੀਤੀ ਗਈ ਤੇ ਉਨ੍ਹਾਂ ਨੂੰ ਲੈਂਜ ਵੀ ਮੁਫ਼ਤ ਪਾਇਆ ਗਿਆ। ਦੋ ਸਾਲਾਂ ਬਾਅਦ ਜਗਰਾਉਂ ਸਿਵਲ ਹਸਪਤਾਲ ਵਿੱਚ ਮੋਤੀਆ ਬਿੰਦ ਦੀ ਸਰਜਰੀ ਮੁੜ ਸ਼ੁਰੂ ਹੋਣ ਨੂੰ ਇਲਾਕੇ ਦੇ ਲੋਕਾਂ ਲਈ ਅਹਿਮ ਸਹੂਲਤ ਮੰਨਿਆ ਜਾ ਰਿਹਾ ਹੈ।

## ਬਾਬਾ ਸ਼ੇਖ ਫ਼ਰੀਦ ਆਗਮਨ ਪੁਰਬ ਸੰਬੰਧੀ ਵਿਧਾਇਕ ਸੇਖੋਂ ਤੇ ਡੀ ਸੀ ਵੱਲੋਂ ਤਿਆਰੀਆਂ ਦਾ ਜਾਇਜ਼ਾ



ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)-ਬਾਬਾ ਸ਼ੇਖ ਫ਼ਰੀਦ ਜੀ ਦੇ ਆਗਮਨ ਪੁਰਬ 2026 ਦੀਆਂ ਤਿਆਰੀਆਂ ਸਬੰਧੀ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਤੇ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਨੇ ਜ਼ਿਲ੍ਹਾ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ।ਵਿਧਾਇਕ ਸੇਖੋਂ ਨੇ ਦੱਸਿਆ ਕਿ ਮੁੱਖ ਮੇਲਾ 19 ਤੋਂ 23 ਸਤੰਬਰ ਤੱਕ ਤੇ ਕਰਾਫਟ ਮੇਲਾ 19 ਤੋਂ 28 ਸਤੰਬਰ ਤੱਕ ਦਾਣਾ ਮੰਡੀ ਵਿਖੇ ਕੀਤਾ ਜਾਵੇਗਾ।ਉਨ੍ਹਾਂ ਸਬੰਧਤ ਵਿਭਾਗਾਂ ਨੂੰ ਸੁਰੱਖਿਆ, ਸਫ਼ਾਈ, ਸਿਹਤ, ਟ੍ਰੈਫਿਕ ਤੇ ਪਾਰਕਿੰਗ ਪ੍ਰਬੰਧ ਸੁਚੱਜੇ ਢੰਗ ਨਾਲ ਮੁਕੰਮਲ ਕਰਨ ਦੇ ਹੁਕਮ ਦਿੱਤੇ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੇਲੇ ਦੌਰਾਨ ਸ੍ਰੀ ਸੁਖਮਨੀ ਸਾਹਿਬ ਦੇ ਪਾਠ, ਕੌਮੀ ਲੋਕ ਨਾਚ, ਹੈਰੀਟੇਜ ਵਾਕ, ਡਰਾਮਾ ਤੇ ਖੇਡ ਮੁਕਾਬਲੇ ਮੁੱਖ ਆਕਰਸ਼ਣ ਹੋਣਗੇ।ਉਨ੍ਹਾਂ ਖਾਣ-ਪੀਣ ਦੀ ਗੁਣਵੱਤਾ ਤੇ ਸ਼ਹਿਰ ਦੀ ਸਫ਼ਾਈ ਯਕੀਨੀ ਬਣਾਉਣ ਲਈ ਡਸਟਬਿਨ ਲਗਾਉਣ ਦੀਆਂ ਹਦਾਇਤਾਂ ਦਿੱਤੀਆਂ।ਵਧੀਕ ਡਿਪਟੀ ਕਮਿਸ਼ਨਰ ਸ਼ੇਖੋਂ ਨੇ ਦੱਸਿਆ ਕਿ ਮੇਲੇ ਨਾਲ ਸਬੰਧਤ ਸਾਰੇ ਟੈਂਡਰ ਪ੍ਰਕਿਰਿਆ ਮੁਕੰਮਲ ਹੋ ਚੁੱਕੀ ਹੈ।ਇਸ ਮੌਕੇ ਏ.ਡੀ.ਸੀ. ਸੰਦੀਪ ਮਲਹੋਤਰਾ, ਐੱਸ.ਡੀ.ਐੱਮ. ਪੁਨੀਤ ਸ਼ਰਮਾ ਤੇ ਹੋਰ ਪ੍ਰਸ਼ਾਸਨਕ ਅਧਿਕਾਰੀ ਮੌਜੂਦ ਸਨ।

## ਘੁੱਲੀ ਨੂੰ ਦੂਜੀ ਵਾਰ ਮਾਰਕਿਟ ਕਮੇਟੀ ਦਾ ਚੇਅਰਮੈਨ ਬਣਨ 'ਤੇ ਕੀਤਾ ਸਨਮਾਨਤ



ਧੂਰੀ (ਮੋਹਿਤ ਗਰਗ, ਮਨੋਹਰ ਸੱਗੂ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਫਤਰ ਇੰਚਾਰਜ ਰਾਜਵੰਤ ਸਿੰਘ ਘੁੱਲੀ ਨੂੰ ਦੂਸਰੀ ਵਾਰ ਮਾਰਕਿਟ ਕਮੇਟੀ ਦਾ ਚੇਅਰਮੈਨ ਬਣਨ 'ਤੇ ਇਲਾਕੇ ਦੇ ਸਰਪੰਚਾਂ ਵੱਲੋਂ ਮਾਰਕਿਟ ਕਮੇਟੀ ਧੂਰੀ ਵਿਖੇ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਇਕੱਤਰ ਸਰਪੰਚਾਂ ਨੇ ਪਾਰਟੀ ਹਾਈ ਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਸੀਂ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਦਿਲ ਦੀਆਂ ਗਹਿਰਾਈਆਂ 'ਚੋਂ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਪਾਰਟੀ ਲਈ ਦਿਨ-ਰਾਤ ਮਿਹਨਤ ਕਰਨ ਵਾਲੇ, ਰਾਜਵੰਤ ਸਿੰਘ ਘੁੱਲੀ ਨੂੰ ਦੂਸਰੀ ਵਾਰ ਮਾਰਕਿਟ ਕਮੇਟੀ ਦਾ ਚੇਅਰਮੈਨ ਬਣਾ ਕੇ ਆਮ ਘਰ ਦੇ ਮੁੰਡੇ ਨੂੰ ਪਾਰਟੀ ਵਿੱਚ ਸੇਵਾ ਕਰਨ ਦਾ ਮੌਕਾ ਦਿੱਤਾ ਹੈ।ਇਸ ਮੌਕੇ ਸਰਪੰਚ ਭਗਵਾਨ ਸਿੰਘ ਭਲਵਾਨ, ਸਰਪੰਚ ਹਰਪ੍ਰੀਤ ਸਿੰਘ ਖੇੜੀ ਜੱਟਾਂ, ਸਰਪੰਚ ਰਾਜੂ ਬਰੜਵਾਲ, ਸਰਪੰਚ ਜਗਰੂਪ ਸਿੰਘ ਕੌਲਸੇੜੀ, ਮਨਪ੍ਰੀਤ ਸ਼ਰਮਾ ਜਹਾਂਗੀਰ, ਕਰਮਜੀਤ ਸਿੰਘ ਪੰਮੀ ਭੁੱਲਰਹੇੜੀ, ਗੁਰਮੀਤ ਸਿੰਘ ਪਲਾਸੌਰ, ਪਰਮਜੀਤ ਸਿੰਘ ਕਹੇਰੂ, ਸਰਪੰਚ ਬਲਵੀਰ ਸਿੰਘ ਈਸੀ, ਸਰਪੰਚ ਗੁਰਪ੍ਰੀਤ ਸਿੰਘ ਗੋਪੀ ਮੀਮਸਾ, ਜਗਤਾਰ ਸਿੰਘ ਬਮਾਲ ਸਮੇਤ ਵੱਡੀ ਗਿਣਤੀ 'ਚ ਪੰਚ, ਸਰਪੰਚ ਤੇ ਪਤਵੰਤੇ ਹਾਜ਼ਰ ਸਨ।

## ਦੰਦਾਂ ਤੇ ਅੱਖਾਂ ਦਾ ਵਿਸ਼ੇਸ਼ ਚੈੱਕਅੱਪ ਕੈਂਪ ਲਗਾਇਆ



ਦੋਰਾਹਾ (ਹਰਮਿੰਦਰ ਸੇਠ)-ਦਰਾਹਾ ਦੇ ਨੇੜਲੇ ਪਿੰਡ ਪਿੰਡ ਜਟਾਣਾ ਵਿਖੇ ਸਿਵਲ ਸਰਜਨ ਲੁਧਿਆਣਾ ਦੇ ਦਿੱਤੇ ਨਿਰਦੇਸ਼ਾਂ ਅਨੁਸਾਰ ਇੱਕ ਵਿਸ਼ੇਸ਼ ਦੰਦਾਂ ਦਾ ਤੇ ਅੱਖਾਂ ਦਾ ਕੈਂਪ ਲਗਾਇਆ ਗਿਆ, ਜਿਸ ਵਿੱਚ 125 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਤੇ ਮਾਹਰ ਡਾਕਟਰਾਂ ਵੱਲੋਂ ਦੰਦਾਂ ਦੇ ਡਾਕਟਰ ਰਮਨ ਤੇ ਅੱਖਾਂ ਦੇ ਡਾਕਟਰ ਰਵੀ ਬਾਲਾ ਨੇ ਆਏ ਮਰੀਜ਼ਾਂ ਨੂੰ ਚੈੱਕ ਕਰਕੇ ਦਵਾਈਆਂ ਤੇ ਐਨਕਾਂ ਦਿੱਤੀਆਂ ਗਈਆਂ। ਇਸ ਮੌਕੇ ਮਰੀਜ਼ਾਂ ਦੇ ਨਾਲ ਨਾਲ ਪਿੰਡ ਦੇ ਪਤਵੰਤੇ ਸੱਜਣਾਂ ਨੇ ਇਸ ਕੈਂਪ ਵਿੱਚ ਪਹੁੰਚ ਕੇ ਸਟਾਫ ਦੀ ਪ੍ਰਸੰਸਾ ਕੀਤੀ। ਇਸ ਮੌਕੇ ਆਏ ਡਾਕਟਰ ਸਾਹਿਬਾਨ ਤੇ ਮਰੀਜ਼ਾਂ ਦਾ ਧੰਨਵਾਦ ਕਰਦਿਆਂ  ਕਰਮ ਸਿੰਘ ਜਟਾਣਾ ਨੇ ਕਿਹਾ ਕਿ ਇਸ ਕੈਂਪ ਵਿੱਚ ਤਕਰੀਬਨ 125 ਮਰੀਜ਼ਾਂ ਦੇ ਦੰਦਾਂ ਤੇ ਅੱਖਾਂ ਦੇ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਅਤੇ ਇਨ੍ਹਾਂ ਨੂੰ ਦਵਾਈਆਂ ਤੇ ਐਨਕਾਂ ਦਿੱਤੀਆਂ ਗਈਆਂ।

## 21,550 ਕਿੱਲੋ ਸ਼ੱਕੀ ਮਿਲਾਵਟੀ ਘਿਓ ਨਾਲ ਲੱਦਿਆ ਟਰੱਕ ਕੀਤਾ ਜ਼ਬਤ




ਫਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜਾ/ਰਛਪਾਲ ਭੁੱਲਰ)-ਸੂਬੇ ਵਿੱਚ ਮਿਲਾਵਟਖੋਰੀ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਫਰੀਦਕੋਟ ਤੇ ਮਾਨਸਾ ਦੇ ਸਿਹਤ ਵਿਭਾਗ ਦੀ ਸਾਂਝੀ ਟੀਮ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਕੋਟਕਪੂਰਾ ਦੇ ਫੋਕਲ ਪੁਆਇੰਟ ਵਿਖੇ ਇੱਕ ਵੱਡੀ ਕਾਰਵਾਈ ਕੀਤੀ ਹੈ।ਟੀਮ ਨੇ 21,550 ਕਿਲੋ ਗੈਰ-ਮਿਆਰੀ ਤੇ ਸ਼ੱਕੀ ਮਿਲਾਵਟੀ ਘਿਓ ਨਾਲ ਲੱਦਿਆ ਇੱਕ ਟਰੱਕ ਕਾਬੂ ਕੀਤਾ ਹੈ।ਸਿਵਲ ਸਰਜਨ ਫਰੀਦਕੋਟ ਡਾ. ਰਮਨਦੀਪ ਸਿੰਗਲਾ ਨੇ ਦੱਸਿਆ ਕਿ ਲੋਕਾਂ ਦੀ ਸਿਹਤ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਮੌਕੇ 'ਤੇ ਫੂਡ ਸੇਫਟੀ ਵਿਭਾਗ ਨੇ ਘਿਓ ਦੇ ਨਮੂਨੇ ਸੀਲ ਕਰਕੇ ਜਾਂਚ ਲਈ ਸਰਕਾਰੀ ਫੂਡ ਲੈਬਾਰਟਰੀ, ਖਰੜ ਭੇਜ ਦਿੱਤੇ ਹਨ।ਲੈਬਾਰਟਰੀ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਅੰਤਿਮ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਫਿਲਹਾਲ, ਸੁਰੱਖਿਆ ਦੇ ਲਿਹਾਜ਼ ਨਾਲ ਟਰੱਕ ਨੂੰ ਫਰੀਦਕੋਟ ਪੁਲਸ ਦੀ ਹਿਰਾਸਤ ਵਿੱਚ ਰੱਖਿਆ ਗਿਆ ਹੈ।ਜੁਆਇੰਟ ਕਮਿਸ਼ਨਰ ਫੂਡ ਸੇਫਟੀ ਪੰਜਾਬ ਸ੍ਰੀ ਅਮਿਤ ਜੋਸ਼ੀ ਤੇ ਮਾਨਸਾ ਦੇ ਸਿਵਲ ਸਰਜਨ ਡਾ. ਰਣਜੀਤ ਰਾਏ ਨੇ ਦੱਸਿਆ ਕਿ ਦੋਵਾਂ ਜ਼ਿਲ੍ਹਿਆਂ ਦੀਆਂ ਟੀਮਾਂ ਦਾ ਇਹ ਸੁਚੱਜਾ ਤਾਲਮੇਲ ਮਿਲਾਵਟਖੋਰਾਂ 'ਤੇ ਠੱਲ੍ਹ ਪਾਉਣ ਵਿੱਚ ਕਾਮਯਾਬ ਰਿਹਾ।ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਕਿ ਫੂਡ ਸੇਫਟੀ ਐਂਡ ਸਟੈਂਡਰਡਜ਼ ਐਕਟ ਤਹਿਤ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।ਇਸ ਸਾਂਝੇ ਆਪ੍ਰੇਸ਼ਨ ਵਿੱਚ ਜੁਆਇੰਟ ਕਮਿਸ਼ਨਰ ਅਮਿਤ ਜੋਸ਼ੀ, ਫੂਡ ਸੇਫਟੀ ਅਫ਼ਸਰ ਅਮਰਿੰਦਰ ਪਾਲ ਸਿੰਘ (ਮਾਨਸਾ), ਨਵਦੀਪ ਚਾਹਲ (ਫਰੀਦਕੋਟ) ਤੇ ਸਹਾਇਕ ਫੂਡ ਬ੍ਰਾਂਚ ਫਰੀਦਕੋਟ ਦੇ ਤ੍ਰਿਲੋਕ ਸਿੰਘ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਸਨ।

## ਸ੍ਰੀ ਮੁਕਤਸਰ ਸਾਹਿਬ 'ਚ ਕੱਢੀ ਕਲਸ਼ ਯਾਤਰਾ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਜਲਾਲਾਬਾਦ ਰੋਡ ਸਥਿਤ ਡੇਰਾ ਸ੍ਰੀ ਸ੍ਰੀ 108 ਬਾਬਾ ਹਰਨਾਮ ਦਾਸ ਜੀ ਵਿਖੇ ਮਹੰਤ ਸ੍ਰੀ ਸ੍ਰੀ 108 ਮਹੇਸ਼ ਮੁਨੀ ਜੀ ਦੀ ਪ੍ਰੇਰਣਾ ਤੇ ਆਸ਼ੀਰਵਾਦ ਨਾਲ 12 ਸਤੰਬਰ ਨੂੰ ਸ੍ਰੀ ਅਖੰਡ ਰਾਮਾਇਣ ਪਾਠ ਦਾ ਆਰੰਭ ਹੋ ਗਿਆ ਹੈ।ਸ੍ਰੀ ਰਾਮਾਇਣ ਪਾਠ ਦੇ ਆਰੰਭ ਤੋਂ ਪਹਿਲਾਂ ਡੇਰਾ ਕਮੇਟੀ ਵੱਲੋਂ ਕਲਸ਼ ਯਾਤਰਾ ਕੱਢੀ ਗਈ, ਜੋ ਸਵੇਰੇ ਕਰੀਬ ਨੌਂ ਵਜੇ ਡੇਰੇ ਤੋਂ ਆਰੰਭ ਹੋਈ।ਕਲਸ਼ ਯਾਤਰਾ ਦੌਰਾਨ ਜਿੱਥੇ 31 ਔਰਤਾਂ ਨੇ ਸਿਰ 'ਤੇ ਕਲਸ਼ ਚੁੱਕੇ ਹੋਏ ਸਨ, ਉੱਥੇ ਹੀ ਧਰਮ ਪ੍ਰੇਮੀ ਸ਼ਰਧਾਲੂ ਬਾਲਾ ਜੀ ਦੇ ਝੰਡੇ ਲੈ ਕੇ ਚੱਲ ਰਹੇ ਸਨ।ਅਸਮਾਨ ਭਗਵਾਨ ਸ੍ਰੀ ਰਾਮ ਚੰਦਰ ਤੇ ਵੀਰ ਬਜਰੰਗ ਬਲੀ ਜੀ ਦੇ ਜੈਕਾਰਿਆਂ ਨਾਲ ਗੂੰਜ ਉੱਠਿਆ।ਕਲਸ਼ ਯਾਤਰਾ ਡੇਰੇ ਤੋਂ ਜਲਾਲਾਬਾਦ ਰੋਡ ਤੋਂ ਹੁੰਦੀ ਹੋਈ ਟਿੱਬੀ ਸਾਹਿਬ ਰੋਡ ਸਥਿਤ ਸ੍ਰੀ ਰਾਮ ਭਵਨ ਪਹੁੰਚੀ, ਜਿੱਥੇ ਸ਼ਰਧਾਲੂਆਂ ਨੇ ਮੱਥਾ ਟੇਕਿਆ ਤੇ ਉਸ ਤੋਂ ਉਪਰੰਤ ਇਹ ਕਲਸ਼ ਯਾਤਰਾ ਵਾਪਸ ਟਿੱਬੀ ਸਾਹਿਬ ਰੋਡ ਤੋਂ ਡੇਰੇ ਪਹੁੰਚ ਕੇ ਸੰਪੰਨ ਹੋਈ, ਜਿੱਥੇ ਸ੍ਰੀ ਰਾਮਾਇਣ ਪਾਠ ਆਰੰਭ ਹੋਏ।ਇਸ ਸਬੰਧ ਵਿੱਚ ਜਾਣਕਾਰੀ ਦਿੰਦਿਆਂ ਭਾਰਤ ਭੂਸ਼ਣ ਰਿੰਕੂ ਸ਼ਰਮਾ, ਪ੍ਰਦੀਪ ਸ਼ਰਮਾ, ਵਿਪਨ ਗੁੰਬਰ, ਰਾਕੇਸ਼ ਗੋਇਲ ਸੋਨੂੰ ਨੇ ਦੱਸਿਆ ਕਿ 13 ਸਤੰਬਰ (ਐਤਵਾਰ) ਨੂੰ ਸਵੇਰੇ ਸਵਾ ਦੱਸ ਵਜੇ ਸ੍ਰੀ ਰਾਮਾਇਣ ਪਾਠ ਦੀ ਸੰਪੂਰਨਤਾ ਹੋਵੇਗੀ।

## 'ਖੇਡਾਂ ਵਤਨ ਪੰਜਾਬ ਦੀਆਂ' ਸ਼ਲਾਘਾਯੋਗ ਕਦਮ : ਜਸਵਿੰਦਰ ਟੀਨੂੰ



ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)-ਪੰਜਾਬ ਸਰਕਾਰ ਵੱਲੋਂ ਕਰਵਾਈਆਂ ਜਾ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ' ਖੇਡਾਂ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਤੇ ਉਨ੍ਹਾਂ ਦੀ ਪ੍ਰਤਿਭਾ ਨੂੰ ਨਿਖਾਰਨ ਲਈ ਇੱਕ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਜਸਵਿੰਦਰ ਕੁਮਾਰ ਟੀਨੂੰ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਖੇਡਾਂ ਨੌਜਵਾਨਾਂ ਦੇ ਸਰੀਰਕ ਤੇ ਮਾਨਸਿਕ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। 'ਖੇਡਾਂ ਵਤਨ ਪੰਜਾਬ ਦੀਆਂ' ਰਾਹੀਂ ਪਿੰਡਾਂ ਤੇ ਸ਼ਹਿਰਾਂ ਦੇ ਖਿਡਾਰੀਆਂ ਨੂੰ ਆਪਣੀ ਖੇਡ ਪ੍ਰਤਿਭਾ ਦਿਖਾਉਣ ਦਾ ਮੌਕਾ ਮਿਲ ਰਿਹਾ ਹੈ।ਉਨ੍ਹਾਂ ਕਿਹਾ ਕਿ ਅਜਿਹੇ ਖੇਡ ਮੁਕਾਬਲੇ ਨੌਜਵਾਨਾਂ ਨੂੰ ਨਸ਼ਿਆਂ ਤੇ ਹੋਰ ਗਲਤ ਰੁਝਾਨਾਂ ਤੋਂ ਦੂਰ ਰੱਖ ਕੇ ਸਿਹਤਮੰਦ ਜੀਵਨ ਵੱਲ ਪ੍ਰੇਰਿਤ ਕਰਨ ਵਿੱਚ ਵੀ ਸਹਾਈ ਹੁੰਦੇ ਹਨ।ਇਸ ਮੌਕੇ ਬਲਾਕ ਪ੍ਰਧਾਨ ਸੋਸ਼ਲ ਮੀਡੀਆ ਰਜਿੰਦਰ ਸਿੰਘ ਕਾਕਾ ਤੇ ਸ਼ਹਿਰੀ ਯੂਥ ਪ੍ਰਧਾਨ ਜਗਸੀਰ ਸਿੰਘ ਨੇ ਵੀ ਪੰਜਾਬ ਸਰਕਾਰ ਵੱਲੋਂ ਕਰਵਾਈਆਂ ਜਾ ਰਹੀਆਂ ਖੇਡਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਖਿਡਾਰੀਆਂ ਨੂੰ ਵੱਧ ਤੋਂ ਵੱਧ ਖੇਡਾਂ ਨਾਲ ਜੁੜ ਕੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨਾ ਚਾਹੀਦਾ ਹੈ।

# ਬੀ ਕੇ ਯੂ ਏਕਤਾ ਉਗਰਾਹਾਂ ਵੱਲੋਂ ਤਰੁਨਪ੍ਰੀਤ ਸੌਂਦ ਦੇ ਘਰ ਦਾ ਘਿਰਾਓ



ਲੁਧਿਆਣਾ (ਸਤੀਸ਼ ਸਚਦੇਵਾ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਲੁਧਿਆਣਾ ਤੇ ਪਟਿਆਲਾ ਵੱਲੋਂ ਕਿਸਾਨਾਂ ਦੀਆਂ ਮੰਗਾਂ ਬਾਰੇ ਤੇ ਬਿਜਲੀ ਦੇ ਲੱਗ ਰਹੇ ਵੱਡੇ ਕੱਟ ਬੰਦ ਕਰਵਾਉਣ ਲਈ ਬਿਜਲੀ ਮੰਤਰੀ ਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਦੇ ਘਰ ਦਾ ਮੁਕੰਮਲ ਘਿਰਾਓ ਕੀਤਾ ਗਿਆ।ਵੱਡੀ ਗਿਣਤੀ ਵਿੱਚ ਪਹੁੰਚੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਚਰਨ ਸਿੰਘ ਨੂਰਪੁਰਾ ਤੇ ਮਾਸਟਰ ਬਲਰਾਜ ਜੋਸ਼ੀ ਨੇ ਕਿਹਾ ਕਿ 30 ਅਗਸਤ ਤੋਂ ਲਗਾਤਾਰ ਕਿਸਾਨ ਮੋਰਚਿਆਂ ਦੇ 14 ਦਿਨਾਂ ਤੋਂ ਚੱਲ ਰਹੇ ਕਿਸਾਨ ਮੋਰਚਿਆਂ ਦੀਆਂ ਮੰਗਾਂ ਤੋਂ ਭਗਵੰਤ ਮਾਨ ਸਰਕਾਰ ਆਪਣੀ ਚੁੱਪ ਵੱਟ ਗਈ ਹੈ।ਕਿਸਾਨ ਮੰਗਾਂ ਬਾਰੇ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਆਗੂਆਂ ਨੇ ਕਿਹਾ ਕਿ ਕਿਸਾਨਾਂ ਦੀਆਂ 13 ਮੰਗਾਂ 'ਤੇ ਚੱਲ ਰਹੇ ਅੰਦੋਲਨ ਸਬੰਧੀ ਤੇ ਮੁਲਾਜ਼ਮਾਂ ਦੀਆਂ ਲੰਬੇ ਸਮੇਂ ਤੋਂ ਆਪਣੀਆਂ ਮੰਗਾਂ ਲਈ ਲੜ ਰਹੇ ਹਨ। ਆਗੂਆਂ ਮੰਗ ਕੀਤੀ ਕਿ ਪੰਜਾਬ ਸਰਕਾਰ ਵਿਧਾਨ ਸਭਾ ਦਾ ਸੈਸ਼ਨ ਬੁਲਾ ਕੇ ਲੈਂਡ ਪੁਲਿੰਗ ਨੀਤੀ 'ਤੇ ਮੁੜ ਵਿਚਾਰ ਦਾ ਮਤਾ ਰੱਦ ਕਰੇ, ਆਬਾਦਕਾਰਾਂ ਤੇ ਜ਼ਮੀਨਾਂ ਦੀ ਕਾਬਜ਼ ਬੇਮਾਲਕ ਕਿਸਾਨਾਂ ਨੂੰ ਮਾਲਕੀ ਦੇਣ ਦਾ ਕਾਨੂੰਨ ਬਣਾਇਆ ਜਾਵੇ, ਡਰੋਨਾ ਰਾਹੀਂ ਕੀਤੇ ਜਾ ਰਹੇ ਜ਼ਮੀਨਾਂ ਦੇ ਸਰਵੇ ਬੰਦ ਕੀਤੇ ਜਾਣ, ਕਿਸਾਨ ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਖਤਮ ਕੀਤਾ ਜਾਵੇ। ਸੂਦਖੋਰੀ ਨੂੰ ਨੱਥ ਪਾਉਂਦਾ ਕਿਸਾਨ ਪੱਖੀ ਕਰਜਾ ਕਾਨੂੰਨ ਬਣਾਇਆ ਜਾਵੇ, ਖੁਦਕੁਸ਼ੀਆਂ ਕਰ ਚੁੱਕੇ ਮੈਂਬਰਾਂ ਦੇ ਪਰਿਵਾਰਾਂ ਨੂੰ 10 ਲੱਖ ਰੁਪਏ ਮੁਆਵਜ਼ਾ ਦੇਣ ਦਾ ਕਾਨੂੰਨ ਬਣਾਇਆ ਜਾਵੇ, ਕਿਸਾਨ ਅੰਦੋਲਨ ਤੇ ਪਰਾਲੀ ਦੇ ਪਾਏ ਕੇਸ ਰੱਦ ਕੀਤੇ ਜਾਣ।ਆਗੂਆਂ ਨੇ ਕਿਹਾ ਕਿ ਜੇਕਰ ਕਿਸਾਨਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਆਉਂਦੇ ਦਿਨਾਂ 'ਚ ਕਿਸਾਨ ਰੋਹ ਦਾ ਸਾਹਮਣਾ ਕਰਨ ਲਈ ਤਿਆਰ ਰਹੇ।ਇਸੇ ਧਰਨੇ ਦੌਰਾਨ ਪ੍ਰਸ਼ਾਸਨ ਵੱਲੋਂ ਕੋਈ ਬਿਜਲੀ ਦੀ ਸਪਲਾਈ 'ਤੇ ਕੋਈ ਤਸੱਲੀਬਖ਼ਸ਼ ਜਵਾਬ ਨਾ ਆਇਆ ਤਾਂ ਮਜਬੂਰਨ ਕਿਸਾਨਾਂ ਨੂੰ ਬਿਜਲੀ ਮੰਤਰੀ ਤਰਨਪ੍ਰੀਤ ਸਿੰਘ ਸੌਂਦ ਦਾ ਘਰ ਘਿਰਾਓ ਕਰਨਾ ਪਿਆ। ਇਸੇ ਘਿਰਾਓ ਦੌਰਾਨ ਪਟਿਆਲਾ ਜ਼ਿਲ੍ਹੇ ਦਾ ਕਿਸਾਨ ਪੁਲਸ ਧੱਕੇ ਨਾਲ ਬਜ਼ੁਰਗ ਗੁਰੂ ਬਚਨ ਸਿੰਘ ਬਮਣਾ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ।ਫਿਰ ਪ੍ਰਸ਼ਾਸਨ ਵੱਲੋਂ ਲਿਖਤੀ ਚਿੱਠੀ ਦਿੱਤੀ ਗਈ ਤੇ ਬਿਜਲੀ ਮੰਤਰੀ ਤਰਨਪ੍ਰੀਤ ਸਿੰਘ ਸੌਂਦ ਨਾਲ 16 ਸਤੰਬਰ ਨੂੰ 1 ਵਜੇ ਖੰਨਾ ਐੱਸ ਸੀ ਦਫ਼ਤਰ ਗੈਸਟ ਹਾਊਸ ਵਾਲੀ ਥਾਂ 'ਤੇ ਮੀਟਿੰਗ ਤਹਿ ਹੋਈ ਹੈ। ਇਸ ਵੇਲੇ ਸੁਦਾਗਰ ਸਿੰਘ ਘੁਡਾਣੀ, ਜਗਦੀਪ ਸਿੰਘ ਸੀਨੀਅਰ ਮੀਤ ਪ੍ਰਧਾਨ ਤੇ ਜਗਮੇਲ ਸਿੰਘ ਪਟਿਆਲਾ ਤੇ ਮੀਤ ਪ੍ਰਧਾਨ ਮਨੋਹਰ ਸਿੰਘ ਲੁਧਿਆਣਾ, ਸੁਖਵਿੰਦਰ ਸਿੰਘ, ਬਲਵੰਤ ਸਿੰਘ ਘੁਡਾਣੀ, ਜਗਮੀਤ ਸਿੰਘ ਕਲਾੜ, ਚਰਨਜੀਤ ਸਿੰਘ ਫੱਲੇਵਾਲ, ਮਜ਼ਦੂਰ ਆਗੂ ਹਰਜਿੰਦਰ ਸਿੰਘ, ਮਲਕੀਤ ਸਿੰਘ, ਜਗਦੇਵ ਸਿੰਘ ਖੰਨਾ, ਸੁਖਦੇਵ ਸਿੰਘ ਮੋਹੀ ਆਦਿ ਨੇ ਵੀ ਸੰਬੋਧਨ ਕੀਤਾ।

# ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਕਾਂਗਰਸ ਹਰ ਕੁਰਬਾਨੀ ਲਈ ਤਿਆਰ : ਸਿੰਗਲਾ

ਕਾਂਗਰਸ ਨੇ ਸੂਬਾਈ ਸੱਦੇ 'ਤੇ ਸਰਕਾਰ ਦਾ ਫੂਕਿਆ ਪੁਤਲਾ



ਮਾਨਸਾ (ਆਤਮਾ ਸਿੰਘ ਪਮਾਰ)-ਸੂਬੇ 'ਚ ਲੋਕ ਮੁੱਦਿਆਂ ਤੇ ਸਰਕਾਰ ਦੀ ਕਾਰਗੁਜ਼ਾਰੀ ਨੂੰ ਲੈ ਕੇ ਸਿਆਸੀ ਮਾਹੌਲ ਲਗਾਤਾਰ ਗਰਮ ਹੁੰਦਾ ਜਾ ਰਿਹਾ ਹੈ।ਇਸੇ ਦੌਰਾਨ ਮਾਨਸਾ ਜ਼ਿਲ੍ਹੇ 'ਚ ਕਾਂਗਰਸ ਪਾਰਟੀ ਵੱਲੋਂ ਜ਼ਿਲ੍ਹਾ ਪ੍ਰਧਾਨ ਕੁਲਵੰਤ ਰਾਏ ਸਿੰਗਲਾ ਦੀ ਅਗਵਾਈ ਹੇਠ ਸੂਬਾਈ ਸੱਦੇ ਤਹਿਤ ਜ਼ਿਲ੍ਹਾ ਕਚਹਿਰੀਆਂ ਦੇ ਮੁੱਖ ਦਰਵਾਜ਼ੇ 'ਤੇ ਪੰਜਾਬ ਕੈਬਨਿਟ 'ਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਪੁਤਲਾ ਫੂਕਿਆ ਤੇ ਸਰਕਾਰ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਵੀ ਕੀਤੀ।ਪ੍ਰਦਰਸ਼ਨ 'ਚ ਜ਼ਿਲ੍ਹੇ ਦੇ ਵੱਖ-ਵੱਖ ਹਿੱਸਿਆਂ ਤੋਂ ਵੱਡੀ ਗਿਣਤੀ 'ਚ ਕਾਂਗਰਸੀ ਆਗੂ ਤੇ ਵਰਕਰ ਸ਼ਾਮਲ ਹੋਏ।ਪ੍ਰਦਰਸ਼ਨ ਦੌਰਾਨ ਕਾਂਗਰਸੀ ਆਗੂਆਂ ਨੇ ਪੰਜਾਬ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਸਰਕਾਰ ਤੋਂ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਤੇ ਕਥਿਤ ਤੌਰ 'ਤੇ ਵਾਪਰੀਆਂ ਘਟਨਾਵਾਂ ਸਬੰਧੀ ਜਵਾਬਦੇਹੀ ਤੈਅ ਕਰਨ ਦੀ ਵੀ ਮੰਗ ਕੀਤੀ।ਇਸ ਮੌਕੇ ਸਿੰਗਲਾ ਨੇ ਕਿਹਾ ਕਿ ਆਮ ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਕਾਂਗਰਸ ਪਾਰਟੀ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਤਿਆਰ ਹੈ।ਉਨ੍ਹਾਂ ਕਿਹਾ ਕਿ ਲੋਕਤੰਤਰ 'ਚ ਸਵਾਲ ਕਰਨਾ ਹਰ ਨਾਗਰਿਕ ਦਾ ਅਧਿਕਾਰ ਹੈ।ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਗੁਲਜ਼ਾਰ ਸਿੰਘ ਦੇ ਮਾਮਲੇ ਵਿੱਚ ਸਾਰੀਆਂ ਕੜੀਆਂ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਸੱਚਾਈ ਲੋਕਾਂ ਸਾਹਮਣੇ ਆ ਸਕੇ।ਸਿੰਗਲਾ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਕਾਂਗਰਸ ਪਾਰਟੀ ਲੋਕਾਂ ਦੀ ਆਵਾਜ਼ ਬਣ ਕੇ ਸੜਕ ਤੋਂ ਲੈ ਕੇ ਪ੍ਰਸ਼ਾਸਨ ਪੱਧਰ ਤੱਕ ਆਪਣਾ ਸੰਘਰਸ਼ ਜਾਰੀ ਰੱਖੇਗੀ।ਪ੍ਰਦਰਸ਼ਨ ਉਪਰੰਤ ਕਾਂਗਰਸੀ ਆਗੂਆਂ ਵੱਲੋਂ ਮਾਨਸਾ ਦੇ ਐੱਸ.ਐੱਸ.ਪੀ. ਵੈਭਵ ਚੌਧਰੀ ਨੂੰ ਇੱਕ ਮੰਗ-ਪੱਤਰ ਵੀ ਸੌਂਪਿਆ।ਇਸ ਮੌਕੇ ਗੁਰਪ੍ਰੀਤ ਸਿੰਘ ਵਿੱਕੀ, ਮਾਈਕਲ ਗਾਗੋਵਾਲ, ਚਮਕੌਰ ਸਿੰਘ ਮੂਸਾ, ਡਾ. ਮਨਜੀਤ ਰਾਣਾ, ਪ੍ਰਿਤਪਾਲ ਸਿੰਘ ਡਾਲੀ, ਬਲਵਿੰਦਰ ਸਿੰਘ, ਜਤਿੰਦਰ ਸਿੰਘ ਆਗਰਾ, ਮਨਦੀਪ ਗੋਰਾ, ਸਿਕੰਦਰਜੀਤ ਸਿੰਘ ਮਾਨਸ਼ਾਹੀਆ, ਜਗਦੇਵ ਸਿੰਘ, ਸੰਦੀਪ ਢੱਲੋਂ, ਮਨਦੀਪ ਕੌਰ, ਗੁਰਦੀਪ ਸਿੰਘ ਦੀਪਾ, ਅਮਰੀਕ ਸਿੰਘ, ਕੁਕਾ ਪਵਨ ਕੁਮਾਰ, ਸੰਦੀਪ ਸ਼ਰਮਾ, ਭਗਵਾਨ ਦਾਸ, ਭਗਵਾਨ ਦਾਸ ਮਿੱਤਲ, ਚੰਦਰ ਸ਼ੇਖਰ ਨੰਦੀ, ਸਵਰਨ ਸਿੰਘ ਖੁਡਾਲ, ਸੁਦਰਸ਼ਨ ਸਿੰਘ ਖਾਰਾ ਸਮੇਤ ਵੱਡੀ ਗਿਣਤੀ ਕਾਂਗਰਸ ਪਾਰਟੀ ਦੇ ਵਰਕਰ ਤੇ ਆਗੂ ਹਾਜ਼ਰ ਸਨ।

# ਫ਼ਸਲਾਂ ਪਾਣੀ ਨੂੰ ਤਰਸੀਆਂ, ਕਿਸਾਨਾਂ ਨੇ ਗਰਿੱਡ ਅੱਗੇ ਲਾਇਆ ਧਰਨਾ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਭਾਰਤੀ ਕਿਸਾਨ ਯੂਨੀਅਨ ਡਕੌਂਦਾ ਧਨੇਰ ਦੀ ਬਲਾਕ ਮਹਿਲ ਕਲਾਂ ਇਕਾਈ ਵੱਲੋਂ ਸੂਬਾ ਕਮੇਟੀ ਦੇ ਸੱਦੇ 'ਤੇ ਬਲਾਕ ਪ੍ਰਧਾਨ ਨਾਨਕ ਸਿੰਘ ਅਮਲਾ ਸਿੰਘ ਵਾਲਾ ਦੀ ਅਗਵਾਈ ਹੇਠ 220 ਕੇਵੀ ਗਰਿੱਡ ਮਹਿਲ ਕਲਾਂ ਅੱਗੇ ਖੇਤੀਬਾੜੀ ਸੈਕਟਰ ਨੂੰ ਮਿਲ ਰਹੀ ਨਾਕਸ ਬਿਜਲੀ ਸਪਲਾਈ ਖ਼ਿਲਾਫ਼ ਰੋਸ ਧਰਨਾ ਦਿੱਤਾ ਗਿਆ।ਕਿਸਾਨਾਂ ਨੇ ਪੰਜਾਬ ਸਰਕਾਰ ਤੇ ਪਾਵਰਕਾਮ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਖੇਤੀਬਾੜੀ ਸੈਕਟਰਾਂ ਨੂੰ ਨਿਰਧਾਰਤ ਸਮੇਂ ਅਨੁਸਾਰ ਪੂਰੀ ਬਿਜਲੀ ਦੇਣ ਦੀ ਮੰਗ ਕੀਤੀ।

ਧਰਨੇ ਨੂੰ ਸੰਬੋਧਨ ਕਰਦਿਆਂ ਸੂਬਾ ਵਿੱਤ ਸਕੱਤਰ ਗੁਰਦੇਵ ਸਿੰਘ ਮਾਂਗੇਵਾਲ, ਜ਼ਿਲ੍ਹਾ ਮੀਤ ਪ੍ਰਧਾਨ ਜਗਰਾਜ ਸਿੰਘ ਹਰਦਾਸਪੁਰਾ, ਬਲਾਕ ਪ੍ਰਧਾਨ ਨਾਨਕ ਸਿੰਘ ਅਮਲਾ ਸਿੰਘ ਵਾਲਾ, ਬਲਾਕ ਆਗੂ ਸਤਨਾਮ ਸਿੰਘ ਮੂੰਮ, ਸਤਪਾਲ ਸਿੰਘ ਸੋਹੀ ਤੇ ਜੱਸਾ ਸਿੰਘ ਗਹਿਲ ਨੇ ਕਿਹਾ ਕਿ ਸਰਕਾਰ ਵੱਲੋਂ ਕਿਸਾਨਾਂ ਨੂੰ ਅੱਠ ਘੰਟੇ ਬਿਜਲੀ ਦੇਣ ਦੇ ਦਾਅਵੇ ਕੀਤੇ ਜਾ ਰਹੇ ਹਨ, ਜਦਕਿ ਕਈ ਖੇਤੀਬਾੜੀ ਸੈਕਟਰਾਂ ਨੂੰ ਸਿਰਫ਼ 2-3 ਘੰਟੇ ਹੀ ਬਿਜਲੀ ਮਿਲ ਰਹੀ ਹੈ।

ਕਿਸਾਨ ਆਗੂਆਂ ਨੇ ਕਿਹਾ ਕਿ ਖੇਤੀ ਪਹਿਲਾਂ ਹੀ ਵਧ ਰਹੀਆਂ ਲਾਗਤਾਂ ਤੇ ਫ਼ਸਲਾਂ ਦੇ ਲਾਹੇਵੰਦ ਭਾਅ ਨਾ ਮਿਲਣ ਕਾਰਨ ਸੰਕਟ ਵਿੱਚ ਹੈ।ਉਨ੍ਹਾਂ ਦੋਸ਼ ਲਾਇਆ ਕਿ ਪਾਵਰਕਾਮ ਵੱਲੋਂ ਬਿਜਲੀ ਕੱਟਾਂ ਦਾ ਕਾਰਨ ਥਰਮਲ ਪਲਾਂਟਾਂ ਦੇ ਕੁਝ ਯੂਨਿਟ ਕੋਲੇ ਦੀ ਘਾਟ ਕਾਰਨ ਬੰਦ ਹੋਣਾ ਦੱਸਿਆ ਜਾ ਰਿਹਾ ਹੈ।ਉਨ੍ਹਾਂ ਸਵਾਲ ਕੀਤਾ ਕਿ ਬਿਜਲੀ ਦੀ ਵਧਦੀ ਮੰਗ ਬਾਰੇ ਪਹਿਲਾਂ ਤੋਂ ਜਾਣਕਾਰੀ ਹੋਣ ਦੇ ਬਾਵਜੂਦ ਕੋਲੇ ਦਾ ਲੋੜੀਂਦਾ ਪ੍ਰਬੰਧ ਕਿਉਂ ਨਹੀਂ ਕੀਤਾ ਗਿਆ।ਆਗੂਆਂ ਨੇ ਪੰਜਾਬ ਸਰਕਾਰ ਤੇ ਪਾਵਰਕਾਮ ਤੋਂ ਖੇਤੀਬਾੜੀ ਸੈਕਟਰਾਂ ਦੀ ਬਿਜਲੀ ਸਪਲਾਈ ਤੁਰੰਤ ਸੁਧਾਰਨ ਤੇ ਨਿਰਧਾਰਤ ਸਮੇਂ ਅਨੁਸਾਰ ਪੂਰੀ ਬਿਜਲੀ ਦੇਣ ਦੀ ਮੰਗ ਕੀਤੀ।ਉਨ੍ਹਾਂ ਚਿਤਾਵਨੀ ਦਿੱਤੀ ਕਿ ਸਮੱਸਿਆ ਦਾ ਹੱਲ ਨਾ ਹੋਣ 'ਤੇ ਜਥੇਬੰਦੀ ਵੱਲੋਂ ਹੋਰ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ।

## ਸਫਾ 1 ਦੇ ਬਾਕੀ...

### ਭਰੋਸੇਯੋਗਤਾ ਬਹਾਲ ਕਰਨ...

ਅਸੰਤੁਲਿਤ' ਵਪਾਰਕ ਸੰਬੰਧਾਂ ਨੂੰ ਵੀ ਉਜਾਗਰ ਕੀਤਾ ਹੈ, ਜੋ ਸਮੂਹਿਕ ਤੌਰ 'ਤੇ ਵਿਸ਼ਵ ਵਪਾਰ ਦਾ 19.6% ਹਿੱਸਾ ਹੈ। ਪਾਰਟੀ ਨੇ ਬ੍ਰਿਕਸ ਪੇ ਸਿਸਟਮ 'ਤੇ ਯਤਨਾਂ ਨੂੰ ਸਵੀਕਾਰ ਕਰਦੇ ਹੋਏ ਕਿਹਾ ਕਿ ਭਾਜਪਾ ਸਰਕਾਰ ਨੂੰ ਭਾਰਤ ਦੀ ਬ੍ਰਿਕਸ ਪ੍ਰਧਾਨਗੀ ਦੀ ਵਰਤੋਂ ਆਪਸੀ ਲਾਭਦਾਇਕ ਵਪਾਰਕ ਸੰਬੰਧਾਂ ਨੂੰ ਅੱਗੇ ਵਧਾਉਣ ਲਈ ਕਰਨੀ ਚਾਹੀਦੀ ਹੈ, ਭਾਰਤੀ ਵਸਤੂਆਂ ਅਤੇ ਸੇਵਾਵਾਂ ਲਈ ਵਧੇਰੇ ਮਾਰਕੀਟ ਪਹੁੰਚ ਅਪਣਾਉਣੀ ਚਾਹੀਦੀ ਹੈ, ਗੈਰ-ਟੈਰਿਫ ਅਤੇ ਹੋਰ ਮਾਰਕੀਟ ਰੁਕਾਵਟਾਂ ਨੂੰ ਹੱਲ ਕਰਨਾ ਚਾਹੀਦਾ ਹੈ, ਜਦੋਂ ਕਿ ਭਾਰਤੀ ਉਦਮਾਂ ਲਈ ਬ੍ਰਿਕਸ ਦੇਸ਼ਾਂ ਵਿੱਚ ਮੁਕਾਬਲਾ ਕਰਨ ਅਤੇ ਵਿਸਤਾਰ ਕਰਨ ਲਈ ਨਿਰਪੱਖ ਅਤੇ ਅਨੁਮਾਨਤ ਸਥਿਤੀਆਂ ਨੂੰ ਸੁਰੱਖਿਅਤ ਕਰਨਾ ਚਾਹੀਦਾ ਹੈ। ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਯਾਦ ਕਰਦੇ ਹੋਏ ਕਾਂਗਰਸ ਨੇ ਕਿਹਾ ਕਿ ਭਾਰਤ ਨੂੰ ਆਪਣੇ ਰਣਨੀਤਕ ਉਭਾਰ ਦੀ ਪ੍ਰਾਪਤੀ ਨੂੰ ਪ੍ਰਭੂਸੱਤਾ ਸਮਾਨਤਾ, ਸ਼ਾਂਤੀਪੂਰਨ ਸਹਿ-ਹੋਂਦ, ਮਨੁੱਖੀ ਮਾਣ ਅਤੇ ਨਿਯਮ-ਅਧਾਰਤ ਅੰਤਰਰਾਸ਼ਟਰੀ ਵਿਵਸਥਾ ਦੇ ਸਮਰਥਨ ਨਾਲ ਜੋੜਨਾ ਚਾਹੀਦਾ ਹੈ। ਕਾਂਗਰਸ ਨੇ ਇਹ ਵੀ ਕਿਹਾ ਕਿ ਸਰਕਾਰ ਨੂੰ ਦੱਖਣ-ਦੱਖਣ ਸਹਿਯੋਗ ਨੂੰ ਡੂੰਘਾ ਕਰਨਾ ਚਾਹੀਦਾ ਹੈ ਅਤੇ ਇੱਕ ਖੰਡਤ ਅੰਤਰਰਾਸ਼ਟਰੀ ਪ੍ਰਣਾਲੀ ਵਿੱਚ ਇੱਕ ਸਥਿਰ ਫੋਰਮ ਵਜੋਂ ਕਾਰਜ ਕਰਨਾ ਚਾਹੀਦਾ ਹੈ, ਵਿਸ਼ਵਵਿਆਪੀ ਸੰਸਥਾਵਾਂ ਵਿੱਚ ਕਮੀਆਂ ਨੂੰ ਦੂਰ ਕਰਨ ਲਈ ਇਕੱਠੇ ਕੰਮ ਕਰਨਾ ਅਤੇ ਇਹ ਦਰਸਾਉਣ ਲਈ ਕਿ ਰਣਨੀਤਕ ਖੁਦਮੁਖਤਿਆਰੀ ਰਚਨਾਤਮਕ ਅਤੇ ਨਤੀਜੇ ਵਜੋਂ ਬਹੁਪੱਖੀਵਾਦ ਦੇ ਨਾਲ-ਨਾਲ ਰਹਿ ਸਕਦੀ ਹੈ। ਬਿਆਨ ਵਿਚ ਕਿਹਾ ਕਿ ਕਾਂਗਰਸ ਦਾ ਮੰਨਣਾ ਹੈ ਕਿ ਭਾਰਤ ਨੂੰ ਸਪੱਸ਼ਟ ਤੌਰ 'ਤੇ ਇਹ ਦਿਖਾਉਣਾ ਚਾਹੀਦਾ ਹੈ ਕਿ ਉਹ ਆਪਣੇ ਹਿੱਤਾਂ ਨੂੰ ਅੱਗੇ ਵਧਾਉਣ ਲਈ ਕਾਫ਼ੀ ਮਜ਼ਬੂਤ ਹੈ, ਇੱਕ ਨਿਰਪੱਖ ਸੰਸਾਰ ਦੀ ਮੰਗ ਕਰਨ ਵਾਲਿਆਂ ਦੇ ਨਾਲ ਖੜ੍ਹਾ ਹੋਣ ਲਈ ਸਿਧਾਂਤਕ ਤੌਰ 'ਤੇ ਕਾਫ਼ੀ ਭਰੋਸੇਯੋਗ ਹੈ ਅਤੇ ਗਲੋਬਲ ਸਾਊਥ ਤੇ ਗਲੋਬਲ ਨਾਰਥ ਵਿਚਕਾਰ ਇੱਕ ਭਰੋਸੇਯੋਗ ਪੁਲ ਵਜੋਂ ਕੰਮ ਕਰਨ ਲਈ ਕਾਫ਼ੀ ਭਰੋਸੇਯੋਗ ਹੈ।

### ਮੋਦੀ ਸਰਕਾਰ ਦੇਸ਼ ਨੂੰ ...

ਦੀ ਆਵਾਜ਼ ਨੂੰ ਦਬਾਉਣ ਲਈ ਕੇਂਦਰ ਸਰਕਾਰ ਨੇ ਪੁਲਸ ਬਲਾਂ ਦਾ ਵੀ ਪ੍ਰਯੋਗ ਕੀਤਾ, ਪਰ ਨੌਜਵਾਨਾਂ ਨਾਲ ਲੋਕ ਪੱਖੀਆਂ ਪਾਰਟੀ ਦੀ ਤਾਕਤ ਦੇ ਅੱਗੇ ਕੇਂਦਰ ਸਰਕਾਰ ਨੂੰ ਝੁਕਣਾ ਪਿਆ ਅਤੇ ਮੰਤਰੀ ਦਾ ਅਸਤੀਫਾ ਲੈਣਾ ਪਿਆ। ਉਨ੍ਹਾ ਕਿਹਾ ਕਿ ਸੀਤਾ ਰਾਮ ਯੇਚਰੀ ਨੇ ਖੁਦ ਵਿਦਿਆਰਥੀ ਜੀਵਨ ਵਿੱਚ ਆਪਣੇ ਹੱਕਾਂ ਲਈ ਲੰਮਾ ਸੰਘਰਸ਼ ਲੜਿਆ ਅਤੇ ਨੌਜਵਾਨਾਂ ਦੇ ਹੱਕਾਂ ਦੀ ਰਾਖੀ ਲਈ ਆਪਣੀ ਆਵਾਜ਼ ਬੁਲੰਦ ਕੀਤੀ । ਅੱਜ ਦੇ ਨੌਜਾਵਾਨਾਂ ਨੂੰ ਵੀ ਉਨ੍ਹਾ ਦੀ ਰਾਹ 'ਤੇ ਚੱਲਣਾ ਚਾਹੀਦਾ ਹੈ, ਇਹ ਹੀ ਉਨ੍ਹਾ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।ਜਸਵਿੰਦਰ ਸਿੰਘ ਨੇ ਕਿਹਾ ਕਿ ਯੇਚੁਰੀ ਨੂੰ ਵਿਛੜਿਆਂ ਦੋ ਸਾਲ ਹੋ ਚੁੱਕੇ ਹਨ ਅਤੇ ਉਨ੍ਹਾ ਦੀ ਯਾਦ ਵਿੱਚ ਖੱਬੇ ਪੱਖੀ ਧਿਰਾਂ ਵੱਲੋਂ ਇਨ੍ਹਾਂ ਸਮਾਗਮਾਂ ਜ਼ਰੀਏ ਉਨ੍ਹਾ ਨੂੰ ਯਾਦ ਕੀਤਾ ਜਾ ਰਿਹਾ ਹੈ।ਸਾਬਕਾ ਵਿਧਾਇਕ ਚੰਦ ਸਿੰਘ ਚੋਪੜਾ ਨੇ ਕਿਹਾ ਕਿ ਦੇਸ਼ ਦੀ ਰਾਜਨੀਤੀ ਵਿੱਚ ਦੇਸ਼ ਵਿਰੋਧੀ ਕਾਨੂੰਨਾਂ ਨੂੰ ਪਾਸ ਹੋਣ ਤੋਂ ਰੋਕਣ ਵਿੱਚ ਯੇਚੁਰੀ ਦਾ ਬਹੁਤ ਅਹਿਮ ਯੋਗਦਾਨ ਹੈ ਅਤੇ ਉਨ੍ਹਾ ਦੇਸ਼ ਦੀ ਪਾਰਲੀਮੈਂਟ ਵਿੱਚ ਹਮੇਸ਼ਾ ਲੋਕਾਈ ਦੇ ਹੱਕ ਵਿੱਚ ਆਪਣੀ ਆਵਾਜ਼ ਬੁਲੰਦ ਕੀਤੀ। ਕਾਂਗਰਸ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਕਿਹਾ ਕਿ ਦੇਸ਼ ਦੇ ਮਹਾਨ ਆਗੂ ਸੀਤਾ ਰਾਮ ਯੇਚੁਰੀ ਨੇ ਸਿਆਸੀ ਫਿਰਕਾਪ੍ਰਸਤੀ ਖਿਲਾਫ, ਨੌਜਵਾਨਾਂ, ਮਜ਼ਦੂਰਾਂ ਅਤੇ ਕਿਸਾਨਾਂ ਦੇ ਹੱਕ ਵਿੱਚ ਜੋ ਲੜਾਈ ਲੜੀ, ਉਸ ਨੂੰ ਨੂੰ ਕਦੇ ਵੀ ਭੁਲਿਆ ਨਹੀਂ ਜਾ ਸਕਦਾ।ਸਮਾਗਮ ਵਿਚ ਭੂਪ ਚੰਦ ਚੰਨੋ ਸੂਬਾ ਸਕੱਤਰਤ ਮੈਂਬਰ, ਅਬਦੁਲ ਸਤਾਰ ਸੂਬਾ ਸਕੱਤਰਤ ਮੈਂਬਰ, ਚਮਕੌਰ ਸਿੰਘ ਖੇੜੀ ਸੂਬਾ ਸਕੱਤਰਤ ਮੈਂਬਰ, ਸੂਬਾ ਸਕੱਤਰੇਤ ਮੈਂਬਰ ਐਡਵੋਕੇਟ ਸਵਰਨਜੀਤ ਸਿੰਘ ਦਲਿਓ, ਖੁਸ਼ੀਆ ਸਿੰਘ, ਪਰਮਜੀਤ ਕੌਰ ਗੁਮਟੀ, ਬਲਵੰਤ ਸਿੰਘ ਨਿਹਾਲੂਵਾਲ ਪ੍ਰਧਾਨ ਕਿਸਾਨ ਸਭਾ, ਜਰਨੈਲ ਸਿੰਘ ਦਾਨਗੜ੍ਹ, ਪਰਮਜੀਤ ਕੌਰ, ਕਰਮਜੀਤ ਕੌਰ, ਮਹਿੰਦਰ ਕੌਰ, ਜਲ ਕੌਰ, ਬਸੰਤ ਕੌਰ, ਸੁਰਜੀਤ ਸਿੰਘ ਵਜੀਦਕੇ ਕਲਾਂ, ਸੀਤਾ ਸਿੰਘ ਸੁਨਾਮ, ਹੰਗੀ ਸਿੰਘ ਤਹਿਸੀਲ ਸਕੱਤਰ ਸੁਨਾਮ, ਸੁਰਜੀਤ ਸਿੰਘ ਜਖੇਪਲ, ਹਰਬੰਸ ਸਿੰਘ ਨਮੋਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਜਥੇਬੰਦੀਆਂ ਦੇ ਆਗੂ/ਵਰਕਰ ਹਾਜ਼ਰ ਸਨ।

### ਪ੍ਰਤੀ ਘਰ ਖਰਚ 'ਚ...

ਪਰਵਾਰਾਂ ਨੂੰ ਘੱਟ ਆਮਦਨ ਵਾਲੇ 1.5 ਲੱਖ ਤੋਂ 6 ਲੱਖ ਰੁਪਏ ਕਮਾਉਣ ਵਾਲੇ ਪਰਵਾਰਾਂ ਨੂੰ ਚਾਹਵਾਨ, 6 ਲੱਖ ਤੋਂ 36 ਲੱਖ ਰੁਪਏ ਮੱਧਮ ਆਮਦਨ ਵਾਲੇ ਅਤੇ 36 ਲੱਖ ਜਾਂ ਇਸ ਤੋਂ ਵੱਧ ਆਮਦਨ ਵਾਲੇ ਪਰਵਾਰਾਂ ਨੂੰ ਉਚ ਆਮਦਨ ਵਾਲੇ ਪਰਵਾਰਾਂ ਵਜੋਂ ਸ਼੍ਰੇਣੀਬੱਧ ਕਰਦਾ ਹੈ। ਮੁੰਬਈ ਅਤੇ ਦਿੱਲੀ-ਐੱਨ ਸੀ ਆਰ ਵਿੱਚ ਉਚ ਆਮਦਨ ਵਾਲੇ ਪਰਵਾਰਾਂ ਦੀ ਸਭ ਤੋਂ ਵੱਧ ਗਿਣਤੀ ਹੈ। ਬੈਂਗਲੁਰੂ ਵੱਡੇ 6 ਵਿੱਚੋਂ ਸਭ ਤੋਂ ਵੱਧ ਔਸਤ ਘਰੇਲੂ ਆਮਦਨ ਹੋਣ ਦੇ ਬਾਵਜੂਦ ਸਮੂਹ ਵਿੱਚ ਉੱਚ ਆਮਦਨ ਵਾਲੇ ਘਰਾਂ ਦਾ ਹਿੱਸਾ ਸਭ ਤੋਂ ਘੱਟ ਹੈ, ਜਿਸ ਵਿੱਚ ਪਰਵਾਰਾਂ ਦਾ ਇੱਕ ਵੱਡਾ ਅਨੁਪਾਤ ਚਾਹਵਾਨ ਆਮਦਨ ਸ਼੍ਰੇਣੀ ਵਿੱਚ ਆਉਂਦਾ ਹੈ। ਹੈਦਰਾਬਾਦ ਵਿੱਚ ਮੱਧ ਆਮਦਨ ਵਾਲੇ ਘਰਾਂ ਦਾ ਅਨੁਪਾਤ ਸਭ ਤੋਂ ਵੱਧ ਹੈ। ਅਧਿਐਨ ਕੀਤੇ ਗਏ 100 ਸ਼ਹਿਰਾਂ ਵਿੱਚ ਪਰਵਾਰ ਆਪਣੀ ਆਮਦਨ ਦਾ ਲਗਭਗ 75 ਪ੍ਰਤੀਸ਼ਤ ਖਰਚ ਕਰਦੇ ਹਨ, ਜਦੋਂ ਕਿ ਵੱਡੇ ਛੇ ਮਹਾਂਨਗਰਾਂ ਵਿੱਚ ਇਹ ਲਗਭਗ 58 ਪ੍ਰਤੀਸ਼ਤ ਹੈ। ਉਤਰੀ ਪਰਵਾਰ ਰਿਹਾਇਸ਼, ਕੱਪੜੇ ਤੇ ਸਿੱਖਿਆ 'ਤੇ ਵਧੇਰੇ ਖਰਚ ਕਰਦੇ ਹਨ, ਜਦੋਂ ਕਿ ਦੱਖਣੀ ਪਰਵਾਰ ਸਿਹਤ ਸੰਭਾਲ ਲਈ ਵੱਡਾ ਹਿੱਸਾ ਨਿਰਧਾਰਤ ਕਰਦੇ ਹਨ।

## ਮਾਮਲਾ ਦੁਕਾਨਦਾਰ ਦੀ ਕੁੱਟਮਾਰ ਦਾ; 20 ਦਿਨ ਬੀਤਣ ਦੇ ਬਾਵਜੂਦ ਹਮਲਾਵਰ ਪੁਲਸ ਦੀ ਗ੍ਰਿਫ਼ਤ ਤੋਂ ਬਾਹਰ

### *ਪੀੜਤ ਪਰਵਾਰ ਵੱਲੋਂ ਥਾਣੇ ਦੇ ਘਿਰਾਓ ਦਾ ਐਲਾਨ*



ਬਰੇਟਾ (ਰੀਤਵਾਲ)-ਪਿੰਡ ਕੁਲਰੀਆਂ ਦੇ ਬੱਸ ਅੱਡੇ ਦੇ ਨਜ਼ਦੀਕ ਮੋਬਾਈਲਾਂ ਦੀ ਦੁਕਾਨ ਕਰ ਰਹੇ ਹਰਬੰਸ ਸਿੰਘ ਵਾਸੀ ਜੁਗਲਾਣ ਦੀ ਬੀਤੀ 20 ਅਗਸਤ 2026 ਦੀ ਰਾਤ ਨੂੰ ਹੋਈ ਬੇਰਹਿਮ ਕੁੱਟਮਾਰ ਦੇ ਮਾਮਲੇ ਵਿੱਚ ਹਮਲਾਵਰਾਂ ਖਿਲਾਫ ਦਰਜ ਹੋਏ ਇਰਾਦਾ ਕਤਲ ਦੇ ਮਾਮਲੇ ਵਿੱਚ ਪੁਲਸ ਵੱਲੋਂ ਅੱਜ ਤੱਕ ਅਰੋਪੀਆਂ ਦੀ ਗ੍ਰਿਫਤਾਰੀ ਨਾ ਕੀਤੇ ਜਾਣ ਨੂੰ ਲੈ ਕੇ ਪੁਲਸ ਦੀ ਢਿੱਲੀ ਕਾਰਵਾਈ ਵਿਰੁੱਧ ਪੀੜਤ ਪਰਵਾਰ ਦਾ ਗੁੱਸਾ ਹੁਣ ਸਿਖਰਾਂ 'ਤੇ ਪੁੱਜ ਗਿਆ ਹੈ।ਦੱਸਣਯੋਗ ਹੈ ਕਿ ਘਟਨਾ ਨੂੰ ਵਾਪਰਿਆਂ 20 ਦਿਨ ਦੇ ਕਰੀਬ ਬੀਤ ਜਾਣ ਦੇ ਬਾਵਜੂਦ ਅਰੋਪੀ ਹਾਲੇ ਤੱਕ ਪੁਲਸ ਦੀ ਗ੍ਰਿਫ਼ਤ ਤੋਂ ਬਾਹਰ ਹਨ, ਜਿਸ ਕਾਰਨ ਪੀੜਤ ਪਰਵਾਰ ਤੇ ਦੁਕਾਨਦਾਰ ਭਾਈਚਾਰੇ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਪੀੜਤ ਦੁਕਾਨਦਾਰ ਦੇ ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਸਬੰਧਤ ਥਾਣੇ ਬਰੇਟਾ ਵਿੱਚ ਮਾਮਲਾ ਦਰਜ ਹੋਣ ਤੋਂ ਬਾਅਦ ਵੀ ਪੁਲਸ ਪ੍ਰਸ਼ਾਸਨ ਅਰੋਪੀਆਂ ਨੂੰ ਫੜਨ ਵਿੱਚ ਨਾਕਾਮ ਰਿਹਾ ਹੈ।ਪਰਵਾਰ ਦਾ ਦੋਸ਼ ਹੈ ਕਿ ਪੁਲਸ ਜਾਣ-ਬੁੱਝ ਕੇ ਮਾਮਲੇ ਨੂੰ ਠੰਢੇ ਬਸਤੇ ਵਿੱਚ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜਿਸ ਕਾਰਨ ਹਮਲਾਵਰਾਂ ਦੇ ਹੌਂਸਲੇ ਬੁਲੰਦ ਹਨ।ਇਨਸਾਫ਼ ਨਾ ਮਿਲਣ ਤੋਂ ਦੁਖੀ ਪੀੜਤ ਪਰਵਾਰ ਨੇ ਹੁਣ ਵੱਡਾ ਫ਼ੈਸਲਾ ਲੈਂਦਿਆਂ ਸਬੰਧਤ ਥਾਣੇ ਬਰੇਟਾ ਦਾ ਘਿਰਾਓ ਕਰਨ ਦਾ ਐਲਾਨ ਕਰ ਦਿੱਤਾ ਹੈ।ਇਸ ਦੇ ਲਈ ਪਰਵਾਰ ਵੱਲੋਂ ਦੁਕਾਨਦਾਰਾਂ, ਜਥੇਬੰਦੀਆਂ ਤੇ ਵਪਾਰੀ ਮੰਡਲ ਨੂੰ ਧਰਨੇ 'ਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ।ਜਦ ਇਸ ਮਾਮਲੇ ਨੂੰ ਲੈ ਕੇ ਥਾਣਾ ਮੁਖੀ ਬਰੇਟਾ ਗਣੇਸ਼ਵਰ ਕੁਮਾਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਸਾਡੇ ਵੱਲੋਂ ਦੋਸ਼ੀਆਂ ਦੀ ਭਾਲ ਲਈ ਕਈ ਥਾਵਾਂ 'ਤੇ ਛਾਪੇਮਾਰੀ ਕੀਤੀ ਜਾ ਚੁੱਕੀ ਹੈ ਤੇ ਜਲਦ ਹੀ ਉਨ੍ਹਾਂ ਨੂੰ ਕਾਬੂ ਕਰ ਲਿਆ ਜਾਵੇਗਾ, ਪਰ ਦੂਜੇ ਪਾਸੇ ਪੀੜਤ ਪਰਵਾਰ ਪੁਲਸ ਦੇ ਇਨ੍ਹਾਂ ਦਾਅਵਿਆਂ ਤੋਂ ਸੰਤੁਸ਼ਟ ਨਹੀਂ ਹੈ।

## ਨੰਗਲ ਤੋਂ ਮੁਫ਼ਤ ਤੀਰਥ ਯਾਤਰਾ ਲਈ ਬੱਸ ਰਵਾਨਾ



ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)-ਪਿੰਡ ਨੰਗਲ ਤੋਂ ਮੁਫ਼ਤ ਤੀਰਥ ਯਾਤਰਾ ਲਈ ਇੱਕ ਬੱਸ ਅੰਮ੍ਰਿਤਸਰ ਸਾਹਿਬ, ਦੁਰਗਾ ਮੰਦਰ, ਰਾਮ ਤੀਰਥ, ਬਾਰਡਰ ਤੇ ਤਰਨਤਾਰਨ ਸਾਹਿਬ ਦੇ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਰਵਾਨਾ ਹੋਈ।ਇਸ ਮੌਕੇ ਪਿੰਡ ਨੰਗਲ ਦੀ ਸੰਗਤ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਹਲਕਾ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।ਇਸ ਮੌਕੇ ਡਾ. ਹਰੀ ਚੰਦ ਨੇ ਕਿਹਾ ਕਿ ਮੁਫ਼ਤ ਤੀਰਥ ਯਾਤਰਾ ਦੀ ਸਹੂਲਤ ਨਾਲ ਸੰਗਤ ਨੂੰ ਵੱਖ-ਵੱਖ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲ ਰਿਹਾ ਹੈ।ਉਨ੍ਹਾਂ ਇਸ ਉਪਰਾਲੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਦਾ ਧੰਨਵਾਦ ਕੀਤਾ।ਇਸ ਮੌਕੇ ਡਾ. ਹਰੀ ਚੰਦ, ਜਸ ਸਿੰਘ, ਬੂਟਾ ਸਿੰਘ, ਬਲਦੇਵ ਮਿਸਤਰੀ, ਨੇਕ ਸਿੰਘ, ਰਾਮ ਕ੍ਰਿਸ਼ਨ, ਕਾਲਾ ਸਿੰਘ ਮੈਂਬਰ, ਕਰਨੈਲ ਸਿੰਘ, ਜਗਸੀਰ ਸਿੰਘ ਆਦਿ ਹਾਜ਼ਰ ਸਨ।

## ਹਲਕਾ ਇੰਚਾਰਜ ਲਾਲਕਾ ਨੇ ਸੁਖਬੀਰ ਨਾਲ ਕੀਤੀ ਮੁਲਾਕਾਤ



ਨਾਭਾ (ਅਮਨ ਗਰਗ)-ਵਿਧਾਨ ਸਭਾ ਹਲਕਾ ਨਾਭਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍ਰ: ਸੁਖਬੀਰ ਸਿੰਘ ਬਾਦਲ ਨਾਲ ਵਿਸ਼ੇਸ਼ ਮੁਲਾਕਾਤ ਕੀਤੀ, ਜਿੱਥੇ ਲਾਲਕਾ ਨੇ ਸ੍ਰ: ਸੁਖਬੀਰ ਸਿੰਘ ਬਾਦਲ ਦਾ ਹਾਲ ਚਾਲ ਜਾਣਿਆ, ਉੱਥੇ ਹੀ ਉਨ੍ਹਾਂ ਨੇ ਵਿਧਾਨ ਸਭਾ ਹਲਕਾ ਨਾਭਾ ਦੇ ਲੋਕਾਂ ਨੂੰ ਆ ਰਹੀਆਂ ਮੁਸ਼ਕਲਾਂ ਤੋਂ ਜਾਣੂ ਕਰਵਾਇਆ ਅਤੇ ਪੰਜਾਬ ਵਿੱਚ ਆ ਰਹੇ ਹਾਂ ਵਿਧਾਨ ਸਭਾ ਚੋਣਾਂ 'ਚ ਅਪਨਾਈ ਜਾਣ ਵਾਲੀ ਰਣਨੀਤੀ ਸਬੰਧੀ ਵੀ ਵਿਚਾਰ ਚਰਚਾ ਕੀਤੀ ਲਾਲਕਾਂ ਨੇ ਪਾਰਟੀ ਪ੍ਰਧਾਨ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਲਕਾ ਨਾਭਾ ਦੇ ਲੋਕ ਆਉਂਦੀਆਂ ਚੋਣਾਂ ਵਿੱਚ ਜਿੱਥੇ ਹਲਕਾ ਨਾਭਾ ਦੀ ਸੀਟ ਜਿਤਾ ਕੇ ਸ਼੍ਰੋਮਣੀ ਅਕਾਲੀ ਦਲ ਦੀ ਝੋਲੀ ਵਿੱਚ ਪਾਉਣ ਲਈ ਉਤਾਵਲੇ ਹਨ, ਉੱਥੇ ਹੀ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੀਤੇ ਗਏ ਪੰਜਾਬ ਦੇ ਵਿਕਾਸ ਕੰਮਾਂ ਨੂੰ ਯਾਦ ਕਰ ਰਹੇ ਹਨ ਅਤੇ ਅਕਾਲੀ ਦਲ ਨੂੰ ਹੂੰਝਾ ਫੇਰ ਜਿੱਤ ਦਿਵਾ ਕੇ ਸ੍ਰ: ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਪੰਜਾਬ ਦੇਖਣ ਲਈ ਕਾਹਲੇ ਹਨ, ਕਿਉਂਕਿ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਦੇ ਲੋਕਾਂ ਨਾਲ ਵੱਡਾ ਧੋਖਾ ਕੀਤਾ ਹੈ। ਮੁਲਾਕਾਤ ਮੌਕੇ ਸੁਖਬੀਰ ਸਿੰਘ ਬਾਦਲ ਨੇ ਲਾਲਕਾ ਨੂੰ ਥਾਪੜਾ ਦਿੰਦਿਆਂ ਤਕੜੇ ਹੋ ਕੇ ਚੋਣਾਂ ਦੀ ਤਿਆਰੀ ਕਰਨ ਲਈ ਕਿਹਾ ਤੇ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਹਲਕਾ ਨਾਭਾ ਦੇ ਕੰਮ ਪਹਿਲ ਦੇ ਆਧਾਰ 'ਤੇ ਕੀਤੇ ਜਾਣ ਦਾ ਵਿਸ਼ਵਾਸ ਦਿਵਾਇਆ। ਇਸ ਮੌਕੇ ਉਨ੍ਹਾਂ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਦਿਹਾਤੀ ਜ਼ਿਲ੍ਹਾ ਪ੍ਰਧਾਨ ਪਟਿਆਲਾ ਤੋਂ ਜਗਮੀਤ ਸਿੰਘ ਹਰਿਆਊ ਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਬੀਬੀ ਹਰਪ੍ਰੀਤ ਕੌਰ ਰਾਮਗੜ੍ਹ ਵਿਸ਼ੇਸ਼ ਤੌਰ 'ਤੇ ਨਾਲ ਸ਼ਾਮਲ ਸਨ।

## ਡੀ ਆਈ ਜੀ ਸੰਦੀਪ ਗੋਇਲ ਨੇ ਕੀਤੀ ਸਖ਼ਤ ਚੈਕਿੰਗ



ਜਗਰਾਉਂ (ਸੰਜੀਵ ਅਰੋੜਾ)-ਪੁਲਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਡੀ. ਆਈ. ਜੀ. ਸੰਦੀਪ ਗੋਇਲ, ਐੱਸਐੱਸਪੀ ਡਾ. ਅੰਕੁਰ ਗੁਪਤਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਐੱਸਪੀ ਸਰਵਣਜੀਤ ਸਿੰਘ ਦੀ ਅਗਵਾਈ ਵਿੱਚ ਸਰਚ ਓਪਰੇਸ਼ਨ ਕੀਤਾ ਗਿਆ ਤੇ ਨਾਕਿਆਂ ਦੀ ਚੈਕਿੰਗ ਕੀਤੀ ਗਈ। ਇਸ ਮੌਕੇ ਡੀ. ਐੱਸ. ਪੀ. ਕਰਨ ਸਿੰਘ ਸੰਧੂ, ਡੀ ਐੱਸ ਪੀ. ਜਸਵਿੰਦਰ ਸਿੰਘ ਢੀਂਡਸਾ ਤੇ ਸਿਟੀ ਐੱਸ.ਐੱਚ.ਓ. ਪਰਮਿੰਦਰ ਸਿੰਘ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਪੁਲਸ ਮੁਲਾਜ਼ਮਾਂ ਨੂੰ ਨਾਲ ਲੈ ਕੇ ਕੀਤਾ ਗਿਆ। ਪੁਲਸ ਟੀਮਾਂ ਵੱਲੋਂ ਵੱਖ-ਵੱਖ ਥਾਵਾਂ 'ਤੇ ਘਰਾਂ ਵਿੱਚ ਜਾ ਕੇ ਤਲਾਸ਼ੀ ਲਈ ਗਈ ਤੇ ਇਲਾਕੇ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਇਕੱਤਰ ਕੀਤੀ ਗਈ। ਜਗਰਾਉਂ ਸ਼ਹਿਰ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਮਜ਼ਬੂਤ ਬਣਾਈ ਰੱਖਣ ਤੇ ਸਮਾਜ ਵਿਰੋਧੀ ਤੇ ਮਾੜੇ ਅਨਸਰਾਂ 'ਤੇ ਸ਼ਿਕੰਜਾ ਕੱਸਣ ਦੇ ਮਕਸਦ ਨਾਲ ਜਗਰਾਉਂ ਪੁਲਸ ਵੱਲੋਂ ਅੱਜ ਵੱਖ-ਵੱਖ ਇਲਾਕਿਆਂ ਵਿੱਚ ਵੱਡੇ ਪੱਧਰ 'ਤੇ ਸਰਚ ਓਪਰੇਸ਼ਨ ਚਲਾਇਆ ਗਿਆ। ਇਸ ਦੌਰਾਨ ਪੁਲਸ ਦੀਆਂ ਵੱਖ-ਵੱਖ ਟੀਮਾਂ ਨੇ ਕਈ ਇਲਾਕਿਆਂ ਵਿੱਚ ਪਹੁੰਚ ਕੇ ਘਰਾਂ ਦੀ ਤਲਾਸ਼ੀ ਲਈ ਤੇ ਸ਼ੱਕੀ ਵਿਅਕਤੀਆਂ ਦੀ ਗਤੀਵਿਧੀਆਂ ਸਬੰਧੀ ਜਾਂਚ ਕੀਤੀ। ਪੁਲਸ ਅਧਿਕਾਰੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਦੇ ਇਲਾਕੇ ਵਿੱਚ ਕੋਈ ਵਿਅਕਤੀ ਨਸ਼ਿਆਂ ਦੀ ਵਿਕਰੀ ਜਾਂ ਹੋਰ ਗੈਰ-ਕਾਨੂੰਨੀ ਗਤੀਵਿਧੀ ਵਿੱਚ ਸ਼ਾਮਲ ਹੈ ਤਾਂ ਉਸ ਬਾਰੇ ਪੁਲਸ ਨੂੰ ਸੂਚਿਤ ਕੀਤਾ ਜਾਵੇ। ਇਸ ਮੌਕੇ ਐੱਸ.ਐੱਸ.ਪੀ. ਅੰਕੁਰ ਗੁਪਤਾ ਨੇ ਸਖ਼ਤ ਲਹਿਜ਼ੇ ਵਿੱਚ ਕਿਹਾ ਕਿ ਜਗਰਾਉਂ ਵਿੱਚ ਕਿਸੇ ਵੀ ਮਾੜੇ ਅਨਸਰ ਨੂੰ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ।

## ਅਜੇ ਗੌਂਦਾਰਾ ਬਾਰ ਐਸੋਸੀਏਸ਼ਨ ਮਲੋਟ ਦੇ ਪ੍ਰਧਾਨ ਬਣੇ



ਮਲੋਟ (ਜੁਨੇਜਾ)-ਬਾਰ ਐਸੋਸੀਏਸ਼ਨ ਮਲੋਟ ਦੀ ਹੋਈ ਚੋਣ ਵਿੱਚ ਪਹਿਲਾਂ ਤੋਂ ਕਾਬਜ਼ ਧਿਰ ਨੇ ਇੱਕ ਵਾਰ ਫਿਰ ਵੱਡੀ ਜਿੱਤ ਹਾਸਲ ਕੀਤੀ ਹੈ।ਇਸ ਚੋਣ ਪ੍ਰਕਿਰਿਆ ਨਵੀਂ ਚੋਣ ਲਈ ਪ੍ਰਧਾਨ ਹਰਪਾਲ ਸਿੰਘ ਸੰਧੂ ਦੀ ਅਗਵਾਈ ਹੇਠ ਐਡਵੋਕੇਟ ਜਸਪਾਲ ਸਿੰਘ ਔਲਖ ਨੂੰ ਆਰ.ਓ. ਨਿਯੁਕਤ ਕਰਕੇ ਕਰਵਾਈ ਗਈ ਸੀ।ਉਨ੍ਹਾਂ ਨਾਲ ਰਾਮਭਜਨ ਕੰਗ ਤੇ ਅਨਿਲ ਟੁਟੇਜਾ ਨੂੰ ਸਹਾਇਕ ਆਰ.ਓ. ਬਣਾਇਆ ਗਿਆ ਸੀ।ਇਸ ਚੋਣ 'ਚ ਪ੍ਰਧਾਨ ਲਈ ਅਜੇ ਗੌਂਦਾਰਾ, ਮੀਤ ਪ੍ਰਧਾਨ ਮਹਿਲਾ ਲਈ ਸ਼ਿਪੀ ਕਾਮਰਾ, ਅੰਜੂ ਭਾਰਤੀ ਤੇ ਅਰਸ਼ਦੀਪ ਕੌਰ ਜੁਆਇੰਟ ਸੈਕਟਰੀ ਪਹਿਲਾਂ ਹੀ ਬਿਨਾਂ ਮੁਕਾਬਲਾ ਚੁਣੇ ਗਏ ਸਨ।ਜਨਰਲ ਸਕੱਤਰ ਦੀ ਚੋਣ ਵਿੱਚ ਸੁਖਪਾਲ ਸਿੰਘ ਮਾਨ ਨੂੰ 146 ਵੋਟਾਂ ਮਿਲੀਆਂ, ਜਦਕਿ ਉਨ੍ਹਾਂ ਦੇ ਵਿਰੋਧੀ ਵਿਕ੍ਰਮ ਪੁਰੀ ਨੂੰ 71 ਵੋਟਾਂ ਮਿਲੀਆਂ।ਕੈਸ਼ੀਅਰ ਦੇ ਅਹੁਦੇ ਲਈ ਰਾਜਬੀਰ ਸਿੰਘ ਨੂੰ 148 ਵੋਟਾਂ ਮਿਲੀਆਂ।ਉਨ੍ਹਾਂ ਦੇ ਵਿਰੋਧੀ ਗੁਰਜੀਤ ਸਿੰਘ ਸੰਧੂ ਨੂੰ 60 ਵੋਟਾਂ ਤੇ ਬਲਜੀਤ ਸਿੰਘ ਮਠਾੜੂ ਨੂੰ 8 ਵੋਟਾਂ ਮਿਲੀਆਂ।ਇਸ ਤਰ੍ਹਾਂ ਰਾਜਬੀਰ ਸਿੰਘ ਨੇ 88 ਵੋਟਾਂ ਦੇ ਵੱਡੇ ਫ਼ਰਕ ਨਾਲ ਜਿੱਤ ਦਰਜ ਕੀਤੀ।ਚੋਣ ਨਤੀਜਿਆਂ ਤੋਂ ਬਾਅਦ ਜੇਤੂ ਟੀਮ ਤੇ ਹੋਰ ਵਕੀਲ ਸਾਥੀਆਂ ਨੇ ਖ਼ੁਸ਼ੀ ਦਾ ਇਜ਼ਹਾਰ ਕੀਤਾ।ਇਸ ਮੌਕੇ ਪ੍ਰਧਾਨ ਹਰਪਾਲ ਸਿੰਘ ਸੰਧੂ, ਨਵੇਂ ਪ੍ਰਧਾਨ ਅਜੇ ਗੌਂਦਾਰਾ, ਵਿਜੇ ਗੋਇਲ, ਐਡਵੋਕੇਟ ਸੁਖਮਨ ਭੁੱਲਰ, ਮਲਕੀਤ ਸਿੰਘ ਮਾਨ, ਨਿਰਮਲ ਸਿੰਘ ਓਪਲ, ਹਰਦੇਵ ਬਰਾੜ, ਸੁਖਪਾਲ ਸਿੰਘ ਕਲਸੀ ਸਮੇਤ ਵੱਡੀ ਗਿਣਤੀ 'ਚ ਵਕੀਲ ਹਾਜ਼ਰ ਸਨ।

## ਕਾਂਗਰਸ ਦਾ ਝੰਡਾ ਘਰ ਘਰ ਬੁਲੰਦ ਕਰਾਂਗੇ : ਬਲਿਹਾਰ ਸਮਸਪੁਰ



ਸਨੌਰ/ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪੰਜਾਬ ਕਾਂਗਰਸ ਦੇ ਸੀਨੀਅਰ ਨੇਤਾ ਤੇ ਹਲਕਾ ਸਨੌਰ 'ਚ ਲੰਬੇ ਸਮੇਂ ਤੋਂ ਲੋਕਾਂ ਦੀ ਸੇਵਾ 'ਚ ਜੁਟੇ ਬਲਿਹਾਰ ਸਿੰਘ ਸਮਸਪੁਰ ਨੇ ਸਨੌਰ ਹਲਕੇ 'ਚ ਕਾਂਗਰਸ ਦੀ ਮੁਹਿੰਮ ਤੇਜ਼ ਕਰ ਦਿੱਤੀ ਹੈ। ਕਾਂਗਰਸ ਦੇ ਹੱਕ 'ਚ ਪ੍ਰਚਾਰ ਕਰਦੇ ਸਮਸਪੁਰ ਨੇ ਕਿਹਾ ਕਿ ਕਾਂਗਰਸ ਦਾ ਝੰਡਾ ਘਰ ਘਰ ਬੁਲੰਦ ਕਰਾਂਗੇ। ਉਨ੍ਹਾਂ ਕਿਹਾ ਕਿ ਕਾਂਗਰਸ ਪੰਜਾਬ 'ਚ ਗੈਂਗਸਟਰਵਾਦ, ਨਸ਼ਿਆਂ ਤੇ ਅਪਰਾਧ ਦੀ ਜਿਆਸਤ ਨੂੰ ਖਤਮ ਕਰ ਕੇ ਸਾਹ ਲਵੇਗੀ ਤੇ ਇਸ ਵਿਰੁੱਧ ਲੜਾਈ ਨੂੰ ਜਾਰੀ ਰੱਖੇਗੀ। ਬਲਿਹਾਰ ਸਮਸਪੁਰ ਨੇ ਆਖਿਆ ਕਿ ਮੌਜੂਦਾ ਸਰਕਾਰ ਦੇ ਕਾਰਜਕਾਲ ਦੌਰਾਨ ਪੰਜਾਬ ਦੀ ਸਥਿਤੀ ਲਗਾਤਾਰ ਖ਼ਰਾਬ ਹੋਈ ਹੈ ਤੇ ਸਰਕਾਰ ਨੇ ਸੂਬੇ ਨੂੰ ਤਬਾਹ ਕਰ ਦਿੱਤਾ ਹੈ।ਸਮਸਪੁਰ ਨੇ ਕਿਹਾ ਕਿ ਪੰਜਾਬ ਬੇਸ਼ਕ ਲੋਕਾਂ ਨੂੰ ਮੁਫ਼ਤ ਬਿਜਲੀ ਦੇਣ ਦੇ ਭਰਮ ਜਾਲ ਤਾਂ ਜਾਰੀ ਰਖ ਰਹੇ ਹਨ, ਪ੍ਰੰਤੂ ਬਿਜਲੀ ਦੀ ਸਪਲਾਈ ਦੇਣ 'ਚ ਸਰਕਾਰ ਫੇਲ੍ਹ ਸਾਬਤ ਹੋ ਰਹੀ ਹੈ। ਇੰਡਸਟਰੀ ਉਦਯੋਗ ਨੂੰ ਲੋੜ ਅਨੁਸਾਰ ਬਿਜਲੀ ਦੀ ਸਪਲਾਈ ਨਹੀਂ ਮਿਲ ਰਹੀ। ਉਨ੍ਹਾਂ ਦੱਸਿਆ ਕਿ ਬਿਜਲੀ ਦੀ ਘਟੀਆ ਸਪਲਾਈ ਦੇ ਵਿਰੋਧ 'ਚ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਹੇਠ 14 ਸਤੰਬਰ ਨੂੰ ਪਾਵਰਕਾਮ ਦੇ ਮੁੱਖ ਦਫਤਰ ਦਾ ਘਿਰਾਓ ਕਰਕੇ ਸਰਕਾਰ ਦਾ ਪਿੱਟ ਸਿਆਪਾ ਕੀਤਾ ਜਾਵੇਗਾ। ਇਸ ਮੌਕੇ ਜ਼ਿਲ੍ਹਾ ਯੂਥ ਕਾਂਗਰਸ (ਦਿਹਾਤੀ) ਦੇ ਪ੍ਰਧਾਨ ਅਰਸ਼ਦੀਪ ਸਿੰਘ ਮੱਲ, ਦਲੀਪ ਸਿੰਘ ਬਿੱਕਰ, ਚਰਨਜੀਤ ਸਿੰਘ ਕੌਲੀ, ਜਸਵੰਤ ਸਿੰਘ ਸਾਬਕਾ ਸਰਪੰਚ ਬੀੜ ਕੌਲੀ, ਪ੍ਰੇਮ ਚੌਧਰੀ, ਤੋਂ ਇਲਾਵਾ ਹੋਰ ਬਹੁਤ ਸਾਰੇ ਆਗੂ ਤੇ ਵਰਕਰ ਉਨ੍ਹਾਂ ਦੇ ਨਾਲ ਸਨ।

## ਪੈਨਸ਼ਨਰ ਅਮਨ ਅਰੋੜਾ ਦੇ ਘਰ ਦੇ ਘਿਰਾਓ 'ਚ ਵੱਡੀ ਗਿਣਤੀ 'ਚ ਸ਼ਾਮਲ ਹੋਣਗੇ : ਸੁਖਦੇਵ ਸ਼ਰਮਾ




ਧੂਰੀ (ਸੁਖਦੇਵ ਧੂਰੀ)-ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਧੂਰੀ ਦੀ ਇੱਕ ਜ਼ਰੂਰੀ ਮੀਟਿੰਗ ਪ੍ਰਧਾਨ ਸੁਖਦੇਵ ਸ਼ਰਮਾ ਦੀ ਅਗਵਾਈ ਹੇਠ ਸਥਾਨਕ ਸਕੂਲ ਵਿੱਚ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਸੁਖਦੇਵ ਸ਼ਰਮਾ, ਕਾਰਜਕਾਰੀ ਪ੍ਰਧਾਨ ਜਸਦੇਵ ਸਿੰਘ, ਸੀਨੀਅਰ ਆਗੂ ਚਰਨਜੀਤ ਸਿੰਘ ਕੈਂਥ, ਸੇਵਾ ਮੁਕਤ ਡਿਪਟੀ ਡਾਇਰੈਕਟਰ ਮਨਜੀਤ ਸਿੰਘ ਬਖ਼ਸ਼ੀ, ਲੈਕਚਰਾਰ ਰਾਮ ਚੰਦ ਸ਼ਰਮਾ, ਕਰਮ ਸਿੰਘ ਸੋਢੀ ਤੇ ਪ੍ਰਿੰਸੀਪਲ ਮੇਜਰ ਸਿੰਘ ਨੇ ਪੈਨਸ਼ਨਰਾਂ ਦੇ ਮਾਨਸਿਕ ਤੇ ਆਰਥਿਕ ਸ਼ੋਸ਼ਣ ਲਈ ਪੰਜਾਬ ਸਰਕਾਰ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿੰਦਾ ਕੀਤੀ।ਉਨ੍ਹਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ 13 ਸਤੰਬਰ ਐਤਵਾਰ ਨੂੰ ਕੈਬਨਿਟ ਮੰਤਰੀ ਅਮਨ ਅਰੋੜਾ ਦੇ ਸੁਨਾਮ ਵਿਖੇ ਜੱਦੀ ਘਰ ਦੇ ਘਿਰਾਓ ਲਈ ਵਧ ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ।ਇਸ ਮੌਕੇ ਪੈਨਸ਼ਨਰਾਂ ਨੇ ਵੱਡੀ ਗਿਣਤੀ ਵਿੱਚ ਸੁਨਾਮ ਜਾਣ ਲਈ ਨਾਮ ਦਰਜ਼ ਕਰਵਾਏ।ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿੱਤ ਸਕੱਤਰ ਰਤਨ ਭੰਡਾਰੀ, ਇੰਦਰਜੀਤ ਸ਼ਰਮਾ, ਅਵਤਾਰ ਸਿੰਘ ਮੂਕਰ, ਗੁਰਮੀਤ ਸਿੰਘ, ਸਰਬਜੀਤ ਸਿੰਘ, ਜਾਗਰ ਸਿੰਘ, ਫ਼ਕੀਰ ਸਿੰਘ, ਗੁਰਮੇਲ ਸਿੰਘ, ਨਿਰਮਲ ਸਿੰਘ, ਰਾਮ ਲਾਲ, ਬਲਵੀਰ ਸਿੰਘ, ਕਰਮਜੀਤ ਸਿੰਘ, ਤਰਲੋਚਨ ਸਿੰਘ, ਸੁਖਦੇਵ ਸਿੰਘ, ਵਿਲਕਸ਼ਨ ਸ਼ਰਮਾ, ਧਰਮਪਾਲ ਸਿੰਘ, ਗੁਲਜ਼ਾਰ ਸਿੰਘ, ਸੁਖਦੇਵ ਸਿੰਘ, ਹਰਚਰਨ ਸਿੰਘ ਸਮੇਤ ਅਨੇਕਾਂ ਪੈਨਸ਼ਨਰ ਹਾਜ਼ਰ ਸਨ।

## ਰਾਮ ਆਸ਼ਰਮ ਮੰਦਰ 'ਚ ਮਹਿਲਾਵਾਂ ਦਾ ਮਹਿੰਦੀ ਮੁਕਾਬਲਾ



ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)-ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਸਨਾਤਨ ਪ੍ਰੰਪਰਾਵਾਂ ਨੂੰ ਉਤਸ਼ਾਹਤ ਕਰਨ ਦੇ ਉਦੇਸ਼ ਨਾਲ ਰਾਮ ਆਸ਼ਰਮ ਮੰਦਿਰ ਵਿਖੇ ਮਹਿਲਾਵਾਂ ਦਾ ਮਹਿੰਦੀ ਮੁਕਾਬਲਾ ਕਰਵਾਇਆ ਗਿਆ। ਕਰੀਬ ਇੱਕ ਘੰਟੇ ਦੇ ਇਸ ਪ੍ਰੋਗਰਾਮ ਵਿੱਚ ਮਹਿਲਾਵਾਂ ਨੇ ਵੱਡੇ ਉਤਸ਼ਾਹ ਨਾਲ ਭਾਗ ਲਿਆ।ਕੁਝ ਮਹਿਲਾਵਾਂ ਨੇ ਮਹਿੰਦੀ ਲਗਾਈ, ਜਦਕਿ ਕੁਝ ਨੇ ਮਹਿੰਦੀ ਲਗਵਾਈ।ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਰਕੇਸ਼ ਗਰਗ ਨੇ ਦੱਸਿਆ ਕਿ ਇਹ ਸੱਭਿਆਚਾਰਕ ਪ੍ਰੋਗਰਾਮ ਹਰ ਸਾਲ ਕਰਵਾਇਆ ਜਾਂਦਾ ਹੈ।ਮੁਕਾਬਲੇ ਵਿੱਚ ਵਧੀਆ ਮਹਿੰਦੀ ਲਗਾਉਣ ਵਾਲੀਆਂ ਮਹਿਲਾਵਾਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਹੋਰ ਧਾਰਮਿਕ ਤੇ ਸੱਭਿਆਚਾਰਕ ਗਤੀਵਿਧੀਆਂ ਵੀ ਕਰਵਾਈਆਂ ਗਈਆਂ।ਪ੍ਰੋਗਰਾਮ ਦੀਆਂ ਤਿਆਰੀਆਂ ਪ੍ਰੋਜੈਕਟ ਚੇਅਰਮੈਨ ਸ਼ਸ਼ੀ ਬਾਲਾ ਤੇ ਮਮਤਾ ਬਾਂਸਲ ਸਮੇਤ ਪ੍ਰਬੰਧਕਾਂ ਵੱਲੋਂ ਕੀਤੀਆਂ ਗਈਆਂ।ਮਹਿਲਾ ਪ੍ਰਮੁੱਖ ਸੀਮਾ ਰਾਣੀ ਵਿਸ਼ੇਸ਼ ਤੌਰ 'ਤੇ ਇਸ ਸਮਾਗਮ ਵਿੱਚ ਪਹੁੰਚੇ। ਇਸ ਮੌਕੇ ਮਮਤਾ ਬਾਂਸਲ, ਸ਼ਸ਼ੀ ਬਾਲਾ, ਪ੍ਰਵੀਨ ਰਾਣੀ, ਸਿਮੀ, ਸ਼ੀਲੀ ਬਾਂਸਲ, ਮੀਰਾ, ਇੰਦੂ ਸਮੇਤ ਹੋਰ ਵੀ ਮਹਿਲਾਵਾਂ ਹਾਜ਼ਰ ਸਨ।

## ਨਾਭਾ ਬਾਰ ਐਸੋਸੀਏਸ਼ਨ ਚੋਣ 'ਚ ਗਿਆਨ ਸਿੰਘ ਮੂੰਗੋ ਬਣੇ ਪ੍ਰਧਾਨ



ਨਾਭਾ (ਅਮਨ ਗਰਗ)-ਨਾਭਾ ਬਾਰ ਐਸੋਸੀਏਸ਼ਨ ਦੀਆਂ ਸਾਲਾਨਾ ਚੋਣਾਂ 'ਚ ਇਸ ਵਾਰ ਕਾਂਟੇਦਾਰ ਟੱਕਰ ਦੇਖਣ ਨੂੰ ਮਿਲੀ।ਇਸ ਵਾਰ 320 ਵੋਟਾਂ ਵਿੱਚੋਂ 313 ਵਕੀਲਾਂ ਨੇ ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਕੀਤਾ।ਚੋਣ ਰਿਟਰਨਿੰਗ ਅਧਿਕਾਰੀ ਆਰ. ਐੱਸ. ਜੱਸੜ ਤੇ ਏ. ਆਰ. ਸਤਿੰਦਰਪਾਲ ਸਿੰਘ ਰਾਏ ਦੀ ਅਗਵਾਈ ਹੇਠ ਬਾਰ ਐਸੋਸੀਏਸ਼ਨ ਦੇ ਹਾਲ ਵਿਖੇ ਸਮਾਪਤ ਹੋਇਆ।ਇਸ ਚੋਣ ਵਿੱਚ ਪ੍ਰਧਾਨਗੀ ਲਈ ਐਡਵੋਕੇਟ ਗਿਆਨ ਸਿੰਘ ਮੂੰਗੋ, ਜਦਕਿ ਦੂਜੇ ਪਾਸੇ ਐਡਵੋਕੇਟ ਇੰਦਰਜੀਤ ਸਿੰਘ ਗੁਰਾਇਆ ਦੇ ਵਿਚਕਾਰ ਹੋਇਆ, ਜਿਸ ਵਿੱਚ ਐਡਵੋਕੇਟ ਗਿਆਨ ਸਿੰਘ ਮੂੰਗੋ ਮੁੜ ਤੋਂ ਪ੍ਰਧਾਨ ਬਣੇ ਤੇ ਆਪਣੇ ਵਿਰੋਧੀ ਨੂੰ 59 ਵੋਟਾਂ ਨਾਲ ਹਰਾਇਆ।ਉਨ੍ਹਾਂ ਸਮੂਹ ਵਕੀਲ ਭਾਈਚਾਰੇ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਮੁੜ ਤੋਂ ਮਿਲੀ ਜ਼ਿੰਮੇਵਾਰੀ ਨੂੰ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਵਾਂਗਾ।ਇਸ ਤੋਂ ਇਲਾਵਾ ਮੀਤ ਪ੍ਰਧਾਨ ਲਈ ਰਿਪਲ ਅਰੋੜਾ ਨੇ ਸ੍ਰਿਸ਼ਟੀ ਸ਼ੁਕਲਾ ਨੂੰ ਅਤੇ ਮੀਤ ਪ੍ਰਧਾਨ ਲਈ ਸਰਬਜੀਤ ਸਿੰਘ ਨੇ ਗੁਰਪ੍ਰੀਤ ਇੰਦਰ ਸਿੰਘ (ਬੰਨੀ), ਸਕੱਤਰ ਲਈ ਹਰਜਿੰਦਰ ਸਿੰਘ ਨੇ ਲਲਿਤ ਕੁਮਾਰ ਨੂੰ, ਕੈਸ਼ੀਅਰ ਅਤੁਲ ਬਾਂਸਲ ਨੇ ਸਿਮਰਨਜੀਤ ਸਿੰਘ ਜਵੰਦਾ ਨੂੰ, ਆਡੀਟਰ ਸਤਨਾਮ ਦਾਸ ਨੇ ਗਗਨਦੀਪ ਸਿੰਘ ਰੋਹਟਾ ਨੂੰ, ਲਾਈਬ੍ਰੇਰੀਅਨ ਅਸ਼ਵਨੀ ਕੁਮਾਰ ਸੋਨੂ ਨੇ ਹੇਮੰਤ ਕੁਮਾਰ ਮੌਦਗਿੱਲ ਨੂੰ ਹਰਾ ਕੇ ਜਿੱਤ ਪ੍ਰਾਪਤ ਕੀਤੀ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# 106 ਗ੍ਰਾਮ ਹੈਰੋਇਨ ਸਮੇਤ ਦੋ ਗ੍ਰਿਫਤਾਰ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਕਾਦੀਆਂ ਪੁਲਸ ਨੂੰ ਉਸ ਵੇਲੇ ਵੱਡੀ ਸਫਲਤਾ ਹਾਸਿਲ ਹੋਈ ਜਦੋਂ ਕਾਦੀਆਂ ਪੁਲਸ ਵੱਲੋਂ 106 ਗ੍ਰਾਮ ਹੈਰੋਇਨ ਸਮੇਤ ਦੋ ਨੌਜਵਾਨਾਂ ਨੂੰ ਕਾਬੂ ਕੀਤਾ ਗਿਆ।ਇਸ ਸਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਪੁਲਸ ਥਾਣਾ ਕਾਦੀਆਂ ਦੇ ਐੱਸਐੱਚਓ ਇੰਸਪੈਕਟਰ ਪ੍ਰਭਜੋਤ ਸਿੰਘ ਨੇ ਦੱਸਿਆ ਕਿ ਮਾਨਯੋਗ ਐੱਸ ਐੱਸ.ਪੀ. ਬਟਾਲਾ ਡਾ ਮਹਿਤਾਬ ਸਿੰਘ ਆਈ.ਪੀ.ਐੱਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਉਪ ਕਪਤਾਨ ਪੁਲਸ ਸ੍ਰੀ ਹਰਗੋਬਿੰਦਪੁਰ ਸਾਹਿਬ ਦੀ ਨਿਗਰਾਨੀ ਹੇਠ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਤਹਿਤ ਥਾਣਾ ਕਾਦੀਆਂ ਦੇ ਐੱਸ ਆਈ ਕੁਲਵਿੰਦਰ ਸਿੰਘ ਕਰਮਚਾਰੀਆਂ ਦੀ ਮਦਦ ਨਾਲ ਦੋਸ਼ੀ ਰੋਹਿਤ ਪੁੱਤਰ ਰਜਿੰਦਰ ਕੁਮਾਰ ਵਾਸੀ ਵਾਲਮੀਕਿ ਮੁਹੱਲਾ ਕਾਦੀਆਂ ਥਾਣਾ ਕਾਦੀਆਂ ਪਾਸੋਂ 101 ਗ੍ਰਾਮ ਹੈਰੋਇਨ 15000 ਰੁਪਏ ਡਰੱਗ ਮਨੀ ਬਰਾਮਦ ਕਰਕੇ ਮੁੱਕਦਮਾ ਨੰਬਰ 120 ਜੁਰਮ 21,271-61-85 ਐੱਨਡੀਪੀਐੱਸ ਐਕਟ ਦੇ ਤਹਿਤ ਥਾਣਾ ਕਾਦੀਆਂ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਅਤੇ ਇਸੇ ਤਰ੍ਹਾਂ ਏ ਐੱਸ ਆਈ ਸੁਰਜੀਤ ਸਿੰਘ ਪੁਲਸ ਪਾਰਟੀ ਨਾਲ ਗਸ਼ਤ ਕਰਦਿਆ ਸੰਦੀਪ ਕੁਮਾਰ ਪੁੱਤਰ ਮੰਗਾ ਰਾਮ ਵਾਸੀ ਪੱਟੀ ਦੁਨੀਆ ਮਨਸੂਰ ਬਿਲਗਾ ਜਿਲ੍ਹਾ ਜਲੰਧਰ ਹਾਲ ਵਾਸੀ ਪਿੰਡ ਪੰਨੇ ਥਾਣਾ ਕਾਦੀਆਂ ਨੂੰ ਕਾਬੂ ਕਰਕੇ ਉਸ ਪਾਸੋਂ 06 ਗ੍ਰਾਮ ਹੈਰੋਇਨ ਬਰਾਮਦ ਕਰਕੇ ਮੁਕੱਦਮਾ ਨੰਬਰ 122 ਜੁਰਮ 21-61-85 ਐਨਡੀਪੀਐਸ ਐਕਟ ਦੇ ਤਹਿਤ ਥਾਣਾ ਕਾਦੀਆਂ ਦਰਜ ਰਜਿਸਟਰ ਕੀਤਾ ਗਿਆ ਹੈ।



# ਝਬਾਲ ਤੋਂ ਅੰਮ੍ਰਿਤਸਰ ਸੜਕ 'ਤੇ ਪਏ ਡੂੰਘੇ ਟੋਏ ਨਿੱਤ ਬਣ ਰਹੇ ਨੇ ਹਾਦਸਿਆਂ ਦਾ ਕਾਰਨ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**- ਝਬਾਲ ਤੋਂ ਅੰਮ੍ਰਿਤਸਰ ਤੱਕ ਜਾਂਦੀ ਮੁੱਖ ਸੜਕ 'ਤੇ ਪਿਛਲੇ 5 ਸਾਲਾਂ ਤੋਂ ਟੋਲ ਪਲਾਜ਼ਾ ਲੱਗਾ ਹੋਇਆ ਹੈ ਤੇ ਲੋਕਾਂ ਤੋਂ ਲੱਖਾਂ ਰੁਪਏ ਰੋਜ਼ਾਨਾ ਵਸੂਲੇ ਜਾ ਰਹੇ ਹਨ, ਪਰ ਸੜਕ ਦੀ ਹਾਲਤ ਇੰਨੀ ਖਸਤਾ ਹੈ ਕਿ ਥਾਂ-ਥਾਂ ਡੂੰਘੇ ਟੋਏ ਪਏ ਹੋਏ ਹਨ। ਟੁੱਟੀ ਸੜਕ ਕਾਰਨ ਰੋਜ਼ਾਨਾ ਐਕਸੀਡੈਂਟ ਹੋ ਰਹੇ ਹਨ, ਕਈ ਲੋਕ ਜ਼ਖਮੀ ਹੋ ਚੁੱਕੇ ਹਨ।ਇਸ ਦੇ ਬਾਵਜੂਦ ਪੀਡਬਲਯੂਡੀ ਵਿਭਾਗ ਤੇ ਪ੍ਰਸ਼ਾਸਨ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ। ਹਲਕਾ ਤਰਨ ਤਾਰਨ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ ਕਰਨਬੀਰ ਸਿੰਘ ਬੁਰਜ ਤੇ ਇਲਾਕਾ ਨਿਵਾਸੀਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਕੁਝ ਦਿਨਾਂ ਬਾਅਦ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਸਾਲਾਨਾ ਜੋੜ ਮੇਲਾ ਸ਼ੁਰੂ ਹੋਣ ਵਾਲਾ ਹੈ, ਜਿੱਥੇ ਇਸੇ ਸੜਕ ਰਾਹੀਂ ਲੱਖਾਂ ਸ਼ਰਧਾਲੂ ਨਤਮਸਤਕ ਹੋਣ ਲਈ ਆਉਣਗੇ। ਜੇਕਰ ਮੇਲੇ ਤੋਂ ਪਹਿਲਾਂ ਸੜਕ ਦੀ ਮੁਰੰਮਤ ਨਾ ਕੀਤੀ ਗਈ ਤਾਂ ਸ਼ਰਧਾਲੂਆਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਵੇਗਾ ਤੇ ਕੋਈ ਵੱਡਾ ਹਾਦਸਾ ਵੀ ਵਾਪਰ ਸਕਦਾ ਹੈ। ਆਗੂਆਂ ਨੇ ਸਖ਼ਤ ਲਹਿਜੇ 'ਚ ਕਿਹਾ ਕਿ ਜੇਕਰ ਮਹਿਕਮਾ ਸਮੇਂ ਸਿਰ ਨਾ ਜਾਗਿਆ ਤਾਂ ਟੋਲ ਪਲਾਜ਼ਾ ਬੰਦ ਕਰਕੇ ਉਥੇ ਹੀ ਪੱਕਾ ਧਰਨਾ ਲਗਾਇਆ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ।



# ਗੁਲਜ਼ਾਰ ਸਿੰਘ ਦਿੜ੍ਹਬਾ ਨੂੰ ਇਨਸਾਫ ਦਿਵਾ ਕੇ ਹਟਾਂਗੇ : ਅਜੇ ਮੰਗੂਪੁਰ

**ਬਲਾਚੌਰ (ਜਸਵਿੰਦਰ ਬੈਂਸ)**- ਪੰਜਾਬ ਵਿੱਚ ਨਸ਼ਿਆਂ ਦੇ ਗੰਭੀਰ ਮੁੱਦੇ ਨੂੰ ਉਠਾਉਣ ਵਾਲੇ ਗੁਲਜ਼ਾਰ ਸਿੰਘ ਦਿੜ੍ਹਬਾ ਦੀ ਮੌਤ ਦੇ ਮਾਮਲੇ ਨੂੰ ਲੈ ਕੇ ਜ਼ਿਲ੍ਹਾ ਕਾਂਗਰਸ ਕਮੇਟੀ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨਵਾਂਸ਼ਹਿਰ ਵਿਖੇ ਐੱਸ.ਐੱਸ.ਪੀ. ਦਫ਼ਤਰ ਦੇ ਸਾਹਮਣੇ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਦੌਰਾਨ ਕਾਂਗਰਸੀ ਆਗੂਆਂ ਅਤੇ ਵਰਕਰਾਂ ਨੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਪੁਤਲਾ ਫੂਕ ਕੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨਕਾਰੀਆਂ ਨੇ ਮੰਗ ਕੀਤੀ ਕਿ ਗੁਲਜ਼ਾਰ ਸਿੰਘ ਦਿੜ੍ਹਬਾ ਦੀ ਮੌਤ ਨਾਲ ਜੁੜੇ ਮਾਮਲੇ ਦੀ ਨਿਰਪੱਖ ਅਤੇ ਉੱਚ ਪੱਧਰੀ ਜਾਂਚ ਕਰਵਾਈ ਜਾਵੇ ਅਤੇ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇ।ਇਸ ਮੌਕੇ ਕਾਂਗਰਸੀ ਆਗੂਆਂ ਵੱਲੋਂ ਡੀ.ਜੀ.ਪੀ. ਪੰਜਾਬ ਦੇ ਨਾਮ ਐੱਸ.ਐੱਸ.ਪੀ. ਸ਼ਹੀਦ ਭਗਤ ਸਿੰਘ ਨਗਰ ਨੂੰ ਇੱਕ ਮੈਮੋਰੈਂਡਮ ਵੀ ਸੌਂਪਿਆ ਗਿਆ। ਮੈਮੋਰੈਂਡਮ ਰਾਹੀਂ ਕਾਂਗਰਸ ਨੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵਿਰੁੱਧ ਐੱਫ.ਆਈ.ਆਰ. ਦਰਜ ਕਰਨ ਅਤੇ ਗ੍ਰਿਫ਼ਤਾਰੀ ਦੀ ਮੰਗ ਕੀਤੀ।ਕਾਂਗਰਸੀ ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦਾ ਮੁੱਦਾ ਬਹੁਤ ਗੰਭੀਰ ਹੈ ਅਤੇ ਇਸ ਮਸਲੇ ਨੂੰ ਉਠਾਉਣ ਵਾਲੀ ਹਰ ਆਵਾਜ਼ ਦੀ ਸੁਰੱਖਿਆ ਅਤੇ ਨਿਆਂ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਇਸ ਮਾਮਲੇ ਵਿੱਚ ਨਿਆਂ ਮਿਲਣ ਤੱਕ ਆਪਣੀ ਆਵਾਜ਼ ਬੁਲੰਦ ਕਰਦੀ ਰਹੇਗੀ।ਇਸ ਮੌਕੇ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ, ਮੀਨਾ ਚੌਧਰੀ ਹਲਕਾ ਇੰਚਾਰਜ ਬੰਗਾ, ਕਮਲਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਕਿਸਾਨ ਸੈੱਲ, ਰਾਜ ਕੁਮਾਰ ਜ਼ਿਲ੍ਹਾ ਪ੍ਰਧਾਨ ਸੇਵਾ ਦੱਲ, ਉਪਕਾਰ ਸਿੰਘ ਸਾਬਕਾ ਪ੍ਰਧਾਨ ਐਸ ਸੀ ਸੈੱਲ, ਕੁਲਵਰਨ ਸਿੰਘ ਬਲਾਕ ਪ੍ਰਧਾਨ ਬੰਗਾ, ਰਾਮਦਾਸ ਸਿੰਘ ਬਲਾਕ ਪ੍ਰਧਾਨ ਔੜ, ਜਿੰਦਰ ਕੁਮਾਰ ਬਲਾਕ ਪ੍ਰਧਾਨ ਐਸ ਸੀ ਸੈੱਲ, ਕੁਲਵੰਤ ਸਿੰਘ ਕਲੇਰ ਜਨਰਲ ਸਕੱਤਰ ਡੀਸੀਸੀ, ਹਰਮੇਸ਼ ਕੁਮਾਰ ਬਲਾਕ ਪ੍ਰਧਾਨ ਐਸ ਸੀ ਬੰਗਾ, ਸੁਰਿੰਦਰ ਸ਼ਿੰਦਾ ਬੁਲਾਰਾ ਡੀਸੀਸੀ, ਕੁਲਵਿੰਦਰ ਮੰਡ ਸੋਸ਼ਲ ਮੀਡੀਆ ਇੰਚਾਰਜ, ਪਰਮਿੰਦਰ ਪੰਮਾ ਸੋਸ਼ਲ ਮੀਡੀਆ ਇੰਚਾਰਜ, ਡਾ. ਬਖ਼ਸ਼ੀਸ਼ ਸਿੰਘ, ਅਮਰਜੀਤ ਕਲਸੀ ਸੇਵਾ ਦੱਲ ਪ੍ਰਧਾਨ, ਅਰਜੁਨ ਸਿੰਘ, ਜਗਤਾਰ ਖਾਨ, ਅਮਨਦੀਪ, ਵਿਪੁਲ ਧੀਮਾਨ, ਸੋਨੂੰ ਮਾਣੇਵਾਲ ਆਦਿ ਕਾਂਗਰਸੀ ਵਰਕਰ ਹਾਜ਼ਰ ਸਨ।



# ਸੈਕਰਾਮੈਂਟੋ 'ਚ ਬੀਬੀ ਖਾਲੜਾ ਦਾ ਸਨਮਾਨ

**ਬਿਆਸ (ਪਰਮਜੀਤ ਸਿੰਘ ਰੱਖੜਾ)** ਗੁਰਦੁਆਰਾ ਸਿੱਖ ਸੁਸਾਇਟੀ ਬ੍ਰੈਡਸ਼ਾ ਰੋਡ, ਸੈਕਰਾਮੈਂਟੋ ਵਿਖੇ ਸਮੁੱਚੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਵੱਲੋਂ ਮਨੁੱਖੀ ਅਧਿਕਾਰਾਂ ਦੇ ਪਹਿਰੇਦਾਰ ਭਾਈ ਜਸਵੰਤ ਸਿੰਘ ਖਾਲੜਾ ਅਤੇ ਭਾਈ ਦਿਲਾਵਰ ਸਿੰਘ ਦੀ ਬਰਸੀ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸੰਗਤਾਂ ਨੇ ਸ਼ਹੀਦਾਂ ਨੂੰ ਸ਼ਰਧਾ ਅਤੇ ਸਤਿਕਾਰ ਭੇਟ ਕਰਦਿਆਂ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ। ਸਮਾਗਮ ਦੌਰਾਨ ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਵਿੱਚ ਸ਼ਹੀਦਾਂ ਦੀਆਂ ਤਸਵੀਰਾਂ ਸੁਸ਼ੋਭਿਤ ਕੀਤੀਆਂ ਗਈਆਂ। ਇਸ ਮੌਕੇ ਭਾਈ ਜਸਵੰਤ ਸਿੰਘ ਖਾਲੜਾ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਨੂੰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸੂਰਤਾ ਸਿੰਘ ਸਾਬਕਾ ਸਰਪੰਚ ਠਾਣੇਵਾਲ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਦੌਰਾਨ ਕਮੇਟੀ ਮੈਂਬਰਾਂ ਵੱਲੋਂ ਕਿਹਾ ਗਿਆ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਨਾ ਅਤੇ ਉਨ੍ਹਾਂ ਵੱਲੋਂ ਦਰਸਾਏ ਸੱਚ ਤੇ ਇਨਸਾਫ਼ ਦੇ ਮਾਰਗ 'ਤੇ ਚੱਲਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ।



# ਚਿਰਾਗ ਸ਼ਰਮਾ ਦੀ ਰਾਜ ਪੱਧਰੀ ਯੋਗਾ ਮੁਕਾਬਲੇ ਲਈ ਚੋਣ

**ਬਟਾਲਾ (ਤਰਲੋਕ ਬੱਗਾ)**- ਭਾਰਤ ਸਰਕਾਰ ਦੇ ਖੇਡ ਮੰਤਰਾਲੇ ਦੁਆਰਾ ਮਾਨਤਾ ਪ੍ਰਾਪਤ ਅਤੇ ਭਾਰਤੀ ਯੋਗਾ ਫੈਡਰੇਸ਼ਨ ਨਾਲ ਸੰਬੰਧਿਤ ਪੰਜਾਬ ਰਾਜ ਯੋਗਾ ਐਸੋਸੀਏਸ਼ਨ ਦੀ ਨਿਗਰਾਨੀ ਹੇਠ 6 ਸਤੰਬਰ ਨੂੰ ਡੀ. ਸੀ. ਐਮ. ਪ੍ਰੈਜ਼ੀਡੈਂਸੀ ਸਕੂਲ, ਲੁਧਿਆਣਾ ਵਿਖੇ ਇੱਕ ਸ਼ਾਨਦਾਰ ਰਾਜ ਪੱਧਰੀ ਯੋਗਾ ਮੁਕਾਬਲਾ ਆਯੋਜਿਤ ਕੀਤਾ ਗਿਆ।ਇਸ ਵੱਕਾਰੀ ਮੁਕਾਬਲੇ ਵਿੱਚ ਗੁਰਦਾਸਪੁਰ ਜ਼ਿਲ੍ਹੇ ਦੀ ਨੁਮਾਇੰਦਗੀ ਕਰਦੇ ਹੋਏ, ਆਰ. ਡੀ. ਖੋਸਲਾ ਡੀ. ਏ. ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ, ਬਟਾਲਾ ਦੇ ਅੱਠ ਚੁਣੇ ਗਏ ਭਾਗੀਦਾਰਾਂ ਨੇ ਆਪਣੇ ਅਸਾਧਾਰਨ ਯੋਗਾ ਹੁਨਰ ਦਾ ਪ੍ਰਦਰਸ਼ਨ ਕੀਤਾ, ਜਿਸ ਨਾਲ ਪੂਰੇ ਜ਼ਿਲ੍ਹੇ ਦਾ ਨਾਮ ਰੌਸ਼ਨ ਹੋਇਆ। ਇਸ ਸਮਾਗਮ ਦੀ ਸਭ ਤੋਂ ਵੱਡੀ ਪ੍ਰਾਪਤੀ ਪ੍ਰਤਿਭਾਸ਼ਾਲੀ ਵਿਦਿਆਰਥੀ, ਚਿਰਾਗ ਸ਼ਰਮਾ ਸੀ।ਉਸਦੇ ਪ੍ਰਦਰਸ਼ਨ ਨੂੰ ਦੇਖਦੇ ਹੋਏ ਉਸਨੂੰ ਰਾਸ਼ਟਰੀ ਪੱਧਰ ਦੇ ਮੁਕਾਬਲੇ ਲਈ ਚੁਣਿਆ ਗਿਆ। ਚਿਰਾਗ ਸ਼ਰਮਾ ਹੁਣ ਦਸੰਬਰ 2026 ਵਿੱਚ ਪਵਿੱਤਰ ਸ਼ਹਿਰ ਸ੍ਰੀ ਪਟਨਾ ਸਾਹਿਬ ਵਿੱਚ ਹੋਣ ਵਾਲੇ ਰਾਸ਼ਟਰੀ ਯੋਗਾ ਮੁਕਾਬਲੇ ਵਿੱਚ ਪੰਜਾਬ ਦੀ ਨੁਮਾਇੰਦਗੀ ਕਰੇਗਾ।ਇਸ ਸਫਲਤਾ 'ਤੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੈ ਖੋਸਲਾ ਅਤੇ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।



# ਆਂਗਣਵਾੜੀ ਕੇਂਦਰਾਂ 'ਚ ਬਾਲਪਨ ਦੀ ਮੁੱਢਲੀ ਦੇਖਭਾਲ ਤੇ ਸਿੱਖਿਆ ਦਿਵਸ ਮਨਾਇਆ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)** ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬਾਲਪਨ ਦੀ ਮੁੱਢਲੀ ਦੇਖਭਾਲ ਅਤੇ ਸਿੱਖਿਆ ਦਿਵਸ ਅੰਮ੍ਰਿਤਸਰ ਜ਼ਿਲ੍ਹੇ ਦੇ ਵੱਖ-ਵੱਖ ਆਂਗਣਵਾੜੀ ਕੇਂਦਰਾਂ ਵਿੱਚ ਅੱਜ ਉਤਸ਼ਾਹ ਅਤੇ ਸਰਗਰਮੀ ਨਾਲ ਮਨਾਇਆ ਗਿਆ। ਇਸ ਦਿਵਸ ਦਾ ਮੁੱਖ ਉਦੇਸ਼ 6 ਸਾਲ ਤੱਕ ਦੀ ਉਮਰ ਦੇ ਬੱਚਿਆਂ ਦੀ ਬਾਲਪਨ ਦੀ ਦੇਖਭਾਲ, ਪੋਸ਼ਣ ਅਤੇ ਮੁੱਢਲੀ ਸਿੱਖਿਆ ਦੀ ਮਹੱਤਤਾ ਬਾਰੇ ਮਾਪਿਆਂ ਅਤੇ ਭਾਈਚਾਰੇ ਨੂੰ ਜਾਗਰੂਕ ਕਰਨਾ ਹੈ। ਇਸ ਮੌਕੇ ਆਂਗਣਵਾੜੀ ਵਰਕਰਾਂ ਵੱਲੋਂ ਬੱਚਿਆਂ ਲਈ ਵੱਖ-ਵੱਖ ਖੇਡ-ਆਧਾਰਿਤ ਗਤੀਵਿਧੀਆਂ, ਗੀਤ, ਨਾਚ, ਚਿੱਤਰਕਲਾ, ਬੌਧਿਕ ਵਿਕਾਸ ਨਾਲ ਸਬੰਧਤ ਖੇਡਾਂ ਅਤੇ ਹੋਰ ਮਨੋਰੰਜਕ ਗਤੀਵਿਧੀਆਂ ਕਰਵਾਈਆਂ ਗਈਆਂ। ਇਨ੍ਹਾਂ ਗਤੀਵਿਧੀਆਂ ਰਾਹੀਂ ਬੱਚਿਆਂ ਨੂੰ ਖੇਡ-ਖੇਡ ਵਿੱਚ ਸਿੱਖਣ ਦਾ ਮੌਕਾ ਦਿੱਤਾ ਗਿਆ ਅਤੇ ਉਨ੍ਹਾਂ ਦੀ ਰਚਨਾਤਮਕਤਾ, ਬੌਧਿਕ ਸਮਰੱਥਾ ਅਤੇ ਸਮਾਜਿਕ ਹੁਨਰਾਂ ਨੂੰ ਵਿਕਸਤ ਕਰਨ 'ਤੇ ਜ਼ੋਰ ਦਿੱਤਾ ਗਿਆ।

# ਮੱਛਰ ਤੋਂ ਹੋਣ ਵਾਲੇ ਰੋਗਾਂ ਤੋਂ ਬਚਾਅ ਲਈ ਸਿਹਤ ਵਿਭਾਗ ਹੋਇਆ ਪੱਬਾਂ ਭਾਰ

**ਗੁਰਦਾਸਪੁਰ (ਦਿਨੇਸ਼ ਕੁਮਾਰ)**- ਨੈਸ਼ਨਲ ਵੈਕਟਰ ਬੋਰਨ ਡਿਜ਼ੀਜ਼ ਕੰਟਰੋਲ ਪ੍ਰੋਗਰਾਮ ਤਹਿਤ ਸਿਹਤ ਮੰਤਰੀ ਪੰਜਾਬ ਦੀਆਂ ਹਿਦਾਇਤਾਂ ਅਨੁਸਾਰ ਮੱਛਰ ਜਨਿਤ ਰੋਗਾਂ ਦੀ ਰੋਕਥਾਮ ਲਈ ਹਰ ਸ਼ੁਕਰਵਾਰ ਡੇਂਗੂ ਤੇ ਵਾਰ ਮੁਹਿੰਮ ਤਹਿਤ ਜ਼ਿਲੇ ਵਿੱਚ ਸਿਵਲ ਸਰਜਨ ਗੁਰਦਾਸਪੁਰ ਡਾਕ੍ਰਰ ਮਹੇਸ਼ ਕੁਮਾਰ ਪ੍ਰਭਾਕਰ ਜੀ ਦੀ ਅਗਵਾਈ ਹੇਠ ਗਤੀਵਿਧੀਆਂ ਕੀਤੀਆਂ ਗਈਆਂ।ਮੁਹਿੰਮ ਤਹਿਤ ਲਾਰਵਾ ਚੈਕਿੰਗ, ਸਪਰੇਅ , ਫੌਗਿੰਗ ਦੇ ਨਾਲ ਹੀ ਜਾਗਰੂਕਤਾ ਵੀ ਪੈਦਾ ਕੀਤੀ ਗਈ। ਇਸ ਸਬੰਧੀ ਸਿਵਲ ਸਰਜਨ ਗੁਰਦਾਸਪੁਰ ਡਾਕਟਰ ਮਹੇਸ਼ ਕੁਮਾਰ ਪ੍ਰਭਾਕਰ ਜੀ ਨੇ ਦੱਸਿਆ ਕਿ ਜ਼ਿਲੇ ਵਿੱਚ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਲਗਾਤਾਰ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ। ਹਰ ਖੇਤਰ ਵਿੱਚ ਮੱਛਰ ਦੇ ਲਾਰਵਾ ਦੀ ਜਾਂਚ ਕੀਤੀ ਜਾ ਰਹੀ ਹੈ।ਜਿੱਥੇ ਕਿਤੇ ਵੀ ਲਾਰਵਾ ਮਿਲਦਾ ਹੈ ਉਸ ਨੂੰ ਮੌਕੇ ਤੇ ਨਸ਼ਟ ਕੀਤਾ ਗਿਆ ਹੈ। ਮੱਛਰ ਦੇ ਖਾਤਮੇ ਲਈ ਸਪਰੇਅ ਅਤੇ ਫੌਗਿੰਗ ਕੀਤੀ ਗਈ ਹੈ।ਲੋਕਾਂ ਨੂੰ ਮੱਛਰ ਜਨਿਤ ਰੋਗਾਂ ਤੋਂ ਬਚਾਅ ਅਤੇ ਮੱਛਰ ਨੂੰ ਪੈਦਾ ਹੋਣ ਤੋਂ ਰੋਕਣ ਸਬੰਧੀ ਜਾਣਕਾਰੀ ਦਿੱਤੀ ਗਈ ਹੈ।ਉਨ੍ਹਾਂ ਦੱਸਿਆ ਕਿ ਮੱਛਰ ਦੇ ਖਾਤਮੇ ਲਈ ਸਪਰੇਅ ਅਤੇ ਫੌਗਿੰਗ ਲਈ ਵਿਭਾਗ ਦੀਆਂ ਟੀਮਾਂ ਨੂੰ ਫੌਗਿੰਗ ਮਸ਼ੀਨਾਂ ਤੇ ਸਪਰੇਅ ਪੰਪ ਦਿੱਤੇ ਗਏ ਹਨ।ਟੀਮਾਂ ਵਲੋਂ ਵੱਖ-ਵੱਖ ਖੇਤਰਾਂ ਵਿੱਚ ਸਪਰੇਅ ਅਤੇ ਫੌਗਿੰਗ ਕੀਤੀ ਜਾ ਰਹੀ ਹੈ। ਫੀਲਡ ਸਟਾਫ਼ ਵੱਲੋਂ ਲਾਰਵਾ ਦੀ ਚੈਕਿੰਗ, ਮੱਛਰਾਂ ਦੇ ਖਾਤਮੇ ਲਈ ਸਪਰੇਅ ਕਰਨ ਦੇ ਨਾਲ ਹੀ ਲੋਕਾਂ ਨੂੰ ਮੱਛਰਾਂ ਤੋਂ ਹੋਣ ਵਾਲੇ ਰੋਗਾਂ ਤੋਂ ਬਚਾਅ ਬਾਰੇ ਦੱਸਿਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਹੁਣ ਤੱਕ ਜਿਲਾ ਗੁਰਦਾਸਪੁਰ ਵਿੱਚ ਸ਼ਹਿਰੀ ਖੇਤਰ ਵਿੱਚ 112473 ਘਰਾਂ ਦੀ ਚੈਕਿੰਗ ਕੀਤੀ ਗਈ ਜਿਨ੍ਹਾਂ ਵਿੱਚੋਂ 2507 ਘਰਾਂ ਵਿੱਚ ਲਾਰਵਾ ਮਿਲਿਆ।ਸ਼ਹਿਰੀ ਖੇਤਰ ਵਿੱਚ 341552 ਕੰਟੇਨਰ ਚੈਕ ਕੀਤੇ ਗਏ ਜਿਨਾਂ ਵਿੱਚੋਂ 2783 ਵਿੱਚ ਲਾਰਵਾ ਮਿਲਿਆ ਸੀ।ਇਸ ਲਾਰਵਾ ਨੂੰ ਮੌਕੇ ਤੇ ਨਸ਼ਟ ਕਰਕੇ ਘਰ ਵਿੱਚ ਰਹਿ ਰਹੇ ਲੋਕਾਂ ਨੂੰ ਜਰੂਰੀ ਜਾਣਕਾਰੀ ਦਿੱਤੀ ਗਈ। ਪੇਂਡੂ ਖੇਤਰ ਵਿੱਚ 109727 ਘਰਾਂ ਦੀ ਚੈਕਿੰਗ ਵਿੱਚ 957 ਘਰਾਂ ਵਿੱਚ ਲਾਰਵਾ ਮਿਲਿਆ ਜਦਕਿ ਪੇਂਡੂ ਖੇਤਰ ਵਿੱਚ 211549 ਕੰਟੇਨਰ ਚੈੱਕ ਕੀਤੇ ਗਏ ਜਿਨਾਂ ਵਿੱਚੋਂ 1100 ਵਿੱਚ ਲਾਰਵਾ ਮਿਲਿਆ।




# ਰੱਤੜ-ਛੱਤੜ ਦਾ ਸੱਭਿਆਚਾਰਕ ਜੋੜ ਮੇਲਾ ਬਲਕਾਰ ਅਣਖੀਲਾ ਤੇ ਮਨਜਿੰਦਰ ਗੁਲਸ਼ਨ ਨੇ ਲੁੱਟਿਆ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਰੱਤੜ ਛੱਤੜ ਵਿਖੇ ਸੰਤ ਪਰਿਵਾਰ ਸੰਤ ਗੁਰਚਰਨ ਸਿੰਘ ਚੀਮਾ ਮੁੱਖ ਸੇਵਾਦਾਰ ਦਰਗਾਹ ਬਾਬਾ ਪੀਰ ਅਮਾਮ ਸ਼ਾਹ (ਰੋਜ਼ਾ ਸ਼ਰੀਫ਼) ਦੂਜੇ ਦਿਨ ਦਾ ਸੱਭਿਆਚਾਰਕ ਮੇਲਾ ਪੰਜਾਬ ਦੀ ਮਸ਼ਹੂਰ ਆਵਾਜ਼ ਦੇ ਗਾਇਕ ਬਲਕਾਰ ਅਣਖੀਲਾ ਤੇ ਮਨਜਿੰਦਰ ਗੁਲਸ਼ਨ ਨੇ ਲੁੱਟਿਆ • ਇਸ ਮੌਕੇ ਬਲਕਾਰ ਅਣਖੀਲਾ ਨੇ ਆਪਣੀ ਸੁਰੀਲੀ ਆਵਾਜ਼ ਨਾਲ ਮਿੱਤਰਾਂ ਤੈਨੂੰ ਕੈਦ ਬੋਲਦੀ, ਕੇਸ ਪਿਆ ਚਿੱਟੇ ਦਾ, ਦੂਜੇ ਤੀਜੇ ਦਿਨ ਪੰਗਾਂ ਪਾਈ ਰੱਖਦਾ, ਕਰਾਉਂਦੀ ਫਿਰਦੀ ਮੈਂ ਜ਼ਮਾਨਤਾਂ ਆਦਿ ਗਾਣੇ ਸੁਣਾ ਕੇ ਸਰੋਤਿਆਂ ਦਾ ਖੂਬ ਮਨੋਰੰਜਨ ਕੀਤਾ ।ਇਸ ਮੌਕੇ ਮੁੱਖ ਮਹਿਮਾਨ ਵਜੋਂ ਦਵਿੰਦਰ ਸਿੰਘ ਸ਼ੇਰਾ ਬੇਗੋਵਾਲ ਨੇ ਮੇਲੇ ਵਿੱਚ ਸ਼ਮੂਲੀਅਤ ਕਰ ਕੇ ਹਾਜ਼ਰੀਨ ਤੇ ਮੇਲਾ ਪ੍ਰਬੰਧਕਾਂ ਨੂੰ ਸਾਲਾਨਾ ਮੇਲੇ ਦੀ ਵਧਾਈ ਦਿੱਤੀ ਤੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਰਲਮਿਲ ਕੇ ਪੀਰਾਂ ਫ਼ਕੀਰਾਂ ਅਤੇ ਆਪਣੇ ਵੱਡ ਵਡੇਰਿਆਂ ਦੇ ਅਜਿਹੇ ਮੇਲੇ ਕਰਵਾਉਣੇ ਚਾਹੀਦੇ ਹਨ ।ਇਸ ਮੌਕੇ ਮੇਲਾ ਪ੍ਰਬੰਧਕਾਂ ਵੱਲੋਂ ਆਈਆਂ ਹੋਈਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਸਨਮਾਨ ਚਿੰਨ੍ਹ, ਦੋਸ਼ਾਲਾ ਆਦਿ ਭੇਟ ਕਰਕੇ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ ਗਿਆ ।ਅਖੀਰ ਵਿੱਚ ਚੀਮਾ ਪਰਿਵਾਰ ਵੱਲੋਂ ਮੇਲੇ ਮੌਕੇ ਸ਼ਿਰਕਤ ਕਰਨ ਵਾਲੀਆਂ ਸੰਗਤਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ।ਇਸ ਮੌਕੇ ਸਤਵੰਤ ਸਿੰਘ ਸਵਿਟਜ਼ਰਲੈਂਡ, ਜਗਜੀਤ ਸਿੰਘ ਇਟਲੀ, ਕੁਲਤਾਰ ਸਿੰਘ ਯੂ ਐਸ ਏ, ਜਗਜੀਤ ਸਿੰਘ, ਜੋਰਾਵਰ ਸਿੰਘ ਤੇ ਅੰਮ੍ਰਿਤ ਸਿੰਘ ਸਵਿਟਜ਼ਰਲੈਂਡ, ਹਰਭਜਨ ਸਿੰਘ ਚੀਮਾ ਮੇਲਾ ਪ੍ਰਬੰਧਕ, ਦਤਾਰ ਸਿੰਘ ਚੀਮਾ, ਕਰਨ ਚੀਮਾ, ਰਵਿੰਦਰ ਸਿੰਘ ਹੈਪੀ, ਸਬ ਇੰਸਪੈਕਟਰ ਤਰਲੋਕ ਸਿੰਘ, ਜਗਜੀਤ ਸਿੰਘ ਫੌਜੀ, ਚੰਦਰਕਾਤ ਸਰਮਾ, ਜਗਜੀਤ ਸਿੰਘ ਠੇਠਰਕ, ਮੇਜਰ ਸਿੰਘ ਠੇਠਰਕੇ, ਸਰਪੰਚ ਲੱਖਾ ਸਿੰਘ ਗੋਲਾ ਢੋਲਾ, ਜਸਪਾਲ ਸਿੰਘ, ਸਾਬਕਾ ਚੇਅਰਮੈਨ ਅਸ਼ੋਕ ਕੁਮਾਰ ਗੋਗੀ, ਸਤਨਾਮ ਸਿੰਘ ਠੇਠਰਕੇ, ਮੈਂਬਰ ਸੰਪੂਰਨ ਸਿੰਘ, ਝਿਰਮਲ ਸਿੰਘ, ਸਵਰਨ ਸਿੰਘ, ਬਿੱਟਾ ਸਿੰਘਪੁਰਾ, ਸੂਬੇਦਾਰ ਚਰਨਜੀਤ ਸਿੰਘ, ਜਸਪਾਲ ਸਿੰਘ ਮੈਂਬਰ, ਗੁਲਜ਼ਾਰ ਸਿੰਘ, ਗੁਰਦੀਪ ਸਿੰਘ ਲਾਡਾ, ਮੰਨਾ ਧਰਮਕੋਟ ਰੰਧਾਵਾ,ਗੁਰਦੇਵ ਸਿੰਘ ਘਣੀਏ ਕੇ ਬੇਟ ਆਦਿ ਤੋਂ ਇਲਾਵਾ ਇਲਾਕੇ ਦੀਆ ਸੰਗਤਾਂ ਵੱਡੀ ਵਿੱਚ ਹਾਜ਼ਰ ਸਨ ।



# ਹਰਲੀਨ ਕੌਰ ਤੇ ਦੀਪਾਕਸ਼ੀ ਰਾਜ ਪੱਧਰੀ ਹੈਂਡਬਾਲ ਮੁਕਾਬਲੇ ਲਈ ਚੁਣੀਆਂ ਗਈਆਂ

**ਬਟਾਲਾ (ਡਾ. ਮਲਵਿੰਦਰ ਸਿੰਘ)**- ਆਰ. ਡੀ. ਖੋਸਲਾ ਡੀ.ਏ.ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ, ਬਟਾਲਾ ਦੀਆਂ ਵਿਦਿਆਰਥਣਾਂ ਨੇ ਸ਼ਾਨਦਾਰ ਐਥਲੈਟਿਕ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ ਅਤੇ ਪੰਜਾਬ ਸਕੂਲ ਖੇਡਾਂ ਦੇ ਹਿੱਸੇ ਵਜੋਂ ਆਯੋਜਿਤ ਜ਼ਿਲ੍ਹਾ ਪੱਧਰੀ ਹੈਂਡਬਾਲ ਮੁਕਾਬਲੇ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ, ਜਿਸ ਨਾਲ ਸਕੂਲ ਦਾ ਨਾਮ ਰੌਸ਼ਨ ਹੋਇਆ।ਸਕੂਲ ਦੇ ਦੋ ਪ੍ਰਤਿਭਾਸ਼ਾਲੀ ਐਥਲੀਟਾਂ ਨੇ ਇਸ ਮੁਕਾਬਲੇ ਵਿੱਚ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਆਪਣਾ ਨਾਮ ਰੌਸ਼ਨ ਕੀਤਾ।8ਵੀਂ ਜਮਾਤ ਦੀ ਹਰਲੀਨ ਕੌਰ ਅਤੇ 9ਵੀਂ ਜਮਾਤ ਦੀ ਦੀਪਾਕਸ਼ੀ ਨੂੰ ਪੰਜਾਬ ਰਾਜ ਪੱਧਰੀ ਖੇਡ ਮੁਕਾਬਲੇ ਲਈ ਚੁਣਿਆ ਗਿਆ ਹੈ। ਦੋਵਾਂ ਵਿਦਿਆਰਥਣਾਂ ਦੀ ਚੋਣ ਤੇ ਸਕੂਲ ਖੁਸ਼ੀ ਨਾਲ ਭਰ ਗਿਆ ਹੈ। ਉਨ੍ਹਾਂ ਦੀ ਪ੍ਰਾਪਤੀ ਨੇ ਨਾ ਸਿਰਫ਼ ਉਨ੍ਹਾਂ ਦੇ ਪਰਿਵਾਰਾਂ ਅਤੇ ਸਕੂਲ ਲਈ ਮਾਣ ਵਧਾਇਆ ਹੈ, ਸਗੋਂ ਹੋਰ ਵਿਦਿਆਰਥੀਆਂ ਨੂੰ ਵੀ ਖੇਡਾਂ ਨੂੰ ਅੱਗੇ ਵਧਾਉਣ ਲਈ ਪ੍ਰੇਰਿਤ ਕੀਤਾ ਹੈ।ਸਕੂਲ ਦੀ ਹੈਂਡਬਾਲ ਟੀਮ ਨੇ ਪੂਰੇ ਟੂਰਨਾਮੈਂਟ ਦੌਰਾਨ ਉਤਸ਼ਾਹ, ਅਨੁਸ਼ਾਸਨ, ਟੀਮ ਭਾਵਨਾ ਅਤੇ ਸ਼ਾਨਦਾਰ ਖੇਡ ਭਾਵਨਾ ਦਿਖਾਈ।ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਟੀਮ ਦੀ ਪ੍ਰਾਪਤੀ 'ਤੇ ਸਾਰੇ ਖਿਡਾਰੀਆਂ ਨੂੰ ਦਿਲੋਂ ਵਧਾਈ ਦਿੱਤੀ। ਉਨ੍ਹਾਂ ਨੇ ਹਰਲੀਨ ਕੌਰ ਅਤੇ ਦੀਪਾਕਸ਼ੀ ਨੂੰ ਰਾਜ ਪੱਧਰ ਲਈ ਚੋਣ ਤੇ ਵਿਸ਼ੇਸ਼ ਤੌਰ ਤੇ ਵਧਾਈ ਦਿੱਤੀ।



# ਕਸਬਾ ਚਵਿੰਡਾ ਦੇਵੀ ਦੇ ਵਿਕਾਸ ਕਾਰਜਾਂ ਲਈ 51 ਲੱਖ ਰੁਪਏ ਦਾ ਚੈੱਕ ਭੇਟ



**ਚਵਿੰਡਾ ਦੇਵੀ, (ਖੁਸ਼ਹਾਲ ਸੁੰਦਰ)**: ਹਲਕਾ ਮਜੀਠਾ [illegible] ਕਾਰਜਾਂ ਨੂੰ ਪੂਰਾ ਕਰਵਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਇਸੇ ਤਹਿਤ ਐੱਸ.ਸੀ. ਭਾਈਚਾਰੇ ਦੇ ਸ਼ਮਸ਼ਾਨ ਘਾਟ ਵਿੱਚ ਲੰਮੇ ਸਮੇਂ ਤੋਂ ਚੱਲ ਰਹੀ ਮੰਗ ਨੂੰ ਪੂਰਾ ਕਰਦਿਆਂ ਨਵਾਂ ਸ਼ੈੱਡ ਤਿਆਰ ਕਰਵਾਇਆ ਗਿਆ ਹੈ। ਨਗਰ ਨਿਵਾਸੀਆਂ ਨੇ ਇਸ ਸਹੂਲਤ ਲਈ ਖੁਸ਼ੀ [illegible] ਇਸ ਮੌਕੇ ਸੋਨੀ ਰੰਧਾਵਾ, ਸਰਪੰਚ ਹਰਦੇਵ ਸਿੰਘ, ਲੰਬਰਦਾਰ ਹਰਪਾਲ ਸਿੰਘ, ਮਨਦੀਪ ਸੁੰਦਰ (ਬਾਊ) ਪੰਚਾਇਤ ਮੈਂਬਰ ਕਿਰਪਾਲ ਸਿੰਘ, ਜੰਗ ਬਹਾਦਰ, ਮਿੰਟੂ, ਗੀਤਾ, ਨਾਨੂ, ਗੋਰਖਾ, ਲੱਭੂ, ਸੁੱਖ, ਬਿੱਟਾ ਜੱਟ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

# ਕੇਂਦਰੀ ਪੰਜਾਬੀ ਲੇਖਕ ਸਭਾ ਦੇ ਅੱਜ ਆਮ ਅਜਲਾਸ 'ਚ ਹੁੰਮ-ਹੁਮਾ ਕੇ ਪੁੱਜਣਗੇ ਲੇਖਕ

**ਧਾਰੀਵਾਲ, (ਮਨਦੀਪ ਵਿੱਕੀ)**- ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਦੇ ਸੰਯੋਜਕ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ(ਰਜਿ:) ਦੇ ਸੀਨੀਅਰ ਮੀਤ ਪ੍ਰਧਾਨ ਸਾਥੀ ਮੱਖਣ ਕੁਹਾੜ ਨੇ ਦੱਸਿਆ ਕਿ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਲਏ ਗਏ ਫੈਸਲੇ ਅਨੁਸਾਰ ਕੇਂਦਰੀ [illegible] ਅਤੇ ਘਾਟਾਂ ਤੇ ਵਿਚਾਰ ਚਰਚਾ ਕੀਤੀ ਜਾਣੀ ਹੈ।ਇਸ ਇਕੱਤਰਤਾ ਵਿੱਚ ਪੰਜਾਬ ਭਰ ਦੇ ਸਾਹਿਤਕਾਰਾਂ ਨੂੰ ਪਹੁੰਚਣ ਹਿੱਤ ਖੁੱਲ੍ਹਾ ਸੱਦਾ ਦਿੱਤਾ ਗਿਆ।

ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਵੱਲੋਂ ਇਸਦੀ ਤਿਆਰੀ ਵਾਸਤੇ ਕਾਰਜਕਾਰਨੀ ਦੀ ਮੀਟਿੰਗ ਕੀਤੀ ਗਈ।ਮੀਟਿੰਗ ਉਪਰੰਤ ਫੈਸਲਾ ਲਿਆ ਗਿਆ ਕਿ 13 ਸਤੰਬਰ ਨੂੰ ਇੱਕ ਬੱਸ ਗੁਰਦਾਸਪੁਰ ਤੋਂ ਚੱਲੇਗੀ ਅਤੇ ਵੱਡੀ ਗਿਣਤੀ ਵਿੱਚ ਲੇਖਕ ਉਸ ਵਿੱਚ ਸ਼ਾਮਿਲ ਹੋਣਗੇ।ਇਹ ਬੱਸ 13 ਸਤੰਬਰ ਦਿਨ ਐਤਵਾਰ ਨੂੰ ਸਵੇਰੇ 7-30 ਵਜੇ ਕਾਹਨੂੰਵਾਨ ਚੌਂਕ ਤੋਂ ਚਲਾਈ ਜਾਣੀ ਹੈ ।ਮੀਟਿੰਗ ਵਿੱਚ ਕਾਰਜਕਾਰਨੀ ਦੇ ਮੈਂਬਰਾਂ, ਸਮੂਹ ਲੇਖਕਾਂ ਨੂੰ ਸਮੇਂ ਸਿਰ ਪਹੁੰਚਣ ਦੀ [illegible] ਬਾਰ ਵਿਚਾਰ ਚਰਚਾ ਵੀ ਕੀਤੀ ਜਾਣੀ ਹੈ।

ਮੀਟਿੰਗ ਵਿੱਚ ਜ਼ਿਲ੍ਹਾ ਸਾਹਿਤ ਕੇਂਦਰ ਦੇ ਪ੍ਰਧਾਨ ਡਾਕਟਰ ਲੇਖ ਰਾਜ, ਜਨਰਲ ਸਕੱਤਰ ਮੰਗਤ ਚੰਚਲ, ਬੂਟਾ ਰਾਮ ਆਜ਼ਾਦ, ਸ਼ੀਤਲ ਸਿੰਘ ਗੁੰਨੋਪੁਰੀ, ਪ੍ਰੈੱਸ ਸਕੱਤਰ ਸੁੱਚਾ ਸਿੰਘ ਪਸਨਾਵਾਲ, ਗੁਰਪ੍ਰੀਤ ਸਿੰਘ ਰੰਗੀਲਪੁਰ, ਗੁਰਮੀਤ ਸਿੰਘ ਬਾਜਵਾ, ਸੁਖਵਿੰਦਰ ਰੰਧਾਵਾ, ਸੋਹਣ ਸਿੰਘ, ਨਿਸ਼ਾਨ ਸਿੰਘ ਜੌੜਾ ਸਿੰਘਾ ਆਦਿ ਮੈਂਬਰ ਹਾਜ਼ਰ ਸਨ।




# ਵਾਤਾਵਰਨ ਦੀ ਸ਼ੁੱਧਤਾ ਲਈ ਹਰ ਵਿਅਕਤੀ ਨੂੰ ਬੂਟੇ ਲਗਾਉਣੇ ਚਾਹੀਦੇ : ਰੰਧਾਵਾ ਭੱਟੀਕੇ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**- ਪੰਜਾਬ ਵਿਚ ਦਿਨੋਂ-ਦਿਨ ਵੱਧ ਰਹੇ ਪ੍ਰਦੂਸ਼ਣ ਅਤੇ ਵਾਤਾਵਰਨ ਵਿਚ ਆ ਰਹੀਆਂ ਤਬਦੀਲੀਆਂ ਨੂੰ ਰੋਕਣ ਲਈ ਹਰ ਇਕ ਵਿਅਕਤੀ ਦਾ ਫਰਜ਼ ਬਣਦਾ ਹੈ ਕਿ ਉਹ ਵੱਧ ਤੋਂ ਵੱਧ ਬੂਟੇ ਲਗਾਵੇ ਅਤੇ [illegible] ਹੈ, ਸਗੋਂ ਉਨ੍ਹਾਂ ਦੀ ਸੰਭਾਲ ਕਰਨਾ ਵੀ ਸਾਡੀ ਜ਼ਿੰਮੇਵਾਰੀ ਹੈ। ਹਰੇਕ ਵਿਅਕਤੀ ਨੂੰ ਆਪਣੇ ਘਰ, ਖੇਤਾਂ, ਸਕੂਲਾਂ, ਧਾਰਮਿਕ ਸਥਾਨਾਂ ਅਤੇ ਹੋਰ ਜਨਤਕ ਥਾਵਾਂ ਤੇ ਬੂਟੇ ਲਗਾਉਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਅੱਜ ਲਗਾਇਆ ਗਿਆ ਇਕ ਬੂਟਾ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਫ਼ ਹਵਾ, ਠੰਢੀ ਛਾਂ ਅਤੇ ਸੁੰਦਰ ਵਾਤਾਵਰਨ ਦਾ ਤੋਹਫ਼ਾ ਸਾਬਤ ਹੋ ਸਕਦਾ ਹੈ।



# ਹਲਕਾ ਮਜੀਠਾ 'ਚ ਚੋਣ ਸਰਗਰਮੀਆਂ ਤੇਜ਼ : ਅਮਰਬੀਰ ਸਿੰਘ

**ਚਵਿੰਡਾ ਦੇਵੀ, (ਖੁਸ਼ਹਾਲ ਸੁੰਦਰ)**: ਵਿਧਾਨ ਸਭਾ ਚੋਣਾਂ ਨੇੜੇ ਆਉਂਦਿਆਂ ਹਲਕਾ ਮਜੀਠਾ ਵਿੱਚ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਆਮ ਆਦਮੀ ਪਾਰਟੀ ਹਲਕਾ ਮਜੀਠਾ ਦੇ ਬਲਾਕ ਪ੍ਰਧਾਨ ਅਮਰਬੀਰ ਸਿੰਘ ਡਾਰੀਕੇ ਨੇ ਕਿਹਾ ਕਿ ਹਲਕੇ ਵਿੱਚ 'ਆਪ' ਪ੍ਰਤੀ ਲੋਕਾਂ ਦਾ ਰੁਝਾਨ ਵਧਦਾ ਨਜ਼ਰ ਆ ਰਿਹਾ ਹੈ ਅਤੇ ਤਲਬੀਰ ਸਿੰਘ ਗਿੱਲ ਨੂੰ ਲੋਕਾਂ ਵੱਲੋਂ ਚੰਗਾ ਹੁੰਗਾਰਾ ਮਿਲ ਰਿਹਾ ਹੈ।ਅਮਰਬੀਰ ਸਿੰਘ ਨੇ ਕਿਹਾ ਕਿ ਤਲਬੀਰ ਸਿੰਘ ਗਿੱਲ ਵੱਲੋਂ ਪਿੰਡ-ਪਿੰਡ ਲੋਕਾਂ ਨਾਲ ਰਾਬਤਾ [illegible]



# ਜੀਐਨਡੀਯੂ ਕਾਲਜ ਚੁੰਘ ਦੇ ਵਿਦਿਆਰਥੀਆਂ ਨੇ ਯੂਨੀਵਰਸਿਟੀ ਪ੍ਰੀਖਿਆਵਾਂ 'ਚ ਮਾਰੀਆਂ ਮੱਲਾਂ

[illegible] ਇਕਨਾਮਿਕਸ ਦੇ ਵਿਦਿਆਰਥੀ ਅਰਸ਼ਦੀਪ ਸਿੰਘ ਨੇ ਪੂਰੀ ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਇਸੇ ਤਰ੍ਹਾਂ ਬੀਏ ਦੀ ਵਿਦਿਆਰਥਣ ਪਲਕ ਨੇ ਵੀ ਯੂਨੀਵਰਸਿਟੀ ਮੈਰਿਟ ਵਿੱਚ ਸਥਾਨ ਹਾਸਲ ਕਰਕੇ ਕਾਲਜ ਦਾ ਮਾਨ ਵਧਾਇਆ ਹੈ।ਵਿਦਿਆਰਥੀਆਂ ਦੀ ਇਸ ਪ੍ਰਾਪਤੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਾਲਜ ਦੇ ਇੰਚਾਰਜ ਡਾ. ਗੁਰਚਰਨਜੀਤ ਸਿੰਘ ਨੇ ਕਿਹਾ ਕਿ ਅਰਸ਼ਦੀਪ ਸਿੰਘ ਤੇ ਪਲਕ ਨੇ ਯੂਨੀਵਰਸਿਟੀ ਮੈਰਿਟ ਵਿੱਚ ਸਥਾਨ ਪ੍ਰਾਪਤ ਕਰ ਕੇ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ।ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਚੁੰਘ ਵੱਲੋਂ ਵਿਦਿਆਰਥੀਆਂ ਨੂੰ ਅਕਾਦਮਿਕ ਖੇਤਰ ਵਿੱਚ ਅੱਗੇ ਵਧਣ ਲਈ ਉਚਿਤ ਮਾਹੌਲ ਮੁਹੱਈਆ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਲਜ ਦੇ ਸਮੂਹ ਪ੍ਰੋਫ਼ੈਸਰ ਸਾਹਿਬਾਨ ਵਿਦਿਆਰਥੀਆਂ ਨੂੰ ਲਗਨ ਨਾਲ ਪੜ੍ਹਾ ਰਹੇ ਹਨ।ਉਨ੍ਹਾਂ ਕਾਲਜ ਦੇ ਸਮੂਹ ਵਿਦਿਆਰਥੀਆਂ ਨੂੰ ਮਿਹਨਤ ਕਰ ਕੇ ਉੱਚੇ ਮੁਕਾਮ ਹਾਸਲ ਕਰਨ ਲਈ ਪ੍ਰੇਰਿਆ।



# ਪਸ਼ੂਆਂ ਦੀਆਂ ਬਿਮਾਰੀਆਂ, ਇਲਾਜ, ਚਾਰੇ ਤੇ ਸਰਕਾਰੀ ਸਕੀਮਾਂ ਸਬੰਧੀ ਦਿੱਤੀ ਜਾਣਕਾਰੀ

**ਬਟਾਲਾ (ਡਾ. ਮਲਵਿੰਦਰ ਸਿੰਘ)**- ਪੰਜਾਬ ਡੇਅਰੀ ਵਿਕਾਸ ਵਿਭਾਗ ਅਤੇ ਪੰਜਾਬ ਡੇਅਰੀ ਵਿਕਾਸ ਬੋਰਡ ਵੱਲੋਂ ਡਾਇਰੈਕਟਰ ਵਰਿਆਮ ਸਿੰਘ ਅਤੇ ਡਿਪਟੀ ਡਾਇਰੈਕਟਰ ਡੇਅਰੀ ਗੁਰਚਰਨ ਸਿੰਘ ਦੀ ਯੋਗ ਅਗਵਾਈ ਹੇਠ ਡੀ.ਡੀ.-6 ਸਕੀਮ ਅਧੀਨ ਪਿੰਡ ਔਲਖ, ਬਲਾਕ ਕਾਦੀਆਂ, ਜ਼ਿਲ੍ਹਾ ਗੁਰਦਾਸਪੁਰ ਵਿਖੇ ਇੱਕ ਦਿਨਾ ਦੁੱਧ ਉਤਪਾਦਕ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ।ਕੈਂਪ ਦੌਰਾਨ ਦੁੱਧ ਉਤਪਾਦਕ ਕਿਸਾਨਾਂ ਨੂੰ ਪਸ਼ੂਆਂ ਦੀਆਂ ਵੱਖ-ਵੱਖ ਬਿਮਾਰੀਆਂ, ਇਨ੍ਹਾਂ ਦੀ ਰੋਕਥਾਮ, ਇਲਾਜ ਅਤੇ ਪਸ਼ੂ ਲਈ ਢੁਕਵੇਂ ਚਾਰੇ ਸਬੰਧੀ ਮਾਹਿਰਾਂ ਵੱਲੋਂ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।ਇਸ ਦੇ ਨਾਲ ਹੀ ਡੇਅਰੀ ਵਿਕਾਸ ਵਿਭਾਗ ਵੱਲੋਂ ਪਸ਼ੂ ਪਾਲਕਾਂ ਲਈ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ, ਸਬਸਿਡੀਆਂ ਅਤੇ ਬੀਮਾ ਸਕੀਮਾਂ ਸਬੰਧੀ ਵੀ ਵਿਸਥਾਰ ਨਾਲ ਜਾਣੂ ਕਰਵਾਇਆ ਗਿਆ। ਕੈਂਪ ਦੌਰਾਨ ਪਿੰਡ ਅਤੇ ਇਲਾਕੇ ਦੇਣ ਅਗਾਂਹਵਧੂ ਕਿਸਾਨਾਂ ਅਤੇ ਦੁੱਧ ਉਤਪਾਦਕਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਵਿਭਾਗ ਵੱਲੋਂ ਦਿੱਤੀ ਗਈ ਜਾਣਕਾਰੀ ਦਾ ਲਾਭ ਲਿਆ।

ਇਸ ਮੌਕੇ ਡੇਅਰੀ ਇੰਸਪੈਕਟਰ ਬਰਜਿੰਦਰ ਸਿੰਘ, ਡੇਅਰੀ ਇੰਸਪੈਕਟਰ ਸ਼ੇਰ ਸਿੰਘ ਅਤੇ ਕਰਨਦੀਪ ਭਗਤ, ਡਾ. ਅਸ਼ੋਕ ਸਿੰਘ ਬਸਰਾ ਅਸਿਸਟੈਂਟ ਡਾਇਰੈਕਟਰ ਪਸ਼ੂ ਪਾਲਣ, ਬਲਕਾਰ ਸਿੰਘ ਮਿਲਕਫੈਡ, ਕਮਲ ਕਿਸ਼ੋਰ ਅਡਵੰਟਾ ਕੰਪਨੀ ਅਤੇ ਸਰਪੰਚ ਸੁਰਜੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਅਗਾਂਹਵਧੂ ਦੁੱਧ ਉਤਪਾਦਕ ਹਾਜ਼ਰ ਸਨ। ਕੈਂਪ ਵਿੱਚ ਮਾਹਿਰਾਂ ਵੱਲੋਂ ਦੁੱਧ ਉਤਪਾਦਨ ਨੂੰ ਵਧਾਉਣ, ਪਸ਼ੂਆਂ ਦੀ ਸਿਹਤ ਸੰਭਾਲ ਅਤੇ ਡੇਅਰੀ ਧੰਦੇ ਨੂੰ ਹੋਰ ਲਾਹੇਵੰਦ ਬਣਾਉਣ ਸਬੰਧੀ ਵੀ ਕਿਸਾਨਾਂ ਨਾਲ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ ਗਈ।





# ਯੂਨੀਅਨ ਬੈਂਕ 'ਚ ਦਿਨ-ਦਿਹਾੜੇ ਲੁੱਟ ਦੀ ਕੋਸ਼ਿਸ਼, ਨਕਾਬਪੋਸ਼ ਫਰਾਰ

**ਜੰਡਿਆਲਾ ਗੁਰੂ (ਹਰਿੰਦਰਪਾਲ ਸਿੰਘ)** : ਦਿਨ-ਦਿਹਾੜੇ 11 ਵਜੇ ਦੇ ਕਰੀਬ ਜੰਡਿਆਲਾ ਗੁਰੂ ਦੀ ਮੁੱਖ ਸੜਕ ਨੇੜੇ ਘਾਹ ਮੰਡੀ ਚੌਂਕ ਸਥਿਤ ਯੂਨੀਅਨ ਬੈਂਕ ਵਿੱਚ 5 ਤੋਂ 6 ਨਕਾਬਪੋਸ਼ ਲੁਟੇਰਿਆਂ ਵੱਲੋਂ ਲੁੱਟ ਦੀ ਕੋਸ਼ਿਸ਼ ਕੀਤੀ ਗਈ।ਮਿਲੀ ਜਾਣਕਾਰੀ ਅਨੁਸਾਰ ਲੁਟੇਰੇ ਮੂੰਹ ਤੇ ਨਕਾਬ ਬੰਨ੍ਹ ਕੇ ਬੈਂਕ ਦੇ ਅੰਦਰ ਦਾਖਲ ਹੋ ਗਏ।ਇਕ ਨਕਾਬਪੋਸ਼ ਵੱਲੋਂ ਜਦ ਬੈਂਕ ਵਿਚ ਸਥਿਤ ਸਿਕਉਰਿਟੀ ਗਾਰਡ ਦੇ ਮੂੰਹ 'ਤੇ ਕੋਈ ਸਪਰੇਅ ਕੀਤੀ ਗਈ ਤਾਂ ਤੁਰੰਤ ਹਰਕਤ ਵਿੱਚ ਆਉਂਦੇ ਹੋਏ ਉਸਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ।ਬੈਂਕ ਸਟਾਫ ਦੀ ਸੂਝ-ਬੂਝ ਅਤੇ ਰੌਲਾ ਪੈਣ 'ਤੇ ਲੁਟੇਰੇ ਘਬਰਾ ਗਏ ਅਤੇ ਬਿਨਾਂ ਲੁੱਟ ਨੂੰ ਅੰਜਾਮ ਦਿੱਤੇ ਬੈਂਕ ਦੇ ਸਾਹਮਣੇ ਵਾਲੀ ਗਲੀ ਵਿੱਚ ਦੀ ਭੱਜ ਨਿਕਲੇ।ਇਸ ਘਟਨਾ ਤੋਂ ਬਾਅਦ ਸ਼ਹਿਰ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ ਹੈ ਕਿ ਜਦੋਂ ਬੈਂਕ ਦੇ ਅੰਦਰ ਸੁਰੱਖਿਆ ਗਾਰਡ ਹੋਣ ਦੇ ਬਾਵਜੂਦ 5-6 ਨਕਾਬਪੋਸ਼ ਆਸਾਨੀ ਨਾਲ ਅੰਦਰ ਕਿਵੇਂ ਦਾਖਲ ਹੋ ਗਏ ? ਲੋਕਾਂ ਦਾ ਕਹਿਣਾ ਹੈ ਕਿ ਬੈਂਕ ਦੇ ਅੰਦਰ ਮੂੰਹ ਢੱਕ ਕੇ, ਨਕਾਬ ਬੰਨ੍ਹ ਕੇ ਕਿਸੇ ਨੂੰ ਵੀ ਦਾਖਲ ਨਹੀਂ ਹੋਣ ਦੇਣਾ ਚਾਹੀਦਾ।ਗੇਟ 'ਤੇ ਹੀ ਨਕਾਬ ਉਤਰਵਾਉਣਾ ਲਾਜ਼ਮੀ ਕੀਤਾ ਜਾਵੇ।ਬੈਂਕ ਦੇ ਸਾਹਮਣੇ ਮੇਨ ਰੋਡ 'ਤੇ ਹਮੇਸ਼ਾ ਭੀੜ ਰਹਿੰਦੀ ਹੈ।ਲੁਟੇਰਿਆਂ ਦੇ ਭੱਜਣ ਵੇਲੇ ਕਿਸੇ ਵੱਡੇ ਹਾਦਸੇ ਦਾ ਖਤਰਾ ਬਣ ਸਕਦਾ ਸੀ।ਮੌਕੇ 'ਤੇ ਪਹੁੰਚੀ ਜੰਡਿਆਲਾ ਗੁਰੂ ਪੁਲਸ ਵੱਲੋਂ ਬੈਂਕ ਦੀ ਫੁਟੇਜ ਕਬਜ਼ੇ 'ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਗਲੀ-ਮੁਹੱਲਿਆਂ ਵਿੱਚ ਨਾਕਾਬੰਦੀ ਕੀਤੀ ਗਈ ਹੈ। ਲੋਕਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਸਾਰੇ ਬੈਂਕਾਂ ਨੂੰ ਸਖਤ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਕੋਈ ਵੀ ਨਕਾਬਪੋਸ਼ ਵਿਅਕਤੀ ਬੈਂਕ ਦੇ ਅੰਦਰ ਦਾਖਲ ਨਾ ਹੋ ਸਕੇ।


# ਗ੍ਰੀਨ ਸਕੂਲ ਪ੍ਰੋਗਰਾਮ ਤਹਿਤ ਡਾਈਟ ਪਠਾਨਕੋਟ ਵਿਖੇ ਜ਼ਿਲ੍ਹਾ ਪੱਧਰੀ ਵਰਕਸ਼ਾਪ

**ਪਠਾਨਕੋਟ: (ਦਵਿੰਦਰ ਸਿੰਘ)**- ਡਾਇਰੈਕਟਰ ਪੰਜਾਬ ਸਟੇਟ ਕੌਂਸਿਲ ਫੋਰ ਸਾਇੰਸ ਐਂਡ ਟੈਕਨੋਲੋਜੀ, ਚੰਡੀਗੜ੍ਹ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਕਮਲਦੀਪ ਕੌਰ ਦੀ ਯੋਗ ਅਗਵਾਈ ਹੇਠ ਡਾਈਟ ਪਠਾਨਕੋਟ ਵਿਖੇ ਜ਼ਿਲ੍ਹੇ ਦੇ ਸਮੂਹ ਸਕੂਲਾਂ ਦੇ ਵਿਗਿਆਨ ਅਧਿਆਪਕਾਂ ਅਤੇ ਈਕੋ ਕਲੱਬ ਇੰਚਾਰਜਾਂ ਲਈ ਗ੍ਰੀਨ ਸਕੂਲ ਪ੍ਰੋਗਰਾਮ ਤਹਿਤ ਇੱਕ ਰੋਜ਼ਾ ਜ਼ਿਲ੍ਹਾ ਪੱਧਰੀ ਵਰਕਸ਼ਾਪ ਕਰਵਾਈ ਗਈ।ਵਰਕਸ਼ਾਪ ਦਾ ਮੁੱਖ ਉਦੇਸ਼ ਅਧਿਆਪਕਾਂ ਨੂੰ ਵਾਤਾਵਰਣ ਸੰਭਾਲ, ਸਕੂਲ ਗ੍ਰੀਨ ਆਡਿਟ ਅਤੇ ਵਿਦਿਆਰਥੀਆਂ ਦੀ ਵਾਤਾਵਰਣ ਪ੍ਰਤੀ ਜ਼ਿੰਮੇਵਾਰੀ ਬਾਰੇ ਵਿਹਾਰਕ ਜਾਣਕਾਰੀ ਦੇਣਾ ਸੀ।ਵਰਕਸ਼ਾਪ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚੇ ਜ਼ਿਲ੍ਹਾ ਸਿੱਖਿਆ ਅਫ਼ਸਰ ਕਮਲਦੀਪ ਕੌਰ ਨੇ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗ੍ਰੀਨ ਸਕੂਲ ਪ੍ਰੋਗਰਾਮ ਵਿਦਿਆਰਥੀਆਂ ਵਿੱਚ ਵਾਤਾਵਰਣ ਪ੍ਰਤੀ ਜਾਗਰੂਕਤਾ ਅਤੇ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨ ਦਾ ਬਹੁਤ ਹੀ ਪ੍ਰਭਾਵਸ਼ਾਲੀ ਉਪਰਾਲਾ ਹੈ।ਜ਼ਿਲ੍ਹਾ ਕੋਆਰਡੀਨੇਟਰ ਸੰਜੀਵ ਸ਼ਰਮਾ ਨੇ ਵੀ ਆਡਿਟ ਦੀਆਂ ਬਰੀਕੀਆਂ ਅਤੇ ਰਿਪੋਰਟ ਤਿਆਰ ਕਰਨ ਸਬੰਧੀ ਅਧਿਆਪਕਾਂ ਦਾ ਮਾਰਗਦਰਸ਼ਨ ਕੀਤਾ।ਇਸ ਮੌਕੇ ਗ੍ਰੀਨ ਸਕੂਲ ਪ੍ਰੋਗਰਾਮ ਵਿੱਚ ਸ਼ਾਨਦਾਰ ਕਾਰਗੁਜ਼ਾਰੀ ਕਰਨ ਵਾਲੇ ਅਧਿਆਪਕਾਂ ਨੂੰ ਪੌਦੇ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਅਜੇ ਕੁਮਾਰ ਭੋਗਲ, ਰਾਜੇਸ਼ ਸਲਵਾਨ, ਰਜਨੀਸ਼ ਡੋਗਰਾ ਅਤੇ ਰਾਮ ਪ੍ਰਸ਼ਾਦ, ਬਲਕਾਰ ਅੱਤਰੀ ਸਮੇਤ ਹੋਰ ਅਧਿਆਪਕ ਹਾਜ਼ਰ ਸਨ।




# ਮਾਤਾ ਸਵਿੰਦਰ ਕੌਰ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾ ਦੇ ਫੁੱਲ ਭੇਟ

**ਝਬਾਲ, (ਹਰਜਿੰਦਰ ਸਿੰਘ ਸੋਨੀ)**- ਗੁਰਦੁਆਰਾ ਮਾਤਾ ਭਾਗ ਕੌਰ ਜੀ ਝਬਾਲ ਵਿਖੇ ਮਾਤਾ ਸਵਿੰਦਰ ਕੌਰ ਝਬਾਲ ਦੀ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਮੌਕੇ ਪੁੱਜੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਇਸ ਤੋਂ ਪਹਿਲਾਂ ਉਨ੍ਹਾਂ ਨਮਿਤ ਰਖਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਨ੍ਹਾਂ ਦੇ ਗ੍ਰਹਿ ਵਿਖੇ ਪਾਏ ਗਏ। ਇਸ ਮੌਕੇ ਸਾਬਕਾ ਰਿਸੀਵਰ ਕਰਮਜੀਤ ਸਿੰਘ ਢਿੱਲੋਂ ਪੰਜਵੜ, ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਕਰਨਬੀਰ ਸਿੰਘ ਬੁਰਜ, ਜ਼ਿਲਾ ਪ੍ਰਧਾਨ ਤਰਨ ਤਾਰਨ ਕਾਂਗਰਸ ਰਾਜਬੀਰ ਸਿੰਘ ਭੁੱਲਰ, ਬੀਜੇਪੀ ਆਗੂ ਹਰਜੀਤ ਸਿੰਘ ਸੰਧੂ, ਸਕੱਤਰ ਹਰਪ੍ਰੀਤ ਸਿੰਘ ਸਿੰਦਬਾਦ, ਕਾਂਗਰਸ ਪਾਰਟੀ ਸੀਨੀਅਰ ਆਗੂ ਅਮਰੀਕ ਸਿੰਘ ਵਰਪਾਲ, ਗੁਰਪ੍ਰੀਤ ਸਿੰਘ ਢਿੱਲੋਂ ਭੋਜੀਆ ਸਾਬਕਾ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ ਮੰਡੀ ਝਬਾਲ, ਚੇਅਰਮੈਨ ਰਮਨ ਕੁਮਾਰ, ਜਥੇਦਾਰ ਕਸ਼ਮੀਰ ਸਿੰਘ ਗੰਡੀਵਿੰਡ, ਸਮਾਜ ਸੇਵਕ ਸੁਖਰਾਜ ਸਿੰਘ ਕਾਲਾ ਗੰਡੀਵਿੰਡ, ਕਾਮਰੇਡ ਜਸਬੀਰ ਸਿੰਘ, ਕਿਸਾਨ ਆਗੂ ਕੈਪਟਨ ਸਿੰਘ ਬਘਿਆੜੀ ਅਤੇ ਉਨ੍ਹਾਂ ਦੇ ਸਾਥੀ, ਐਡਵੋਕੇਟ ਪ੍ਰਵਿੰਦਰ ਸਿੰਘ, ਹਰਪ੍ਰੀਤ ਸਿੰਘ ਖਾਲਸਾ ਸਮੇਤ ਵੱਖ-ਵੱਖ ਪਾਰਟੀਆਂ ਦੇ ਨੁਮਾਇੰਦਿਆਂ ਅਤੇ ਹੋਰ ਕਈ ਸ਼ਖਸੀਅਤਾਂ ਵੱਲੋਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ।



# ਸਤਲੁਜ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੀਆਂ ਖਿਡਾਰਨਾਂ ਦਾ 70ਵੇਂ ਜ਼ੋਨਲ ਪੱਧਰ 'ਤੇ ਸ਼ਾਨਦਾਰ ਪ੍ਰਦਰਸ਼ਨ

**ਪੱਟੀ, (ਬਲਦੇਵ ਸਿੰਘ ਸੰਧੂ ਕਿਰਤੋਵਾਲ)**- ਪਬਲਿਕ ਸੀਨੀਅਰ ਸੈਕੰਡਰੀ ਸਕੂਲ ਠੱਕਰਪੁਰਾ ਦੀਆਂ ਵਿਦਿਆਰਥਣਾਂ ਨੇ ਜ਼ੋਨਲ ਪੱਧਰ ਦੀਆਂ ਹੋਈਆਂ ਖੇਡਾਂ ਵਿੱਚ ਸ਼ਾਨਦਾਰ ਜਿੱਤ ਹਾਸਿਲ ਕੀਤੀ।ਅੰਡਰ 14 ਰਿਲੇਅ ਲੜਕੀਆਂ ਦੀ ਟੀਮ ਵਿੱਚੋਂ ਅਸ਼ਮੀਤ ਕੌਰ ਨੇ 100 ਮੀਟਰ ਰੇਸ ਵਿੱਚੋ ਪਹਿਲਾ, ਨਵਰੀਤ ਕੌਰ ਦੇ 200 ਮੀਟਰ ਰੇਸ ਵਿੱਚੋਂ ਦੂਸਰਾ, ਮਿਨਾਕਸ਼ੀ ਸਰਮਾ ਨੇ 400 ਮੀਟਰ ਰੇਸ ਵਿੱਚੋਂ ਦੂਸਰਾ ਅਤੇ ਲਵਜੋਤ ਕੌਰ ਨੇ 800 ਮੀਟਰ ਰੇਸ ਵਿੱਚੋਂ ਦੂਸਰਾ ਸਥਾਨ ਹਾਸਿਲ ਕੀਤਾ। ਇਸਦੇ ਨਾਲ ਹੀ ਅੰਡਰ 17 ਰਿਲੇਅ ਅਤੇ ਸ਼ਾਰਟ ਆਊਟਪੁੱਟ ਵਿੱਚੋਂ ਰੋਬਿਨਪ੍ਰੀਤ ਕੌਰ ਨੇ ਪਹਿਲਾ, ਹਰਮਨਪ੍ਰੀਤ ਕੌਰ ਨੇ ਦੂਸਰਾ ਅਤੇ ਪਰਨੀਤ ਕੌਰ ਅਤੇ ਮਨਜੋਤ ਕੌਰ ਨੇ ਤੀਸਰਾ ਸਥਾਨ ਹਾਸਿਲ ਕੀਤਾ।ਇਸ ਜਿੱਤ ਨੂੰ ਬਰਕਰਾਰ ਰੱਖਦਿਆ ਜਸ਼ਨਪ੍ਰੀਤ ਕੌਰ ਨੇ 200 ਮੀਟਰ ਰੇਸ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਲੜਕੀਆਂ ਦੀ ਅੰਡਰ 19 ਟੀਮ ਵਿੱਚ ਅਰਸ਼ਪ੍ਰੀਤ ਕੌਰ, ਜਮਲੀਨ ਕੌਰ ਨੇ ਪਹਿਲਾ, ਕਾਜਲਪ੍ਰੀਤ ਕੌਰ, ਹਰਪ੍ਰੀਤ ਕੋਰ ਲਵਪ੍ਰੀਤ ਕੌਰ ਨੇ ਦੂਸਰਾ ਅਤੇ ਨਵਦੀਪ ਕੌਰ ਨੇ ਤੀਸਰਾ ਸਥਾਨ ਹਾਸਿਲ ਕੀਤਾ। ਇਸ ਮੌਕੇ ਸਕੂਲ ਦੀ ਮੈਨੇਜਮੈਂਟ ਕਮੇਟੀ ਮੈਂਬਰ ਹਰਬੀਰ ਸਿੰਘ ਗਿੱਲ, ਹਰਨੂਰ ਸਿੰਘ, ਮੈਡਮ ਪਰਮਿੰਦਰ ਕੌਰ, ਪ੍ਰਿੰਸੀਪਾਲ ਮੈਡਮ ਰਾਜਬੀਰ ਕੌਰ, ਵਾਇਸ ਪ੍ਰਿੰਸੀਪਲ ਮੈਡਮ ਦਲਬੀਰ ਕੌਰ, ਡੀ.ਪੀ.ਈ. ਬਖਸ਼ੀਸ਼ ਸਿੰਘ ਨੇ ਬੱਚਿਆ ਦੀ ਹੌਸਲਾ ਅਫਜ਼ਾਈ ਕੀਤੀ।



# ਗੁਰੂ ਸਾਗਰ ਪਬਲਿਕ ਸਕੂਲ ਪੰਧੇਰ 'ਚ ਪ੍ਰੀ-ਨਰਸਰੀ ਲਈ ਦਾਖ਼ਲੇ ਸ਼ੁਰੂ

**ਫਤਹਿਗੜ੍ਹ ਚੂੜੀਆਂ, (ਜਸਦੇਵ ਸਿੰਘ ਮਾਨ)**- ਗੁਰੂ ਸਾਗਰ ਪਬਲਿਕ ਸਕੂਲ ਪੰਧੇਰ ਵੱਲੋਂ ਪ੍ਰੀ ਨਰਸਰੀ ਕਲਾਸਾਂ ਲਈ ਨਵੇਂ ਸੈਸ਼ਨ ਦੇ ਦਾਖ਼ਲੇ ਸ਼ੁਰੂ ਕਰ ਦਿੱਤੇ ਗਏ ਹਨ। ਸਕੂਲ ਸੀ ਬੀ ਐੱਸ ਈ ਤੋਂ ਬਾਰ੍ਹਵੀਂ ਜਮਾਤ ਤੱਕ ਮਾਨਤਾ ਪ੍ਰਾਪਤ ਹੈ। ਸਕੂਲ ਪਿਛਲੇ ਲੰਮੇ ਸਮੇਂ ਤੋਂ ਨੰਨ੍ਹੇ ਬੱਚਿਆਂ ਨੂੰ ਉੱਤਮ ਸਿੱਖਿਆ ਦੇ ਨਾਲ-ਨਾਲ ਸੁਰੱਖਿਅਤ, ਖੁਸ਼ਨੁਮਾ ਅਤੇ ਬਾਲ-ਮਿੱਤਰ ਵਾਤਾਵਰਣ ਪ੍ਰਦਾਨ ਕਰਨ ਦੀ ਆਪਣੀ ਵਿਰਾਸਤ ਨੂੰ ਕਾਇਮ ਰੱਖ ਰਿਹਾ ਹੈ। ਚੇਅਰਪਰਸਨ ਸ਼੍ਰੀਮਤੀ ਹਰਜਿੰਦਰ ਪਾਲ ਕੌਰ ਕੰਗ ਅਤੇ ਸਕੂਲ ਐਡਮਿਨਿਸਟ੍ਰੇਟਰ ਡਾ. ਅਨੰਦਜੀਤ ਕੌਰ ਨੇ ਦੱਸਿਆ ਕਿ ਸਕੂਲ ਵਿਚ ਨੰਨ੍ਹੇ ਬੱਚਿਆਂ ਲਈ ਪੂਰੀ ਤਰ੍ਹਾਂ ਏ. ਸੀ. ਕਲਾਸ ਰੂਮ ਦੀ ਵਿਸ਼ੇਸ਼ ਸਹੂਲਤ ਉਪਲੱਬਧ ਹੈ, ਨਾਲ ਹੀ ਪੂਰਾ ਕੈਂਪਸ ਸੀ. ਸੀ. ਟੀ. ਵੀ. ਕੈਮਰਿਆਂ ਦੀ ਸ਼ਖ਼ਤ ਨਿਗਰਾਨੀ ਹੇਠ ਹੈ। ਬੱਚਿਆਂ ਦੀ ਸੰਭਾਲ ਅਤੇ ਸਿੱਖਿਆ ਲਈ ਉੱਚ ਯੋਗਤਾ ਪ੍ਰਾਪਤ ਤੇ ਤਜਰਬੇਕਾਰ ਸਟਾਫ਼ ਵਲੋਂ ਪੂਰੀ ਤਨਦੇਹੀ ਨਾਲ ਕੰਮ ਕੀਤਾ ਜਾਂਦਾ ਹੈ।

# ਘਰ ਅੰਦਰ ਵੜ ਕੇ ਤੋੜ-ਭੰਨ ਕਰਨ ਵਲਿਆਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**- ਥਾਣਾ ਸਿਟੀ ਗੁਰਦਾਸਪੁਰ ਪੁਲਿਸ ਨੇ ਘਰ ਅੰਦਰ ਵੜ ਕੇ ਤੋੜ-ਭੰਨ ਕਰਨ ਵਾਲੇ ਨਾ-ਮਾਲੂਮ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਏ. ਐੱਸ. ਆਈ. ਅਜੇ ਕੁਮਾਰ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਮਨਜੀਤ ਕੌਰ ਪਤਨੀ ਲੇਟ. ਹਰਜੀਤ ਸਿੰਘ ਵਾਸੀ ਸੁਖਮਨੀ ਮੁਹੱਲਾ ਪੰਡੋਰੀ ਰੋਡ ਗੁਰਦਾਸਪੁਰ ਨੇ ਕਿਹਾ ਕਿ ਮਿਤੀ 8 ਸਤੰਬਰ 2026 ਨੂੰ ਘਰ ਦੀ ਬੈੱਲ ਵੱਜਣ 'ਤੇ ਬੇਟੇ ਨੇ ਗੇਟ ਖੋਲ੍ਹਿਆ ਤਾਂ ਸਾਹਮਣੇ ਅਣਪਛਾਤਾ ਵਿਅਕਤੀ ਖੜ੍ਹਾ ਸੀ ਜਿਸ ਨੇ ਮੂੰਹ 'ਤੇ ਕੱਪੜਾ ਬੰਨ੍ਹਿਆ ਹੋਇਆ ਸੀ ਅਤੇ ਹੱਥ ਵਿੱਚ ਦਾਤਰ ਫੜਿਆ ਹੋਇਆ ਸੀ ਜਿਸ ਤੋਂ ਬਾਅਦ ਬੇਟਾ ਦੌੜ ਕੇ ਅੰਦਰ ਵੜ ਗਿਆ ਅਤੇ ਲੌਬੀ ਦਾ ਦਰਵਾਜ਼ਾ ਬੰਦ ਕਰ ਲਿਆ। ਬਾਅਦ 'ਚ ਕੁਝ ਅਣਪਛਾਤੇ ਵਿਅਕਤੀ ਘਰ ਅੰਦਰ ਆਏ ਅਤੇ ਦਾਤਰਾਂ ਨਾਲ ਜਾਲੀ ਵਾਲੇ ਦਰਵਾਜ਼ੇ, ਸ਼ੀਸ਼ੇ, ਗਮਲੇ, ਦੋ ਸਕੂਟਰੀਆਂ ਦੀ ਭੰਨ-ਤੋੜ ਕਰਕੇ ਮੌਕੇ ਤੋਂ ਭੱਜ ਗਏ। ਪੁਲਸ ਨੇ ਇਨ੍ਹਾਂ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅੰਰਭ ਕਰ ਦਿੱਤੀ ਹੈ।

# ਪਹਿਲੇ ਪ੍ਰਕਾਸ਼ ਪੁਰਬ ਮੌਕੇ ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ



**ਪੱਟੀ, (ਬਲਦੇਵ ਸਿੰਘ ਸੰਧੂ ਕਿਰਤੋਵਾਲ)**- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਧਾਰਮਿਕ ਭਾਵਨਾ ਨਾਲ ਠੰਢੇ-ਮਿੱਠੇ ਜਲ ਦੀ ਛਬੀਲ ਖੇਮਕਰਨ ਰੋਡ ਪੱਟੀ ਨੇੜੇ ਨਰਸਿੰਗ ਕਾਲਜ ਵਿਖੇ ਮੁੱਖ ਸੜਕ ਤੇ ਲਗਾਈ ਗਈ।ਇਸ ਮੌਕੇ ਸੰਗਤਾਂ ਵੱਲੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਗਈ ਅਤੇ ਰਾਹਗੀਰਾਂ ਨੂੰ ਠੰਡਾ-ਮਿੱਠਾ ਜਲ ਵਰਤਾਇਆ ਗਿਆ। ਇਸ ਮੌਕੇ ਬਾਬਾ ਸੁਖਰਾਜ ਸਿੰਘ, ਜਗਦੀਪ ਸਿੰਘ ਨੇ ਦੱਸਿਆ ਕਿ ਛਬੀਲ ਦੌਰਾਨ ਸੇਵਾਦਾਰਾਂ ਨੇ ਪੂਰੀ ਸ਼ਰਧਾ ਅਤੇ ਸੇਵਾ ਭਾਵਨਾ ਨਾਲ ਆਪਣੀਆਂ ਸੇਵਾਵਾਂ ਨਿਭਾਈਆਂ।ਸੰਗਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ ਅਤੇ ਗੁਰੂ ਸਾਹਿਬ ਅੱਗੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।ਇਸ ਮੌਕੇ ਪ੍ਰਬੰਧਕਾਂ ਨੇ ਕਿਹਾ ਕਿ ਗੁਰੂ ਸਾਹਿਬਾਨ ਵੱਲੋਂ ਦਰਸਾਏ ਸੇਵਾ, ਸਿਮਰਨ ਅਤੇ ਮਨੁੱਖਤਾ ਦੀ ਭਲਾਈ ਦੇ ਮਾਰਗ 'ਤੇ ਚੱਲਣਾ ਹੀ ਸੱਚੀ ਸ਼ਰਧਾ ਹੈ।ਉਨ੍ਹਾਂ ਛਬੀਲ ਵਿੱਚ ਸਹਿਯੋਗ ਦੇਣ ਵਾਲੇ ਸਮੂਹ ਸੇਵਾਦਾਰਾਂ ਅਤੇ ਸੰਗਤ ਦਾ ਧੰਨਵਾਦ ਕੀਤਾ।ਇਸ ਮੌਕੇ ਵਕੀਲ ਸੁੱਖ ਭੁੱਲਰ, ਲਵ ਭੁੱਲਰ, ਕਰਨ, ਸ਼ੇਰਾ, ਗੁਰਬੀਰ ਸਿੰਘ ਸਮੇਤ ਹੋਰਨਾਂ ਨੇ ਸੇਵਾ ਨਿਭਾਈ।

# ਰਿਧਿਮਾ ਦੀ ਨੀਟ 'ਚ ਸ਼ਾਨਦਾਰ ਸਫਲਤਾ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਪੀ. ਐੱਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਦੀ ਹੋਣਹਾਰ ਵਿਦਿਆਰਥਣ ਰਿਧਿਮਾ ਨੇ ਨੀਟ ਪ੍ਰੀਖਿਆ ਵਿੱਚ ਸ਼ਾਨਦਾਰ ਅੰਕ ਪ੍ਰਾਪਤ ਕਰਕੇ ਸਫਲਤਾ ਹਾਸਲ ਕੀਤੀ ਹੈ।ਆਪਣੀ ਮਿਹਨਤ ਅਤੇ ਲਗਨ ਸਦਕਾ ਰਿਧਿਮਾ ਨੇ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਵਿੱਚ ਮੈਡੀਕਲ ਸਿੱਖਿਆ ਲਈ ਦਾਖਲਾ ਪ੍ਰਾਪਤ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।ਇਸ ਸ਼ਾਨਦਾਰ ਪ੍ਰਾਪਤੀ 'ਤੇ ਸਕੂਲ ਦੀ ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ (ਸਟੇਟ ਐਵਾਰਡੀ) ਅਤੇ ਸਮੂਹ ਸਟਾਫ਼ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਵਿਦਿਆਰਥਣ ਅਤੇ ਉਸਦੇ ਪਰਿਵਾਰ ਨੂੰ ਵਧਾਈ ਦਿੱਤੀ।ਰਿਧਿਮਾ ਦੇ ਮਾਰਗਦਰਸ਼ਕ ਅਧਿਆਪਕ ਪ੍ਰਦੀਪ ਕੁਮਾਰ ਅਤੇ ਜਸਪਾਲ ਸਿੰਘ ਨੇ ਵੀ ਉਸਦੀ ਇਸ ਕਾਮਯਾਬੀ 'ਤੇ ਖੁਸ਼ੀ ਪ੍ਰਗਟ ਕੀਤੀ ਅਤੇ ਉਸਦੇ ਉਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।ਇਸ ਮੌਕੇ ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ ਨੇ ਕਿਹਾ ਕਿ ਰਿਧਿਮਾ ਦੀ ਇਹ ਸਫਲਤਾ ਉਸਦੀ ਲਗਾਤਾਰ ਮਿਹਨਤ, ਦ੍ਰਿੜ੍ਹ ਇਰਾਦੇ, ਅਨੁਸ਼ਾਸਨ ਅਤੇ ਅਧਿਆਪਕਾਂ ਵੱਲੋਂ ਦਿੱਤੇ ਗਏ ਸਹੀ ਮਾਰਗਦਰਸ਼ਨ ਦਾ ਨਤੀਜਾ ਹੈ।ਉਨ੍ਹਾਂ ਕਿਹਾ ਕਿ ਰਿਧਿਮਾ ਨੇ ਆਪਣੀ ਮਿਹਨਤ ਨਾਲ ਨਾ ਸਿਰਫ਼ ਆਪਣੇ ਮਾਪਿਆਂ ਅਤੇ ਅਧਿਆਪਕਾਂ ਦਾ ਨਾਮ ਰੌਸ਼ਨ ਕੀਤਾ ਹੈ, ਸਗੋਂ ਸਕੂਲ ਦਾ ਮਾਣ ਵੀ ਵਧਾਇਆ ਹੈ।ਉਨ੍ਹਾਂ ਸਕੂਲ ਦੇ ਹੋਰ ਵਿਦਿਆਰਥੀਆਂ ਨੂੰ ਵੀ ਰਿਧਿਮਾ ਦੀ ਸਫਲਤਾ ਤੋਂ ਪ੍ਰੇਰਣਾ ਲੈਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਜੇਕਰ ਵਿਦਿਆਰਥੀ ਆਪਣੇ ਟੀਚੇ ਪ੍ਰਤੀ ਇਮਾਨਦਾਰੀ ਨਾਲ ਮਿਹਨਤ ਕਰਨ, ਸਮੇਂ ਦੀ ਸਹੀ ਵਰਤੋਂ ਕਰਨ ਅਤੇ ਅਧਿਆਪਕਾਂ ਦੇ ਮਾਰਗਦਰਸ਼ਨ ਨੂੰ ਅਪਣਾਉਣ ਤਾਂ ਉਹ ਵੀ ਜੀਵਨ ਵਿੱਚ ਵੱਡੀਆਂ ਮੰਜ਼ਿਲਾਂ ਹਾਸਲ ਕਰ ਸਕਦੇ ਹਨ।



# ਮਿਸ਼ਨ ਕਲੀਨ ਪੰਜਾਬ ਤਹਿਤ ਕੇਂਦਰੀ ਵਿਧਾਨ ਸਭਾ ਹਲਕਾ ਅੰਮ੍ਰਿਤਸਰ 'ਚ ਸਫਾਈ ਮੁਹਿੰਮ ਸ਼ੁਰੂ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)** ਵਿਧਾਇਕ ਡਾ. ਅਜੇ ਗੁਪਤਾ ਨੇ ਅੰਮ੍ਰਿਤਸਰ ਕੇਂਦਰੀ ਵਿਧਾਨ ਸਭਾ ਹਲਕੇ ਨੂੰ ਸਾਫ਼, ਸੁੰਦਰ ਅਤੇ ਸਵੱਛ ਬਣਾਉਣ ਲਈ ਮਿਸ਼ਨ ਕਲੀਨ ਜਾਰੀ ਰੱਖਿਆ। ਵਿਧਾਇਕ ਡਾ. ਗੁਪਤਾ ਨੇ ਨਿੱਜੀ ਤੌਰ 'ਤੇ ਸਫਾਈ ਮੁਹਿੰਮ ਵਿੱਚ ਹਿੱਸਾ ਲਿਆ ਅਤੇ ਪਾਸੀਆ ਵਾਲਾ ਚੌਂਕ, ਕੇਸਰ ਢਾਬਾ ਅਤੇ ਗੁਰਦੁਆਰਾ ਲੋਹਗੜ੍ਹ ਸਾਹਿਬ ਦੇ ਆਲੇ-ਦੁਆਲੇ ਦੇ ਖੇਤਰਾਂ ਵਿੱਚ ਸਫਾਈ ਮੁਹਿੰਮ ਸ਼ੁਰੂ ਕੀਤਾ। ਇਸ ਮੌਕੇ ਵਿਧਾਇਕ ਡਾ. ਅਜੇ ਗੁਪਤਾ ਨੇ ਕਿਹਾ ਕਿ ਸਫਾਈ ਸਿਰਫ਼ ਨਗਰ ਨਿਗਮ ਦੀ ਜ਼ਿੰਮੇਵਾਰੀ ਨਹੀਂ ਹੈ, ਸਗੋਂ ਹਰੇਕ ਨਾਗਰਿਕ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਜਨਤਾ ਨੂੰ ਅਪੀਲ ਕੀਤੀ ਕਿ ਕੂੜੇ ਸਿਰਫ਼ ਨਗਰ ਨਿਗਮ ਦੇ ਘਰ-ਘਰ ਕੂੜਾ ਇਕੱਠਾ ਕਰਨ ਵਾਲੇ ਵਾਹਨਾਂ ਨੂੰ ਦਿੱਤਾ ਜਾਵੇ। ਇਸ ਦੇ ਨਾਲ-ਨਾਲ ਲੋਕ ਠੀਕ ਜਗ੍ਹਾ 'ਤੇ ਹੀ ਕੂੜਾ ਸੁੱਟੇ, ਗੀਲਾ ਅਤੇ ਸੁਖਾ ਕੂੜਾ ਵੱਖ-ਵੱਖ ਰੱਖੋ ਅਤੇ ਪਬਲਿਕ ਸਥਾਨਾਂ ਨੂੰ ਸਾਫ਼ ਵਿੱਚ ਨਗਰ ਨਿਗਮ ਦਾ ਸਹਿਯੋਗ ਕਰੋ। ਉਨ੍ਹਾਂ ਕਿਹਾ ਕਿ ਸਾਫ਼ ਵਾਤਾਵਰਣ ਨਾ ਸਿਰਫ਼ ਸ਼ਹਿਰ ਦੀ ਸੁੰਦਰਤਾ ਨੂੰ ਵਧਾਉਂਦਾ ਹੈ ਬਲਕਿ ਇੱਕ ਸਿਹਤਮੰਦ ਸਮਾਜ ਦੀ ਨੀਂਹ ਨੂੰ ਵੀ ਮਜ਼ਬੂਤੀ ਦਿੰਦਾ ਹੈ। ਡਾ. ਅਜੇ ਗੁਪਤਾ ਨੇ ਕਿਹਾ ਕਿ ਰੋਜ਼ਾਨਾ ਸਫਾਈ ਮੁਹਿੰਮ ਵਿੱਚ ਨਿੱਜੀ ਤੌਰ 'ਤੇ ਹਿੱਸਾ ਲੈਣ ਦਾ ਮੁੱਖ ਉਦੇਸ਼ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨਾ ਅਤੇ ਸਫਾਈ ਕਰਮਚਾਰੀਆਂ ਨੂੰ ਉਤਸ਼ਾਹਿਤ ਕਰਨਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਕੇਂਦਰੀ ਵਿਧਾਨ ਸਭਾ ਹਲਕੇ ਵਿੱਚ ਸਫਾਈ ਪ੍ਰਬੰਧਾਂ ਦੀ ਨਿਰੰਤਰ ਨਿਗਰਾਨੀ ਕੀਤੀ ਜਾ ਰਹੀ ਹੈ ਅਤੇ ਲੋੜ ਅਨੁਸਾਰ ਵੱਖ-ਵੱਖ ਖੇਤਰਾਂ ਵਿੱਚ ਵਿਸ਼ੇਸ਼ ਸਫਾਈ ਮੁਹਿੰਮਾਂ ਚਲਾਈਆਂ ਜਾਣਗੀਆਂ।ਇਸ ਮੌਕੇ ਰਾਹੁਲ ਸੇਠੀ, ਮੋਨਿਕਾ ਭੱਟੀ, ਪ੍ਰਦੀਪ ਕੁਮਾਰ, ਸੋਨੂੰ ਪਹਿਲਵਾਨ, ਰੋਹਿਤ ਕੁਮਾਰ, ਹੈਪੀ ਹੀਰਾ ਅਤੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਵੀ ਮੌਜੂਦ ਸਨ।

## ਡਰੋਨ ਸ਼ੋਅ ਬਣਿਆ ਖਿੱਚ ਦਾ ਕੇਂਦਰ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਕਰਵਾਏ ਜਾ ਰਹੇ ਸਮਾਗਮਾਂ ਦੀ ਲੜੀ ਤਹਿਤ ਅਨਾਜ ਮੰਡੀ ਪਾਤੜਾਂ ਵਿਖੇ 500 ਡਰੋਨਾਂ ਦਾ ਸ਼ਾਨਦਾਰ ਸ਼ੋਅ ਕਰਵਾਇਆ ਗਿਆ।ਰਾਤ ਨੂੰ ਅਸਮਾਨ ਵਿੱਚ ਉੱਡਦੇ ਡਰੋਨਾਂ ਰਾਹੀਂ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ, ਬਾਣੀ, ਵਿਚਾਰਧਾਰਾ ਤੇ ਫਲਸਫੇ ਨੂੰ ਦਰਸਾਉਂਦੇ ਦਿਲਕਸ਼ ਦ੍ਰਿਸ਼ ਪੇਸ਼ ਕੀਤੇ ਗਏ।ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਇੱਕ ਸਾਲ ਤੱਕ ਚੱਲਣ ਵਾਲੇ ਸਮਾਗਮਾਂ ਲਈ 100 ਕਰੋੜ ਰੁਪਏ ਤੋਂ ਵੱਧ ਦਾ ਬਜਟ ਰੱਖਿਆ ਹੈ।ਸਮਾਗਮਾਂ ਦਾ ਮੁੱਖ ਉਦੇਸ਼ ਗੁਰੂ ਸਾਹਿਬ ਦੇ ਮਹਾਨ ਵਿਚਾਰਾਂ ਤੇ ਮਨੁੱਖਤਾ ਦੀ ਭਲਾਈ ਲਈ ਦਿੱਤੇ ਸੰਦੇਸ਼ ਨੂੰ ਨਵੀਂ ਪੀੜ੍ਹੀ ਤੱਕ ਆਧੁਨਿਕ ਤੇ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਉਣਾ ਹੈ।ਸਮਾਗਮ ਮੌਕੇ ਢਾਡੀ ਤਰਸੇਮ ਸਿੰਘ ਖੇਤਲਾ ਦੇ ਜਥੇ ਨੇ ਇਤਿਹਾਸ ਤੇ ਢਾਡੀ ਵਾਰਾਂ ਨਾਲ ਸੰਗਤ ਨੂੰ ਨਿਹਾਲ ਕੀਤਾ। ਇਸ ਮੌਕੇ ਸਾਬਕਾ ਵਿਧਾਇਕ ਵਨਿੰਦਰ ਕੌਰ ਲੂੰਬਾ, ਐੱਸ ਸੀ ਵਿੰਗ ਦੇ ਹਲਕਾ ਪ੍ਰਧਾਨ ਲਾਭ ਸਿੰਘ, ਕੁਲਦੀਪ ਸਿੰਘ ਥਿੰਦ, ਯੂਥ ਪ੍ਰਧਾਨ ਮਨਵੀਰ ਸਿੰਘ ਸੰਧੂ, ਮਾਰਕੀਟ ਕਮੇਟੀ ਚੇਅਰਮੈਨ ਮਹਿੰਗਾ ਸਿੰਘ ਬਰਾੜ, ਟਰੱਕ ਯੂਨੀਅਨ ਪ੍ਰਧਾਨ ਰਣਜੀਤ ਸਿੰਘ, ਐਡਵੋਕੇਟ ਸਿਮਰਨ ਸਿੰਘ, ਕਰਨੈਲ ਸਿੰਘ, ਤੇਜਿੰਦਰ ਸਿੰਘ ਤੇਜੀ ਬੂਰੜ, ਕਮਲਪ੍ਰੀਤ ਸਿੰਘ ਵਧਵਾ ਸਮੇਤ ਕੌਂਸਲਰ ਆਦਿ ਮੌਜੂਦ ਸਨ।

## ਮਾਣੂੰਕੇ ਵੱਲੋਂ ਸ਼ਹਿਰ ਨੂੰ ਸਾਫ-ਸੁਥਰਾ ਰੱਖਣ ਦੀ ਅਪੀਲ



**ਜਗਰਾਉਂ (ਸੰਜੀਵ ਅਰੋੜਾ)**-ਮੁੱਖ ਮੰਤਰੀ ਪੰਜਾਬ ਵੱਲੋਂ ਜਾਰੀ ਹਦਾਇਤਾਂ ਤੇ ਕੈਬਨਿਟ ਮੰਤਰੀ ਸਥਾਨਕ ਸਰਕਾਰ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਵਿੱਚ 10 ਰੋਜ਼ਾ ਸਫਾਈ ਅਭਿਆਨ ਸ਼ੁਰੂ ਕੀਤਾ ਗਿਆ ਸੀ। ਇਨ੍ਹਾਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਨਗਰ ਕੌਂਸਲ ਜਗਰਾਉਂ ਵੱਲੋਂ ਰੋਜ਼ਾਨਾ ਵੱਖ-ਵੱਖ ਵਾਰਡਾਂ ਵਿੱਚ ਸਫ਼ਾਈ ਕਰਵਾਈ ਜਾ ਰਹੀ ਹੈ। ਇਸ ਸਫਾਈ ਮੁਹਿੰਮ ਤਹਿਤ ਨਗਰ ਕੌਂਸਲ ਜਗਰਾਉਂ ਵੱਲੋਂ ਅੱਜ ਬੱਸ ਅੱਡਾ ਚੌਕ ਤੋਂ ਰਾਏਕੋਟ ਰੋਡ ਦੇ ਦੋਨਾਂ ਪਾਸਿਆਂ ਦੀ ਸਫਾਈ ਕਰਵਾਈ ਗਈ। ਇਸ ਦੌਰਾਨ ਸੜਕ 'ਤੇ ਪਏ ਕੂੜੇ ਕਰਕਟ ਨੂੰ ਚੁੱਕਿਆ ਗਿਆ। ਡਿਵਾਈਡਰ ਦੇ ਦੋਨੋਂ ਪਾਸਿਆਂ 'ਤੇ ਸੜਕ ਉੱਪਰ ਪਈ ਮਿੱਟੀ ਨੂੰ ਚੁੱਕਵਾ ਕੇ ਸੜਕ ਦੀ ਸਫਾਈ ਕੀਤੀ ਗਈ ਤੇ ਡਿਵਾਈਡਰਾਂ ਵਿੱਚੋਂ ਵੀ ਸਫਾਈ ਕਰਵਾਈ ਗਈ। ਇਸ ਸਫਾਈ ਮੁਹਿੰਮ ਵਿੱਚ ਰੋਜ਼ਾਨਾ ਦੀ ਤਰ੍ਹਾਂ ਅੱਜ ਵੀ ਹਲਕਾ ਵਿਧਾਇਕ ਸਰਵਜੀਤ ਕੌਰ ਮਾਣੂੰਕੇ ਵੀ ਆਪਣਾ ਬਹੁਮੁੱਲਾ ਯੋਗਦਾਨ ਪਾਉਣ ਲਈ ਪਹੁੰਚੇ ਤੇ ਉਨ੍ਹਾਂ ਵੱਲੋਂ ਵੀ ਸਫਾਈ ਯੋਧਿਆਂ ਨਾਲ ਮਿਲ ਕੇ ਸਫਾਈ ਦੇ ਕੰਮ ਵਿੱਚ ਸਹਿਯੋਗ ਕੀਤਾ ਗਿਆ। ਉਨ੍ਹਾਂ ਵੱਲੋਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਸ਼ਹਿਰ ਨੂੰ ਸਾਫ-ਸੁਥਰਾ ਰੱਖਣ ਵਿੱਚ ਉਥੋਂ ਦੇ ਸ਼ਹਿਰ ਵਾਸੀਆਂ ਦਾ ਬਹੁਤ ਹੀ ਮਹੱਤਵਪੂਰਨ ਯੋਗਦਾਨ ਹੁੰਦਾ ਹੈ। ਇਸ ਲਈ ਜਗਰਾਉਂ ਸ਼ਹਿਰ ਨੂੰ ਸਾਫ ਸੁਥਰਾ ਬਣਾਏ ਰੱਖਣ ਲਈ ਸਾਨੂੰ ਸਭ ਨੂੰ ਆਪਣਾ-ਆਪਣਾ ਸਹਿਯੋਗ ਦਿੰਦੇ ਹੋਏ ਇਸ ਸਬੰਧੀ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਇਹ ਵੀ ਅਪੀਲ ਕੀਤੀ ਕਿ ਪੰਜਾਬ ਸਰਕਾਰ ਵੱਲੋਂ ਸਿੰਗਲ ਯੂਜ਼ ਪਲਾਸਟਿਕ ਨੂੰ ਪੂਰੀ ਤਰ੍ਹਾਂ ਬੈਨ ਕੀਤਾ ਹੋਇਆ ਹੈ। ਇਸ ਲਈ ਸਿੰਗਲ ਯੂਜ਼ ਪਲਾਸਟਿਕ ਦੀ ਬਿਲਕੁੱਲ ਵੀ ਵਰਤੋਂ ਨਾ ਕੀਤੀ ਜਾਵੇ। ਆਪਣੇ ਘਰ ਦਾ ਕੂੜਾ ਕਰਕਟ ਘਰ ਦੇ ਬਾਹਰ ਨਾ ਸੁੱਟਿਆ ਜਾਵੇ ਤੇ ਆਪਣਾ ਆਲਾ-ਦੁਆਲਾ ਸਾਫ ਸੁਥਰਾ ਰੱਖਿਆ ਜਾਵੇ। ਇਸ ਮੌਕੇ ਐੱਸ.ਡੀ.ਐੱਮ. ਜਗਰਾਉਂ ਬਾਦਲ ਦੀਨ, ਕਾਰਜ ਸਾਧਕ ਅਫਸਰ ਮੋਹਿਤ ਸ਼ਰਮਾ, ਅਨਿਲ ਕੁਮਾਰ ਸੈਨਟਰੀ ਇੰਸਪੈਕਟਰ, ਹਰੀਸ਼ ਕੁਮਾਰ ਕਲਰਕ, ਰਮਿੰਦਰ ਕੌਰ ਸੀ.ਐਫ., ਅਰੁਣ ਕੁਮਾਰ, ਰਵੀ ਗਿੱਲ, ਪ੍ਰਦੀਪ ਕੁਮਾਰ, ਬਲਬੀਰ ਕੁਮਾਰ, ਰਜਿੰਦਰ ਕੁਮਾਰ, ਰਾਕੇਸ਼ ਕੁਮਾਰ ਮੇਟ ਤੇ ਸਫਾਈ ਸੇਵਕ ਹਾਜ਼ਰ ਸਨ।

## ਚੌਥਾ ਦਰਜਾ ਮੁਲਾਜ਼ਮਾਂ ਵੱਲੋਂ ਸਿਹਤ ਮੰਤਰੀ ਦੀ ਰਿਹਾਇਸ਼ ਅੱਗੇ ਰੋਸ ਰੈਲੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਪਟਿਆਲਾ ਵੱਲੋਂ ਪੰਜਾਬ ਵਿਚਲਿਆ ਸਿਹਤ ਸੰਸਥਾਵਾਂ, ਆਮ ਆਦਮੀ ਕਲੀਨਿੰਗ, ਸਿਵਲ ਹਸਪਤਾਲਾਂ, ਮੈਡੀਕਲ ਖੋਜ ਦੇ ਕਾਲਜਾਂ, ਹਸਪਤਾਲਾਂ, ਸਰਕਾਰੀ ਮਾਤਾ ਕੁਸ਼ਲਿਆ ਹਸਪਤਾਲ ਤੇ ਸਿਵਲ ਸਰਜਨਾ, ਆਯੁਰਵੈਦਿਕ ਅਧੀਨ ਲੰਮੇ ਸਮੇਂ ਤੋਂ ਕੰਮ ਕਰਦੇ, ਕੰਟਰੈਕਟ, ਆਊਟ ਸੋਰਸ ਤੇ ਯੂਜਿਰਜ਼ ਚਾਰਜ ਤੇ ਕੰਮ ਲੰਮੇ ਸਮੇਂ ਵਾਲੇ ਕਰਮੀਆਂ ਦੀਆਂ ਮੰਗਾਂ ਨੂੰ ਲੈ ਕੇ ਮੁਲਾਜ਼ਮ ਪਹਿਲਾਂ ਸ੍ਰੀ ਦੁੱਖਨਿਵਾਰਨ ਸਾਹਿਬ ਦੇ ਸਾਹਮਣੇ ਵਾਲੇ ਬਸ ਸਟਾਪ ਵਿਖੇ ਇਕੱਤਰ ਹੋਏ, ਜਿੱਥੇ ਪਹਿਲਾਂ ਤੋਂ ਭਾਰੀ ਪੁਲਸ ਤਾਇਨਾਤ ਕੀਤੀ ਹੋਈ ਸੀ।ਮੁਲਾਜਮਾਂ ਜੋ ਭਾਰੀ ਗਿਣਤੀ ਵਿੱਚ ਇਕੱਤਰ ਸਨ ਪੁਲਸ ਦਾ ਘੇਰਾ ਤੋੜ ਕੇ ਡਾ. ਬਲਬੀਰ ਸਿੰਘ ਸਿਹਤ ਮੰਤਰੀ ਦੀ ਰਿਹਾਇਸ਼ੀ ਵੱਲ ਵਧਣ ਦਾ ਯਤਨ ਕੀਤਾ ਤਾਂ ਪੁਲਸ ਨੇ ਰੋਕਾ ਲਾ ਕੇ ਰੋਕ ਲਿਆ।ਇਸ ਮੌਕੇ ਪੁਲਸ ਅਧਿਕਾਰੀਆਂ ਨੇ ਯੂਨੀਅਨ ਆਗੂਆਂ ਨਾਲ ਗੱਲਬਾਤ ਕੀਤੀ ਮੰਗਾਂ ਦਾ (ਮੈਮੋਰੰਡਮ) ਪ੍ਰਾਪਤ ਕਰਨ 'ਤੇ ਮੰਤਰੀ ਨਾਲ ਗੱਲਬਾਤ ਕਰਵਾਉਣ ਦੀ ਪੇਸ਼ਕਸ਼ ਕੀਤੀ, ਜਿਸ 'ਤੇ ਸਿਹਤ ਮੰਤਰੀ ਨਾਲ 15 ਸਤੰਬਰ 2026 ਨੂੰ ਗੱਲਬਾਤ ਲਈ ਮੀਟਿੰਗ ਨਿਸ਼ਚਿਤ ਕਰਵਾਈ, ਇਸ ਉਪਰੰਤ ਚੌਥਾ ਦਰਜਾ ਮੁਲਾਜ਼ਮਾਂ ਨੇ ਇੱਥੇ ਰੋਸ ਮਾਰਚ ਖਤਮ ਕਰਕੇ ਰੋਸ ਭਰਪੂਰ ਰੈਲੀ ਕੀਤੀ। ਰੈਲੀ ਦੀ ਅਗਵਾਈ ਤੇ ਸੰਬੋਧਨ ਜਿਨ੍ਹਾਂ ਆਗੂਆਂ ਨੇ ਕੀਤਾ, ਉਨ੍ਹਾਂ ਵਿੱਚ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਰਾਮ ਲਾਲ ਰਾਮਾ, ਸ਼ਿਵ ਚਰਨ, ਧਰਮਿੰਦਰ, ਅਜੇ ਕੁਮਾਰ, ਰਾਜੇਸ਼ ਕੁਮਾਰ, ਮੀਨਾ, ਨਥਨੀ, ਰਾਮ ਪ੍ਰਸਾਦ ਸਹੋਤਾ, ਰਾਜੇਸ਼ ਕੁਮਾਰ ਗੋਲੂ, ਤਰਸੇਮ ਸਮਾਨਾ, ਅਜੇ ਕੁਮਾਰ ਨਾਭਾ, ਅਸ਼ੋਕ ਕੁਮਾਰ ਸੀਨੀਅਰ ਮੀਤ ਪ੍ਰਧਾਨ, ਬਲਜਿੰਦਰ ਸਿੰਘ, ਨੋਨੂੰ, ਧਰਮਿੰਦਰ, ਬਲਜੀਤ ਸਿੰਘ ਬੱਲੀ, ਤਰਲੋਚਨ ਸਿੰਘ, ਸੁਨੀਲ ਦੱਤ, ਪ੍ਰਕਾਸ਼ ਲੁਬਾਣਾ, ਰਾਕੇਸ਼ ਕੁਮਾਰ, ਸਤਨਰਾਇਣ ਗੋਨੀ, ਜਗਤਾਰ ਲਾਲ ਸਮਾਣਾ, ਨਿਸ਼ਾਨ ਰਾਣਾ, ਬਲਵਿੰਦਰ ਸਿੰਘ ਸਮਲਾ, ਰਵਿੰਦਰ ਹੈਪੀ ਨਾਭਾ, ਦਰਸ਼ਨ ਸਿੰਘ ਨਾਭਾ ਆਦਿ ਹਾਜ਼ਰ ਸਨ।

## 41.70 ਗ੍ਰਾਮ ਹੈਰੋਇਨ ਸਮੇਤ ਔਰਤ ਗ੍ਰਿਫਤਾਰ

**ਬਠਿੰਡਾ (ਰਾਜੀਵ ਗੋਇਲ)**-ਥਾਣਾ ਭਗਤਾ ਦੀ ਪੁਲਸ ਵੱਲੋਂ 41.70 ਗ੍ਰਾਮ ਹੈਰੋਇਨ ਸਮੇਤ ਇੱਕ ਔਰਤ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਾਣਕਾਰੀ ਦਿੰਦਿਆਂ ਤਫਤੀਸ਼ੀ ਅਧਿਕਾਰੀ ਥਾਣੇਦਾਰ ਕੁਲਦੀਪ ਸਿੰਘ ਨੇ ਦੱਸਿਆ ਕਿ ਇੱਕ ਔਰਤ ਨੂੰ ਭਗਤਾ ਭਾਈਕਾ ਦੇ ਸੁਖਾਨੰਦ ਰੋਡ 'ਤੇ ਪੈਂਦੇ ਰਜਬਾਹੇ ਨਜ਼ਦੀਕ ਇੱਕ ਖੇਤ ਦੀ ਪਹੀ ਤੋਂ ਗ੍ਰਿਫਤਾਰ ਕੀਤਾ ਗਿਆ, ਜਿਸ ਦੀ ਤਲਾਸ਼ੀ ਲੈਣ ਉਪਰੰਤ ਉਸ ਪਾਸੋਂ ਕਰੀਬ 41.70 ਗ੍ਰਾਮ ਹੈਰੋਇਨ ਬਰਾਮਦ ਹੋਈ। ਕਾਬੂ ਕੀਤੀ ਗਈ ਮਹਿਲਾ ਦੀ ਪਛਾਣ ਪ੍ਰਦੀਪ ਕੌਰ ਵਜੋਂ ਹੋਈ ਹੈ। ਤਫਤੀਸ਼ੀ ਅਫਸਰ ਨੇ ਦੱਸਿਆ ਕਿ ਉਕਤ ਮਹਿਲਾ ਪਾਸੋਂ ਪਹਿਲਾਂ ਵੀ ਵੱਡੀ ਮਾਤਰਾ ਵਿੱਚ ਬਾਜਾਖਾਨਾ ਪੁਲਸ ਨੇ ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਸਨ ਤੇ ਉਕਤ ਔਰਤ ਬਰਗਾੜੀ ਦੇ ਨਾਲ ਲੱਗਦੇ ਪਿੰਡ ਗੁਰੂਸਰ ਵਿਆਹੀ ਹੋਈ ਹੈ ਅਤੇ ਉਕਤ ਦਾ ਆਪਣੇ ਪਤੀ ਨਾਲ ਕੇਸ ਬਗੈਰਾ ਚੱਲਦਾ ਹੈ ਤੇ ਮੌਜੂਦਾ ਸਮੇਂ ਇਹ ਔਰਤ ਕਿਸੇ ਭੋਡੀਪੁਰਾ ਦੇ ਸਖਸ਼ ਨਾਲ ਭਗਤਾ ਭਾਈ ਕਾ ਦੇ ਬਾਜਾਖਾਨਾ ਰੋਡ 'ਤੇ ਪੈਂਦੀ ਡਰੇਨ ਦੀ ਪਟੜੀ ਤੇ ਰਹਿ ਰਹੀ ਸੀ। ਗ੍ਰਿਫਤਾਰ ਔਰਤ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਅਗਲੇ ਪਿਛਲੇ ਸੰਬੰਧਾਂ ਦੀ ਜਾਂਚ ਕੀਤੀ ਜਾਵੇਗੀ।

## ਮੋਬਾਇਲ ਚੋਰੀ ਦੇ ਸ਼ੱਕ ਹੇਠ ਨੌਜਵਾਨ ਦਾ ਕਤਲ, ਚਾਰ ਖ਼ਿਲਾਫ਼ ਮਾਮਲਾ ਦਰਜ

**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਮੋਬਾਈਲ ਫ਼ੋਨ ਚੋਰੀ ਦੇ ਸ਼ੱਕ ਵਿੱਚ ਇੱਕ 20 ਸਾਲਾ ਨੌਜਵਾਨ ਨੂੰ ਨਜਾਇਜ਼ ਹਿਰਾਸਤ ਵਿੱਚ ਰੱਖ ਕੇ ਬੇਰਹਿਮੀ ਨਾਲ ਕੁੱਟਮਾਰ ਕਰਨ ਤੇ ਇਲਾਜ ਦੌਰਾਨ ਉਸ ਦੀ ਮੌਤ ਹੋ ਜਾਣ ਦਾ ਸੰਜੀਦਾ ਮਾਮਲਾ ਸਾਹਮਣੇ ਆਇਆ ਹੈ।ਥਾਣਾ ਸਿਟੀ ਫ਼ਰੀਦਕੋਟ ਦੀ ਪੁਲਸ ਨੇ ਮ੍ਰਿਤਕ ਦੀ ਮਾਂ ਦੇ ਬਿਆਨਾਂ ਦੇ ਆਧਾਰ 'ਤੇ ਚਾਰ ਵਿਅਕਤੀਆਂ ਖ਼ਿਲਾਫ਼ ਕਤਲ ਸਮੇਤ ਭਾਰਤੀ ਨਿਆ ਸੰਹਿਤਾ (ਬੀ ਐੱਨ ਐੱਸ) ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ।ਮਿਲੀ ਜਾਣਕਾਰੀ ਅਨੁਸਾਰ ਸ਼ਹੀਦ ਬਲਵਿੰਦਰ ਸਿੰਘ ਨਗਰ ਫ਼ਰੀਦਕੋਟ ਦੀ ਰਹਿਣ ਵਾਲੀ ਮੀਨਾ ਕੌਰ ਨੇ ਪੁਲਸ ਕੋਲ ਬਿਆਨ ਦਰਜ ਕਰਵਾਇਆ ਕਿ 4 ਸਤੰਬਰ 2026 ਨੂੰ ਸਵੇਰੇ ਕਰੀਬ 4 ਵਜੇ ਗੁਆਂਢ 'ਚ ਰਹਿੰਦੇ ਬਲਵਿੰਦਰ ਸਿੰਘ, ਉਸ ਦੇ ਦੋ ਲੜਕੇ ਵਰਿੰਦਰ ਸਿੰਘ ਉਰਫ਼ ਕਾਲਾ, ਅਤਿੰਦਰ ਸਿੰਘ ਉਰਫ਼ ਗਗਨ ਤੇ ਅਜੇ ਸਿੰਘ ਉਰਫ਼ ਭਜਨ ਉਸ ਦੇ ਲੜਕੇ ਹਰਪ੍ਰੀਤ ਸਿੰਘ ਨੂੰ ਆਪਣੇ ਘਰ ਬੁਲਾ ਕੇ ਲੈ ਗਏ। ਉੱਥੇ ਉਨ੍ਹਾਂ ਨੇ ਹਰਪ੍ਰੀਤ 'ਤੇ ਮੋਬਾਈਲ ਚੋਰੀ ਕਰਨ ਦਾ ਸ਼ੱਕ ਜਤਾਉਂਦੇ ਹੋਏ ਉਸ ਨੂੰ ਬੰਨ੍ਹ ਲਿਆ ਤੇ ਬੇਰਹਿਮੀ ਨਾਲ ਕੁੱਟਮਾਰ ਕੀਤੀ।ਮੁਦੱਈਆ ਅਨੁਸਾਰ ਜਦੋਂ ਉਹ ਆਪਣੇ ਦਿਓਰ ਸੁਖਪਾਲ ਸਿੰਘ ਨਾਲ ਲੜਕੇ ਨੂੰ ਛੁਡਵਾਉਣ ਗਈ ਤਾਂ ਮੁਲਜ਼ਮਾਂ ਨੇ ਉਨ੍ਹਾਂ ਨਾਲ ਗਾਲੀ-ਗਲੋਚ ਕਰਕੇ ਘਰੋਂ ਕੱਢ ਦਿੱਤਾ।ਮੁਲਜ਼ਮਾਂ ਨੇ ਹਰਪ੍ਰੀਤ ਨੂੰ ਦਿਨ ਭਰ ਨਜਾਇਜ਼ ਹਿਰਾਸਤ ਵਿੱਚ ਰੱਖ ਕੇ ਕੁੱਟਮਾਰ ਕੀਤੀ ਤੇ ਰਾਤ ਸਮੇਂ ਬੇਹੋਸ਼ੀ ਦੀ ਹਾਲਤ ਵਿੱਚ ਉਨ੍ਹਾਂ ਦੇ ਘਰ ਅੱਗੇ ਸੁੱਟ ਕੇ ਫ਼ਰਾਰ ਹੋ ਗਏ।ਗੰਭੀਰ ਹਾਲਤ ਵਿੱਚ ਹਰਪ੍ਰੀਤ ਸਿੰਘ ਨੂੰ 5 ਸਤੰਬਰ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਫ਼ਰੀਦਕੋਟ ਵਿਖੇ ਦਾਖਲ ਕਰਵਾਇਆ ਗਿਆ।ਹਾਲਤ ਨਾਜ਼ੁਕ ਹੋਣ ਕਾਰਨ ਇਲਾਜ ਦੌਰਾਨ 10 ਸਤੰਬਰ ਦੀ ਰਾਤ ਨੂੰ ਉਸ ਦੀ ਮੌਤ ਹੋ ਗਈ।ਥਾਣਾ ਸਿਟੀ ਫ਼ਰੀਦਕੋਟ ਦੀ ਪੁਲਸ ਨੇ ਮੀਨਾ ਕੌਰ ਦੇ ਬਿਆਨਾਂ 'ਤੇ ਮੁਲਜ਼ਮ ਬਲਵਿੰਦਰ ਸਿੰਘ, ਵਰਿੰਦਰ ਸਿੰਘ ਉਰਫ਼ ਕਾਲਾ, ਅਤਿੰਦਰ ਸਿੰਘ ਉਰਫ਼ ਗਗਨ ਤੇ ਅਜੇ ਸਿੰਘ ਉਰਫ਼ ਭਜਨ ਖ਼ਿਲਾਫ਼ ਬੀ ਐੱਨ ਐੱਸ ਦੀਆਂ ਧਾਰਾਵਾਂ 103(1) (ਕਤਲ), 127(2), 351(2) ਤੇ 3(5) ਤਹਿਤ ਮੁਕੱਦਮਾ ਨੰਬਰ 0463 ਦਰਜ ਕਰ ਲਿਆ ਹੈ।ਮਾਮਲੇ ਦੀ ਅਗਲੇਰੀ ਤਫ਼ਤੀਸ਼ ਏ.ਐੱਸ.ਆਈ. ਅਕਲਪ੍ਰੀਤ ਸਿੰਘ ਵੱਲੋਂ ਕੀਤੀ ਜਾ ਰਹੀ ਹੈ।

## ਵਕੀਲਾਂ ਦੀਆਂ ਚੋਣਾਂ 'ਚ ਵਿਕਰਮ ਬੇਰੀ ਬਣੇ ਪ੍ਰਧਾਨ



**ਜਗਰਾਉਂ (ਸੰਜੀਵ ਅਰੋੜਾ, ਨਛੱਤਰ ਸੰਧੂ)**-ਜਗਰਾਉਂ ਦੀ ਬਾਰ ਐਸੋਸੀਏਸ਼ਨ ਦੀਆਂ ਚੋਣਾਂ ਲਈ ਸ਼ੁੱਕਰਵਾਰ ਨੂੰ ਪਈਆਂ ਵੋਟਾਂ ਦੇ ਨਤੀਜੇ ਸਾਹਮਣੇ ਆ ਚੁੱਕੇ ਹਨ। ਕੁੱਲ 168 ਵੋਟਾਂ ਵਿੱਚੋਂ 159 ਵੋਟਾਂ ਪੋਲ ਹੋਈਆਂ, ਜਿਨ੍ਹਾਂ ਵਿੱਚੋਂ ਐਡਵੋਕੇਟ ਵਿਕਰਮ ਬੇਰੀ 92 ਵੋਟਾਂ ਹਾਸਲ ਕਰਕੇ ਸ਼ਾਨਦਾਰ ਜਿੱਤ ਦਰਜ ਕਰਦਿਆਂ ਪ੍ਰਧਾਨ ਚੁਣੇ ਗਏ ਹਨ। ਇਸ ਚੋਣ ਵਿੱਚ ਐਡਵੋਕੇਟ ਸੁਰਿੰਦਰ ਗਿੰਦਰਾ ਨੂੰ 33 ਵੋਟਾਂ ਤੇ ਐਡਵੋਕੇਟ ਪ੍ਰਵੀਨ ਮਲਹੋਤਰਾ ਨੂੰ 32 ਵੋਟਾਂ ਪਈਆਂ। ਇਸ ਜਿੱਤ ਦੇ ਨਾਲ ਹੀ ਐਡਵੋਕੇਟ ਸੁਰਿੰਦਰਪਾਲ ਸਿੰਘ ਗਿੰਦਰਾ ਦੀ ਪਿੱਛਲੀਆਂ ਚੋਣਾਂ ਸਮੇਤ ਹਾਰ ਦੀ ਹੈਟ੍ਰਿਕ ਲੱਗ ਗਈ ਹੈ। ਇਸ ਮੌਕੇ ਐਡਵੋਕੇਟ ਸੁਰਿੰਦਰਪਾਲ ਸਿੰਘ ਮੀਤ ਪ੍ਰਧਾਨ ਤੇ ਐਡਵੋਕੇਟ ਇੰਦਰਜੀਤ ਸਿੰਘ ਢੋਲਣ ਸੈਕਟਰੀ ਬਣੇ ਹਨ। ਇਸ ਤੋਂ ਇਲਾਵਾ ਐਡਵੋਕੇਟ ਦਸ਼ਵਿੰਦਰ ਸਿੰਘ ਐਗਜ਼ੈਕਟਿਵ ਮੈਂਬਰ ਬਣੇ ਹਨ। ਇਸ ਤੋਂ ਇਲਾਵਾ ਬਿਨਾਂ ਮੁਕਾਬਲਿਆਂ 'ਚੋਂ ਸਹਾਇਕ ਮੀਤ ਪ੍ਰਧਾਨ (ਮਹਿਲਾ ਰਾਖਵਾਂ) ਐਡਵੋਕੇਟ ਉਮਾ ਬਾਵਾ, ਜੁਆਇੰਟ ਸੈਕਟਰੀ (ਮਹਿਲਾ ਰਾਖਵਾਂ) ਐਡਵੋਕੇਟ ਦ੍ਰਿਪਨ ਸਾਹਨੀ, ਐਗਜ਼ੀਕਿਊਟਿਵ ਮੈਂਬਰ (ਮਹਿਲਾ ਰਾਖਵਾਂ) ਐਡਵੋਕੇਟ ਖੁਸ਼ਪ੍ਰੀਤ ਕੌਰ ਬਣੇ। ਚੋਣ ਨਤੀਜਿਆਂ ਤੋਂ ਬਾਅਦ ਐਡਵੋਕੇਟ ਮਹਿੰਦਰ ਸਿੰਘ ਸਿੱਧੂ, ਐਡਵੋਕੇਟ ਸੰਦੀਪ ਗੁਪਤਾ ਤੇ ਐਡਵੋਕੇਟ ਹਿਮਾਂਸ਼ੂ ਮਲਿਕ ਨੇ ਜੇਤੂ ਬਾਰ ਮੈਂਬਰਾਂ ਨੂੰ ਵਧਾਈ ਦਿੱਤੀ ਤੇ ਸ਼ਾਂਤਮਈ ਢੰਗ ਨਾਲ ਚੋਣਾਂ ਨੇਪਰੇ ਚਾੜ੍ਹਨ ਲਈ ਸਮੁੱਚੀ ਬਾਰ ਐਸੋਸੀਏਸ਼ਨ ਦਾ ਧੰਨਵਾਦ ਕੀਤਾ।

## ਵਾਰਡ ਨੰਬਰ 15 ਦੀ ਤਰੱਕੀ ਲਈ ਦਿਨ-ਰਾਤ ਜੁਟੀ ਕੌਂਸਲਰ ਰਜਨੀ ਚੋਪੜਾ ਤੇ ਸ਼ੰਟੀ ਚੋਪੜਾ ਦੀ ਜੋੜੀ



**ਜਗਰਾਉਂ (ਅਮਿਤ ਖੰਨਾ)**-ਵਾਰਡ ਨੰਬਰ 15 ਤੋਂ ਕੌਂਸਲਰ ਰਜਨੀ ਚੋਪੜਾ ਤੇ ਉਨ੍ਹਾਂ ਦੇ ਪਤੀ ਤੇ ਭਾਜਪਾ ਜਗਰਾਉਂ ਦੇ ਜਨਰਲ ਸਕੱਤਰ ਸ਼ੰਟੀ ਚੋਪੜਾ ਵੱਲੋਂ ਵਾਰਡ ਦੀ ਸੇਵਾ ਤੇ ਵਿਕਾਸ ਕਾਰਜਾਂ ਨੂੰ ਲੈ ਕੇ ਲਗਾਤਾਰ ਸਰਗਰਮੀ ਦਿਖਾਈ ਜਾ ਰਹੀ ਹੈ।ਉਨ੍ਹਾਂ ਵੱਲੋਂ ਵਾਰਡ ਨੂੰ ਸਾਫ਼-ਸੁਥਰਾ, ਸੁੰਦਰ ਤੇ ਬਿਹਤਰ ਬਣਾਉਣ ਲਈ ਦਿਨ-ਰਾਤ ਮਿਹਨਤ ਕੀਤੀ ਜਾ ਰਹੀ ਹੈ।ਸ਼ੰਟੀ ਚੋਪੜਾ ਨੇ ਕਿਹਾ ਕਿ ਪਿਛਲੇ ਤਿੰਨ ਮਹੀਨਿਆਂ ਦੌਰਾਨ ਉਹ ਇੱਕ ਦਿਨ ਵੀ ਟਿਕ ਕੇ ਨਹੀਂ ਬੈਠੇ, ਸਗੋਂ ਵਾਰਡ ਵਾਸੀਆਂ ਦੀਆਂ ਸਮੱਸਿਆਵਾਂ ਨੂੰ ਸੁਣਨ ਤੇ ਉਨ੍ਹਾਂ ਦੇ ਹੱਲ ਲਈ ਲਗਾਤਾਰ ਮੈਦਾਨ ਵਿੱਚ ਕੰਮ ਕਰ ਰਹੇ ਹਨ।ਵਾਰਡ ਦੀਆਂ ਵੱਖ-ਵੱਖ ਗਲੀਆਂ ਤੇ ਮੁਹੱਲਿਆਂ ਵਿੱਚ ਮੁਰੰਮਤ ਦੇ ਕੰਮ ਕਰਵਾਏ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਸੜਕਾਂ 'ਤੇ ਬੈਠ ਚੁੱਕੀਆਂ ਟਾਈਲਾਂ, ਨਾਲੀਆਂ ਦੇ ਟੁੱਟੇ ਕਿਨਾਰੇ, ਸੀਵਰੇਜ ਦੇ ਟੁੱਟੇ ਢੱਕਣ ਤੇ ਤਾਰਾਂ ਦੇ ਜੰਜਾਲ ਵਰਗੀਆਂ ਸਮੱਸਿਆਵਾਂ ਨੂੰ ਦੂਰ ਕਰਨ ਦੇ ਨਾਲ-ਨਾਲ ਸਫ਼ਾਈ, ਸਟਰੀਟ ਲਾਈਟਾਂ ਤੇ ਵਾਟਰ ਸਪਲਾਈ ਵਰਗੀਆਂ ਬੁਨਿਆਦੀ ਸਹੂਲਤਾਂ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।ਸ਼ੰਟੀ ਚੋਪੜਾ ਨੇ ਕਿਹਾ ਕਿ ਵਾਰਡ ਵਾਸੀਆਂ ਨੇ ਸਾਨੂੰ ਸੇਵਾ ਕਰਨ ਦਾ ਮੌਕਾ ਦਿੱਤਾ ਹੈ।ਅਸੀਂ ਇਸ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ, ਮਿਹਨਤ ਤੇ ਤਨਦੇਹੀ ਨਾਲ ਨਿਭਾਉਂਦੇ ਰਹਾਂਗੇ।ਉਨ੍ਹਾਂ ਕਿਹਾ ਕਿ ਵਾਰਡ ਨੰਬਰ 15 ਨੂੰ ਵਿਕਾਸ ਪੱਖੋਂ ਇੱਕ ਬਿਹਤਰ ਵਾਰਡ ਬਣਾਉਣਾ ਉਨ੍ਹਾਂ ਦਾ ਮੁੱਖ ਟੀਚਾ ਹੈ ਤੇ ਵਾਰਡ ਵਾਸੀਆਂ ਦੀਆਂ ਸਮੱਸਿਆਵਾਂ ਦਾ ਹੱਲ ਕਰਵਾਉਣ ਲਈ ਹਰ ਸੰਭਵ ਯਤਨ ਜਾਰੀ ਰਹੇਗਾ।

## ਐਕਸਿਸ ਬੈਂਕ 'ਚ ਪੈਸੇ ਜਮ੍ਹਾਂ ਕਰਵਾਉਣ ਆਈਆਂ ਕੁੜੀਆਂ ਨਾਲ ਧੋਖਾਧੜੀ ਕਰਨ ਦਾ ਦੋਸ਼

### ਪੈਸੇ ਵਾਪਸ ਨਾ ਮਿਲਣ 'ਤੇ ਕੇ ਕੇ ਯੂ ਵੱਲੋਂ ਸੰਘਰਸ਼ ਦੀ ਚਿਤਾਵਨੀ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਐਕਸਿਸ ਬੈਂਕ ਮਾਲ ਰੋਡ ਫਿਰੋਜ਼ਪੁਰ ਵਿੱਚ ਪੈਸੇ ਜਮ੍ਹਾਂ ਕਰਵਾਉਣ ਆਈਆਂ ਅਮਨਦੀਪ ਤੇ ਵੀਰਪਾਲ ਵੱਲੋਂ ਬੈਂਕ ਦੇ ਇੱਕ ਮੁਲਾਜ਼ਮ 'ਤੇ ਕਥਿਤ ਤੌਰ 'ਤੇ ਪੈਸਿਆਂ ਸਬੰਧੀ ਧੋਖਾਧੜੀ ਕਰਨ ਦੇ ਦੋਸ਼ ਲਗਾਏ ਗਏ ਹਨ। ਪੀੜਤਾਂ ਵੱਲੋਂ ਇਸ ਮਾਮਲੇ ਸਬੰਧੀ ਬੈਂਕ ਮੈਨੇਜਰ ਨੂੰ ਲਿਖਤੀ ਸ਼ਿਕਾਇਤ ਦੇ ਕੇ ਆਪਣੇ ਪੈਸੇ ਵਾਪਸ ਕਰਵਾਉਣ ਦੀ ਮੰਗ ਕੀਤੀ ਗਈ ਹੈ। ਪੀੜਤ ਕੁੜੀਆਂ ਨੇ ਦੱਸਿਆ ਕਿ ਉਹ ਬੈਂਕ ਵਿੱਚ ਪੈਸੇ ਜਮ੍ਹਾਂ ਕਰਵਾਉਣ ਲਈ ਆਈਆਂ ਸਨ। ਇਸ ਦੌਰਾਨ ਬੈਂਕ ਦੇ ਇੱਕ ਮੁਲਾਜ਼ਮ ਵੱਲੋਂ ਉਨ੍ਹਾਂ ਤੋਂ ਪੈਸੇ ਲੈ ਕੇ ਪਾਲਿਸੀ ਸਬੰਧੀ ਐਂਟਰੀ ਕਰ ਦਿੱਤੀ ਗਈ।

ਬਾਅਦ ਵਿੱਚ ਜਦੋਂ ਉਨ੍ਹਾਂ ਨੂੰ ਆਪਣੇ ਪੈਸਿਆਂ ਦੀ ਲੋੜ ਪਈ ਤੇ ਉਨ੍ਹਾਂ ਨੇ ਪੈਸੇ ਵਾਪਸ ਮੰਗੇ ਤਾਂ ਉਨ੍ਹਾਂ ਨੂੰ ਆਪਣੇ ਨਾਲ ਹੋਈ ਕਥਿਤ ਧੋਖਾਧੜੀ ਦਾ ਪਤਾ ਲੱਗਾ। ਉਨ੍ਹਾਂ ਕਿਹਾ ਕਿ ਉਹ ਇਸ ਮਾਮਲੇ ਸਬੰਧੀ ਕਈ ਵਾਰ ਬੈਂਕ ਮੈਨੇਜਰ ਨਾਲ ਸੰਪਰਕ ਕਰ ਚੁੱਕੀਆਂ ਹਨ ਤੇ ਲਿਖਤੀ ਰੂਪ ਵਿੱਚ ਵੀ ਪੈਸੇ ਵਾਪਸ ਕਰਨ ਦੀ ਮੰਗ ਕਰ ਚੁੱਕੀਆਂ ਹਨ, ਪਰ ਅਜੇ ਤੱਕ ਉਨ੍ਹਾਂ ਨੂੰ ਪੈਸੇ ਵਾਪਸ ਨਹੀਂ ਮਿਲੇ। ਪੀੜਤਾਂ ਨੇ ਹੁਣ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੇ ਆਗੂਆਂ ਨਾਲ ਸੰਪਰਕ ਕਰਕੇ ਇਨਸਾਫ਼ ਦਿਵਾਉਣ ਲਈ ਸਹਿਯੋਗ ਦੀ ਮੰਗ ਕੀਤੀ ਹੈ। ਯੂਨੀਅਨ ਆਗੂਆਂ ਨੇ ਬੈਂਕ ਪ੍ਰਬੰਧਕਾਂ ਤੋਂ ਮੰਗ ਕੀਤੀ ਹੈ ਕਿ ਪੀੜਤਾਂ ਦੇ ਪੈਸੇ ਤੁਰੰਤ ਵਾਪਸ ਕਰਵਾਏ ਜਾਣ ਤੇ ਧੋਖਾ ਕਰਨ ਵਾਲੇ ਮੁਲਾਜ਼ਮ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ।

ਯੂਨੀਅਨ ਨੇ ਚਿਤਾਵਨੀ ਦਿੱਤੀ ਕਿ ਜੇਕਰ ਇੱਕ ਹਫ਼ਤੇ ਦੇ ਅੰਦਰ ਪੀੜਤਾਂ ਦੇ ਪੈਸੇ ਵਾਪਸ ਨਾ ਕੀਤੇ ਗਏ ਤਾਂ ਬੈਂਕ ਦੇ ਬਾਹਰ ਰੋਸ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਣਾ ਪਵੇਗਾ। ਇਸ ਮੌਕੇ ਅਵਤਾਰ ਸਿੰਘ ਮਹਿਮਾਂ, ਗੁਰਜੰਟ ਸਿੰਘ ਸਾਂਦੇ ਹਾਸ਼ਮ, ਜਸਵੀਰ ਸਿੰਘ ਮੱਲਵਾਲ, ਗੁਰਸਿਮਰਨ ਸਿੰਘ ਝੋਕ ਤੋਂ ਇਲਾਵਾ ਹੋਰ ਆਗੂ ਮੌਜੂਦ ਹਨ।

## ਹਡਾਣਾ ਦੀ ਅਗਵਾਈ 'ਚ ਕਈ ਪਰਵਾਰ 'ਆਪ' 'ਚ ਸ਼ਾਮਲ



**ਸਨੌਰ (ਰਾਜਿੰਦਰ ਸਿੰਘ ਥਿੰਦ)**-ਆਮ ਆਦਮੀ ਪਾਰਟੀ ਦੇ ਹਲਕਾ ਸਨੌਰ ਇੰਚਾਰਜ ਸਰਦਾਰ ਰਣਜੋਧ ਸਿੰਘ ਹਡਾਣਾ ਵੱਲੋਂ ਹਲਕੇ ਵਿੱਚ ਕਰਵਾਏ ਜਾ ਰਹੇ ਬੇਮਿਸਾਲ ਵਿਕਾਸ ਕਾਰਜਾਂ ਸਦਕਾ ਪਿੰਡ ਸੁਨਿਆਰਹੇੜੀ ਵਿਖੇ ਵਿਰੋਧੀ ਧਿਰਾਂ ਨੂੰ ਉਸ ਵੇਲੇ ਵੱਡਾ ਸਿਆਸੀ ਝਟਕਾ ਲੱਗਾ, ਜਦੋਂ ਦਰਜਨਾਂ ਪਰਿਵਾਰ ਰਵਾਇਤੀ ਪਾਰਟੀਆਂ ਨੂੰ ਅਲਵਿਦਾ ਆਖ ਕੇ ਹਡਾਣਾ ਜੀ ਦੀ ਮੌਜੂਦਗੀ ਵਿੱਚ 'ਆਪ' ਦਾ ਪੱਲਾ ਫੜ ਗਏ। ਪਿੰਡ ਪਹੁੰਚਣ 'ਤੇ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਨਵੇਂ ਸ਼ਾਮਲ ਹੋਏ ਸਮੂਹ ਸਾਥੀਆਂ ਦਾ ਸਿਰੋਪਾਓ ਪਾ ਕੇ ਪਾਰਟੀ ਪਰਿਵਾਰ ਵਿੱਚ ਨਿੱਘਾ ਸਵਾਗਤ ਕੀਤਾ।ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਆਖਿਆ ਕਿ ਅੱਜ ਪੰਜਾਬ ਦਾ ਹਰ ਵਰਗ ਮਾਨ ਸਰਕਾਰ ਦੀ ਇਮਾਨਦਾਰ ਅਤੇ ਲੋਕ-ਹਿੱਤੂ ਕਾਰਜਸ਼ੈਲੀ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹੈ।ਇਸ ਮੌਕੇ ਸ਼ਾਮਲ ਹੋਏ ਆਗੂਆਂ ਨੇ ਵੀ ਭਰੋਸਾ ਦਿੱਤਾ ਕਿ ਉਹ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ।ਇਸ ਮੌਕੇ ਰਾਮ ਇੰਦਰ ਸਿੰਘ ਜਮਨਾ, ਬਲਵਿੰਦਰ ਸਿੰਘ, ਗੁਰਜੰਟ ਸਿੰਘ ਮੈਂਬਰ ਬਲਾਕ ਸੰਮਤੀ, ਜਗਜੀਤ ਸਿੰਘ ਬਲਾਕ ਪ੍ਰਧਾਨ, ਗੁਰਮੀਤ ਸਿੰਘ ਮੈਂਬਰ ਬਲਾਕ ਸੰਮਤੀ ਤੋਂ ਇਲਾਵਾ ਸੀਨੀਅਰ ਆਪ ਆਗੂ, ਵਲੰਟੀਅਰ ਤੇ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਜੁਡੀਸ਼ਲ ਬਾਰ ਐਸੋਸੀਏਸ਼ਨ ਬੁਢਲਾਡਾ ਦੀ ਚੋਣ, ਅਵਤਾਰ ਸਿੰਘ ਪ੍ਰਧਾਨ ਤੇ ਮਨਜਿੰਦਰ ਸਿੰਘ ਸੈਕਟਰੀ ਚੁਣੇ



**ਬਰੇਟਾ (ਰੀਤਵਾਲ)**-ਜੁਡੀਸ਼ਲ ਬਾਰ ਐਸੋਸੀਏਸ਼ਨ ਬੁਢਲਾਡਾ ਦੀ ਸਾਲਾਨਾ ਚੋਣ ਇੱਥੇ ਪੂਰੇ ਉਤਸ਼ਾਹ ਤੇ ਸ਼ਾਂਤੀਪੂਰਵਕ ਮਾਹੌਲ ਵਿੱਚ ਸੰਪੰਨ ਹੋਈ, ਜਿਸ ਵਿੱਚ ਅਵਤਾਰ ਸਿੰਘ ਸਿੱਧੂ ਨੂੰ ਐਸੋਸੀਏਸ਼ਨ ਦਾ ਨਵਾਂ ਪ੍ਰਧਾਨ, ਸੌਰਵ ਗੁਪਤਾ ਨੂੰ ਵਾਇਸ ਪ੍ਰਧਾਨ ਤੇ ਮਨਜਿੰਦਰ ਸਿੰਘ ਨੂੰ ਸੈਕਟਰੀ ਚੁਣਿਆ ਗਿਆ।ਚੋਣਾਂ ਦੌਰਾਨ ਵੱਡੀ ਗਿਣਤੀ ਵਿੱਚ ਵਕੀਲ ਸਾਹਿਬਾਨ ਹਾਜ਼ਰ ਹੋਏ ਤੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਦਿਆਂ ਨਵੀਂ ਕਾਰਜਕਾਰਨੀ ਦੀ ਚੋਣ ਕੀਤੀ।ਨਤੀਜਿਆਂ ਦੇ ਐਲਾਨ ਹੋਣ ਸਾਰ ਹੀ ਬਾਰ ਦੇ ਮੈਂਬਰਾਂ ਨੇ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਫੁੱਲ ਮਾਲਾਵਾਂ ਪਾ ਕੇ ਤੇ ਮਠਿਆਈਆਂ ਵੰਡ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ।ਨਵੇਂ ਚੁਣੇ ਗਏ ਪ੍ਰਧਾਨ ਅਵਤਾਰ ਸਿੰਘ ਨੇ ਆਪਣੇ ਸੰਬੋਧਨ ਵਿੱਚ ਸਮੂਹ ਵਕੀਲ ਸਾਹਿਬਾਨ ਦਾ ਧੰਨਵਾਦ ਕਰਦਿਆਂ ਭਰੋਸਾ ਦਿਵਾਇਆ ਕਿ ਉਹ ਬਾਰ ਦੇ ਹਿੱਤਾਂ ਦੀ ਰਾਖੀ ਤੇ ਭਲਾਈ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ।ਇਸ ਮੌਕੇ ਨਵੇਂ ਬਣੇ ਸੈਕਟਰੀ ਮਨਜਿੰਦਰ ਸਿੰਘ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।ਇਸ ਮੌਕੇ ਬਾਰ ਦੇ ਸੀਨੀਅਰ ਮੈਂਬਰਾਂ ਸਮੇਤ ਵੱਡੀ ਗਿਣਤੀ ਵਿੱਚ ਵਕੀਲ ਹਾਜ਼ਰ ਸਨ, ਜਿਨ੍ਹਾਂ ਨੇ ਨਵੀਂ ਟੀਮ ਨੂੰ ਸ਼ੁਭ-ਕਾਮਨਾਵਾਂ ਦਿੱਤੀਆਂ।

## ਐੱਸ ਐੱਸ ਪੀ ਦੇ ਨਿਰਦੇਸ਼ਾਂ 'ਤੇ ਟ੍ਰੈਫਿਕ ਪੁਲਸ ਨੇ ਕੱਸਿਆ ਸ਼ਿਕੰਜਾ



**ਖੰਨਾ (ਸੁਖਵਿੰਦਰ ਸਿੰਘ ਭਾਦਲਾ)**

ਪੁਲਸ ਜ਼ਿਲ੍ਹਾ ਖੰਨਾ ਵਿੱਚ ਟ੍ਰੈਫਿਕ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਤੇ ਆਮ ਲੋਕਾਂ ਨੂੰ ਪ੍ਰੈਸ਼ਰ ਹਾਰਨਾਂ ਨਾਲ ਹੋਣ ਵਾਲੀ ਆਵਾਜ਼ ਪ੍ਰਦੂਸ਼ਣ ਤੋਂ ਰਾਹਤ ਦਿਵਾਉਣ ਲਈ ਸੀਨੀਅਰ ਪੁਲਸ ਕਪਤਾਨ (ਐੱਸ.ਐੱਸ.ਪੀ.) ਖੰਨਾ ਡਾ. ਦਰਪਣ ਆਹਲੂਵਾਲੀਆ ਆਈ.ਪੀ.ਐੱਸ. ਵੱਲੋਂ ਲਏ ਗਏ ਸਖ਼ਤ ਰੁਖ਼ ਦੇ ਚੰਗੇ ਨਤੀਜੇ ਸਾਹਮਣੇ ਆਉਣ ਲੱਗੇ ਹਨ।ਐੱਸ.ਐੱਸ.ਪੀ. ਦੇ ਨਿਰਦੇਸ਼ਾਂ 'ਤੇ ਟ੍ਰੈਫਿਕ ਪੁਲਸ ਵੱਲੋਂ ਪ੍ਰੈਸ਼ਰ ਹਾਰਨ ਲਗਾਉਣ ਤੇ ਵਜਾਉਣ ਵਾਲੇ ਵਾਹਨ ਚਾਲਕਾਂ ਖ਼ਿਲਾਫ਼ 15 ਰੋਜ਼ਾ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ।ਮੁਹਿੰਮ ਦੀ ਸ਼ੁਰੂਆਤ 10 ਸਤੰਬਰ ਤੋਂ ਕੀਤੀ ਗਈ ਤੇ ਪਹਿਲੇ ਹੀ ਦੋ ਦਿਨਾਂ ਵਿੱਚ ਪੁਲਸ ਵੱਲੋਂ ਇੱਕ ਦਰਜਨ ਤੋਂ ਵੱਧ ਵਾਹਨਾਂ ਦੇ ਚਲਾਨ ਕੱਟ ਕੇ ਪ੍ਰੈਸ਼ਰ ਹਾਰਨ ਜ਼ਬਤ ਕੀਤੇ ਗਏ ਹਨ।ਐੱਸ.ਐੱਸ.ਪੀ. ਡਾ. ਦਰਪਣ ਆਹਲੂਵਾਲੀਆ ਦੀ ਕਾਰਜਸ਼ੈਲੀ ਦੀ ਖਾਸ ਗੱਲ ਇਹ ਹੈ ਕਿ ਉਹ ਆਮ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਲੈ ਕੇ ਉਨ੍ਹਾਂ ਦੇ ਹੱਲ ਲਈ ਮੌਕੇ 'ਤੇ ਹੀ ਪ੍ਰਭਾਵਸ਼ਾਲੀ ਕਦਮ ਚੁੱਕਣ 'ਤੇ ਜ਼ੋਰ ਦੇ ਰਹੇ ਹਨ।ਪ੍ਰੈਸ਼ਰ ਹਾਰਨਾਂ ਸਬੰਧੀ ਲਗਾਤਾਰ ਮਿਲ ਰਹੀਆਂ ਸ਼ਿਕਾਇਤਾਂ ਤੋਂ ਬਾਅਦ ਪੁਲਸ ਵੱਲੋਂ ਚਲਾਈ ਗਈ ਇਹ ਮੁਹਿੰਮ ਵੀ ਇਸੇ ਸੋਚ ਦਾ ਹਿੱਸਾ ਮੰਨੀ ਜਾ ਰਹੀ ਹੈ।ਡੀ.ਐੱਸ.ਪੀ (ਟ੍ਰੈਫਿਕ) ਕਰਮਵੀਰ ਸਿੰਘ ਤੂਰ ਨੇ ਦੱਸਿਆ ਕਿ ਐੱਸ.ਐੱਸ.ਪੀ. ਡਾ. ਦਰਪਣ ਆਹਲੂਵਾਲੀਆ ਦੇ ਹੁਕਮਾਂ ਅਨੁਸਾਰ ਇਹ ਮੁਹਿੰਮ ਸਬ-ਡਵੀਜ਼ਨ ਖੰਨਾ, ਪਾਇਲ ਤੇ ਸਮਰਾਲਾ ਵਿੱਚ ਇੱਕੋ ਸਮੇਂ ਚਲਾਈ ਜਾ ਰਹੀ ਹੈ।15 ਦਿਨਾਂ ਤੱਕ ਚੱਲਣ ਵਾਲੀ ਇਸ ਮੁਹਿੰਮ ਦਾ ਮੁੱਖ ਮਕਸਦ ਪ੍ਰੈਸ਼ਰ ਹਾਰਨਾਂ ਦੀ ਵਰਤੋਂ 'ਤੇ ਪੂਰੀ ਤਰ੍ਹਾਂ ਰੋਕ ਲਗਾਉਣਾ ਹੈ।ਉਨ੍ਹਾਂ ਕਿਹਾ ਕਿ ਮੁਹਿੰਮ ਸਿਰਫ਼ 15 ਦਿਨਾਂ ਤੱਕ ਸੀਮਤ ਨਹੀਂ ਰਹੇਗੀ, ਸਗੋਂ ਇਸ ਤੋਂ ਬਾਅਦ ਵੀ ਸਮੇਂ-ਸਮੇਂ 'ਤੇ ਵਿਸ਼ੇਸ਼ ਚੈਕਿੰਗ ਕੀਤੀ ਜਾਵੇਗੀ।ਡੀ.ਐੱਸ.ਪੀ. ਕਰਮਵੀਰ ਸਿੰਘ ਤੂਰ ਨੇ ਕਿਹਾ ਕਿ ਪ੍ਰੈਸ਼ਰ ਹਾਰਨ ਦੀ ਵਰਤੋਂ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਹੈ ਤੇ ਇਸ ਮਾਮਲੇ ਵਿੱਚ ਪੁਲਸ ਕਿਸੇ ਵੀ ਤਰ੍ਹਾਂ ਦੀ ਢਿੱਲ ਨਹੀਂ ਵਰਤੇਗੀ। ਐੱਸ.ਐੱਸ.ਪੀ. ਡਾ. ਦਰਪਣ ਆਹਲੂਵਾਲੀਆ ਵੱਲੋਂ ਟ੍ਰੈਫਿਕ ਵਿਵਸਥਾ ਨੂੰ ਬਿਹਤਰ ਬਣਾਉਣ ਲਈ ਕੀਤੇ ਜਾ ਰਹੇ ਲਗਾਤਾਰ ਉਪਰਾਲਿਆਂ ਦੀ ਲੋਕਾਂ ਵੱਲੋਂ ਵੀ ਸ਼ਲਾਘਾ ਕੀਤੀ ਜਾ ਰਹੀ ਹੈ।

## ਪੰਜਾਬ 'ਚ 'ਆਪ' ਤੇ ਪੁਲਸ ਗਠਜੋੜ ਦਾ ਤਸ਼ੱਦਦ ਮੰਦਭਾਗਾ : ਸ਼ੁਭਮ ਸ਼ਰਮਾ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ)**-ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਸ਼ੁਭਮ ਸ਼ਰਮਾ ਨੇ ਸੂਬੇ ਦੀ ਮੌਜੂਦਾ ਆਮ ਆਦਮੀ ਪਾਰਟੀ ਸਰਕਾਰ ਤੇ ਪੁਲਸ ਪ੍ਰਸ਼ਾਸਨ 'ਤੇ ਤਿੱਖੇ ਹਮਲੇ ਕਰਦਿਆਂ ਆਖਿਆ ਕਿ ਪੰਜਾਬ ਅੰਦਰ ਕਾਨੂੰਨ-ਵਿਵਸਥਾ ਪੂਰੀ ਤਰ੍ਹਾਂ ਮੂਧੇ ਮੂੰਹ ਡਿੱਗ ਚੁੱਕੀ ਹੈ।ਦਿੜ੍ਹਬਾ ਹਲਕੇ ਦੇ ਪਿੰਡ ਤੁਰਬੰਨਜਾਰਾ ਦੇ ਵਾਸੀ ਗੁਲਜ਼ਾਰ ਸਿੰਘ ਵੱਲੋਂ ਕੀਤੀ ਗਈ ਆਤਮਹੱਤਿਆ ਤੇ ਸ. ਮੋਹਨਜੀਤ ਸਿੰਘ ਸ਼ੇਰੋਂ ਨਾਲ ਹੋਈ ਬੇਰਹਿਮ ਕੁੱਟਮਾਰ ਦੇ ਮਾਮਲਿਆਂ ਨੇ ਸਰਕਾਰ ਦੇ ਜਬਰ ਤੇ ਜ਼ੁਲਮ ਭਰੇ ਚਿਹਰੇ ਨੂੰ ਨੰਗਾ ਕਰ ਦਿੱਤਾ ਹੈ।ਇਹ ਦੋਵੇਂ ਘਟਨਾਵਾਂ ਅਤਿ ਗੰਭੀਰ, ਮੰਦਭਾਗੀਆਂ ਤੇ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੀਆਂ ਹਨ।ਸ਼ੁਭਮ ਸ਼ਰਮਾ ਨੇ ਦੱਸਿਆ ਕਿ ਗੁਲਜ਼ਾਰ ਸਿੰਘ ਦੇ ਪੁੱਤਰ ਨੇ ਇਲਾਕੇ ਵਿੱਚ ਫੈਲੇ ਨਸ਼ਿਆਂ ਦੇ ਮੁੱਖ ਮਸਲੇ ਨੂੰ ਲੈ ਕੇ ਸੂਬੇ ਦੇ ਵਿੱਤ ਮੰਤਰੀ ਨਾਲ ਸਿੱਧੀ ਗੱਲਬਾਤ ਕੀਤੀ ਸੀ।ਪ੍ਰੰਤੂ ਇਸ ਤੋਂ ਬਾਅਦ ਜਿਸ ਤਰ੍ਹਾਂ ਹਾਲਾਤ ਬਦਲੇ, ਉਹ ਸਰਕਾਰ ਦੀ ਮੰਦਭਾਵਨਾ ਨੂੰ ਸਪੱਸ਼ਟ ਦਰਸਾਉਂਦੇ ਹਨ।ਉਨ੍ਹਾਂ ਚੇਤਾਵਨੀ ਦਿੱਤੀ ਕਿ ਪੰਜਾਬ ਪਹਿਲਾਂ ਹੀ ਕਈ ਦੌਰਾਂ ਦੀਆਂ ਤ੍ਰਾਸਦੀਆਂ ਸਹਿ ਚੁੱਕਾ ਹੈ।ਲੋਕਾਂ ਨੂੰ ਇੰਨਾ ਨਾ ਤੜਫਾਇਆ ਜਾਵੇ ਕਿ ਉਨ੍ਹਾਂ ਦਾ ਅਦਾਲਤਾਂ ਤੇ ਇਨਸਾਫ਼ ਤੋਂ ਵਿਸ਼ਵਾਸ ਹੀ ਉੱਠ ਜਾਵੇ।ਯੂਥ ਕਾਂਗਰਸ ਪੀੜਤ ਪਰਵਾਰਾਂ ਦੇ ਨਾਲ ਚਟਾਨ ਵਾਂਗ ਖੜ੍ਹੀ ਹੈ ਤੇ ਇਸ ਧੱਕੇਸ਼ਾਹੀ ਵਿਰੁੱਧ ਹਰ ਪੱਧਰ 'ਤੇ ਆਵਾਜ਼ ਬੁਲੰਦ ਕਰੇਗੀ।

## ਅਕਾਲੀ ਦਲ 'ਚ ਸ਼ਾਮਲ ਹੋਏ ਨੌਜਵਾਨਾਂ ਦਾ ਅਰਵਿੰਦ ਖੰਨਾ ਵੱਲੋਂ ਸਨਮਾਨ




**ਭਵਾਨੀਗੜ੍ਹ (ਰਾਜ ਖੁਰਮੀ)**-ਸ਼੍ਰੋਮਣੀ ਅਕਾਲੀ ਦਲ ਨੂੰ ਉਸ ਸਮੇਂ ਵੱਡਾ ਬਲ ਮਿਲਿਆ, ਜਦੋਂ ਪਿੰਡ ਰਾਮਪੁਰਾ ਦੇ ਜਸਕਰਨ ਸਿੰਘ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਨੀਤੀਆਂ ਤੋਂ ਤੰਗ ਆ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ।ਸਥਾਨਕ ਉਮੀਦ ਦਫਤਰ ਵਿਖੇ ਹੋਏ ਸਮਾਗਮ ਦੌਰਾਨ ਹਲਕਾ ਇੰਚਾਰਜ ਅਰਵਿੰਦ ਖੰਨਾ ਨੇ ਪਾਰਟੀ ਵਿੱਚ ਸ਼ਾਮਲ ਹੋਏ ਨੌਜਵਾਨਾਂ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਤੇ ਉਨ੍ਹਾਂ ਨੂੰ ਪਾਰਟੀ ਵਿੱਚ ਬਣਦਾ ਮਾਣ-ਸਨਮਾਨ ਦੇਣ ਦਾ ਭਰੋਸਾ ਦਿੱਤਾ।ਇਸ ਮੌਕੇ ਪਾਰਟੀ ਵਿੱਚ ਸ਼ਾਮਲ ਹੋਏ ਨੌਜਵਾਨਾਂ ਨੇ ਅਰਵਿੰਦ ਖੰਨਾ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੀਆਂ ਲੋਕ-ਹਿਤੈਸ਼ੀ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਲਈ ਸਰਗਰਮੀ ਨਾਲ ਕੰਮ ਕਰਨਗੇ।ਇਸ ਮੌਕੇ ਕਰਮਜੀਤ ਸਿੰਘ, ਗਗਨਦੀਪ ਸਿੰਘ, ਗੁਰਸੇਵਕ ਸਿੰਘ, ਗੁਰਪ੍ਰੀਤ ਸਿੰਘ, ਜਗਦੀਪ ਸਿੰਘ, ਸੁਖਚੈਨ ਸਿੰਘ, ਜਤਿੰਦਰ ਸਿੰਘ, ਗੁਰਦੇਵ ਸਿੰਘ, ਨਰਿੰਦਰ ਸਿੰਘ, ਰਾਣਾ ਸਿੰਘ ਅਤੇ ਮਾਨ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਨੌਜਵਾਨ ਹਾਜ਼ਰ ਸਨ। ਇਸ ਤੋਂ ਇਲਾਵਾ ਧਰਮਿੰਦਰ ਸਿੰਘ ਦੁੱਲਟ ਮੈਂਬਰ ਪੀ.ਏ.ਸੀ., ਲਖਵੀਰ ਸਿੰਘ ਸਾਬਕਾ ਸਰਪੰਚ ਲੱਖੇਵਾਲ, ਨਰਦੀਪ ਸਿੰਘ ਨਿੱਪਾ ਜਨਰਲ ਸਕੱਤਰ ਯੂਥ ਅਕਾਲੀ ਦਲ ਪੰਜਾਬ ਤੇ ਵੱਡੀ ਗਿਣਤੀ ਵਿੱਚ ਅਕਾਲੀ ਵਰਕਰ ਮੌਜੂਦ ਸਨ।

## ਬਾਬਾ ਫਰੀਦ ਜੀ ਬਲੱਡ ਸੇਵਾ ਸੁਸਾਇਟੀ ਵੱਲੋਂ ਖੂਨਦਾਨ ਕੈਂਪ




**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਬਾਬਾ ਫਰੀਦ ਜੀ ਬਲੱਡ ਸੇਵਾ ਸੁਸਾਇਟੀ ਫਰੀਦਕੋਟ ਵੱਲੋਂ ਮੇਲਾ ਖੂਨਦਾਨੀਆਂ ਦਾ ਵਿਸ਼ਾਲ ਖੂਨਦਾਨ ਕੈਂਪ ਲਗਾਇਆ ਗਿਆ, ਜਿਸ ਵਿੱਚ ਵਿਧਾਇਕ ਸ. ਗੁਰਦਿੱਤ ਸਿੰਘ ਸੇਖੋਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਵਿਧਾਇਕ ਸੇਖੋਂ ਨੇ ਕਿਹਾ ਕਿ ਉਹ ਖੁਦ ਖੂਨ ਦਾਨ ਕਰਕੇ ਆਪਣਾ ਬਣਦਾ ਸਹਿਯੋਗ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਖੂਨ ਦਾਨ ਮਨੁੱਖਤਾ ਦੀ ਸੇਵਾ ਦਾ ਇੱਕ ਮਹੱਤਵਪੂਰਨ ਜ਼ਰੀਆ ਹੈ।ਲੋੜ ਸਮੇਂ ਕਿਸੇ ਮਰੀਜ਼ ਨੂੰ ਖੂਨ ਉਪਲਬਧ ਹੋਣਾ ਉਸ ਦੀ ਜ਼ਿੰਦਗੀ ਲਈ ਬਹੁਤ ਮਹੱਤਵਪੂਰਨ ਹੋ ਸਕਦਾ ਹੈ।ਹਾਦਸਿਆਂ ਵਿੱਚ ਜ਼ਖ਼ਮੀ ਲੋਕਾਂ, ਗੰਭੀਰ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਤੇ ਆਪ੍ਰੇਸ਼ਨਾਂ ਦੌਰਾਨ ਕਈ ਵਾਰ ਖੂਨ ਦੀ ਲੋੜ ਪੈਂਦੀ ਹੈ।ਅਜਿਹੇ ਹਾਲਾਤ ਵਿੱਚ ਸਵੈ-ਇੱਛਾ ਨਾਲ ਕੀਤਾ ਖੂਨ ਦਾਨ ਲੋੜਵੰਦਾਂ ਲਈ ਬਹੁਤ ਮਦਦਗਾਰ ਸਾਬਿਤ ਹੁੰਦਾ ਹੈ।ਉਨ੍ਹਾਂ ਕਿਹਾ ਕਿ ਇੱਕ ਸਿਹਤਮੰਦ ਵਿਅਕਤੀ ਹਰ 3 ਮਹੀਨੇ ਬਾਅਦ ਖੂਨ ਦਾਨ ਕਰ ਸਕਦਾ ਹੈ ਤੇ ਖੂਨ ਦਾਨ ਕਰਨ ਉਪਰੰਤ 48 ਘੰਟੇ ਬਾਅਦ ਹੀ ਖੂਨ ਦੇ ਸੈੱਲ ਬਣਨੇ ਸ਼ੁਰੂ ਹੋ ਜਾਂਦੇ ਹਨ।ਉਨ੍ਹਾਂ ਕਿਹਾ ਕਿ ਖੂਨ ਦਾਨ ਜਿੱਥੇ ਕਿਸੇ ਲੋੜਵੰਦ ਨੂੰ ਨਵੀਂ ਜ਼ਿੰਦਗੀ ਬਖ਼ਸ਼ਦਾ ਹੈ, ਉਥੇ ਹੀ ਖੂਨ ਦਾਨ ਕਰਨ ਵਾਲੇ ਮਨੁੱਖੀ ਸਰੀਰ ਨੂੰ ਕਈ ਲਾਭ ਪਹੁੰਚਾ ਸਕਦਾ ਹੈ।ਉਨ੍ਹਾਂ ਨੌਜਵਾਨਾਂ ਤੇ ਸਮਾਜ ਦੇ ਸਿਹਤਮੰਦ ਨਾਗਰਿਕਾਂ ਨੂੰ ਸਮੇਂ ਸਮੇਂ 'ਤੇ ਸਵੈ ਇੱਛਾ ਨਾਲ ਖੂਨ ਦਾਨ ਕਰਨ ਲਈ ਅੱਗੇ ਆਉਣ ਦੀ ਅਪੀਲ ਕੀਤੀ।

## 'ਆਪ' ਤੇ ਭਾਜਪਾ ਦੇ ਆਗੂ ਤੇ ਵਰਕਰ ਕਾਂਗਰਸ 'ਚ ਸ਼ਾਮਲ



**ਭਵਾਨੀਗੜ੍ਹ (ਰਾਜ ਖੁਰਮੀ)**-ਸਥਾਨਕ ਇਲਾਕੇ ਵਿੱਚ ਕਾਂਗਰਸ ਪਾਰਟੀ ਨੂੰ ਉਸ ਸਮੇਂ ਵੱਡੀ ਸਿਆਸੀ ਮਜ਼ਬੂਤੀ ਮਿਲੀ, ਜਦੋਂ ਪਿੰਡ ਮੁਨਸ਼ੀਵਾਲਾ ਤੇ ਭਵਾਨੀਗੜ੍ਹ ਵਿਖੇ ਹੋਏ ਦੋ ਵੱਖ-ਵੱਖ ਸਮਾਗਮਾਂ ਦੌਰਾਨ ਆਮ ਆਦਮੀ ਪਾਰਟੀ ਤੇ ਭਾਜਪਾ ਨਾਲ ਸਬੰਧਤ ਆਗੂਆਂ ਤੇ ਵਰਕਰਾਂ ਨੇ ਕਾਂਗਰਸ ਵਿੱਚ ਸ਼ਮੂਲੀਅਤ ਕਰ ਲਈ।ਇਹ ਸ਼ਮੂਲੀਅਤਾਂ ਸੀਨੀਅਰ ਕਾਂਗਰਸੀ ਆਗੂ, ਸਾਬਕਾ ਕੈਬਨਿਟ ਮੰਤਰੀ, ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਤੇ ਚੇਅਰਮੈਨ ਚੋਣ ਪ੍ਰਬੰਧਨ ਤੇ ਤਾਲਮੇਲ ਕਮੇਟੀ ਵਿਜੈ ਇੰਦਰ ਸਿੰਗਲਾ ਦੀ ਮੌਜੂਦਗੀ ਵਿੱਚ ਹੋਈਆਂ।ਮੁਨਸ਼ੀਵਾਲਾ ਵਿਖੇ ਹੋਏ ਸਮਾਗਮ ਦੌਰਾਨ 'ਆਪ' ਨਾਲ ਸਬੰਧਤ ਮਹਿਲਾ ਆਗੂ ਕੁਲਵਿੰਦਰ ਕੌਰ ਸਮੇਤ ਹਰਜੀਤ ਕੌਰ, ਪਿਆਰ ਕੌਰ, ਸੁਖਪਾਲ ਕੌਰ ਤੇ ਅਮਰਜੀਤ ਸਿੰਘ ਨੇ ਕਾਂਗਰਸ ਵਿੱਚ ਸ਼ਮੂਲੀਅਤ ਕੀਤੀ।ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਰਾਮ ਭਰਾਜ, ਪੱਪੂ ਚੰਨੋ, ਰਣਜੀਤ ਕੌਰ ਬਦੇਸ਼ਾ, ਬਲਵਿੰਦਰ ਖਹਿਰਾ, ਸਾਬਕਾ ਸਰਪੰਚ ਸੁਖਵਿੰਦਰ ਸਿੰਘ, ਦੀਪ ਮੁਨਸ਼ੀਵਾਲਾ ਅਤੇ ਕੁਲਵਿੰਦਰ ਮਾਰੂਤੀ ਨੇ ਨਵੇਂ ਸਾਥੀਆਂ ਦਾ ਸਵਾਗਤ ਕੀਤਾ।ਇਸੇ ਦੌਰਾਨ ਭਵਾਨੀਗੜ੍ਹ ਵਿਖੇ ਹੋਏ ਦੂਜੇ ਸਮਾਗਮ ਵਿੱਚ ਵਾਰਡ ਨੰਬਰ 9 ਤੋਂ ਭਾਜਪਾ ਦੀ ਉਮੀਦਵਾਰ ਰਹੀ ਆਰਤੀ ਰਾਣੀ ਸਮੇਤ ਬਲਵਿੰਦਰ ਕੌਰ, ਮਨਜੀਤ ਕੌਰ, ਹਰਦੀਪ ਕੌਰ, ਇੰਦਰਜੀਤ ਕੌਰ, ਕਮਲਾ ਦੇਵੀ, ਜਸਨੀਤ ਕੌਰ, ਗੀਤਾ ਰਾਣੀ, ਕਰਮਜੀਤ ਕੌਰ, ਸ਼ਿੰਦਰ ਰਾਣੀ, ਮਨਜੀਤ ਕੌਰ, ਮਨਪ੍ਰੀਤ ਕੌਰ, ਲਾਭ ਕੌਰ, ਸ਼ਮਸ਼ੇਰ ਸਿੰਘ, ਸੁਖਵਿੰਦਰ ਕੌਰ, ਕ੍ਰਿਸ਼ਨ ਸਿੰਘ, ਜਤਿੰਦਰ ਸਿੰਘ ਤੇ ਜਸਪਾਲ ਕੌਰ ਨੇ ਕਾਂਗਰਸ ਦਾ ਪੱਲਾ ਫੜਿਆ।ਇਸ ਮੌਕੇ ਰਣਜੀਤ ਤੂਰ, ਅੰਚਲ ਗਰਗ, ਬਲਕਾਰ ਸਿੰਘ ਐੱਮ.ਸੀ., ਹਰਪ੍ਰੀਤ ਬਾਜਵਾ ਐੱਮ.ਸੀ., ਅਮਰਪਾਲ ਤੂਰ ਐੱਮ.ਸੀ., ਮੰਗਤ ਸ਼ਰਮਾ, ਕਰਮਜੀਤ ਕੌਰ, ਬਿੱਟੂ ਖ਼ਾਨ ਅਤੇ ਜਗਤਾਰ ਨਮਾਡਾ ਸਮੇਤ ਹੋਰ ਕਾਂਗਰਸੀ ਆਗੂ ਤੇ ਵਰਕਰ ਹਾਜ਼ਰ ਸਨ।

## ਐਡਵੋਕੇਟ ਅਸ਼ਵਨੀ ਕੌਸ਼ਲ ਪ੍ਰਧਾਨ ਤੇ ਪ੍ਰਮੋਦ ਕੁਮਾਰ ਖਜ਼ਾਨਚੀ ਚੁਣੇ



**ਧੂਰੀ (ਮਨੋਹਰ ਸੱਗੂ, ਮੋਹਿਤ ਗਰਗ)**-ਬਾਰ ਐਸੋਸੀਏਸ਼ਨ ਧੂਰੀ ਦੇ ਅਹੁਦੇਦਾਰਾਂ ਦੀ ਹੋਈ ਚੋਣ 'ਚ ਐਡਵੋਕੇਟ ਅਸ਼ਵਨੀ ਕੌਸ਼ਲ ਪ੍ਰਧਾਨ ਤੇ ਪ੍ਰਮੋਦ ਕੁਮਾਰ ਖਜ਼ਾਨਚੀ ਚੁਣੇ ਗਏ।ਐਡਵੋਕੇਟ ਅਮਨਦੀਪ ਸਿੰਘ ਚਹਿਲ, ਗੁਰਪ੍ਰੀਤ ਸਿੰਘ ਗਿੱਲ ਤੇ ਸਤਿੰਦਰ ਸਿੰਘ ਦੀ ਦੇਖਰੇਖ 'ਚ ਹੋਈ ਇਸ ਚੋਣ ਦੌਰਾਨ ਕੁੱਲ 82 ਵੋਟਾਂ 'ਚੋਂ 80 ਵੋਟਾਂ ਪੋਲ ਹੋਈਆਂ ਤੇ ਪ੍ਰਧਾਨਗੀ ਦੇ ਅਹੁਦੇ ਲਈ ਐਡਵੋਕੇਟ ਅਸ਼ਵਨੀ ਕੌਸ਼ਲ ਨੂੰ 48 ਵੋਟਾਂ, ਜਦੋਂਕਿ ਉਨ੍ਹਾਂ ਦੇ ਵਿਰੋਧੀ ਰਾਜੀਵ ਸਿੰਗਲਾ ਨੂੰ 32 ਵੋਟਾਂ ਪਈਆਂ ਅਤੇ ਖਜ਼ਾਨਚੀ ਦੇ ਅਹੁਦੇ ਲਈ ਪ੍ਰਮੋਦ ਕੁਮਾਰ ਨੂੰ 41 ਤੇ ਉਨ੍ਹਾਂ ਦੇ ਵਿਰੋਧੀ ਕਮਲ ਕੁਮਾਰ ਨੂੰ 39 ਵੋਟਾਂ ਪਈਆਂ।ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਸਰਬਸੰਮਤੀ ਨਾਲ ਚਮਨਦੀਪ ਕੌਰ ਕੋਹਲੀ ਮੀਤ ਪ੍ਰਧਾਨ, ਕੁਲਦੀਪ ਸਿੰਘ ਸੰਧੂ ਸੈਕਟਰੀ ਤੇ ਅਸ਼ਮਿਤਾ ਗਰਗ ਨੂੰ ਜੁਆਇੰਟ ਸੈਕਟਰੀ ਚੁਣਿਆ ਗਿਆ।ਨਵੇਂ ਚੁਣੇ ਗਏ ਐਡਵੋਕੇਟ ਅਸ਼ਵਨੀ ਕੌਸ਼ਲ ਨੇ ਵਕੀਲ ਭਾਈਚਾਰੇ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਭਾਈਚਾਰੇ ਨੂੰ ਦਰਪੇਸ਼ ਮੁਸ਼ਕਲਾਂ ਨੂੰ ਹੱਲ ਕਰਵਾਉਣ ਲਈ ਈਮਾਨਦਾਰੀ ਤੇ ਤਨਦੇਹੀ ਨਾਲ ਯਤਨਸ਼ੀਲ ਰਹਿਣਗੇ।

## ਜ਼ਿਲ੍ਹਾ ਪੱਧਰੀ ਰੁਜ਼ਗਾਰ ਮੇਲਾ 15 ਨੂੰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਰੁਜ਼ਗਾਰ ਵਿਭਾਗ ਵੱਲੋਂ ਸਤੰਬਰ-2026 ਦੌਰਾਨ ਲਗਾਏ ਜਾ ਰਹੇ ਰੁਜ਼ਗਾਰ ਮੇਲਿਆਂ ਦੇ ਅਗਾਊਂ ਪ੍ਰਬੰਧਾਂ ਤੇ ਵੱਧ ਤੋਂ ਵੱਧ ਪ੍ਰਚਾਰ ਸਬੰਧੀ ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਦੇ ਸਮੂਹ ਕਾਲਜਾਂ, ਆਈ.ਟੀ.ਆਈਜ਼., ਪੌਲੀਟੈਕਨੀਕਲ ਕਾਲਜਾਂ ਦੇ ਮੁਖੀਆਂ ਤੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਐੱਸ.ਡੀ.ਐੱਮ. ਸ੍ਰੀ ਮੁਕਤਸਰ ਸਾਹਿਬ ਗੁਰਕਿਰਨਦੀਪ ਸਿੰਘ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ।ਮੀਟਿੰਗ ਦੌਰਾਨ ਐੱਸ.ਡੀ.ਐੱਮ. ਗੁਰਕਿਰਨਦੀਪ ਸਿੰਘ ਨੇ ਦੱਸਿਆ ਕਿ ਦੇਸ਼ ਭਗਤ ਗਲੋਬਲ ਸਕੂਲ ਸ੍ਰੀ ਮੁਕਤਸਰ ਸਾਹਿਬ ਵਿਖੇ 15 ਸਤੰਬਰ 2026 ਨੂੰ ਜ਼ਿਲ੍ਹਾ ਪੱਧਰੀ ਰੁਜ਼ਗਾਰ ਮੇਲਾ ਲਗਾਇਆ ਜਾ ਰਿਹਾ ਹੈ।ਇਨ੍ਹਾਂ ਰੁਜ਼ਗਾਰ ਮੇਲਿਆਂ ਵਿੱਚ ਵੱਖ-ਵੱਖ ਨਾਮੀ ਕੰਪਨੀਆਂ ਵੱਲੋਂ ਭਾਗ ਲਿਆ ਜਾਵੇਗਾ, ਜੋ ਕਿ 10ਵੀਂ, 12ਵੀਂ, ਗ੍ਰੈਜੂਏਟ ਤੇ ਪੋਸਟ ਗ੍ਰੈਜੂਏਟ ਪਾਸ ਬੇਰੁਜ਼ਗਾਰ ਪ੍ਰਾਰਥੀਆਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨਗੀਆਂ।ਐੱਸ.ਡੀ.ਐੱਮ. ਵੱਲੋਂ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਤੇ ਹੋਰ ਵਿਦਿਅਕ ਸੰਸਥਾਵਾਂ ਦੇ ਮੁਖੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਇਨ੍ਹਾਂ ਰੁਜ਼ਗਾਰ ਮੇਲਿਆਂ ਸਬੰਧੀ ਆਪਣੇ ਅਦਾਰਿਆਂ ਦੇ ਵਿਦਿਆਰਥੀਆਂ ਤੇ ਸਾਬਕਾ ਵਿਦਿਆਰਥੀਆਂ ਵਿੱਚ ਵੱਧ ਤੋਂ ਵੱਧ ਪ੍ਰਚਾਰ ਕਰਨ, ਤਾਂ ਜੋ ਵੱਧ ਤੋਂ ਵੱਧ ਬੇਰੁਜ਼ਗਾਰ ਪ੍ਰਾਰਥੀ ਇਨ੍ਹਾਂ ਰੁਜ਼ਗਾਰ ਮੇਲਿਆਂ ਦਾ ਲਾਭ ਲੈ ਕੇ ਆਪਣੀ ਯੋਗਤਾ ਅਨੁਸਾਰ ਰੁਜ਼ਗਾਰ ਹਾਸਲ ਕਰ ਸਕਣ।ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਪ੍ਰਾਰਥੀ ਹੈਲਪਲਾਈਨ ਨੰਬਰ 98885-62317 'ਤੇ ਸੰਪਰਕ ਕਰ ਸਕਦੇ ਹਨ।


## ਡੀ ਬੀ ਯੂ ਵੱਲੋਂ ਘਾਨਾ ਦੇ ਵਫ਼ਦ ਨਾਲ ਵਿਸ਼ਵ ਪੱਧਰੀ ਆਯੁਰਵੈਦਿਕ ਸਹਿਯੋਗ ਦੀਆਂ ਸੰਭਾਵਨਾਵਾਂ ਦੀ ਖੋਜ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਆਯੁਰਵੈਦਿਕ ਕਾਲਜ ਤੇ ਹਸਪਤਾਲ, ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਘਾਨਾ (ਪੱਛਮੀ ਅਫ਼ਰੀਕਾ) ਦੇ ਨਿਆਰਕੋਟੇ ਕਾਲਜ ਆਫ਼ ਹੋਲਿਸਟਿਕ ਮੈਡੀਸਨ ਦੇ ਸੰਸਥਾਪਕ ਤੇ ਪ੍ਰਧਾਨ ਪ੍ਰੋ. ਰਾਫੇਲ ਨਿਆਰਕੋਟੇ ਦੀ ਅਗਵਾਈ ਹੇਠ 20 ਕੁਦਰਤੀ ਚਿਕਿਤਸਾ ਮਾਹਰਾਂ ਦੇ ਉੱਚ ਪੱਧਰੀ ਵਫ਼ਦ ਦੀ ਮੇਜ਼ਬਾਨੀ ਕੀਤੀ ਗਈ।ਇਸ ਦੌਰੇ ਦਾ ਉਦੇਸ਼ ਆਯੁਰਵੇਦ, ਗਿਆਨ ਦੇ ਆਦਾਨ-ਪ੍ਰਦਾਨ, ਖੋਜ ਤੇ ਅੰਤਰਰਾਸ਼ਟਰੀ ਵਿੱਦਿਅਕ ਸਹਿਯੋਗ ਦੀਆਂ ਸੰਭਾਵਨਾਵਾਂ ਬਾਰੇ ਵਿਚਾਰ ਕਰਨਾ ਸੀ।ਇਹ ਦੌਰਾ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਦੀ ਮਾਹਰ ਰਹਿਨੁਮਾਈ ਤੇ ਦੂਰਦਰਸ਼ੀ ਅਗਵਾਈ ਹੇਠ ਕਰਵਾਇਆ ਗਿਆ।ਦੇਸ਼ਾਵਰੀ ਗਲੋਬਲ ਫਾਰਮਾਸਿਊਟੀਕਲਜ਼ ਐੱਲਐੱਲਪੀ ਦੇ ਪ੍ਰਬੰਧ ਨਿਰਦੇਸ਼ਕ ਡਾ. ਸੁਧੀਰ ਬਾਤਿਸ਼ ਨੇ ਦੇਸ਼ ਭਗਤ ਆਯੁਰਵੈਦਿਕ ਕਾਲਜ ਤੇ ਹਸਪਤਾਲ ਅਤੇ ਘਾਨਾ ਦੇ ਨਿਆਰਕੋਟੇ ਕਾਲਜ ਆਫ਼ ਹੋਲਿਸਟਿਕ ਮੈਡੀਸਨ ਦਰਮਿਆਨ ਵਿੱਦਿਅਕ ਤੇ ਪੇਸ਼ੇਵਰ ਸਾਂਝ ਨੂੰ ਸਥਾਪਤ ਕਰਨ ਤੇ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ।ਘਾਨਾ ਦੇ ਵਫ਼ਦ ਦਾ ਨਿੱਘਾ ਸਵਾਗਤ ਦੇਸ਼ ਭਗਤ ਆਯੁਰਵੈਦਿਕ ਕਾਲਜ ਤੇ ਹਸਪਤਾਲ ਦੇ ਨਿਰਦੇਸ਼ਕ ਤੇ ਡੀਬੀਯੂ ਕੈਂਪਸ ਦੇ ਨਿਰਦੇਸ਼ਕ ਪ੍ਰੋ. ਡਾ. ਕੁਲਭੂਸ਼ਨ, ਡੀਬੀਏਸੀ ਐਂਡ ਐੱਚ ਦੇ ਪ੍ਰਿੰਸੀਪਲ ਡਾ. ਹੇਮਰਾਜ ਰਾਣਾ ਤੇ ਦੇਸ਼ ਭਗਤ ਹਸਪਤਾਲ ਅਤੇ ਡੀਬੀਏਸੀ ਐਂਡ ਐੱਚ ਦੀ ਮੈਡੀਕਲ ਸੁਪਰਡੈਂਟ ਡਾ. ਜੋਤੀ ਐੱਚ. ਧਾਮੀ ਵੱਲੋਂ ਕੀਤਾ ਗਿਆ।ਵਿਚਾਰ-ਵਟਾਂਦਰੇ ਦੌਰਾਨ ਆਯੁਰਵੇਦ ਦੀ ਮਹੱਤਤਾ, ਵਿਸ਼ਾਲਤਾ ਅਤੇ ਲਾਭਾਂ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ ਗਈ। ਡਾ. ਹੇਮਰਾਜ ਰਾਣਾ ਨੇ ਪਾਵਰ ਪੁਆਇੰਟ ਪੇਸ਼ਕਾਰੀ ਰਾਹੀਂ ਆਯੁਰਵੇਦ ਦੇ ਸਿਧਾਂਤਾਂ, ਵਰਤੋਂ ਅਤੇ ਸਿਹਤ ਸੰਭਾਲ ਦੇ ਖੇਤਰ ਵਿੱਚ ਇਸ ਦੀ ਵਧ ਰਹੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ।

ਡਾ. ਜੋਤੀ ਐੱਚ. ਧਾਮੀ ਨੇ ਦੇਸ਼ ਭਗਤ ਯੂਨੀਵਰਸਿਟੀ, ਇਸ ਦੀਆਂ ਪ੍ਰਾਪਤੀਆਂ ਅਤੇ ਇਸ ਦੀ ਅਮੀਰ ਵਿਰਾਸਤ ਬਾਰੇ ਵਿਸਥਾਰਪੂਰਵਕ ਪੇਸ਼ਕਾਰੀ ਦਿੱਤੀ।ਘਾਨਾ ਦੇ ਵਫ਼ਦ ਨੇ ਦੇਸ਼ ਭਗਤ ਆਯੁਰਵੈਦਿਕ ਜੜੀ-ਬੂਟੀ ਬਾਗ਼ ਤੇ ਦੇਸ਼ ਭਗਤ ਆਯੁਰਵੈਦਿਕ ਕਾਲਜ ਦਾ ਦੌਰਾ ਵੀ ਕੀਤਾ ਤੇ ਯੂਨੀਵਰਸਿਟੀ ਦੀਆਂ ਵਿੱਦਿਅਕ, ਡਾਕਟਰੀ ਤੇ ਔਸ਼ਧੀ ਪੌਦਿਆਂ ਨਾਲ ਸਬੰਧਤ ਸਹੂਲਤਾਂ ਬਾਰੇ ਪ੍ਰਤੱਖ ਜਾਣਕਾਰੀ ਪ੍ਰਾਪਤ ਕੀਤੀ।ਇਸ ਮੌਕੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਘਾਨਾ ਦੇ ਵਫ਼ਦ ਦਾ ਸਵਾਗਤ ਕਰਦਿਆਂ ਕਿਹਾ ਕਿ ਮੈਂ ਅਫ਼ਰੀਕਾ ਦੇ ਘਾਨਾ ਤੋਂ ਆਏ ਪ੍ਰੋ. ਰਾਫੇਲ ਨਿਆਰਕੋਟੇ ਤੇ ਉਨ੍ਹਾਂ ਦੀ ਪੂਰੀ ਟੀਮ ਨੂੰ ਤੁਹਾਡੇ ਨਵੇਂ ਘਰ ਵਿੱਚ ਦਿਲੋਂ ਜੀ ਆਇਆਂ ਨੂੰ ਕਹਿੰਦਾ ਹਾਂ।ਅਸੀਂ ਆਪਣੇ ਵਿਸ਼ਵ ਪੱਧਰੀ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਅਤੇ ਘਾਨਾ ਵਿੱਚ ਕੁਦਰਤੀ ਚਿਕਿਤਸਾ ਤੇ ਆਯੁਰਵੇਦ ਦੇ ਖੇਤਰਾਂ ਵਿੱਚ ਆਪਣੇ ਸਹਿਯੋਗ ਨੂੰ ਹੋਰ ਵਿਸਥਾਰ ਦੇਣ ਲਈ ਉਤਸੁਕ ਹਾਂ।


## ਬਾਬਾ ਸਾਹਿਬ ਦੇ ਬੁੱਤਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਮੰਗ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਪੰਜਾਬ ਵਿੱਚ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਲੱਗੇ ਬੁੱਤਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਮੰਗ ਨੂੰ ਲੈ ਕੇ ਗਿੱਦੜਬਾਹਾ ਦੀਆਂ ਵੱਖ-ਵੱਖ ਜਥੇਬੰਦੀਆਂ ਵੱਲੋਂ ਐੱਸ.ਡੀ.ਐੱਮ. ਅਰਵਿੰਦਰ ਪਾਲ ਸਿੰਘ ਨੂੰ ਪੰਜਾਬ ਦੇ ਮੁੱਖ ਮੰਤਰੀ ਦੇ ਨਾਮ ਮੈਮੋਰੈਂਡਮ ਸੌਂਪਿਆ ਗਿਆ।ਇਸ ਮੌਕੇ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਕਿਹਾ ਕਿ ਬਾਬਾ ਸਾਹਿਬ ਕਰੋੜਾਂ ਮਜ਼ਲੂਮਾਂ, ਗਰੀਬਾਂ ਤੇ ਮਹਿਲਾਵਾਂ ਲਈ ਰਹਿਬਰ ਹਨ ਅਤੇ ਉਨ੍ਹਾਂ ਦੇ ਬੁੱਤਾਂ ਦੀ ਬੇਅਦਬੀ ਕਿਸੇ ਵੀ ਕੀਮਤ 'ਤੇ ਸਹਿਣ ਨਹੀਂ ਕੀਤੀ ਜਾਵੇਗੀ।ਮੈਮੋਰੈਂਡਮ ਦੇਣ ਵਾਲਿਆਂ ਵਿੱਚ ਬਹੁਜਨ ਸੁਰੱਖਿਆ ਦਲ ਪੰਜਾਬ ਦੇ ਪ੍ਰਧਾਨ ਧਰਮਪਾਲ ਧੰਮੀ, ਸ਼ੀਲਾ ਰਾਣੀ ਗੁਰੂਸਰ ਪੰਜਾਬ ਸਕੱਤਰ ਬਹੁਜਨ ਸਮਾਜ ਪਾਰਟੀ, ਅੰਤਰਰਾਸ਼ਟਰੀ ਧਾਨਕ ਸਮਾਜ ਸੰਗਠਨ ਦੇ ਸੰਦੀਪ ਖਟਕ, ਸ੍ਰੀ ਗੁਰੂ ਰਵਿਦਾਸ ਸਭਾ ਜੁੱਤੀ ਮਾਰਕੀਟ ਗਿੱਦੜਬਾਹਾ ਦੇ ਪ੍ਰਧਾਨ ਸੰਤ ਲਾਲ, ਈ-ਰਿਕਸ਼ਾ ਯੂਨੀਅਨ ਦੇ ਪ੍ਰਧਾਨ ਸੁਨੀਲ ਤੇ ਉਨ੍ਹਾਂ ਦੀ ਟੀਮ ਤੋਂ ਇਲਾਵਾ ਪਵਨ ਦੁਗਰ, ਹਰਜਿੰਦਰ ਰਵਿਦਾਸੀਆ, ਮਾਸਟਰ ਸ੍ਰੀਚੰਦ, ਸਫਾਈ ਕਰਮਚਾਰੀ ਯੂਨੀਅਨ ਗਿੱਦੜਬਾਹਾ ਦੇ ਵਿਜੇ ਰਾਠੌੜ, ਸਹਿਜਪਾਲ ਸਿੰਘ ਆਦਿ ਹਾਜ਼ਰ ਸਨ।ਬਹੁਜਨ ਸੁਰੱਖਿਆ ਦਲ ਪੰਜਾਬ ਦੇ ਪ੍ਰਧਾਨ ਧਰਮਪਾਲ ਧੰਮੀ ਨੇ ਕਿਹਾ ਕਿ ਬਾਬਾ ਸਾਹਿਬ ਨੇ ਸਮਾਜ ਦੇ ਦੱਬੇ-ਕੁਚਲੇ ਵਰਗਾਂ ਨੂੰ ਉਨ੍ਹਾਂ ਦੇ ਹੱਕ ਦਿਵਾਉਣ ਲਈ ਅਹਿਮ ਯੋਗਦਾਨ ਪਾਇਆ।ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਦੇ ਸਨਮਾਨ ਦੀ ਰੱਖਿਆ ਲਈ ਬਹੁਜਨ ਸਮਾਜ ਹਮੇਸ਼ਾ ਇਕਜੁੱਟ ਰਹੇਗਾ।ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਵਿੱਚ ਬਾਬਾ ਸਾਹਿਬ ਦੇ ਸਾਰੇ ਬੁੱਤਾਂ ਦੀ ਸੁਰੱਖਿਆ ਲਈ ਢੁੱਕਵੇਂ ਪ੍ਰਬੰਧ ਕੀਤੇ ਜਾਣ ਤੇ ਬੇਅਦਬੀ ਜਾਂ ਮਾਹੌਲ ਖਰਾਬ ਕਰਨ ਵਾਲੀਆਂ ਘਟਨਾਵਾਂ ਨੂੰ ਅੰਜਾਮ ਦੇਣ ਵਾਲਿਆਂ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

## ਬਾਰ ਐਸੋਸੀਏਸ਼ਨ ਗੁਰੂ ਹਰਸਹਾਏ ਦੇ ਅਹੁਦੇਦਾਰਾਂ ਦੀ ਚੋਣ

### ਸੁਖਚੈਨ ਸੋਢੀ ਪ੍ਰਧਾਨ, ਢੀਂਗੜਾ ਸਕੱਤਰ ਤੇ ਬਲਕਾਰ ਕੰਬੋਜ ਮੀਤ ਪ੍ਰਧਾਨ ਚੁਣੇ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਬਾਰ ਐਸੋਸੀਏਸ਼ਨ ਗੁਰੂ ਹਰਸਹਾਏ ਦੀਆਂ ਚੋਣਾਂ ਵਿੱਚ ਐਡਵੋਕੇਟ ਸੁਖਚੈਨ ਸਿੰਘ ਸੋਢੀ ਗਰੁੱਪ ਵੱਲੋਂ ਬਾਰ ਦੀਆਂ ਸਾਰੀਆਂ ਪੋਸਟਾਂ 'ਤੇ ਸ਼ਾਨਦਾਰ ਹੂੰਝਾ ਫੇਰ ਜਿੱਤ ਪ੍ਰਾਪਤ ਕਰਕੇ ਪਹਿਲੀ ਵਾਰ ਨਵਾਂ ਇਤਿਹਾਸ ਸਿਰਜਿਆ ਹੈ।ਜ਼ਿਕਰਯੋਗ ਹੈ ਕਿ ਬਾਰ ਪੰਜਾਬ ਭਰ ਦੀਆਂ ਬਾਰ ਐਸੋਸੀਏਸ਼ਨਾਂ ਵਿੱਚ ਅੱਜ ਚੋਣਾਂ ਸਨ ਤੇ ਇਨ੍ਹਾਂ ਚੋਣਾਂ ਵਿੱਚ ਵਕੀਲ ਵੋਟਰਾਂ ਵੱਲੋਂ ਆਪਣੇ ਪਸੰਦੀਦਾ ਉਮੀਦਵਾਰਾਂ ਨੂੰ ਵੋਟਾਂ ਪਾਈਆਂ ਗਈਆਂ ਤੇ ਅੱਜ ਹੀ ਚੋਣ ਨਤੀਜਿਆਂ ਦਾ ਐਲਾਨ ਕੀਤਾ ਗਿਆ।ਚੋਣਾਂ ਨਤੀਜੇ ਦੀ ਘੋਸ਼ਣਾ ਕਰਦਿਆਂ ਰਿਟਰਨਿੰਗ ਅਫ਼ਸਰ ਐਡਵੋਕੇਟ ਬੇਅੰਤ ਸਿੰਘ ਨੇ ਦੱਸਿਆ ਕਿ ਅੱਜ ਹੋਈਆਂ ਚੋਣਾਂ ਵਿੱਚ ਬਾਰ ਐਸੋਸੀਏਸ਼ਨ ਦੀਆਂ ਤਿੰਨ ਪੋਸਟਾਂ 'ਤੇ ਵੋਟਾਂ ਪਾਈਆਂ ਗਈਆਂ ਸਨ, ਜਿਸ ਵਿੱਚ ਪ੍ਰਧਾਨ ਦੀ ਪੋਸਟ 'ਤੇ ਸੁਖਚੈਨ ਸਿੰਘ ਸੋਢੀ ਵੱਲੋਂ ਆਪਣੇ ਵਿਰੋਧੀ ਵਕੀਲ ਸੰਜੀਵ ਵੋਹਰਾ ਨੂੰ 22 ਵੋਟਾਂ ਨਾਲ ਹਰਾ ਕੇ ਜਿੱਤ ਪ੍ਰਾਪਤ ਕੀਤੀ, ਮੀਤ ਪ੍ਰਧਾਨ ਬਲਕਾਰ ਕੰਬੋਜ 72 ਵੱਲੋਂ ਅਸ਼ੋਕ ਖਿੰਡਾ ਨੂੰ 22 ਵੋਟਾਂ ਦੇ ਫਰਕ ਨਾਲ ਹਰਾਇਆ ਤੇ ਹਰੀਸ਼ ਢੀਂਗੜਾ ਨੇ 73 ਵੋਟਾਂ ਪ੍ਰਾਪਤ ਕਰਕੇ ਤੁਸ਼ਾਂਤ ਸੱਚਦੇਵਾ ਨੂੰ 21 ਨਾਲ ਹਰਾਇਆ ਹੈ।ਜ਼ਿਕਰਯੋਗ ਹੈ ਕਿ ਪੰਜ ਅਹੁਦੇਦਾਰ, ਜਿਸ ਵਿੱਚ ਮੀਤ ਪ੍ਰਧਾਨ (ਔਰਤ ਰਿਜ਼ਰਵ) ਲਈ ਐਡਵੋਕੇਟ ਰੁਪਿੰਦਰ ਕੌਰ, ਜਾਇੰਟ ਸੈਕ੍ਰੇਟਰੀ ਐਡਵੋਕੇਟ ਜਸਵਿੰਦਰ ਸਿੰਘ ਵਿਲਾਸਰਾ, ਐਸ਼ਪ੍ਰੀਤ ਕੌਰ ਜਾਇੰਟ ਸੈਕ੍ਰੇਟਰੀ (ਔਰਤ ਰਿਜ਼ਰਵ), ਐਡਵੋਕੇਟ ਹਰਸ਼ਰਨਜੀਤ ਸਿੰਘ ਕੈਸ਼ੀਅਰ ਅਤੇ ਐਡਵੋਕੇਟ ਅਰਜੂ ਕੰਬੋਜ ਐਗਜ਼ੀਕਿਊਟਿਵ ਮੈਂਬਰ ਬਿਨਾਂ ਮੁਕਾਬਲਾ ਜਿੱਤ ਗਏ ਸਨ।ਇਸ ਮੌਕੇ ਆਪਣੇ ਗਰੁੱਪ ਦੀ ਇਤਿਹਾਸਕ ਜਿੱਤ ਸਮੂਹ ਗਰੁੱਪ ਵੱਲੋਂ ਸਾਰੇ ਵੋਟਰਾਂ ਤੇ ਸਪੋਰਟਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਰਜੀਤ ਰਾਏ, ਗੁਰਪ੍ਰੀਤ ਖੋਸਾ, ਸੁਰਜੀਤ ਵਾਦੀਆਂ, ਅਸ਼ੋਕ ਕੰਬੋਜ, ਚਰਨਜੀਤ ਸਿੰਘ ਛਾਂਗਾ ਰਾਏ, ਨਵਦੀਪ ਅਹੂਜਾ, ਹਰਮੇਸ਼ ਕਚੂਰਾ, ਸੁਖਦੇਵ ਮੂਸੇ ਵਾਲਾ, ਸਤਵਿੰਦਰ ਸਿੰਘ ਸੰਧੂ, ਗੁਰਦੀਪ ਸਿੰਘ ਸੰਧੂ ਕੋਹਰ ਸਿੰਘ ਵਾਲਾ ਆਦਿ ਤੇ ਵਕੀਲਾਂ ਨੇ ਇਸ ਜਿੱਤ 'ਤੇ ਵਧਾਈਆਂ ਦਿੱਤੀਆਂ।

## ਡਾਕਟਰ 'ਤੇ ਲੱਗੇ ਦੋਸ਼ਾਂ ਨੂੰ ਲੈ ਕੇ ਇੰਡੀਅਨ ਮੈਡੀਕਲ ਐਸੋਸੀਏਸ਼ਨ ਵੱਲੋਂ ਮੀਟਿੰਗ



**ਨਾਭਾ (ਅਮਨ ਗਰਗ)**-ਨਾਭਾ ਦੇ ਪਿੰਡ ਮੈਹਸ ਵਿਖੇ ਔਰਤ ਦੀ ਮੌਤ ਤੋਂ ਬਾਅਦ ਅਸਤੀਆਂ ਦੌਰਾਨ ਉਜਾਰ ਪੱਤੀਆਂ ਮਿਲਨ ਤੋਂ ਬਾਅਦ ਉੱਠੇ ਵਿਵਾਦ ਤੋਂ ਬਾਅਦ ਡਾਕਟਰ ਸ਼ਾਮ ਸਿੰਘ ਤੇ ਉਨ੍ਹਾਂ ਦਾ ਸਾਥ ਦੇ ਰਹੇ ਡਾਕਟਰਾਂ ਵੱਲੋਂ ਸਾਂਝੇ ਤੌਰ 'ਤੇ ਇਕੱਠੇ ਹੋ ਕੇ ਇੱਕ ਪ੍ਰੈੱਸ ਕਾਨਫਰੰਸ ਕੀਤੀ ਗਈ।ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਡਾਕਟਰ ਸ਼ਾਮ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਮਾਮਲੇ ਵਿੱਚ ਬਿਨਾਂ ਮਤਲਬ ਤੋਂ ਘੜੀਸਿਆ ਜਾ ਰਿਹਾ ਹੈ, ਜਦਕਿ ਮਰੀਜ਼ ਬਲਜੀਤ ਕੌਰ ਨੂੰ ਸ਼ੂਗਰ, ਬੀ ਪੀ, ਗਠੀਆ ਸਮੇਤ ਹੋਰ ਕਈ ਸਮੱਸਿਆਵਾਂ ਸਨ, ਪਰ ਬਾਵਜੂਦ ਇਸ ਦੇ ਉਨ੍ਹਾਂ ਦਾ ਆਪ੍ਰੇਸ਼ਨ ਬਿਲਕੁਲ ਠੀਕ ਢੰਗ ਨਾਲ ਹੋਇਆ ਸੀ, ਜਿਸ ਤੋਂ ਬਾਅਦ 31 ਅਗਸਤ ਨੂੰ ਉਨ੍ਹਾਂ ਨੂੰ ਡਿਸਚਾਰਜ ਵੀ ਸਹੀ ਹਾਲਤ ਵਿੱਚ ਕੀਤਾ ਗਿਆ ਸੀ।ਉਨ੍ਹਾਂ ਨੂੰ ਕੁਝ ਖਾਂਸੀ ਦੀ ਦਿੱਕਤ ਸੀ, ਜਿਸ ਸਬੰਧੀ ਮਾਹਰ ਡਾਕਟਰ ਦੇ ਨਾਲ ਤਾਲਮੇਲ ਕਰਨ ਲਈ ਕਿਹਾ ਗਿਆ ਸੀ, ਪਰ ਕਿਸੇ ਕਾਰਨਾਂ ਕਰਕੇ ਉਨ੍ਹਾਂ ਦੀ ਮੌਤ ਡਿਸਚਾਰਜ ਤੋਂ ਕਈ ਦਿਨਾਂ ਬਾਅਦ ਪਿੰਡ ਵਿੱਚ ਹੋਈ ਸੀ।ਜਿਨ੍ਹਾਂ ਦਾ ਅੰਤਿਮ ਸੰਸਕਾਰ ਵੀ ਪਰਵਾਰ ਵੱਲੋਂ ਬਿਨਾਂ ਉਨ੍ਹਾਂ ਨਾਲ ਸੰਪਰਕ ਕਰੇ ਪ੍ਰਸ਼ਾਸਨ ਤੇ ਪੁਲਸ ਨੂੰ ਦੱਸੇ ਬਗੈਰ ਕੀਤਾ ਗਿਆ, ਨਾ ਹੀ ਉਨ੍ਹਾਂ ਦਾ ਕੋਈ ਪੋਸਟਮਾਟਮ ਕਰਵਾਇਆ ਗਿਆ, ਪਰ ਬਾਅਦ ਵਿੱਚ ਅਸਤੀਆਂ ਚੁਗਣ ਸਮੇਂ ਲੋਹੇ ਦੀਆਂ ਪੱਤੀਆਂ ਬਰਾਮਦ ਹੋਣ 'ਤੇ ਦੋਸ਼ ਉਨ੍ਹਾਂ ਦੇ ਖਿਲਾਫ ਲਗਾਏ ਗਏ, ਜਦਕਿ ਇਹ ਲੋਹੇ ਦੀਆਂ ਪੱਤੀਆਂ ਮਰੀਜ਼ ਦੀ ਬੈਲਟ ਦੀਆਂ ਹੋ ਸਕਦੀਆਂ ਹਨ। ਉਨ੍ਹਾਂ ਪੱਤਰਕਾਰਾਂ ਨੂੰ ਇੱਕ ਬੈਲਟ ਵਿੱਚੋਂ ਪੱਤੀਆਂ ਕੱਢ ਕੇ ਵਿਖਾਈਆਂ ਕਿ ਕਿਸ ਤਰ੍ਹਾਂ ਉਸ ਆਪ੍ਰੇਸ਼ਨ ਸੇਫਟੀ ਬੈਲਟ ਵਿੱਚ ਪੱਤੀਆਂ ਲਗਾਈਆਂ ਮਿਲਦੀਆਂ ਹਨ, ਜਿਸ ਤਰ੍ਹਾਂ ਦੀਆਂ ਅਸਥੀਆਂ ਵਿੱਚੋਂ ਬਰਾਮਦ ਕੀਤੀਆਂ ਗਈਆਂ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪਰਵਾਰ ਨਾਲ ਹਮਦਰਦੀ ਹੈ, ਪਰ ਇਸ ਵਿੱਚ ਉਨ੍ਹਾਂ ਜਾਂ ਸਟਾਫ ਦਾ ਕੋਈ ਵੀ ਦੋਸ਼ ਨਹੀਂ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਉਹ ਹੁਣ ਵੀ ਚਾਹੁੰਦੇ ਹਨ ਕਿ ਪੁਲਸ ਫਿਰ ਵੀ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰੇ।ਇਸ ਸਬੰਧੀ ਆਈਐੱਮਏ ਐਸੋਸੀਏਸ਼ਨ ਦੇ ਪ੍ਰਧਾਨ ਜੇ ਪੀ ਨਰੂਲਾ, ਡਾਕਟਰ ਜੀਵਨ ਗਰਗ ਨੇ ਦੱਸਿਆ ਕਿ ਉਨ੍ਹਾਂ ਦੀ ਐਸੋਸੀਏਸ਼ਨ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਵਿਚਾਰਿਆ ਤੇ ਉਨ੍ਹਾਂ ਪ੍ਰਸ਼ਾਸਨ ਤੇ ਪੁਲਸ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਬਿਨਾਂ ਕਿਸੇ ਦੋਸ਼ ਤੋਂ ਡਾਕਟਰ ਸਿਆਮ ਸਿੰਘ ਨੂੰ ਪ੍ਰੇਸ਼ਾਨ ਨਾ ਕੀਤਾ ਜਾਵੇ।ਉਨ੍ਹਾਂ ਪੀੜਤ ਪਰਵਾਰ ਨੂੰ ਵੀ ਬੇਨਤੀ ਕੀਤੀ ਕਿ ਉਹ ਸਮਝਣ ਕਿ ਇਹ ਪੱਤੀਆਂ ਉਨ੍ਹਾਂ ਦੇ ਅਪ੍ਰੇਸ਼ਨ ਦੌਰਾਨ ਵਰਤੇ ਜਾਣ ਵਾਲੇ ਸਰਜੀਕਲ ਔਜ਼ਾਰਾਂ ਵਿੱਚੋਂ ਨਹੀਂ ਹਨ ਤੇ ਇਸ ਮਸਲੇ ਨੂੰ ਤੁਰੰਤ ਖਤਮ ਕੀਤਾ ਜਾਵੇ। ਇਸ ਮੌਕੇ ਡਾਕਟਰ ਰੀਨਾ ਬਾਂਸਲ, ਰਾਜਵੰਤ ਸਿੰਘ, ਮੁਲਕ ਰਾਜ, ਜੀਵਨ ਗਰਗ, ਆਈ ਡੀ ਗੋਇਲ, ਪ੍ਰਵੀਨ ਗੁਪਤਾ, ਅਸ਼ਵਨੀ ਬਾਂਸਲ, ਅਮਰਜੀਤ ਸਿੰਘ ਸਾਹਨੀ, ਪ੍ਰਦੀਪ ਚਾਵਲਾ, ਸੁਰਿੰਦਰ ਅਗਰਵਾਲ, ਐਮ ਪੀ ਰੋਲੀ, ਪੁਸ਼ਪਾ ਰੋਲੀ, ਕਮਲ ਬੰਸਲ, ਚੇਤਨ ਗੋਇਲ, ਨਵਦੀਪ ਸਿੰਗਲਾ, ਦਵਿੰਦਰ ਜੀਤ ਕੌਰ, ਸੁਨੀਤਾ ਗਰਗ, ਦੀਪਕ ਗੁਪਤਾ, ਪਰਮੀਲਾ ਚੋਪੜਾ, ਅਤੁਲ ਅਨੇਜਾ, ਮਨੋਜ ਗੋਇਲ, ਪੁਨੀਤ ਬਾਂਸਲ ਆਦਿ ਵੱਡੀ ਗਿਣਤੀ ਵਿੱਚ ਡਾਕਟਰ ਹਾਜ਼ਰ ਸਨ।

# ਸੜਕ ਕਿਨਾਰੇ ਖਾਣਾ ਖਾ ਰਹੇ ਤਿੰਨ ਪੰਜਾਬੀ ਨੌਜਵਾਨਾਂ ਨੂੰ ਤੇਜ਼ ਰਫ਼ਤਾਰ ਕਾਰ ਨੇ ਕੁਚਲਿਆ, ਮੌਕੇ 'ਤੇ ਮੌਤ

## ਰੁਦਰਪੁਰ ਤੋਂ ਘੋੜੇ ਲੈ ਕੇ ਪੰਜਾਬ ਪਰਤ ਰਹੇ ਸਨ ਨੌਜਵਾਨ, ਹਾਦਸੇ ਮਗਰੋਂ ਕਾਰ ਚਾਲਕ ਫ਼ਰਾਰ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਉੱਤਰ ਪ੍ਰਦੇਸ਼ ਦੇ ਬਿਜਨੌਰ ਜ਼ਿਲ੍ਹੇ ਵਿੱਚ ਵਾਪਰੇ ਇੱਕ ਦਰਦਨਾਕ ਸੜਕ ਹਾਦਸੇ ਨੇ ਤਿੰਨ ਪੰਜਾਬੀ ਪਰਵਾਰਾਂ ਵਿੱਚ ਮਾਤਮ ਛਾ ਦਿੱਤਾ। ਨਜੀਬਾਬਾਦ ਕੋਤਵਾਲੀ ਇਲਾਕੇ ਵਿੱਚ ਵੀਰਵਾਰ ਤੇ ਸ਼ੁੱਕਰਵਾਰ ਦੀ ਦਰਮਿਆਨੀ ਰਾਤ ਤੇਜ਼ ਰਫ਼ਤਾਰ ਕਾਰ ਨੇ ਸੜਕ ਕਿਨਾਰੇ ਬੈਠ ਕੇ ਖਾਣਾ ਖਾ ਰਹੇ ਤਿੰਨ ਨੌਜਵਾਨਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਹਾਦਸਾ ਇੰਨਾ ਭਿਆਨਕ ਸੀ ਕਿ ਤਿੰਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕਾਂ ਵਿੱਚ ਦੋ ਨੌਜਵਾਨ ਫਿਰੋਜ਼ਪੁਰ ਜ਼ਿਲ੍ਹੇ ਨਾਲ ਸਬੰਧਤ ਸਨ, ਜਦਕਿ ਤੀਜਾ ਪਟਿਆਲਾ ਦਾ ਰਹਿਣ ਵਾਲਾ ਦੱਸਿਆ ਗਿਆ ਹੈ। ਪੁਲਸ ਅਧਿਕਾਰੀਆਂ ਮੁਤਾਬਕ ਤਿੰਨੇ ਨੌਜਵਾਨ ਪਿਕਅੱਪ ਵਾਹਨ ਰਾਹੀਂ ਉੱਤਰਾਖੰਡ ਦੇ ਰੁਦਰਪੁਰ ਤੋਂ ਘੋੜੇ ਲੈ ਕੇ ਪੰਜਾਬ ਵੱਲ ਆ ਰਹੇ ਸਨ। ਰਸਤੇ ਵਿੱਚ ਜਦੋਂ ਉਹ ਨਜੀਬਾਬਾਦ ਕੋਤਵਾਲੀ ਖੇਤਰ ਅਧੀਨ ਆਉਂਦੇ ਬਜ਼ੀਦਪੁਰ ਨਹਿਰ ਪੱਟੜੀ ਮਾਰਗ 'ਤੇ ਪਹੁੰਚੇ ਤਾਂ ਉਨ੍ਹਾਂ ਨੇ ਰਾਤ ਦੇ ਸਮੇਂ ਕੁਝ ਸਮਾਂ ਰੁਕਣ ਦਾ ਫ਼ੈਸਲਾ ਕੀਤਾ। ਲਗਭਗ ਰਾਤ 12.30 ਵਜੇ ਤਿੰਨਾਂ ਨੇ ਆਪਣਾ ਵਾਹਨ ਸੜਕ ਕਿਨਾਰੇ ਖੜ੍ਹਾ ਕੀਤਾ ਤੇ ਉੱਥੇ ਬੈਠ ਕੇ ਖਾਣਾ ਖਾਣ ਲੱਗ ਪਏ। ਦੱਸਿਆ ਗਿਆ ਹੈ ਕਿ ਇਸੇ ਦੌਰਾਨ ਹਰਿਦੁਆਰ ਵੱਲੋਂ ਆ ਰਹੀ ਇੱਕ ਤੇਜ਼ ਰਫ਼ਤਾਰ ਕਾਰ ਅਚਾਨਕ ਬੇਕਾਬੂ ਹੋ ਗਈ ਤੇ ਸੜਕ ਕਿਨਾਰੇ ਖਾਣਾ ਖਾ ਰਹੇ ਤਿੰਨਾਂ ਨੌਜਵਾਨਾਂ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ। ਟੱਕਰ ਇੰਨੀ ਭਿਆਨਕ ਸੀ ਕਿ ਤਿੰਨੇ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਅਤੇ ਉਨ੍ਹਾਂ ਨੇ ਘਟਨਾ ਸਥਾਨ 'ਤੇ ਹੀ ਦਮ ਤੋੜ ਦਿੱਤਾ। ਹਾਦਸੇ ਤੋਂ ਬਾਅਦ ਇਲਾਕੇ ਵਿੱਚ ਹੜਕੰਪ ਮਚ ਗਿਆ ਤੇ ਮੌਕੇ 'ਤੇ ਲੋਕ ਇਕੱਠੇ ਹੋ ਗਏ। ਮ੍ਰਿਤਕਾਂ ਦੀ ਪਛਾਣ ਮਨਦੀਪ ਸਿੰਘ ਉਮਰ 25 ਸਾਲ, ਅਰਸ਼ਦੀਪ ਸਿੰਘ ਉਮਰ 29 ਸਾਲ ਤੇ ਗਗਨਦੀਪ ਸਿੰਘ ਉਮਰ 24 ਸਾਲ ਵਜੋਂ ਹੋਈ ਹੈ। ਪੁਲਸ ਦੇ ਅਨੁਸਾਰ ਗਗਨਦੀਪ ਸਿੰਘ ਪਟਿਆਲਾ ਦਾ ਰਹਿਣ ਵਾਲਾ ਸੀ, ਜਦਕਿ ਮਨਦੀਪ ਸਿੰਘ ਤੇ ਅਰਸ਼ਦੀਪ ਸਿੰਘ ਫਿਰੋਜ਼ਪੁਰ ਜ਼ਿਲ੍ਹੇ ਨਾਲ ਸਬੰਧਤ ਸਨ। ਤਿੰਨੇ ਨੌਜਵਾਨ ਕਿਸੇ ਕੰਮ ਦੇ ਸਿਲਸਿਲੇ ਵਿੱਚ ਉੱਤਰਾਖੰਡ ਗਏ ਹੋਏ ਸਨ ਤੇ ਘੋੜੇ ਲੈ ਕੇ ਪੰਜਾਬ ਵਾਪਸ ਪਰਤ ਰਹੇ ਸਨ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਨਜੀਬਾਬਾਦ ਪੁਲਸ ਮੌਕੇ 'ਤੇ ਪਹੁੰਚੀ ਤੇ ਹਾਦਸੇ ਦੀ ਜਾਂਚ ਸ਼ੁਰੂ ਕੀਤੀ। ਪੁਲਸ ਨੇ ਹਾਦਸੇ ਵਿੱਚ ਸ਼ਾਮਲ ਕਾਰ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। ਹਾਲਾਂਕਿ ਟੱਕਰ ਮਾਰਨ ਤੋਂ ਬਾਅਦ ਕਾਰ ਚਾਲਕ ਮੌਕੇ ਤੋਂ ਫ਼ਰਾਰ ਹੋਣ ਵਿੱਚ ਕਾਮਯਾਬ ਹੋ ਗਿਆ। ਪੁਲਸ ਵੱਲੋਂ ਫ਼ਰਾਰ ਚਾਲਕ ਦੀ ਪਛਾਣ ਕਰਨ ਤੇ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਜਾਂਚ ਕੀਤੀ ਜਾ ਰਹੀ ਹੈ। ਵਧੀਕ ਪੁਲਸ ਸੁਪਰਡੈਂਟ (ਨਗਰ) ਕ੍ਰਿਸ਼ਨ ਗੋਪਾਲ ਸਿੰਘ ਨੇ ਦੱਸਿਆ ਕਿ ਤਿੰਨਾਂ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਪੁਲਸ ਵੱਲੋਂ ਮਾਮਲੇ ਵਿੱਚ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਹਾਦਸੇ ਦੀ ਸੂਚਨਾ ਮ੍ਰਿਤਕਾਂ ਦੇ ਪਰਵਾਰਾਂ ਨੂੰ ਦੇ ਦਿੱਤੀ ਗਈ ਹੈ। ਤਿੰਨ ਨੌਜਵਾਨਾਂ ਦੀ ਇਕੱਠੇ ਮੌਤ ਕਾਰਨ ਪੰਜਾਬ ਵਿੱਚ ਉਨ੍ਹਾਂ ਦੇ ਪਰਵਾਰਾਂ ਤੇ ਜਾਣਕਾਰਾਂ ਵਿੱਚ ਸੋਗ ਦੀ ਲਹਿਰ ਹੈ।

# ਬੱਸ ਤੇ ਟਰਾਲੇ ਦੀ ਟੱਕਰ 'ਚ ਡਰਾਈਵਰ ਦੀ ਮੌਤ

**ਮਲੋਟ (ਰਾਜਿੰਦਰ ਜੁਨੇਜਾ)**-ਸ਼ਨੀਵਾਰ ਦੁਪਹਿਰ ਵੇਲੇ ਮਲੋਟ-ਡੱਬਵਾਲੀ ਕੌਮੀ ਮਾਰਗ 'ਤੇ ਇਕ ਭਿਆਨਕ ਹਾਦਸਾ ਹੋਇਆ।ਹਾਦਸੇ ਦੌਰਾਨ ਸਵਾਰੀਆਂ ਨਾਲ ਭਰੀ ਬੱਸ, ਗੱਟਾਂ ਦੇ ਭਰੇ ਟਰਾਲੇ ਨਾਲ ਟਕਰਾ ਗਈ।ਇਸ ਹਾਦਸੇ ਵਿੱਚ ਜਿੱਥੇ ਟਰੱਕ ਦਾ ਡਰਾਈਵਰ ਤੇ ਕੰਡਕਟਰ ਗੰਭੀਰ ਜ਼ਖ਼ਮੀ ਹੋ ਗਏ, ਉੱਥੇ ਬੱਸ ਵਿੱਚ ਸਵਾਰ ਦਰਜਨ ਦੇ ਕਰੀਬ ਸਵਾਰੀਆਂ ਨੂੰ ਸੱਟਾਂ ਲੱਗੀਆਂ।ਬਾਅਦ ਵਿੱਚ ਟਰੱਕ ਡਰਾਈਵਰ ਦੀ ਹਸਪਤਾਲ ਜਾ ਕੇ ਮੌਤ ਹੋ ਗਈ।ਜਾਣਕਾਰੀ ਅਨੁਸਾਰ ਮਲੋਟ ਵੱਲੋਂ ਇਕ ਟਰਾਲਾ ਪੀ ਬੀ 04 ਏ ਏ 9157 ਆ ਰਿਹਾ ਸੀ, ਓਕਲ ਪਮਪਾਇਟ ਮਲੋਟ ਕੋਲ ਸਾਹਮਣੇ ਤੋਂ ਡੱਬਵਾਲੀ ਤੋਂ ਨਾਰਦਨ ਟਰਾਂਸਪੋਰਟ ਕੰਪਨੀ ਦੀ ਬੱਸ ਆ ਰਹੀ ਸੀ।ਜਾਣਕਾਰੀ ਅਨੁਸਾਰ ਸਾਹਮਣੇ ਤੋਂ ਆ ਰਹੀ ਇਕ ਕਾਰ ਨੂੰ ਬਚਾਉਣ ਲਈ ਬੱਸ ਚਾਲਕ ਨੇ ਆਪਣਾ ਕੰਟਰੋਲ ਗਵਾ ਲਿਆ ਤੇ ਟਰਾਲੇ ਨਾਲ ਟਕਰਾ ਗਈ।ਇਹ ਹਾਦਸਾ ਇੰਨਾ ਭਿਆਨਕ ਸੀ ਕਿ ਟਰੱਕ ਦਾ ਸਾਹਮਣਾ ਹਿੱਸਾ ਪੂਰੀ ਤਰ੍ਹਾਂ ਉੱਡ ਗਿਆ ਅਤੇ ਟਰੱਕ ਦਾ ਡਰਾਈਵਰ ਤੇ ਕੰਡਕਟਰ ਵਿੱਚ ਫਸ ਗਏ, ਜਿਨ੍ਹਾਂ ਨੂੰ ਕਰੇਨ ਦੀ ਮਦਦ ਨਾਲ ਬੜੀ ਮੁਸ਼ਕਲ ਨਾਲ ਬਾਹਰ ਕੱਢਿਆ।ਬਾਅਦ ਵਿੱਚ ਪੁਲਸ ਕਰਮਚਾਰੀਆਂ ਨੇ ਪੁੱਜ ਕੇ ਲੋਕਾਂ ਦੀ ਸਹਾਇਤਾ ਨਾਲ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ, ਜਿੱਥੇ ਟਰੱਕ ਚਾਲਕ ਸੁਰਜ ਕੁਮਾਰ ਪੁੱਤਰ ਸ਼ਿਅਮ ਲਾਲ ਦੀ ਮੌਤ ਹੋ ਗਈ, ਜਦ ਕਿ ਕੰਡਕਟਰ ਅਮਿਤ ਕੁਮਾਰ ਪੁੱਤਰ ਸੋਨਮ ਜ਼ਖ਼ਮੀ ਹੋ ਗਿਆ।

# ਨਿਰੰਕਾਰੀ ਰਾਜ ਪਿਤਾ ਰਮਿਤ ਜੀ ਅੱਜ ਚੰਡੀਗੜ੍ਹ



**ਸਮਾਣਾ (ਇਕਬਾਲ ਸਿੰਘ ਬੱਲ)**-ਚੰਡੀਗੜ੍ਹ ਦੀ ਪਾਵਨ ਧਰਤੀ ਇੱਕ ਵਾਰ ਫਿਰ ਅਧਿਆਤਮਿਕ ਚੇਤਨਾ, ਪ੍ਰੇਮ ਤੇ ਮਨੁੱਖਤਾ ਦੇ ਦਿਵਯ ਸੰਦੇਸ਼ ਨਾਲ ਰੋਸ਼ਨ ਹੋਣ ਜਾ ਰਹੀ ਹੈ।ਨਿਰੰਕਾਰੀ ਰਾਜ ਪਿਤਾ ਰਮਿਤ ਜੀ, ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦਾ ਪਾਵਨ ਸੰਦੇਸ਼ ਪ੍ਰਦਾਨ ਕਰਨ ਲਈ 13 ਸਤੰਬਰ ਨੂੰ ਚੰਡੀਗੜ੍ਹ ਪਹੁੰਚਣਗੇ।ਇਸ ਪਾਵਨ ਮੌਕੇ 'ਤੇ ਮੇਲਾ ਗਰਾਊਂਡ, ਸੈਕਟਰ-34, ਚੰਡੀਗੜ੍ਹ ਵਿਖੇ ਵਿਸ਼ਾਲ ਸੰਤ ਸਮਾਗਮ ਦਾ ਆਯੋਜਨ ਕੀਤਾ ਜਾਵੇਗਾ।ਇਸ ਦਿਵਯ ਸੰਤ ਸਮਾਗਮ ਵਿੱਚ ਚੰਡੀਗੜ੍ਹ ਟ੍ਰਾਈਸਿਟੀ ਦੇ ਨਾਲ-ਨਾਲ ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਦੇ ਵੱਖ-ਵੱਖ ਖੇਤਰਾਂ ਤੋਂ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਦੇ ਪਹੁੰਚਣ ਦੀ ਸੰਭਾਵਨਾ ਹੈ।

# ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਜੋਸ਼-ਖਰੋਸ਼ ਨਾਲ ਮਨਾਇਆ ਜਾਵੇਗਾ : ਦੀਨਾ, ਕਾਕਾ

## ਰੁਜ਼ਗਾਰ ਦੀ ਕਾਨੂੰਨੀ ਗਾਰੰਟੀ ਤੋਂ ਬਗੈਰ ਨੌਜਵਾਨ ਪੀੜ੍ਹੀ ਦੇ ਚੰਗੇਰੇ ਭਵਿੱਖ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ : ਕੁਲਦੀਪ ਭੋਲਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੀ ਸਰਬ ਸਾਂਝੀ ਮੀਟਿੰਗ ਹੋਈ, ਜਿਸ ਦੀ ਪ੍ਰਧਾਨਗੀ ਇੰਦਰਜੀਤ ਦੀਨਾ ਨੇ ਕੀਤੀ।ਮੀਟਿੰਗ ਵਿੱਚ ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਇੰਚਾਰਜ ਕੁਲਦੀਪ ਭੋਲਾ ਤੇ ਪਦਾਰਥਵਾਦੀ ਵਿਚਾਰ ਮੰਚ ਦੇ ਕਨਵੀਨਰ ਇੰਦਰਵੀਰ ਗਿੱਲ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਮੁੱਖ ਤੌਰ 'ਤੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਸਾਥੀ ਕੁਲਦੀਪ ਭੋਲਾ ਨੇ ਨੌਜਵਾਨ ਸਭਾ ਤੇ ਸਟੂਡੈਂਟਸ ਫੈਡਰੇਸ਼ਨ ਦੇ ਸ਼ਾਨਾਮੱਤੇ ਇਤਿਹਾਸ ਬਾਰੇ ਚਾਨਣਾ ਪਾਉਂਦਿਆਂ ਜਥੇਬੰਦੀਆਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸਾਮਰਾਜਵਾਦੀ ਪੱਖੀ ਸਰਕਾਰਾਂ ਨੇ ਭਗਤ ਸਿੰਘ ਨੂੰ ਵਿਸਾਰ ਦਿੱਤਾ ਸੀ, ਲੋਕ ਮਨਾਂ ਵਿੱਚੋਂ ਸ਼ਹੀਦਾਂ ਨੂੰ ਖਤਮ ਕਰ ਦਿੱਤਾ ਸੀ ਤਾਂ ਕਿ ਭਗਤ ਸਿੰਘ ਦੀ ਸਮਾਜਵਾਦੀ ਸੋਚ ਤੋਂ ਲੋਕ ਪ੍ਰਭਾਵਿਤ ਹੋ ਕੇ ਬੁਨਿਆਦੀ ਤਬਦੀਲੀ ਦੇ ਰਾਹ 'ਤੇ ਨਾ ਚੱਲ ਪੈਣ।ਅਜਿਹੇ ਸਮੇਂ ਜਥੇਬੰਦੀਆਂ ਨੇ ਪਹਿਲ ਕਦਮੀ ਕਰਦਿਆਂ 1997 ਵਿੱਚ 'ਸਾਡਾ ਉਦੇਸ਼, ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼' ਨਾਅਰੇ ਹੇਠ 'ਰੁਜ਼ਗਾਰ ਪ੍ਰਾਪਤੀ ਚੇਤਨਾ ਮੁਹਿੰਮ' ਵਿੱਢੀ ਪੰਜ ਬੁਨਿਆਦੀ ਮੰਗਾਂ ਦਾ ਪ੍ਰੋਗਰਾਮ ਬਣਾਇਆ ਗਿਆ।ਇਨ੍ਹਾਂ ਪੰਜ ਮੰਗਾਂ ਵਿੱਚੋਂ ਮੁੱਖ ਸੀ 18 ਤੋਂ 58 ਸਾਲ ਦੇ ਹਰ ਮਰਦ/ਇਸਤਰੀ ਨੂੰ ਜੋ ਚਾਹੁੰਦਾ ਹੈ, ਨੂੰ ਰੁਜ਼ਗਾਰ ਦਿੱਤਾ ਜਾਵੇ।ਜੇ ਸਰਕਾਰ ਰੁਜ਼ਗਾਰ ਦੇਣ ਵਿੱਚ ਫੇਲ੍ਹ ਹੈ ਤਾਂ ਘੱਟੋ ਘੱਟ ਤਨਖਾਹ ਦਾ ਅੱਧ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ, ਤਾਂ ਕਿ ਉਹ ਗੈਰ-ਮਿਆਰੀ ਡੂੰਮਕਰੀ, ਨਸ਼ਿਆਂ ਦਾ ਸ਼ਿਕਾਰ ਨਾ ਹੋਵੇ।ਇਸ ਰੁਜ਼ਗਾਰ ਦੀ ਮੰਗ ਤੇ ਅਧਾਰਤ ਪੰਜਾਬ ਦੇ ਅਨੇਕਾਂ ਪਿੰਡਾਂ/ਸ਼ਹਿਰਾਂ ਵਿੱਚ ਸ਼ਹੀਦ ਭਗਤ ਸਿੰਘ ਦੇ, ਸ਼ਹੀਦ ਊਧਮ ਸਿੰਘ ਦੇ, ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਨਾਂਅ ਸੱਭਿਆਚਾਰਕ ਮੇਲੇ ਕਰਵਾਏ ਗਏ, ਜਿਸ ਦੇ ਚਲਦਿਆਂ ਪੰਜਾਬ 'ਚ ਹੀ ਨਹੀਂ ਬਲਕਿ ਦੇਸ਼ ਦੀ ਜਵਾਨੀ ਵੀ ਰੁਜ਼ਗਾਰ ਦੇ ਮੁੱਦੇ 'ਤੇ ਲਾਮਬੰਦ ਹੋਈ ਤੇ ਉਨ੍ਹਾਂ ਨੇ ਕਿਹਾ ਕਿ ਅਸੀਂ ਦੇਸ਼ ਦੀ ਪਾਰਲੀਮੈਂਟ ਵਿੱਚ ਪਾਸ ਹੋਣ ਵਾਲੇ ਬਿੱਲ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਦੇਸ਼ ਦੀ ਪਾਰਲੀਮੈਂਟ ਵਿੱਚ ਪਾਸ ਹੋਵੇ, ਲਈ ਜਥੇਬੰਦੀਆਂ ਨੂੰ ਮਜ਼ਬੂਤ ਕਰਾਂਗੇ, ਰੁਜ਼ਗਾਰ ਦੀ ਗਾਰੰਟੀ ਦਾ ਕਾਨੂੰਨ, ਜਿਸ ਤਹਿਤ 18 ਤੋਂ 58 ਸਾਲ ਦੇ ਹਰ ਨੌਜਵਾਨ ਮੁੰਡੇ/ਕੁੜੀ ਨੂੰ ਯੋਗਤਾ ਮੁਤਾਬਿਕ ਰੁਜ਼ਗਾਰ ਦੀ ਕਾਨੂੰਨੀ ਗਾਰੰਟੀ ਹੋਵੇ, ਅਣਸਿੱਖਿਅਤ ਨੂੰ 30000 ਰੁਪਏ ਪ੍ਰਤੀ ਮਹੀਨਾ, ਅਰਧ ਸਿੱਖਿਅਤ ਨੂੰ 35000 ਰੁਪਏ, ਸਿੱਖਿਅਤ ਨੂੰ 45000 ਰੁਪਏ, ਉੱਚ ਸਿੱਖਿਅਤ 60000 ਰੁਪੈ ਮਹੀਨਾ ਤਨਖਾਹ ਦੀ ਕਾਨੂੰਨੀ ਗਾਰੰਟੀ ਹੋਵੇ, ਜਿਸ ਤਹਿਤ ਹਰ ਸਾਲ ਪੰਜਾਬ ਦੀ ਜਵਾਨੀ ਭਗਤ ਸਿੰਘ ਨੂੰ ਆਪਣਾ ਆਦਰਸ਼ ਮੰਨਦੇ ਆਂ, ਉਹਦਾ ਜਨਮ ਦਿਨ ਵੱਡੀ ਪੱਧਰ 'ਤੇ ਵਿਦਿਆਰਥੀ ਨੌਜਵਾਨ ਲਾਮਬੰਦੀ ਕਰਕੇ ਮਨਾਉਂਦੀ ਹੈ।ਇਸ ਸਮੇਂ ਸਰਵ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਸਕੱਤਰ ਜਗਵਿੰਦਰ ਕਾਕਾ ਨੇ ਕਿਹਾ ਕਿ ਭਗਤ ਸਿੰਘ ਦੇ ਜਨਮ ਦਿਨ 'ਤੇ ਮੋਗਾ ਵਿੱਚ ਹੋ ਰਹੇ ਵਿਦਿਆਰਥੀ ਨੌਜਵਾਨ ਬਾਵਰਦੀ ਵਲੰਟੀਅਰ ਮਾਰਚ ਵਿੱਚ ਮੋਗਾ ਜ਼ਿਲ੍ਹੇ ਦੇ ਵੱਡੀ ਗਿਣਤੀ ਵਿੱਚ ਨੌਜਵਾਨ ਵਿਦਿਆਰਥੀ ਸ਼ਾਮਲ ਹੋਣਗੇ, ਜਿਸ ਦੀਆਂ ਤਿਆਰੀਆਂ ਮੋਗਾ ਜ਼ਿਲ੍ਹੇ ਦੇ ਸਾਰੇ ਪਿੰਡਾਂ ਸਕੂਲਾਂ ਕਾਲਜਾਂ ਵਿੱਚ ਵੱਡੀ ਪੱਧਰ 'ਤੇ ਚੱਲ ਰਹੀਆਂ ਹਨ।ਇਸ ਸਮੇਂ ਮੀਟਿੰਗ ਵਿੱਚ ਸ਼ਾਮਲ ਰਾਜੂ ਮਹੇਸ਼ਰੀ, ਜਥਜਗੰਗ ਮਹੇਸ਼ਰੀ, ਬੇਹਣ ਸਹੋਲੀ, ਹਰਮਨ ਤਖਾਣਵੱਧ, ਇਕਬਾਲ ਤਖਾਣਵੱਧ, ਸੁਰਜੀਤ ਸੀਤਾ, ਗੁਰਪ੍ਰੀਤ ਮੱਲੀਆਂ ਵਾਲਾ, ਜੀਵਨ ਜੋਗੇਵਾਲਾ, ਸੁੱਖ ਮਹੇਸ਼ਰੀ, ਕੁਲਬੀਰ ਮਹੇਸ਼ਰੀ, ਜਗਸੀਰ ਖੋਸਾ, ਜਸਵਿੰਦਰ ਡਾਲਾ, ਰਾਜਾ ਤਖਾਣਵੱਧ ਆਦਿ ਸ਼ਾਮਲ ਹੋਏ।

## ਕਾਤਰਾਂ

### ਗਲਾ ਘੁੱਟ ਕੇ ਲਾਹੀਆਂ ਵਾਲੀਆਂ

**ਮਲੋਟ (ਰਾਜਿੰਦਰ ਜੁਨੇਜਾ)**-ਥਾਣਾ ਲੰਬੀ ਅਧੀਨ ਆਉਂਦੇ ਪਿੰਡ ਭੀਟੀਵਾਲਾ ਵਿਖੇ ਦਿਨ-ਦਿਹਾੜੇ ਲੁੱਟ-ਖੋਹ ਦੀ ਇੱਕ ਵੱਡੀ ਘਟਨਾ ਸਾਹਮਣੇ ਆਈ ਹੈ।ਮੋਟਰਸਾਈਕਲ 'ਤੇ ਆਏ ਦੋ ਲੁਟੇਰਿਆਂ ਨੇ ਘਰ ਅੰਦਰ ਦਾਖ਼ਲ ਹੋ ਕੇ ਇੱਕ ਬਜ਼ੁਰਗ ਔਰਤ ਨੂੰ ਦਬੋਚ ਲਿਆ ਤੇ ਉਸ ਦਾ ਗਲਾ ਘੁੱਟ ਕੇ ਸੋਨੇ ਦੀਆਂ ਵਾਲੀਆਂ ਲਾਹ ਕੇ ਫਰਾਰ ਹੋ ਗਏ।ਲੁਟੇਰਿਆਂ ਨੇ ਮੰਜੇ 'ਤੇ ਪਈ ਜਸਪਾਲ ਕੌਰ ਪਤਨੀ ਵੀਰ ਸਿੰਘ ਨੂੰ ਦਬੋਚ ਲਿਆ।ਇੱਕ ਲੁਟੇਰੇ ਨੇ ਉਸ ਦਾ ਗਲਾ ਘੁੱਟ ਦਿੱਤਾ, ਜਦਕਿ ਦੂਜੇ ਨੇ ਉਸ ਦੇ ਕੰਨਾਂ 'ਚ ਪਾਈਆਂ ਇੱਕ ਤੋਲਾ ਸੋਨੇ ਦੀਆਂ ਵਾਲੀਆਂ ਲਾਹ ਲਈਆਂ।ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਦੋਵੇਂ ਦੋਸ਼ੀ ਮੋਟਰਸਾਈਕਲ 'ਤੇ ਮੌਕੇ ਤੋਂ ਫਰਾਰ ਹੋ ਗਏ।ਘਟਨਾ ਤੋਂ ਬਾਅਦ ਇਲਾਕੇ ਦੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁਟੇਜ ਜਾਂਚੀ ਗਈ, ਜਿਸ ਵਿੱਚ ਦੋਵਾਂ ਲੁਟੇਰਿਆਂ ਦੇ ਚਿਹਰੇ ਸਾਫ਼ ਨਜ਼ਰ ਆ ਰਹੇ ਹਨ। ਪੁਲਸ ਵੱਲੋਂ ਇਸ ਫੁਟੇਜ ਦੇ ਆਧਾਰ 'ਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

### ਸੜਕ ਹਾਦਸੇ 'ਚ ਵਿਅਕਤੀ ਦੀ ਮੌਤ

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਸਰਹਿੰਦ ਨੇੜੇ ਜੀਟੀ ਰੋਡ 'ਤੇ ਵਾਪਰੇ ਸੜਕ ਹਾਦਸੇ ਦੌਰਾਨ ਤੇਜ਼ ਰਫ਼ਤਾਰ ਕਾਰ ਦੀ ਲਪੇਟ ਵਿੱਚ ਆਏ ਇੱਕ ਵਿਅਕਤੀ ਦੀ ਮੌਤ ਹੋ ਜਾਣ ਦੀ ਸੂਚਨਾ ਹੈ।ਮ੍ਰਿਤਕ ਦੀ ਪਹਿਚਾਣ ਤਲਵੀਰ ਸਿੰਘ (35) ਪੁੱਤਰ ਅਵਤਾਰ ਸਿੰਘ ਵਾਸੀ ਪਿੰਡ ਸੀਂਢਾ ਵਜੋਂ ਹੋਈ ਹੈ।ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਮਾਨ ਸਿੰਘ ਅਨੁਸਾਰ ਮ੍ਰਿਤਕ ਦੇ ਪਿਤਾ ਅਵਤਾਰ ਸਿੰਘ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਉਸ ਦਾ ਲੜਕਾ ਤਲਵੀਰ ਸਿੰਘ ਲੁਧਿਆਣਾ ਵਿਖੇ ਕੰਮ ਗਿਆ ਸੀ।ਜਿੱਥੋਂ ਵਾਪਸ ਘਰ ਨੂੰ ਪਰਤਦੇ ਸਮੇਂ ਜੀਟੀ ਰੋਡ 'ਤੇ ਆ ਕੇ ਉਹ ਜਿਵੇਂ ਹੀ ਬੱਸ 'ਚੋਂ ਉੱਤਰਿਆ ਤਾਂ ਇੱਕ ਤੇਜ਼ ਰਫ਼ਤਾਰ ਕਾਰ ਨੇ ਉਸ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਸਿਰ ਵਿੱਚ ਗੰਭੀਰ ਸੱਟਾਂ ਲੱਗਣ 'ਤੇ ਤਲਵੀਰ ਸਿੰਘ ਦੀ ਮੌਤ ਹੋ ਗਈ।ਸ਼ਿਕਾਇਤ ਕਰਤਾ ਦੇ ਬਿਆਨਾਂ 'ਤੇ ਥਾਣਾ ਸਰਹਿੰਦ ਵਿਖੇ ਕਾਰ ਦੇ ਨਾਮਾਲੂਮ ਡਰਾਈਵਰ ਖ਼ਿਲਾਫ਼ ਕੇਸ ਦਰਜ ਕਰਕੇ ਤਫਤੀਸ਼ ਕੀਤੀ ਜਾ ਰਹੀ ਹੈ।

### 1 ਕਿੱਲੋ 12 ਗ੍ਰਾਮ ਹੈਰੋਇਨ ਤੇ 1 ਲੱਖ ਦੀ ਡਰੱਗ ਮਨੀ ਸਮੇਤ ਕਾਬੂ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਵਿੱਢੀ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਥਾਣਾ ਕੈਨਾਲ ਕਲੌਨੀ ਬਠਿੰਡਾ ਦੀ ਪੁਲਸ ਟੀਮ ਨੇ 01 ਵਿਅਕਤੀ ਨੂੰ ਕਾਬੂ ਕਰਕੇ ਉਸ ਪਾਸੋਂ 1 ਕਿੱਲੋ 12 ਗ੍ਰਾਮ ਹੈਰੋਇਨ ਤੇ 1 ਲੱਖ ਰੁਪਏ ਡਰੱਗ ਮਨੀ ਬਰਾਮਦ ਕਰਕੇ ਵੱਡੀ ਸਫਲਤਾ ਹਾਸਲ ਕੀਤੀ ਹੈ।ਬਠਿੰਡਾ ਪੁਲਸ ਦੇ ਥਾਣਾ ਕੈਨਾਲ ਕਲੌਨੀ ਬਠਿੰਡਾ ਦੀ ਪੁਲਸ ਪਾਰਟੀ ਨੇ ਗਸ਼ਤ ਬਾ ਚੈਕਿੰਗ ਸ਼ੱਕੀ ਪੁਰਸ਼ਾਂ ਕਰਨ ਦੌਰਾਨ ਬਾਦਲ ਪੁਲ ਦੇ ਨਾਲ ਲਾਅ ਕਾਲਜ ਨੇੜੇ ਇੱਕ ਵਿਅਕਤੀ ਨੂੰ ਕਾਬੂ ਕਰਕੇ ਉਸ ਪਾਸੋਂ 1 ਕਿੱਲੋ 12 ਗ੍ਰਾਮ ਹੈਰੋਇਨ ਤੇ 1 ਲੱਖ ਰੁਪਏ ਡਰੱਗ ਮਨੀ ਬਰਾਮਦ ਕਰਕੇ ਵੱਡੀ ਸਫਲਤਾ ਹਾਸਲ ਕੀਤੀ।ਕਾਬੂ ਕੀਤੇ ਗਏ ਵਿਅਕਤੀ ਦੀ ਪਛਾਣ ਮਨਜਿੰਦਰ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਗਲੀ ਨੰਬਰ 4 ਹੰਸ ਨਗਰ ਬਠਿੰਡਾ ਵਜੋਂ ਹੋਈ ਹੈ।ਮੁਲਜ਼ਮ ਮਨਜਿੰਦਰ ਸਿੰਘ ਉਕਤ ਖਿਲਾਫ ਮੁਕੱਦਮਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ।ਗ੍ਰਿਫਤਾਰ ਕੀਤੇ ਵਿਅਕਤੀ ਪਾਸੋਂ ਹੈਰੋਇਨ ਦੀ ਸਪਲਾਈ ਨਾਲ ਸਬੰਧਤ ਅੱਗੇ-ਪਿੱਛੇ ਦੇ ਲਿੰਕਾਂ ਬਾਰੇ ਪੁੱਛਗਿੱਛ ਕੀਤੀ ਜਾ ਰਹੀ ਹੈ।

# ਸ਼ਾਰਟ-ਸਰਕਟ ਕਾਰਨ ਸ਼ੈੱਡ ਨੂੰ ਲੱਗੀ ਅੱਗ, 7 ਪਸ਼ੂ ਸੜੇ

## ਦੋ ਪਸ਼ੂ ਰਾਹਗੀਰ ਦੀ ਬਹਾਦਰੀ ਨਾਲ ਬਚੇ



**ਜਲਾਲਾਬਾਦ (ਬਲਵਿੰਦਰ ਸਿੰਘ)**-ਬੀਤੇ ਦਿਨੀਂ ਪਿੰਡ ਚੱਕ ਜਾਨੀਸਰ ਵਿਖੇ ਉਸ ਸਮੇਂ ਦਰਦਨਾਕ ਹਾਦਸਾ ਵਾਪਰ ਗਿਆ, ਜਦੋਂ ਬਿਜਲੀ ਦੇ ਸ਼ਾਰਟ ਸਰਕਟ ਕਾਰਨ ਕਿਸਾਨ ਵਿਜੇ ਯਾਦਵ ਦੇ ਪਸ਼ੂਆਂ ਦੇ ਸ਼ੈੱਡ ਨੂੰ ਅਚਾਨਕ ਅੱਗ ਲੱਗ ਗਈ।ਅੱਗ ਨੇ ਦੇਖਦੇ ਹੀ ਦੇਖਦੇ ਭਿਆਨਕ ਰੂਪ ਧਾਰਨ ਕਰ ਲਿਆ, ਜਿਸ ਕਾਰਨ ਸ਼ੈੱਡ ਵਿੱਚ ਬੱਝੇ ਸੱਤ ਪਸ਼ੂਆਂ ਦੀ ਮੌਤ ਹੋ ਗਈ।ਮਰਨ ਵਾਲੇ ਪਸ਼ੂਆਂ ਵਿੱਚ ਜ਼ਿਆਦਾਤਰ ਮੱਝਾਂ ਤੇ ਗਾਵਾਂ ਗੱਭਣ ਦੱਸੀਆਂ ਜਾ ਰਹੀਆਂ ਹਨ।ਇਸ ਹਾਦਸੇ ਨਾਲ ਕਿਸਾਨ ਦਾ ਲੱਖਾਂ ਰੁਪਏ ਦਾ ਨੁਕਸਾਨ ਹੋਇਆ ਹੈ।ਜਾਣਕਾਰੀ ਅਨੁਸਾਰ ਅੱਗ ਲੱਗਣ ਸਮੇਂ ਸ਼ੈੱਡ ਵਿੱਚ ਪਸ਼ੂ ਬੱਝੇ ਹੋਏ ਸਨ।ਅੱਗ ਤੇਜ਼ੀ ਨਾਲ ਫੈਲਣ ਕਾਰਨ ਕਿਸਾਨ ਨੂੰ ਪਸ਼ੂਆਂ ਨੂੰ ਬਾਹਰ ਕੱਢਣ ਦਾ ਮੌਕਾ ਨਹੀਂ ਮਿਲ ਸਕਿਆ।ਇਸ ਦੌਰਾਨ ਸੱਤ ਪਸ਼ੂ ਅੱਗ ਦੀ ਲਪੇਟ ਵਿੱਚ ਆ ਗਏ।ਹਾਦਸੇ ਦੌਰਾਨ ਇੱਕ ਰਾਹਗੀਰ ਨੇ ਬਿਨਾਂ ਸਮਾਂ ਗਵਾਏ ਅੱਗ ਦੀ ਪ੍ਰਵਾਹ ਕੀਤੇ ਬਿਨਾਂ ਪਸ਼ੂਆਂ ਨੂੰ ਖੋਲ੍ਹਣ ਦੀ ਕੋਸ਼ਿਸ਼ ਕੀਤੀ।ਉਸ ਦੀ ਇਸ ਕੋਸ਼ਿਸ਼ ਸਦਕਾ ਦੋ ਪਸ਼ੂਆਂ ਨੂੰ ਬਚਾਇਆ ਜਾ ਸਕਿਆ।ਘਟਨਾ ਤੋਂ ਬਾਅਦ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਖਚੈਨ ਸਿੰਘ, ਬਲਾਕ ਪ੍ਰਧਾਨ ਹਰਮੀਤ ਸਿੰਘ ਤੇ ਬਲਾਕ ਆਗੂ ਬਲਰਾਜ ਸਿੰਘ ਜੰਡਵਾਲਾ ਨੇ ਪੀੜਤ ਪਰਵਾਰ ਨਾਲ ਮੁਲਾਕਾਤ ਕਰਕੇ ਦੁੱਖ ਸਾਂਝਾ ਕੀਤਾ।ਉਨ੍ਹਾਂ ਕਿਹਾ ਕਿ ਵਿਜੇ ਯਾਦਵ ਦਾ ਪਰਵਾਰ ਪਸ਼ੂ ਪਾਲਣ 'ਤੇ ਨਿਰਭਰ ਹੈ ਤੇ ਪਸ਼ੂਆਂ ਦੀ ਮੌਤ ਨਾਲ ਉਸ ਦੀ ਆਮਦਨ ਦੇ ਸਾਧਨ ਨੂੰ ਵੱਡਾ ਝਟਕਾ ਲੱਗਾ ਹੈ।ਇਸ ਮੌਕੇ ਪਿੰਡ ਇਕਾਈ ਚੱਕ ਜਾਨੀਸਰ ਦੇ ਪ੍ਰਧਾਨ ਮੁਖਤਿਆਰ ਸਿੰਘ, ਨਗਿੰਦਰ ਸਿੰਘ, ਹਰਪ੍ਰੀਤ ਸਿੰਘ, ਗੁਰਜੀਤ ਸਿੰਘ ਤੇ ਪੰਚਾਇਤ ਮੈਂਬਰ ਗੁਰਤੇਜ ਸਿੰਘ ਨੇ ਸਰਕਾਰ ਤੋਂ ਪੀੜਤ ਕਿਸਾਨ ਦੀ ਤੁਰੰਤ ਸਹਾਇਤਾ ਕਰਨ ਦੀ ਮੰਗ ਕੀਤੀ।ਕਿਰਤੀ ਕਿਸਾਨ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਸਰਕਾਰ ਤੇ ਪ੍ਰਸ਼ਾਸਨ ਨੂੰ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਨੁਕਸਾਨ ਦੀ ਤੁਰੰਤ ਗਿਰਦਾਵਰੀ/ਮੁਲਾਂਕਣ ਕਰਵਾਉਣਾ ਚਾਹੀਦਾ ਹੈ।ਉਨ੍ਹਾਂ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਕਿਸਾਨ ਵਿਜੇ ਯਾਦਵ ਨੂੰ ਮਰੇ ਪਸ਼ੂਆਂ ਤੇ ਹੋਏ ਹੋਰ ਨੁਕਸਾਨ ਦਾ ਬਣਦਾ ਮੁਆਵਜ਼ਾ ਦਿੱਤਾ ਜਾਵੇ।ਆਗੂਆਂ ਨੇ ਕਿਹਾ ਕਿ ਕਿਸਾਨ ਪਹਿਲਾਂ ਹੀ ਆਰਥਿਕ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ ਤੇ ਅਜਿਹੇ ਹਾਦਸੇ ਪਰਵਾਰ ਨੂੰ ਹੋਰ ਵੀ ਮੁਸ਼ਕਲ ਵਿੱਚ ਪਾ ਦਿੰਦੇ ਹਨ।ਇਸ ਲਈ ਸਰਕਾਰ ਨੂੰ ਪੀੜਤ ਪਰਵਾਰ ਦੀ ਬਾਂਹ ਫੜਦਿਆਂ ਤੁਰੰਤ ਆਰਥਿਕ ਸਹਾਇਤਾ ਮੁਹੱਈਆ ਕਰਵਾਉਣੀ ਚਾਹੀਦੀ ਹੈ।

# ਮੰਤਰੀ ਅਮਨ ਅਰੋੜਾ ਦੀ ਕੋਠੀ ਦਾ ਘਿਰਾਓ ਅੱਜ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਾਂਝੀ ਤਾਲਮੇਲ ਕਮੇਟੀ ਸੁਨਾਮ ਦੀ ਮੀਟਿੰਗ ਸਾਥੀ ਦਰਸ਼ਨ ਸਿੰਘ ਭੂਰ ਦੀ ਪ੍ਰਧਾਨਗੀ ਵਿੱਚ ਹੋਈ, ਸਭ ਤੋਂ ਪਹਿਲਾਂ ਵਿੱਛੜੇ ਸਾਥੀ, ਸਾਥੀ ਗੋਬਿੰਦਰ ਸਿੰਘ ਇੰਸਪੈਕਟਰ ਪੰਜਾਬ ਪੁਲਸ, ਜੋ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਨੂੰ ਸ਼ਰਧਾਂਜਲੀ ਭੇਟ ਕੀਤੀ ਗਈ, 13 ਸਤੰਬਰ ਨੂੰ ਮੰਤਰੀ ਅਮਨ ਅਰੋੜਾ ਦੀ ਕੋਠੀ ਦੇ ਘਿਰਾਓ ਸਬੰਧੀ ਸਾਥੀਆਂ ਦੀਆਂ ਡਿਊਟੀਆਂ ਲਾਈਆਂ ਗਈਆਂ, ਮੀਟਿੰਗ ਵਿੱਚ ਸਾਥੀ ਰਾਮ ਸਰੂਪ ਢੈਪਈ ਸਾਥੀ ਸੁਰਿੰਦਰ ਸਿੰਘ ਸੁਨਾਮ, ਰਵਿੰਦਰ ਸਿੰਘ, ਸਾਥੀ ਜੀਤ ਸਿੰਘ ਬਾਂਗਾ, ਚੇਤ ਸਿੰਘ ਢਿੱਲੋਂ ਸੁਰੇਸ਼ ਕਾਂਸਲ, ਸੋਮ ਸਿੰਘ, ਸਵਿੰਦਰ ਸਿੰਘ, ਤਰਸੇਮ ਸਿੰਘ, ਸੁਖਮਿੰਦਰ ਸਿੰਘ, ਸਾਥੀ ਦੁਲੀਆ ਰਾਮ, ਪਵਨ ਕੁਮਾਰ, ਸਾਥੀ ਬਿਰਜ ਲਾਲ ਧੀਮਾਨ, ਗੁਰਸਿਮਰਤ ਸਿੰਘ ਸਾਥੀਆਂ ਨੇ ਭਾਗ ਲਿਆ ਅਤੇ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਦੀਆਂ ਮੰਗਾਂ ਨੂੰ ਅਮਲੀ ਜਾਮਾ ਪਹਿਨਾਇਆ ਜਾਵੇ। ਆਗੂ ਸਾਥੀਆਂ ਨੇ ਤੂਰਬਨਜਾਰਾ ਦੇ ਗੁਲਜ਼ਾਰ ਸਿੰਘ ਦੇ ਪਰਿਵਾਰ ਨਾਲ ਹੋਈ ਵਧੀਕੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਤੇ ਮੰਗ ਕੀਤੀ ਪਰਿਵਾਰ ਨੂੰ ਇਨਸਾਫ਼ ਦਿੱਤਾ ਜਾਵੇ। ਅੰਤ ਵਿੱਚ ਸਾਥੀ ਜੀਤ ਸਿੰਘ ਬਾਂਗਾ ਜੀ ਵੱਲੋਂ ਆਏ ਸਾਥੀਆਂ ਦਾ ਧੰਨਵਾਦ ਕੀਤਾ ਗਿਆ।

# ਨੌਜਵਾਨਾਂ ਨੂੰ ਨੌਕਰੀ ਮੰਗਣ ਵਾਲਾ ਨਹੀਂ, ਦੇਣ ਵਾਲਾ ਬਣਾ ਰਹੇ ਹਾਂ : ਸਿਸੋਦੀਆ

## ਨੌਜਵਾਨਾਂ ਨੂੰ ਰੁਜ਼ਗਾਰ ਦੇ ਨਵੇਂ ਮੌਕੇ ਦੇਣਾ ਸਰਕਾਰ ਦੀ ਪਹਿਲ : ਡਾ. ਅਰੋੜਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਨਵੇਂ ਮੌਕੇ ਮੁਹੱਈਆ ਕਰਵਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਨੌਕਰੀ ਲੱਭਣ ਵਾਲਾ ਨਹੀਂ, ਸਗੋਂ ਨੌਕਰੀ ਦੇਣ ਵਾਲਾ ਬਣਾਉਣ ਦੀ ਦਿਸ਼ਾ ਵਿੱਚ ਪੰਜਾਬ ਸਰਕਾਰ ਲਗਾਤਾਰ ਕੰਮ ਕਰ ਰਹੀ ਹੈ।ਇਹ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਪੰਜਾਬ ਇੰਚਾਰਜ ਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਮੋਗਾ ਦੇ ਲਾਲਾ ਲਾਜਪਤ ਰਾਏ ਫਾਰਮੇਸੀ ਕਾਲਜ ਘੱਲਕਲਾਂ ਵਿਖੇ ਕਰਵਾਏ ਗਏ 'ਬਿਜ਼ਨੈੱਸ ਕਲਾਸ' ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕੀਤਾ।ਮਨੀਸ਼ ਸਿਸੋਦੀਆ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ 'ਬਿਜ਼ਨਸ ਕਲਾਸ' ਪ੍ਰੋਗਰਾਮ ਰਾਹੀਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਆਪਣੇ ਹੁਨਰ ਨੂੰ ਕਾਰੋਬਾਰ ਵਿੱਚ ਬਦਲਣ ਦਾ ਮੌਕਾ ਮਿਲ ਰਿਹਾ ਹੈ।ਉਨ੍ਹਾਂ ਕਿਹਾ ਕਿ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਆਪਣੇ ਹੁਨਰ ਦੇ ਆਧਾਰ 'ਤੇ ਛੋਟੇ-ਛੋਟੇ ਕਾਰੋਬਾਰ ਸ਼ੁਰੂ ਕਰਕੇ ਆਤਮਨਿਰਭਰ ਬਣਨ ਵੱਲ ਕਦਮ ਵਧਾਇਆ ਹੈ।ਉਨ੍ਹਾਂ ਕਿਹਾ ਕਿ ਸਰਕਾਰ ਦਾ ਉਦੇਸ਼ ਨੌਜਵਾਨਾਂ ਵਿੱਚ ਉੱਦਮਤਾ ਦੀ ਭਾਵਨਾ ਪੈਦਾ ਕਰਨਾ ਹੈ, ਤਾਂ ਜੋ ਉਹ ਆਪਣੇ ਲਈ ਰੁਜ਼ਗਾਰ ਪੈਦਾ ਕਰਨ ਦੇ ਨਾਲ-ਨਾਲ ਹੋਰਨਾਂ ਨੂੰ ਵੀ ਰੁਜ਼ਗਾਰ ਦੇ ਸਕਣ।ਇਸ ਮੌਕੇ ਉਨ੍ਹਾਂ ਨੇ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੇ ਵਿਚਾਰ ਤੇ ਸੁਝਾਅ ਵੀ ਸੁਣੇ ਅਤੇ 'ਬਿਜ਼ਨਸ ਕਲਾਸ' ਪ੍ਰੋਗਰਾਮ ਨਾਲ ਸਬੰਧਤ ਵੱਖ-ਵੱਖ ਪਹਿਲੂਆਂ 'ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ।ਇਸ ਮੌਕੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਨਵੇਂ ਮੌਕੇ ਮੁਹੱਈਆ ਕਰਵਾਉਣ ਲਈ ਲਗਾਤਾਰ ਯਤਨਸ਼ੀਲ ਹੈ।ਡਾ. ਅਰੋੜਾ ਨੇ ਕਿਹਾ ਕਿ 'ਬਿਜ਼ਨਸ ਕਲਾਸ' ਵਰਗੇ ਪ੍ਰੋਗਰਾਮ ਨੌਜਵਾਨਾਂ ਨੂੰ ਆਪਣੇ ਹੁਨਰ ਦੀ ਪਛਾਣ ਕਰਨ ਤੇ ਉਸ ਨੂੰ ਕਾਰੋਬਾਰ ਵਿੱਚ ਬਦਲਣ ਲਈ ਪ੍ਰੇਰਿਤ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਵਿੱਚ ਪ੍ਰਤਿਭਾ ਤੇ ਸਮਰੱਥਾ ਦੀ ਕੋਈ ਕਮੀ ਨਹੀਂ ਹੈ, ਲੋੜ ਸਿਰਫ਼ ਉਨ੍ਹਾਂ ਨੂੰ ਸਹੀ ਦਿਸ਼ਾ, ਮਾਰਗਦਰਸ਼ਨ ਤੇ ਮੌਕੇ ਪ੍ਰਦਾਨ ਕਰਨ ਦੀ ਹੈ।ਸਰਕਾਰ ਇਸੇ ਦਿਸ਼ਾ ਵਿੱਚ ਕੰਮ ਕਰ ਰਹੀ ਹੈ, ਤਾਂ ਜੋ ਨੌਜਵਾਨ ਆਤਮਨਿਰਭਰ ਬਣਨ ਤੇ ਪੰਜਾਬ ਦੀ ਆਰਥਿਕਤਾ ਨੂੰ ਹੋਰ ਮਜ਼ਬੂਤ ਕਰਨ ਵਿੱਚ ਆਪਣਾ ਯੋਗਦਾਨ ਪਾ ਸਕਣ।

ਪ੍ਰੋਗਰਾਮ ਦੌਰਾਨ ਲਾਲਾ ਲਾਜਪਤ ਰਾਏ ਫਾਰਮੇਸੀ ਕਾਲਜ ਦੇ ਚੇਅਰਮੈਨ ਕੇ. ਕੇ. ਕੌੜਾ ਨੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਦੇ ਕਾਲਜ ਪਹੁੰਚਣ 'ਤੇ ਉਨ੍ਹਾਂ ਦਾ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨਾਲ ਸਿੱਧਾ ਸੰਵਾਦ ਕਰਨ ਤੇ ਉਨ੍ਹਾਂ ਦੇ ਵਿਚਾਰ ਜਾਣਨ ਲਈ ਅਜਿਹੇ ਪ੍ਰੋਗਰਾਮ ਬੇਹੱਦ ਮਹੱਤਵਪੂਰਨ ਹਨ।ਉਨ੍ਹਾਂ ਕਿਹਾ ਕਿ 'ਬਿਜ਼ਨਸ ਕਲਾਸ' ਵਰਗੇ ਉਪਰਾਲੇ ਵਿਦਿਆਰਥੀਆਂ ਨੂੰ ਸਿੱਖਿਆ ਦੇ ਨਾਲ-ਨਾਲ ਵਿਹਾਰਕ ਗਿਆਨ ਤੇ ਉੱਦਮਤਾ ਵੱਲ ਪ੍ਰੇਰਿਤ ਕਰਦੇ ਹਨ।ਇਸ ਮੌਕੇ ਡਿਪਟੀ ਕਮਿਸ਼ਨਰ ਸਾਗਰ ਸੇਤੀਆ, ਜ਼ਿਲ੍ਹਾ ਪੁਲਸ ਮੁਖੀ ਸਰਤਾਜ ਸਿੰਘ ਚਾਹਲ ਸਮੇਤ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀ ਤੇ ਅਧਿਕਾਰੀ ਹਾਜ਼ਰ ਸਨ।

# ਡਾ. ਸੁਖਦੇਵ ਸਿਰਸਾ ਦੀ ਪੀ ਯੂ ਸੈਨੇਟ ਚੋਣਾਂ 'ਚ ਹਮਾਇਤ



**ਸਿਰਸਾ (ਨ ਜ਼ ਸ)**-ਸਿਰਸਾ ਜ਼ਿਲ੍ਹੇ ਦੀਆਂ ਸਾਹਿਤਕ, ਸਮਾਜਿਕ, ਸਿੱਖਿਅਕ ਸੰਸਥਾਵਾਂ 20 ਸਤੰਬਰ ਨੂੰ ਹੋਣ ਵਾਲੀਆਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀਆਂ ਸੈਨੇਟ ਚੋਣਾਂ ਵਿੱਚ ਡਾ. ਸੁਖਦੇਵ ਸਿੰਘ ਸਿਰਸਾ ਦੀ ਹਮਾਇਤ ਕਰਨਗੀਆਂ।ਇਹ ਫ਼ੈਸਲਾ ਸ਼ਹੀਦ ਭਗਤ ਸਿੰਘ ਸਪੋਰਟਸ ਕੰਪਲੈਕਸ ਵਿਖੇ ਸੀਨੀਅਰ ਲੇਖਕ ਤੇ ਚਿੰਤਕ ਕਾਮਰੇਡ ਸੁਵਰਨ ਸਿੰਘ ਵਿਰਕ ਦੀ ਪ੍ਰਧਾਨਗੀ ਹੇਠ ਹੋਈ ਪ੍ਰਗਤੀਸ਼ੀਲ ਲੇਖਕ ਸੰਘ ਸਿਰਸਾ, ਪੰਜਾਬੀ ਲੇਖਕ ਸਭਾ, ਸਿਰਸਾ ਤੇ ਸੰਵਾਦ ਸਿਰਸਾ ਦੇ ਨੁਮਾਇੰਦਿਆਂ ਦੀ ਮੀਟਿੰਗ ਵਿੱਚ ਲਿਆ ਗਿਆ।ਜ਼ਿਕਰਯੋਗ ਹੈ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀਆਂ ਸੈਨੇਟ ਚੋਣਾਂ ਨਾਲ ਸੰਬੰਧਤ ਸਿਰਸਾ ਜ਼ਿਲ੍ਹੇ ਦੇ ਵੋਟਰ ਸਰਕਾਰੀ ਨੈਸ਼ਨਲ ਕਾਲਜ (ਜੀਐੱਨਸੀ), ਸਿਰਸਾ ਵਿਖੇ ਸਥਾਪਤ ਬੂਥ ਨੰਬਰ 60 'ਤੇ ਆਪਣੀ ਵੋਟ ਪਾਉਣਗੇ।ਇਨ੍ਹਾਂ ਸੰਗਠਨਾਂ ਦੇ ਨੁਮਾਇੰਦਿਆਂ ਨੇ ਸਾਰੇ ਸਨਮਾਨਤ ਅਧਿਆਪਕ, ਵਕੀਲ, ਵਿਦਿਆਰਥੀ, ਨੌਜਵਾਨ ਤੇ ਹੋਰ ਸਭਨਾਂ ਸਨਮਾਨਤ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਚੋਣ ਸਮੇਂ ਬੈਲਟ ਪੇਪਰ ਉੱਪਰ 47ਵੇਂ ਨੰਬਰ 'ਤੇ ਦਰਜ ਡਾ. ਸੁਖਦੇਵ ਸਿੰਘ ਸਿਰਸਾ ਨੂੰ ਪਹਿਲੀ ਤਰਜੀਹ ਦੀ ਵੋਟ ਪਾ ਕੇ ਉਨ੍ਹਾਂ ਦੀ ਜਿੱਤ ਨੂੰ ਯਕੀਨੀ ਬਣਾਉਣ।ਮੀਟਿੰਗ ਵਿੱਚ ਕਾਮਰੇਡ ਸੁਵਰਨ ਸਿੰਘ ਵਿਰਕ, ਕਾਮਰੇਡ ਜਸਵੰਤ ਸਿੰਘ ਜੋਸ਼, ਡਾ. ਗੁਰਪ੍ਰੀਤ ਸਿੰਘ ਸਿੰਧਰਾ, ਪ੍ਰੋ. ਹਰਭਗਵਾਨ ਚਾਵਲਾ, ਤਿਲਕ ਰਾਜ ਵਿਨਾਇਕ ਐਡਵੋਕੇਟ, ਰਮੇਸ਼ ਸ਼ਾਸਤਰੀ, ਪਰਮਾਨੰਦ ਸ਼ਾਸਤਰੀ, ਪ੍ਰੋ. ਅਮਰ ਕੰਬੋਜ, ਡਾ. ਹਰਵਿੰਦਰ ਸਿੰਘ ਸਿਰਸਾ, ਪ੍ਰਿੰਸੀਪਲ ਅਰਵੇਲ ਸਿੰਘ ਵਿਰਕ, ਡਾ. ਸ਼ੇਰ ਚੰਦ, ਸੁਰਜੀਤ ਸਿੰਘ ਸਿਰੜੀ, ਅਨੀਸ਼ ਕੁਮਾਰ, ਨਵਨੀਤ ਸਿੰਘ ਰੈਣੂ ਆਦਿ ਨੇ ਸ਼ਮੂਲੀਅਤ ਕੀਤੀ।

ਸਿਰਸਾ ਦੇ ਕਈ ਹੋਰ ਕਿਸਾਨ, ਨੌਜਵਾਨ, ਵਿਦਿਆਰਥੀ ਸੰਗਠਨਾਂ ਦੇ ਨਾਲ ਨਾਲ ਐਡਵੋਕੇਟ ਸੁਰੇਸ਼ ਮਹਿਤਾ, ਗੁਰਤੇਜ ਸਿੰਘ ਬਰਾੜ, ਲੇਖ ਰਾਜ ਢੋਟ, ਰੰਗਕਰਮੀ ਸੰਜੀਵ ਸ਼ਾਦ, ਪ੍ਰੋ. ਦਿਲਰਾਜ ਸਿੰਘ, ਸੀਨੀਅਰ ਪੱਤਰਕਾਰ ਗੁਰਜੀਤ ਸਿੰਘ ਮਾਨ, ਸਾਥੀ ਸੁਰਿੰਦਰਪਾਲ ਸਿੰਘ, ਭੁਪਿੰਦਰ ਪਨੀਵਾਲੀਆ, ਪ੍ਰਭੂ ਦਿਆਲ, ਕਾ. ਬਲਰਾਜ ਸਿੰਘ ਬਣੀ, ਹਰਦੇਵ ਸਿੰਘ ਜੋਸ਼, ਸਰਬਜੀਤ ਸਿੰਘ ਸਿੱਧੂ, ਅਰਮਾਨ ਗਿੱਲ, ਰਵੀਤੇਜ ਭੰਗੂ ਆਦਿ ਕਿਸਾਨ, ਵਕੀਲ, ਨੌਜਵਾਨ, ਵਿਦਿਆਰਥੀ ਨੁਮਾਇੰਦਿਆਂ ਤੇ ਸਰਕਾਰੀ ਨੈਸ਼ਨਲ ਕਾਲਜ, ਸਿਰਸਾ ਵਿਖੇ ਡਾ. ਸੁਖਦੇਵ ਸਿੰਘ ਸਿਰਸਾ ਦੇ ਸਹਿਕਰਮੀ ਰਹੇ ਸਿੱਖਿਅਕਾਂ ਵੱਲੋਂ ਵੀ ਉਨ੍ਹਾਂ ਦੀ ਹਮਾਇਤ ਵਿੱਚ ਸੰਪਰਕ ਮੁਹਿੰਮ ਚਲਾਈ ਜਾ ਰਹੀ ਹੈ।

# ਮਨਰੇਗਾ ਮਜ਼ਦੂਰਾਂ ਦੇ ਮਸਲਿਆਂ ਨੂੰ ਲੈ ਕੇ ਸੀਟੂ ਵੱਲੋਂ ਕਨਵੈਨਸ਼ਨ 16 ਨੂੰ

**ਸੰਗਰੂਰ (ਪ੍ਰਵੀਨ ਸਿੰਘ)**-ਮਨਰੇਗਾ ਮਜ਼ਦੂਰਾਂ ਦੇ ਮਸਲਿਆਂ ਨੂੰ ਲੈ ਕੇ ਮਨਰੇਗਾ ਮਜ਼ਦੂਰ ਯੂਨੀਅਨ ਸੀਟੂ ਵੱਲੋਂ ਇਕ ਕਨਵੈਨਸ਼ਨ 16 ਸਤੰਬਰ ਨੂੰ ਸੰਗਰੂਰ ਵਿਖੇ ਕੀਤੀ ਜਾ ਰਹੀ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮਨਰੇਗਾ ਮਜ਼ਦੂਰਾਂ ਦੇ ਜ਼ਿਲ੍ਹਾ ਪ੍ਰਧਾਨ ਰਾਮ ਸਿੰਘ ਸੋਹੀਆਂ ਤੇ ਸਕੱਤਰ ਸਤਵੀਰ ਤੁੰਗਾਂ ਨੇ ਕਿਹਾ ਕਿ ਅੱਜ ਦੇਸ਼ ਅੰਦਰ ਮਜ਼ਦੂਰ ਵਰਗ ਗਰੀਬੀ ਤੇ ਮਨਰੇਗਾ ਦਾ ਕੰਮ ਨਾ ਮਿਲਣ ਕਰਕੇ ਭੁਖਮਰੀ ਵਰਗੇ ਹਾਲਾਤਾਂ ਵਿੱਚੋਂ ਲੰਘ ਰਿਹਾ ਹੈ।ਕੇਂਦਰ ਸਰਕਾਰ ਨੇ ਮਨਰੇਗਾ ਕਾਨੂੰਨ ਨੂੰ ਖਤਮ ਕਰਕੇ ਇਸ ਦੀ ਥਾਂ ਨਵੀਂ ਸਕੀਮ ਵੀ ਬੀ ਗਰਾਮ ਜੀ ਲਾਗੂ ਕਰ ਦਿੱਤੀ ਹੈ, ਪਰ ਇਹ ਸਕੀਮ ਲੋਕਾਂ ਨੂੰ ਰੁਜ਼ਗਾਰ ਦੇਣ 'ਚ ਨਾਕਾਮ ਸਾਬਿਤ ਹੋਈ ਹੈ।ਪਿੰਡਾਂ ਵਿੱਚ ਬੜੀ ਮੁਸ਼ਕਲ ਨਾਲ 10-15 ਵਿਆਕਤੀਆਂ ਨੂੰ ਹੀ ਇਸ ਸਕੀਮ ਤਹਿਤ ਕੰਮ ਮਿਲ ਰਿਹਾ ਹੈ, ਜਦਕਿ ਬਾਕੀ ਸੈਂਕੜੇ ਜੌਬਕਾਡ ਧਾਰਕ ਨਰੇਗਾ ਦਾ ਕੰਮ ਨਾ ਮਿਲਣ ਕਾਰਨ ਬੇਰੋਜ਼ਗਾਰੀ ਤੇ ਮਹਿੰਗਾਈ ਦੇ ਪੁੜਾਂ ਹੇਠ ਪਿਸ ਰਹੇ ਹਨ।ਆਗੂਆਂ ਨੇ ਦੱਸਿਆ ਕਿ ਸੀਟੂ ਦੇ ਸੂਬਾਈ ਫੈਸਲੇ ਮੁਤਾਬਿਕ 16 ਸਤੰਬਰ ਨੂੰ ਸੰਗਰੂਰ ਵਿਖੇ ਬਰਨਾਲਾ ਕੈਂਚੀਆਂ ਨੇੜੇ ਪੈਟਰੋਲ ਪੰਪ ਵਾਲੀ ਗਲੀ 'ਚ ਬਣੀ ਧਰਮਸ਼ਾਲਾ 'ਚ ਮਨਰੇਗਾ ਮਜ਼ਦੂਰਾਂ ਦੇ ਮਸਲਿਆਂ ਨੂੰ ਲੈ ਕੇ ਇਕ ਕਨਵੈਨਸ਼ਨ ਕੀਤੀ ਜਾ ਰਹੀ ਹੈ। ਇਸ ਮੌਕੇ ਸੀਟੂ ਪੰਜਾਬ ਦੇ ਪ੍ਰਧਾਨ ਚੰਦਰ ਸ਼ੇਖਰ, ਮਨਰੇਗਾ ਮਜ਼ਦੂਰਾਂ ਦੇ ਸੂਬਾਈ ਪ੍ਰਧਾਨ ਸ਼ੇਰ ਸਿੰਘ ਫਰਵਾਹੀ, ਜਨਰਲ ਸਕੱਤਰ ਅਮਰਨਾਥ ਕੂੰਮਕਲਾਂ, ਮਿੱਡ ਡੇ ਮੀਲ ਦੀ ਸੂਬਾਈ ਸਕੱਤਰ ਜਸਮੇਲ ਕੌਰ ਬੀਰ ਕਲਾਂ, ਡਾ ਪ੍ਰਕਾਸ਼ ਬਰਮੀ, ਇੰਦਰਪਾਲ ਪੁੰਨਵਾਲ ਤੇ ਹੋਰ ਆਗੂ ਸੰਬੋਧਨ ਕਰਨਗੇ।

# ਇਥਾਨੌਲ ਫੈਕਟਰੀ ਖ਼ਿਲਾਫ਼ ਆਰ-ਪਾਰ ਦੀ ਲੜਾਈ ਦਾ ਐਲਾਨ

## ਅਮਿਤੋਜ ਮਾਨ, ਖੁਸ਼ਵਿੰਦਰ ਕਾਕਾ, ਲੱਖਾ ਸਿਧਾਣਾ ਤੇ ਭਾਨਾ ਸਿੱਧੂ ਸਣੇ ਹੋਰਨਾਂ ਨੇ ਕੀਤੀ ਸ਼ਿਰਕਤ




**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਧੂਰੀ-ਸ਼ੇਰਪੁਰ ਰੋਡ 'ਤੇ ਸਥਿਤ ਇਥਾਨੌਲ ਫੈਕਟਰੀ ਖ਼ਿਲਾਫ਼ ਵਿੱਢੇ ਸੰਘਰਸ਼ ਦੌਰਾਨ ਇੱਕ ਵੱਡੇ ਜਨ-ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਸਮਾਜਿਕ ਚਿੰਤਕ ਅਮਿਤੋਜ ਮਾਨ, ਖੁਸ਼ਵਿੰਦਰ ਸਿੰਘ ਕਾਕਾ, ਲੱਖਾ ਸਿਧਾਣਾ ਤੇ ਭਾਨਾ ਸਿੱਧੂ ਨੇ ਸਥਾਨਕ ਪ੍ਰਸ਼ਾਸਨ ਦੀ ਕਾਰਜਪ੍ਰਣਾਲੀ 'ਤੇ ਤਿੱਖੇ ਸਵਾਲ ਖੜ੍ਹੇ ਕੀਤੇ।

ਆਗੂਆਂ ਨੇ ਦੋਸ਼ ਲਾਇਆ ਕਿ ਸਰਕਾਰੀ ਪ੍ਰਸ਼ਾਸਨ ਲੋਕ-ਹਿੱਤਾਂ ਦੀ ਰਾਖੀ ਕਰਨ ਦੀ ਬਜਾਏ ਜ਼ਹਿਰ ਉਗਲ ਰਹੀ ਫੈਕਟਰੀ ਦਾ ਪੱਖ ਪੂਰ ਰਿਹਾ ਹੈ, ਜਿਸ ਨਾਲ ਇਲਾਕੇ ਦੀ ਆਬੋ-ਹਵਾ ਪੂਰੀ ਤਰ੍ਹਾਂ ਨਕਾਰਾ ਹੋ ਚੁੱਕੀ ਹੈ।ਬੁਲਾਰਿਆਂ ਨੇ ਕਿਹਾ ਕਿ ਫੈਕਟਰੀ ਵੱਲੋਂ ਧਰਤੀ ਹੇਠਲੇ ਪਾਣੀ ਤੇ ਹਵਾ ਵਿੱਚ ਘੋਲਿਆ ਜਾ ਰਿਹਾ ਪ੍ਰਦੂਸ਼ਣ ਹੁਣ ਕਿਸੇ ਤੋਂ ਛੁਪਿਆ ਨਹੀਂ ਰਿਹਾ।ਇਲਾਕੇ ਦਾ ਗੰਧਲਾ ਹੋ ਰਿਹਾ ਪੀਣ ਵਾਲਾ ਪਾਣੀ ਤੇ ਲੋਕਾਂ ਵਿੱਚ ਫੈਲ ਰਹੀਆਂ ਗੰਭੀਰ ਬੀਮਾਰੀਆਂ ਇਸ ਤਬਾਹੀ ਦਾ ਪ੍ਰਤੱਖ ਪ੍ਰਮਾਣ ਹਨ।ਪ੍ਰਸ਼ਾਸਨਿਕ ਅਣਗਹਿਲੀ ਦੀ ਕੜੀ ਆਲੋਚਨਾ ਕਰਦਿਆਂ ਉਨ੍ਹਾਂ ਸਪੱਸ਼ਟ ਕੀਤਾ ਕਿ ਜਨਤਾ ਦੀ ਸਿਹਤ ਨਾਲ ਹੁੰਦੇ ਇਸ ਖਿਲਵਾੜ ਨੂੰ ਹੁਣ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਇਸ ਮੌਕੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਅਧਿਕਾਰੀਆਂ ਨਾਲ ਆਗੂਆਂ ਦੀ ਤਿੱਖੀ ਡਿਬੇਟ ਵੀ ਹੋਈ, ਜਿਸ ਵਿੱਚ ਅਧਿਕਾਰੀਆਂ ਨੂੰ ਤੁਰੰਤ ਠੋਸ ਕਦਮ ਚੁੱਕਣ ਲਈ ਮਜਬੂਰ ਕੀਤਾ ਗਿਆ।ਇਕੱਠ ਨੂੰ ਹੋਰਨਾਂ ਤੋਂ ਇਲਾਵਾ ਜੱਸਾ ਘਨੌਰ, ਡਾ. ਵਿਨੈਪਾਲ ਸਿੰਘ, ਗੁਰਪ੍ਰੀਤ ਸਿੰਘ ਕਾਲਾਬੂਲਾ, ਨਰਿੰਦਰਜੀਤ ਸਿੰਘ ਕਾਲਾਬੂਲਾ, ਬਾਬਾ ਬਿੱਕਰ ਸਿੰਘ, ਲਖਵੀਰ ਸਿੰਘ, ਜੀਤ ਸਿੰਘ, ਕਾਕਾ ਸਿੰਘ, ਨਾਜਰ ਸਿੰਘ ਤੇ ਮਨਪ੍ਰੀਤ ਸ਼ਰਮਾ ਨੇ ਵੀ ਸੰਬੋਧਨ ਕੀਤਾ।ਸਾਰੇ ਬੁਲਾਰਿਆਂ ਨੇ ਇੱਕਜੁੱਟ ਹੋ ਕੇ ਚੇਤਾਵਨੀ ਦਿੱਤੀ ਕਿ ਜੇਕਰ ਫੈਕਟਰੀ ਦੀਆਂ ਪ੍ਰਦੂਸ਼ਣਕਾਰੀ ਗਤੀਵਿਧੀਆਂ 'ਤੇ ਤੁਰੰਤ ਨਕੇਲ ਨਾ ਕੱਸੀ ਗਈ, ਤਾਂ ਸੰਘਰਸ਼ ਨੂੰ ਹੋਰ ਪ੍ਰਚੰਡ ਕੀਤਾ ਜਾਵੇਗਾ।

# ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਸ੍ਰੀ ਅੰਮ੍ਰਿਤਸਰ ਲਈ ਬੱਸ ਰਵਾਨਾ

**ਮੱਖੂ (ਰਛਪਾਲ ਸਿੰਘ ਸੰਧੂ)**-ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਵਿਧਾਨ ਸਭਾ ਹਲਕਾ ਜ਼ੀਰਾ ਦੇ ਬਲਾਕ ਮੱਖੂ ਤੋਂ ਸੰਗਤ ਨੂੰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਲਈ ਜਾਣ ਵਾਲੀ ਬੱਸ ਨੂੰ ਨਗਰ ਪੰਚਾਇਤ ਮੱਖੂ ਦੇ ਸਾਬਕਾ ਪ੍ਰਧਾਨ ਵਰਿੰਦਰ ਠੁਕਰਾਲ, ਮਨਜਿੰਦਰ ਸਿੰਘ ਕੌਂਸਲਰ, ਤਿਲਕ ਰਾਜ, ਸੋਨੂੰ ਸਚਦੇਵਾ, ਰਵੀ, ਥੌਮਸ ਭੱਟੀ, ਅੰਗਦ, ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਅਮਰਜੀਤ ਕੌਰ ਛਾਬੜਾ, ਮੀਤ ਪ੍ਰਧਾਨ ਦਵਿੰਦਰ ਸਿੰਘ ਛਾਬੜਾ ਵੱਲੋਂ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ।ਇਸ ਮੌਕੇ ਵਰਿੰਦਰ ਠੁਕਰਾਲ, ਮਨਜਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਰਾਹੀਂ ਲੱਖਾਂ ਲੋਕਾਂ ਨੂੰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਹੈ।ਇਸ ਤੀਰਥ ਯਾਤਰਾ ਦਾ ਉਦੇਸ਼ ਸ਼ਰਧਾਲੂਆ ਨੂੰ ਧਾਰਮਿਕ ਅਸਥਾਨਾਂ ਦਾ ਦਰਸ਼ਨ ਕਰਵਾਉਣਾ ਤੇ ਉਨ੍ਹਾਂ ਨੂੰ ਧਾਰਮਿਕ ਵਿਰਾਸਤ ਨਾਲ ਜੋੜਨਾ ਹੈ।ਅੱਜ ਦੀ ਤੀਰਥ ਯਾਤਰਾ ਦੌਰਾਨ 32 ਸ਼ਰਧਾਲੂ ਸ਼੍ਰੀ ਦਰਬਾਰ ਸਾਹਿਬ, ਸ਼੍ਰੀ ਦੁਰਗਿਆਣਾ ਮੰਦਰ, ਰਾਮ ਤੀਰਥ, ਵਾਘਾ ਬਾਰਡਰ ਤੇ ਗੁਰਦੁਆਰਾ ਸਾਹਿਬ ਤਰਨ ਤਾਰਨ ਦੇ ਦਰਸ਼ਨ ਕਰਨਗੇ।



# ਸ਼ੇਰੋਂ ਤੇ ਗੁਲਜ਼ਾਰ ਸਿੰਘ ਦੇ ਮਾਮਲੇ ਨੂੰ ਲੈ ਕੇ ਜਥੇਬੰਦੀਆਂ ਵੱਲੋਂ ਕਾਲੀਆਂ ਝੰਡੀਆਂ ਨਾਲ ਰੋਸ ਮਾਰਚ




**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਰਾਮਪੁਰਾ ਫੂਲ ਦੀਆਂ ਵੱਖ-ਵੱਖ ਜਥੇਬੰਦੀਆਂ ਵੱਲੋਂ ਮੋਹਨਜੀਤ ਸਿੰਘ ਸ਼ੇਰੋਂ ਦੀ ਪੁਲਸ ਵੱਲੋਂ ਕੀਤੀ ਗਈ ਵਹਿਸ਼ੀਆਨਾ ਕੁੱਟਮਾਰ ਤੇ ਪਿੰਡ ਤੂਰ ਵਣਜਾਰਾ ਦੇ ਗੁਲਜ਼ਾਰ ਸਿੰਘ ਦੇ ਮਾਮਲੇ ਨੂੰ ਲੈ ਕੇ ਅੱਜ ਕਾਲੀਆਂ ਝੰਡੀਆਂ ਨਾਲ ਰੋਸ ਮਾਰਚ ਕੀਤਾ ਗਿਆ।ਰੋਸ ਮਾਰਚ ਵਿੱਚ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਪੈਨਸ਼ਨਰਾਂ, ਅਧਿਆਪਕਾਂ ਤੇ ਆਮ ਲੋਕਾਂ ਨੇ ਸ਼ਮੂਲੀਅਤ ਕੀਤੀ।

ਇਸ ਮੌਕੇ ਆਗੂਆਂ ਨੇ ਕਿਹਾ ਕਿ ਮੋਹਨਜੀਤ ਸਿੰਘ ਸ਼ੇਰੋਂ ਵੱਲੋਂ ਕਾਲੀ ਝੰਡੀ ਦਿਖਾ ਕੇ ਸਰਕਾਰ ਵਿਰੁੱਧ ਆਪਣਾ ਵਿਰੋਧ ਦਰਜ ਕਰਵਾਉਣਾ ਉਸ ਦਾ ਜਮਹੂਰੀ ਹੱਕ ਸੀ, ਪਰ ਇਸ ਦੇ ਜਵਾਬ ਵਿੱਚ ਪੁਲਸ ਵੱਲੋਂ ਕੀਤੀ ਗਈ ਕਥਿਤ ਵਹਿਸ਼ੀਆਨਾ ਕੁੱਟਮਾਰ ਤੇ ਤਸ਼ੱਦਦ ਬੇਹੱਦ ਨਿੰਦਣਯੋਗ ਹੈ।ਆਗੂਆਂ ਨੇ ਮੋਹਨਜੀਤ ਸਿੰਘ ਵੱਲੋਂ ਲਗਾਏ ਗਏ ਤਸ਼ੱਦਦ ਦੇ ਦੋਸ਼ਾਂ ਦੀ ਅਦਾਲਤੀ ਜਾਂਚ ਤੇ ਦੋਸ਼ੀ ਪੁਲਸ ਮੁਲਾਜ਼ਮਾਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ।ਆਗੂਆਂ ਨੇ ਕਿਹਾ ਕਿ ਪਿੰਡ ਤੂਰ ਵਣਜਾਰਾ ਦੇ ਗੁਲਜ਼ਾਰ ਸਿੰਘ ਵੱਲੋਂ ਆਪਣੇ ਨਸ਼ੇ ਦੀ ਲਪੇਟ ਵਿੱਚ ਆਏ ਪੁੱਤਰ ਨੂੰ ਬਚਾਉਣ ਲਈ ਸਰਕਾਰ ਦੇ ਨੁਮਾਇੰਦੇ ਕੋਲ ਗੁਹਾਰ ਲਗਾਉਣ ਤੇ ਉਸ ਨਾਲ ਕਥਿਤ ਤੌਰ 'ਤੇ ਕੀਤੇ ਗਏ ਅਪਮਾਨਜਨਕ ਵਿਵਹਾਰ ਤੋਂ ਬਾਅਦ ਉਸ ਵੱਲੋਂ ਆਤਮਹੱਤਿਆ ਕਰ ਲੈਣ ਦੀ ਘਟਨਾ ਵੀ ਗੰਭੀਰ ਜਾਂਚ ਦੀ ਮੰਗ ਕਰਦੀ ਹੈ।ਆਗੂਆਂ ਨੇ ਕਿਹਾ ਕਿ ਅੱਜ ਦਾ ਰੋਸ ਮਾਰਚ ਇਹ ਸੁਨੇਹਾ ਦਿੰਦਾ ਹੈ ਕਿ ਜਬਰ ਤੇ ਜ਼ੁਬਾਨਬੰਦੀ ਵਿਰੁੱਧ ਲੋਕ ਆਪਣੀ ਜਥੇਬੰਦਕ ਤਾਕਤ ਨਾਲ ਆਵਾਜ਼ ਬੁਲੰਦ ਕਰਨਗੇ।ਲੋਕਤੰਤਰ ਵਿੱਚ ਵਿਰੋਧ ਕਰਨ ਤੇ ਸਵਾਲ ਪੁੱਛਣ ਦੇ ਹੱਕ ਦੀ ਰਾਖੀ ਲਈ ਸੰਘਰਸ਼ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ।ਰੋਸ ਮਾਰਚ ਵਿੱਚ ਸੁਖਦੇਵ ਸਿੰਘ ਪਾਂਧੀ, ਅਵਤਾਰ ਸਿੰਘ ਤੇ ਭੋਲਾ ਸਧਾਣਾ (ਜਮਹੂਰੀ ਅਧਿਕਾਰ ਸਭਾ), ਗੁਰਦੀਪ ਰਾਮਪੁਰਾ (ਬੀਕੇਯੂ ਏਕਤਾ ਡਕੌਂਦਾ ਧਨੇਰ), ਗਗਨ ਗਰੋਵਰ, ਬੰਤ ਸਿੰਘ ਭੂੰਦੜ ਤੇ ਜਗਦੇਵ ਸਿੰਘ (ਤਰਕਸ਼ੀਲ ਸੁਸਾਇਟੀ), ਕਰਮਜੀਤ ਸਿੰਘ ਸਿੱਧੂ (ਇਮਪਲਾਈਜ ਸੰਘਰਸ਼ ਯੂਨੀਅਨ ਪਾਵਰਕਾਮ) ਵਿਕਾਸ ਗਰਗ (ਡੈਮੋਕ੍ਰੈਟਿਕ ਟੀਚਰਜ਼ ਫਰੰਟ), ਅੰਗਰੇਜ ਸਿੰਘ (ਟੈਕਨੀਕਲ ਸਰਵਿਸ ਯੂਨੀਅਨ), ਅਮ੍ਰਿਤਪਾਲ ਮਾੜੀ (ਵਾਟਰ ਸਪਲਾਈ), ਸੁਖਦੇਵ ਸਿੰਘ ਜਵੰਦਾ (ਭਾਰਤੀ ਕਿਸਾਨ ਯੂਨੀਅਨ ਉਗਰਾਹਾਂ), ਸੁਖਦੀਪ ਸਿੰਘ (ਲੋਕ ਸ਼ਭਿਆਚਾਰ ਮੰਚ), ਕੁਲਦੀਪ ਸਿੰਘ (ਪੈਨਸ਼ਨ ਐਸੋਸੀਏਸ਼ਨ), ਡਾਕਟਰ ਜਗਤਾਰ ਫੂਲ ਤੇ ਨਿਰਮਲ ਸਿੰਘ (ਮੈਡੀਕਲ ਪ੍ਰੈਕਟੀਸ਼ਨਰ), ਜਗਦੇਵ ਸਿੰਘ (ਮਿਊਨਸੀਪਲ ਵਰਕਰ ਯੂਨੀਅਨ), ਜੋਰਾ ਸਿੰਘ ਨਸਰਾਲੀ (ਖੇਤ ਮਜ਼ਦੂਰ ਯੂਨੀਅਨ), ਕੁਲਵੰਤ ਸਿੰਘ ਸੇਲਬਰਾਹ (ਕ੍ਰਾਂਤੀਕਾਰੀ ਮਜ਼ਦੂਰ ਯੂਨੀਅਨ), ਜਗਦੀਸ਼ ਸਿੰਘ (ਬੀਕੇਯੂ ਏਕਤਾ ਡਕੌਂਦਾ) ਹਾਜ਼ਰ ਸਨ।

# ਖਾਤਿਆਂ 'ਚ ਟੂੰ-ਟੂੰ ਘਟੀ, ਇਨਵਰਟਰਾਂ ਦੀ ਟੂੰ-ਟੂੰ ਵਧੀ : ਕਲੇਰ

**ਜਗਰਾਉਂ (ਸੰਜੀਵ ਅਰੋੜਾ, ਨਛੱਤਰ ਸੰਧੂ)**-ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਤੇ ਹਲਕਾ ਜਗਰਾਉਂ ਦੇ ਇੰਚਾਰਜ ਤੇ ਸਾਬਕਾ ਵਿਧਾਇਕ ਐੱਸ ਆਰ ਕਲੇਰ ਨੇ ਪੰਜਾਬ ਵਿੱਚ ਲੱਗ ਰਹੇ ਬਿਜਲੀ ਦੇ ਲੰਬੇ ਕੱਟਾਂ ਨੂੰ ਲੈ ਕੇ ਪੰਜਾਬ ਸਰਕਾਰ 'ਤੇ ਤਿੱਖਾ ਵਿਅੰਗ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਭਾਵੇਂ ਬਿਜਲੀ ਸਬੰਧੀ ਵੱਡੇ-ਵੱਡੇ ਦਾਅਵੇ ਕਰ ਰਹੀ ਹੈ, ਪਰ ਜ਼ਮੀਨੀ ਹਕੀਕਤ ਇਸ ਦੇ ਉਲਟ ਹੈ ਤੇ ਲੋਕਾਂ ਨੂੰ ਖ਼ਾਸ ਕਰਕੇ ਰਾਤ ਸਮੇਂ ਬਿਜਲੀ ਦੇ ਲੰਬੇ ਕੱਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਐੱਸ. ਆਰ. ਕਲੇਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਪੰਜਾਬ ਨੂੰ ਬਿਜਲੀ ਸਰਪਲੱਸ ਸੂਬਾ ਬਣਾਇਆ ਗਿਆ ਸੀ ਤੇ ਲੋਕਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਦੇਣ ਲਈ ਬਿਜਲੀ ਉਤਪਾਦਨ ਤੇ ਵੰਡ ਦੇ ਖੇਤਰ ਵਿੱਚ ਵੱਡੇ ਉਪਰਾਲੇ ਕੀਤੇ ਗਏ ਸਨ, ਪਰ ਮੌਜੂਦਾ ਸਮੇਂ ਵਿੱਚ ਹਾਲਾਤ ਇਹ ਹਨ ਕਿ ਲੋਕਾਂ ਨੂੰ ਆਪਣੇ ਘਰਾਂ ਵਿੱਚ ਬਿਜਲੀ ਦੀ ਉਡੀਕ ਕਰਨੀ ਪੈ ਰਹੀ ਹੈ। ਉਨ੍ਹਾਂ ਕਿਹਾ ਕਿ ਦਿਨ ਭਰ ਕੰਮਕਾਜ ਕਰਨ ਤੋਂ ਬਾਅਦ ਜਦੋਂ ਲੋਕ ਰਾਤ ਨੂੰ ਘਰਾਂ ਵਿੱਚ ਆਰਾਮ ਕਰਨ ਲਈ ਪਹੁੰਚਦੇ ਹਨ ਤਾਂ ਕਈ ਇਲਾਕਿਆਂ ਵਿੱਚ ਬਿਜਲੀ ਗੁੱਲ ਹੁੰਦੀ ਹੈ। ਲੰਬੇ ਬਿਜਲੀ ਕੱਟਾਂ ਕਾਰਨ ਬੱਚਿਆਂ, ਬਜ਼ੁਰਗਾਂ, ਮਜ਼ਦੂਰਾਂ, ਵਪਾਰੀਆਂ ਤੇ ਆਮ ਪਰਵਾਰਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗਰਮੀ ਦੇ ਮੌਸਮ ਵਿੱਚ ਬਿਜਲੀ ਦੇ ਕੱਟ ਲੋਕਾਂ ਦੀਆਂ ਮੁਸ਼ਕਲਾਂ ਨੂੰ ਹੋਰ ਵਧਾ ਰਹੇ ਹਨ। ਕਲੇਰ ਨੇ ਵਿਅੰਗ ਕਰਦਿਆਂ ਕਿਹਾ ਕਿ ਲੋਕਾਂ ਦੇ ਖਾਤਿਆਂ 'ਚ ਟੂੰ-ਟੂੰ ਘਟੀ, ਪਰ ਇਨਵਰਟਰਾਂ ਦੀ ਟੂੰ-ਟੂੰ ਵਧੀ ਹੈ। ਉਨ੍ਹਾਂ ਕਿਹਾ ਕਿ ਬਿਜਲੀ ਦੀ ਨਿਰਵਿਘਨ ਸਪਲਾਈ ਦੇ ਦਾਅਵਿਆਂ ਦੇ ਬਾਵਜੂਦ ਲੋਕਾਂ ਨੂੰ ਆਪਣੇ ਘਰਾਂ ਵਿੱਚ ਇਨਵਰਟਰ ਤੇ ਹੋਰ ਬੈਕਅੱਪ ਸਿਸਟਮ ਚਲਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸੱਤਾ ਵਿੱਚ ਆਉਣ ਤੋਂ ਪਹਿਲਾਂ ਬਿਜਲੀ ਸਬੰਧੀ ਵੱਡੇ-ਵੱਡੇ ਵਾਅਦੇ ਕੀਤੇ ਗਏ ਸਨ, ਪਰ ਅੱਜ ਲੋਕ ਸਰਕਾਰ ਦੇ ਦਾਅਵਿਆਂ ਤੇ ਜ਼ਮੀਨੀ ਹਕੀਕਤ ਵਿੱਚ ਫ਼ਰਕ ਮਹਿਸੂਸ ਕਰ ਰਹੇ ਹਨ। ਐੱਸ. ਆਰ. ਕਲੇਰ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਬਿਜਲੀ ਕੱਟਾਂ ਦੀ ਸਮੱਸਿਆ ਦਾ ਤੁਰੰਤ ਹੱਲ ਕੀਤਾ ਜਾਵੇ ਤੇ ਲੋਕਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮੁਹੱਈਆ ਕਰਵਾਈ ਜਾਵੇ।



# ਕੋਰਟ ਕੰਪਲੈਕਸ ਨੂੰ ਬੰਬ ਨਾਲ ਉਡਾਉਣ ਦੀ ਮੁੜ ਧਮਕੀ, ਪੁਲਸ ਵੱਲੋਂ ਸਰਚ ਅਪ੍ਰੇਸ਼ਨ

## ਡੌਗ ਸਕੁਐਡ ਤੇ ਬੰਬ ਨਿਰੋਧਕ ਟੀਮਾਂ ਨੇ ਖੰਗਾਲਿਆ ਕੰਪਲੈਕਸ, 12 ਵਜੇ ਤੱਕ ਅਦਾਲਤੀ ਕੰਮਕਾਜ ਰਿਹਾ ਬੰਦ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਜ਼ਿਲ੍ਹਾ ਫਿਰੋਜ਼ਪੁਰ ਦੇ ਜ਼ਿਲ੍ਹਾ ਕੋਰਟ ਕੰਪਲੈਕਸ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਤੋਂ ਬਾਅਦ ਪੁਲਸ ਪ੍ਰਸ਼ਾਸਨ ਵਿੱਚ ਹੜਕੰਪ ਮਚ ਗਿਆ। ਧਮਕੀ ਮਿਲਦੇ ਹੀ ਫਿਰੋਜ਼ਪੁਰ ਪੁਲਸ ਵੱਲੋਂ ਸੁਰੱਖਿਆ ਪ੍ਰਬੰਧ ਸਖ਼ਤ ਕਰਦਿਆਂ ਡੌਗ ਸਕੁਐਡ ਅਤੇ ਬੰਬ ਨਿਰੋਧਕ ਟੀਮਾਂ ਨੂੰ ਮੌਕੇ 'ਤੇ ਭੇਜਿਆ ਗਿਆ। ਸੁਰੱਖਿਆ ਟੀਮਾਂ ਨੇ ਕੋਰਟ ਕੰਪਲੈਕਸ ਦੇ ਅੰਦਰ ਤੇ ਆਲੇ-ਦੁਆਲੇ ਦੇ ਖੇਤਰ ਵਿੱਚ ਬਰੀਕੀ ਨਾਲ ਤਲਾਸ਼ੀ ਮੁਹਿੰਮ ਚਲਾਈ। ਟੀਮਾਂ ਵੱਲੋਂ ਕੰਪਲੈਕਸ ਦੇ ਵੱਖ-ਵੱਖ ਹਿੱਸਿਆਂ, ਕਮਰਿਆਂ ਅਤੇ ਹੋਰ ਸੰਵੇਦਨਸ਼ੀਲ ਥਾਵਾਂ ਦੀ ਜਾਂਚ ਕੀਤੀ ਗਈ। ਜਾਣਕਾਰੀ ਅਨੁਸਾਰ ਇਹ ਧਮਕੀ ਪਹਿਲਾਂ ਮਿਲੀਆਂ ਧਮਕੀਆਂ ਦੀ ਤਰ੍ਹਾਂ ਹੀ ਈ-ਮੇਲ ਰਾਹੀਂ ਭੇਜੀ ਗਈ। ਜਿਵੇਂ ਹੀ ਪੁਲਸ ਤੇ ਪ੍ਰਸ਼ਾਸਨ ਨੂੰ ਇਸ ਸਬੰਧੀ ਜਾਣਕਾਰੀ ਮਿਲੀ ਤਾਂ ਕਿਸੇ ਵੀ ਸੰਭਾਵਿਤ ਖਤਰੇ ਨੂੰ ਧਿਆਨ ਵਿੱਚ ਰੱਖਦਿਆਂ ਤੁਰੰਤ ਸੁਰੱਖਿਆ ਪ੍ਰਬੰਧ ਕੀਤੇ ਗਏ। ਕੋਰਟ ਕੰਪਲੈਕਸ ਵਿੱਚ ਆਉਣ ਵਾਲੇ ਵਕੀਲਾਂ, ਕਲਰਕਾਂ, ਅਦਾਲਤੀ ਸਟਾਫ਼ ਤੇ ਆਮ ਲੋਕਾਂ ਦੀ ਸੁਰੱਖਿਆ ਨੂੰ ਪਹਿਲ ਦਿੰਦਿਆਂ ਦੁਪਹਿਰ 12 ਵਜੇ ਤੱਕ ਕੰਪਲੈਕਸ ਵਿੱਚ ਦਾਖ਼ਲਾ ਨਾ ਕਰਨ ਦੀ ਸਲਾਹ ਦਿੱਤੀ ਗਈ। ਧਮਕੀ ਦੇ ਮੱਦੇਨਜ਼ਰ ਅਦਾਲਤੀ ਕੰਮਕਾਜ ਵੀ ਦੁਪਹਿਰ 12 ਵਜੇ ਤੱਕ ਪ੍ਰਭਾਵਿਤ ਰਿਹਾ। ਇਸ ਦੌਰਾਨ ਕੋਰਟ ਕੰਪਲੈਕਸ ਵਿੱਚ ਪਹੁੰਚਣ ਵਾਲੇ ਲੋਕਾਂ ਨੂੰ ਵੀ ਸੁਰੱਖਿਆ ਜਾਂਚ ਮੁਕੰਮਲ ਹੋਣ ਤੱਕ ਇੰਤਜ਼ਾਰ ਕਰਨਾ ਪਿਆ। ਦੱਸਿਆ ਜਾ ਰਿਹਾ ਹੈ ਕਿ ਅੱਜ ਫਿਰੋਜ਼ਪੁਰ ਵਿੱਚ ਲੋਕ ਅਦਾਲਤ ਵੀ ਲਗਾਈ ਜਾਣੀ ਸੀ, ਪਰ ਬੰਬ ਧਮਕੀ ਕਾਰਨ ਇਸ ਦੀ ਕਾਰਵਾਈ ਵੀ ਨਿਰਧਾਰਤ ਸਮੇਂ ਤੋਂ ਦੇਰੀ ਨਾਲ ਸ਼ੁਰੂ ਹੋਈ। ਇਸ ਕਾਰਨ ਅਦਾਲਤੀ ਕੰਮਕਾਜ ਨਾਲ ਜੁੜੇ ਲੋਕਾਂ ਨੂੰ ਕੁਝ ਸਮੇਂ ਲਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

ਪੁਲਸ ਦੀਆਂ ਟੀਮਾਂ ਵੱਲੋਂ ਕੋਰਟ ਕੰਪਲੈਕਸ ਦੀ ਜਾਂਚ ਦੌਰਾਨ ਡੌਗ ਸਕੁਐਡ ਦੀ ਮਦਦ ਲਈ ਗਈ ਤੇ ਬੰਬ ਨਿਰੋਧਕ ਮਾਹਿਰਾਂ ਨੇ ਵੀ ਪੂਰੇ ਖੇਤਰ ਦੀ ਤਲਾਸ਼ੀ ਲਈ। ਸੁਰੱਖਿਆ ਟੀਮਾਂ ਨੇ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਕਿ ਕੰਪਲੈਕਸ ਦੇ ਕਿਸੇ ਵੀ ਹਿੱਸੇ ਵਿੱਚ ਕੋਈ ਸ਼ੱਕੀ ਵਸਤੂ ਜਾਂ ਹੋਰ ਖਤਰਨਾਕ ਸਮੱਗਰੀ ਮੌਜੂਦ ਨਾ ਹੋਵੇ। ਲੰਬੀ ਤੇ ਬਰੀਕੀ ਨਾਲ ਕੀਤੀ ਗਈ ਜਾਂਚ ਤੋਂ ਬਾਅਦ ਪੁਲਸ ਨੂੰ ਕੰਪਲੈਕਸ ਵਿੱਚੋਂ ਕੋਈ ਵੀ ਅਜਿਹੀ ਸ਼ੱਕੀ ਚੀਜ਼ ਨਹੀਂ ਮਿਲੀ, ਜਿਸ ਨਾਲ ਬੰਬ ਧਮਕੀ ਦੀ ਪੁਸ਼ਟੀ ਹੁੰਦੀ ਹੋਵੇ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਸੁਰੱਖਿਆ ਦੇ ਮੱਦੇਨਜ਼ਰ ਹਰ ਪਹਿਲੂ ਨੂੰ ਗੰਭੀਰਤਾ ਨਾਲ ਲੈਂਦਿਆਂ ਜਾਂਚ ਕੀਤੀ ਗਈ ਹੈ। ਤਲਾਸ਼ੀ ਮੁਹਿੰਮ ਦੌਰਾਨ ਕਿਸੇ ਵੀ ਤਰ੍ਹਾਂ ਦੀ ਸ਼ੱਕੀ ਵਸਤੂ ਨਾ ਮਿਲਣ ਤੋਂ ਬਾਅਦ ਸਥਿਤੀ ਨੂੰ ਕਾਬੂ ਹੇਠ ਦੱਸਿਆ ਗਿਆ। ਹਾਲਾਂਕਿ, ਪੁਲਸ ਵੱਲੋਂ ਧਮਕੀ ਨੂੰ ਹਲਕੇ ਵਿੱਚ ਨਹੀਂ ਲਿਆ ਜਾ ਰਿਹਾ ਤੇ ਈ-ਮੇਲ ਭੇਜਣ ਵਾਲੇ ਵਿਅਕਤੀ ਜਾਂ ਸ਼ਰਾਰਤੀ ਅਨਸਰਾਂ ਦੀ ਪਛਾਣ ਕਰਨ ਲਈ ਜਾਂਚ ਜਾਰੀ ਹੈ। ਧਮਕੀ ਦੇ ਸਰੋਤ ਦਾ ਪਤਾ ਲਗਾਉਣ ਲਈ ਪੁਲਸ ਵੱਲੋਂ ਟੈਕਨੀਕਲ ਜਾਂਚ ਦੇ ਨਾਲ-ਨਾਲ ਗੁਪਤ ਸੂਤਰਾਂ ਦੀ ਵੀ ਮਦਦ ਲਈ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਫਿਰੋਜ਼ਪੁਰ ਕੋਰਟ ਕੰਪਲੈਕਸ ਨੂੰ ਇਸ ਤੋਂ ਪਹਿਲਾਂ ਵੀ ਕਈ ਵਾਰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਮਿਲ ਚੁੱਕੀਆਂ ਹਨ। ਹੁਣ ਤੱਕ ਅਜਿਹੀਆਂ ਧਮਕੀਆਂ ਮਿਲਣ ਦੀ ਗਿਣਤੀ ਪੰਜ ਵਾਰ ਦੱਸੀ ਜਾ ਰਹੀ ਹੈ।

# ਮੇਹਰ ਚੰਦ ਪੌਲੀਟੈਕਨਿਕ ਕਾਲਜ ਦੇ ਵਿਦਿਆਰਥੀਆਂ ਨੇ ਪਾਵਰ ਗ੍ਰਿਡ ਸਬ-ਸਟੇਸ਼ਨ ਦਾ ਕੀਤਾ ਵਿਦਿਅਕ ਦੌਰਾ




**ਜਲੰਧਰ (ਸ਼ੈਲੀ ਐਲਬਰਟ)-** ਮੇਹਰ ਚੰਦ ਪੌਲੀਟੈਕਨਿਕ ਕਾਲਜ, ਜਲੰਧਰ ਦੇ ਇਲੈਕਟ੍ਰੀਕਲ ਵਿਭਾਗ ਦੇ ਤੀਜੇ ਸਾਲ ਦੇ ਵਿਦਿਆਰਥੀਆਂ ਵੱਲੋਂ ਪਾਵਰ ਗ੍ਰਿਡ ਸਬ-ਸਟੇਸ਼ਨ ਕਰਤਾਰਪੁਰ, ਜਲੰਧਰ ਦਾ ਉਦਯੋਗਿਕ ਅਤੇ ਵਿਦਿਅਕ ਦੌਰਾ ਕੀਤਾ ਗਿਆ। ਇਹ ਦੌਰਾ ਕਾਲਜ ਦੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਯੋਗ ਅਗਵਾਈ ਅਤੇ ਇਲੈਕਟ੍ਰੀਕਲ ਵਿਭਾਗ ਦੀ ਮੁੱਖੀ ਸ਼੍ਰੀਮਤੀ ਗੀਤਾ ਰਾਣੀ ਜੀ ਦੀ ਦੇਖ-ਰੇਖ ਹੇਠ ਕਰਵਾਇਆ ਗਿਆ। ਦੌਰੇ ਦੌਰਾਨ ਗਗਨਦੀਪ ਅਤੇ ਵਿਕਰਮਜੀਤ ਸਿੰਘ ਵੀ ਵਿਦਿਆਰਥੀਆਂ ਦੇ ਨਾਲ ਹਾਜ਼ਰ ਰਹੇ। ਇਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਕਲਾਸਰੂਮ ਵਿੱਚ ਪ੍ਰਾਪਤ ਸਿਧਾਂਤਕ ਗਿਆਨ ਨੂੰ ਅਸਲ ਉਦਯੋਗਿਕ ਅਤੇ ਵਿਹਾਰਕ ਸਥਿਤੀਆਂ ਨਾਲ ਜੋੜਨ ਦਾ ਮੌਕਾ ਪ੍ਰਦਾਨ ਕਰਨਾ ਸੀ। ਦੌਰੇ ਦੌਰਾਨ ਵਿਦਿਆਰਥੀਆਂ ਨੇ 400/220 ਸਬ-ਸਟੇਸ਼ਨ ਦੀ ਕਾਰਜਪ੍ਰਣਾਲੀ, ਬਿਜਲੀ ਦੀ ਟ੍ਰਾਂਸਮਿਸ਼ਨ ਨਾਲ ਸਬੰਧਤ ਵੱਖ-ਵੱਖ ਪ੍ਰਕਿਰਿਆਵਾਂ ਅਤੇ ਸਬ-ਸਟੇਸ਼ਨ ਵਿੱਚ ਵਰਤੇ ਜਾਂਦੇ ਮਹੱਤਵਪੂਰਨ ਬਿਜਲੀ ਉਪਕਰਨਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਾਪਤ ਕੀਤੀ। ਉਨ੍ਹਾਂ ਨੂੰ ਟ੍ਰਾਂਸਫਾਰਮਰ, ਸਰਕਿਟ ਬ੍ਰੇਕਰ, ਆਈਸੋਲੇਟਰ, ਕਰੰਟ ਟ੍ਰਾਂਸਫਾਰਮਰ, ਵੋਲਟੇਜ ਟ੍ਰਾਂਸਫਾਰਮਰ, ਪ੍ਰੋਟੈਕਸ਼ਨ ਸਿਸਟਮ ਅਤੇ ਹੋਰ ਉਪਕਰਨਾਂ ਦੀ ਕਾਰਜ਼ਪ੍ਰਣਾਲੀ ਬਾਰੇ ਜਾਣੂ ਕਰਵਾਇਆ ਗਿਆ। ਵਿਦਿਆਰਥੀਆਂ ਨੂੰ ਸਬ-ਸਟੇਸ਼ਨ ਵਿੱਚ ਅਪਣਾਏ ਜਾਂਦੇ ਸੁਰੱਖਿਆ ਪ੍ਰਬੰਧਾਂ, ਪ੍ਰੋਟੈਕਸ਼ਨ ਪ੍ਰਣਾਲੀ, ਵੋਲਟੇਜ ਦੇ ਰੂਪਾਂਤਰਣ ਅਤੇ ਬਿਜਲੀ ਦੀ ਭਰੋਸੇਯੋਗ ਟ੍ਰਾਂਸਮਿਸ਼ਨ ਸੰਬੰਧੀ ਵਿਹਾਰਕ ਜਾਣਕਾਰੀ ਵੀ ਦਿੱਤੀ ਗਈ। ਵਿਦਿਆਰਥੀਆਂ ਨੇ ਸਬ-ਸਟੇਸ਼ਨ ਦੇ ਵੱਖ-ਵੱਖ ਹਿੱਸਿਆਂ ਨੂੰ ਨੇੜਿਓਂ ਦੇਖਿਆ ਅਤੇ ਆਪਣੇ ਵਿਸ਼ੇ ਨਾਲ ਸੰਬੰਧਤ ਕਈ ਸਵਾਲ ਪੁੱਛ ਕੇ ਉਨ੍ਹਾਂ ਦੇ ਜਵਾਬ ਪ੍ਰਾਪਤ ਕੀਤੇ। ਇਸ ਮੌਕੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਕਿਹਾ ਕਿ ਅਜਿਹੇ ਦੌਰੇ ਵਿਦਿਆਰਥੀਆਂ ਦੇ ਤਕਨੀਕੀ ਗਿਆਨ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਉਦਯੋਗਿਕ ਵਾਤਾਵਰਣ ਅਤੇ ਅਸਲ ਕੰਮਕਾਜ ਦੀ ਸਮਝ ਪ੍ਰਦਾਨ ਕਰਦੇ ਹਨ। ਉਨ੍ਹਾਂ ਕਿਹਾ ਕਿ ਥਿਊਰੀ ਦੇ ਨਾਲ-ਨਾਲ ਪ੍ਰੈਕਟੀਕਲ ਗਿਆਨ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਬਹੁਤ ਜ਼ਰੂਰੀ ਹੈ।

# ਡਾ. ਅੰਬੇਡਕਰ ਦੇ ਬੁੱਤ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਸਖਤ ਸਜ਼ਾ ਦੇਣ ਦੀ ਮੰਗ



**ਫਗਵਾੜਾ (ਜਸਵਿੰਦਰ ਢੱਡਾ)-** ਲੁਧਿਆਣਾ ਜਲੰਧਰ ਬਾਈਪਾਸ ਚੌਕ ਵਿੱਚ ਲੱਗੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਦੇ ਸਟੈਚੂ ਨਾਲ ਸ਼ਰਾਰਤੀ ਅਨਸਰਾਂ ਵੱਲੋਂ ਬਾਰ ਬਾਰ ਛੇੜਛਾੜ ਕਰਕੇ ਪੰਜਾਬ ਅੰਦਰ ਭਾਈਚਾਰਕ ਸਾਂਝ ਤੋੜਨ ਅਤੇ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਰਕਾਰ ਅਤੇ ਸਿਵਲ ਪ੍ਰਸ਼ਾਸਨ ਇਹਨਾਂ ਘਟਨਾਵਾਂ ਨੂੰ ਰੋਕਣ ਵਿੱਚ ਨਾਕਾਮ ਸਾਬਿਤ ਹੋ ਰਹੇ ਹਨ। ਇਹ ਘਟਨਾ ਬੇਹੱਦ ਸ਼ਰਮਨਾਕ ਅਤੇ ਨਿੰਦਣਯੋਗ ਹੈ ਜਿਸ ਨਾਲ ਸਮਾਜ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਵਿਦੇਸ਼ਾਂ ਵਿੱਚ ਰਹਿ ਰਹੇ ਭਾਰਤੀਆਂ ਨੇ ਵਿੱਚ ਅੰਬੇਡਕਰੀ ਵਿਚਾਰਾਂ ਦੇ ਧਾਰਨੀ ਧਰਮ ਪਾਲ ਪੇਂਥਰ ਅਮਰੀਕਾ, ਬਹੁਜਨ ਸਮਾਜ ਦੀ ਬੁਲੰਦ ਆਵਾਜ਼ ਡੇਵ ਕਮਲੇਸ਼ ਅਹੀਰ ਕੈਨੇਡਾ, ਅਸ਼ੋਕ ਕੈਨੇਡਾ ਦੇ ਪ੍ਰਧਾਨ ਰਛਪਾਲ ਭਾਰਦਵਾਜ, ਚੇਤਨਾ ਐਸੋਸੀਏਸ਼ਨ ਕੈਨੇਡਾ ਦੇ ਪ੍ਰਧਾਨ ਜੇ ਵਿਰਦੀ, ਸਮਾਜ ਸੇਵੀ ਅਮਰਜੀਤ ਸਿੰਘ ਗਰੇਵਾਲ, ਨਿਰਮਲ ਸਿੰਘ ਗਰੇਵਾਲ, ਸੁਰਿੰਦਰ ਕੁਮਾਰ ਬਾਂਸਲ, ਹਰਜਿੰਦਰ ਸਿੰਘ ਬੀਕਾ, ਭਗਤ ਰਾਮ ਲੱਧੜ, ਬਲਦੇਵ ਰਾਜ ਬੱਧਣ, ਰਾਜ ਕੁਮਾਰ ਸੂਦ, ਇੰਦਰਜੀਤ ਪਰਮੱਧਾ ਅਤੇ ਉਘਾ ਚਿੰਤਕ ਬਸਰਾ (ਅਮਰੀਕਾ ਨਿਵਾਸੀ) ਆਦਿ ਨੇ ਚਿੰਤਾ ਜਾਹਿਰ ਕਰਦੇ ਹੋਏ ਕਿਹਾ ਕਿ ਜਿਸ ਇਨਸਾਨ ਨੂੰ ਅਮਰੀਕਾ ਵਰਗੀ ਦੁਨੀਆਂ ਦੀ ਸੁਪਰ ਪਾਵਰ ਨੇ ਗਿਆਨ ਦਾ ਪ੍ਰਤੀਕ ਖਿਤਾਬ ਦੇ ਕੇ ਸਨਮਾਨਤ ਕੀਤਾ ਹੋਵੇ ਉਸ ਇਨਸਾਨ ਨੂੰ ਆਪਣੇ ਹੀ ਦੇਸ਼ ਵਿੱਚ ਅਪਮਾਨਤ ਕੀਤਾ ਜਾ ਰਿਹਾ ਹੈ ਜਿਸ ਨੂੰ ਦਲਿਤ ਸਮਾਜ ਦੇ ਲੋਕ ਕਿਸੇ ਵੀ ਕੀਮਤ ਤੇ ਸਹਿਣ ਨਹੀਂ ਕਰ ਸਕਦਾ। ਇਸ ਘਟਨਾ ਦੀ ਸਮੂਹ ਸੰਸਥਾਵਾਂ ਅਤੇ ਸਮਾਜਸੇਵੀ ਸਾਥੀਆਂ ਵੱਲੋਂ ਪੁਰਜ਼ੋਰ ਨਿੰਦਾ ਕੀਤੀ ਗਈ। ਕੇਂਦਰ ਸਰਕਾਰ ਨੂੰ ਪੁਰਜ਼ੋਰ ਅਪੀਲ ਕਰਦੇ ਹਾਂ ਕਿ ਘਟਨਾ ਦੇ ਦੋਸ਼ੀਆਂ ਦੀ ਪਛਾਣ ਕਰਕੇ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ। ਜਿੱਥੇ ਵੀ ਬਾਬਾ ਸਾਹਿਬ ਅੰਬੇਡਕਰ ਦੇ ਬੁੱਤ ਸਥਾਪਿਤ ਹਨ ਉਥੇ ਸੀ ਸੀ ਟੀ ਵੀ ਕੈਮਰੇ ਲਗਾਏ ਜਾਣ ਅਤੇ ਪੁਲਸ ਕਰਮਚਾਰੀਆਂ ਦੀ ਡਿਊਟੀ ਲਗਾਈ ਜਾਵੇ।

# ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ

**ਐਸ ਏ ਐਸ (ਗੁਰਜੀਤ ਬਿੱਲਾ)-** ਧੰਨ ਧੰਨ ਅਮਰ ਸ਼ਹੀਦ ਜਥੇਦਾਰ ਬਾਬਾ ਹਨੂਮਾਨ ਸਿੰਘ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਸਮਾਗਮ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਏ ਗਏ। ਸਵੇਰੇ 9:00 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਭਾਈ ਜਤਿੰਦਰ ਸਿੰਘ ਜੀ ਦੇ [illegible] ਨੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ [illegible]



ਗੁਰਵਿੰਦਰ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਬੰਗਲਾ ਸਾਹਿਬ ਜੀ ਦਿੱਲੀ, ਸ਼੍ਰੋਮਣੀ ਪ੍ਰਚਾਰਕ ਭਾਈ ਅਮਰੀਕ ਸਿੰਘ ਜੀ ਸ਼ਾਹਬਾਦ ਮਾਰਕੰਡਾ ਵਾਲੇ, ਸ਼੍ਰੋਮਣੀ ਪ੍ਰਚਾਰਕ ਭਾਈ ਨਾਨਕ ਸਿੰਘ ਜੀ ਸ੍ਰੀ ਅੰਮ੍ਰਿਤਸਰ ਸਾਹਿਬ, ਭਾਈ ਗੁਰਸੇਵਕ ਸਿੰਘ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਲੁਧਿਆਣਾ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਜੱਥੇ ਭਾਈ ਜਸਵੰਤ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਗੁਰਮੀਤ ਸਿੰਘ ਅਤੇ ਭਾਈ ਹਰਜੀਤ ਸਿੰਘ ਨੇ ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ। ਸਾਰੇ ਜਥਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਹਜ਼ਾਰਾਂ ਸੰਗਤਾਂ ਨੇ ਇਸ ਅਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ। ਮਾਹਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਮੁਆਇਨਾ ਕੀਤਾ ਗਿਆ ਅਤੇ ਦਵਾਈ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੀ ਗਈ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਸਾਲਾਨਾ ਛਿੰਝ ਮੇਲਾ ਕਰਵਾਇਆ



**ਮਹਿਤਪੁਰ (ਜਗਤਾਰ ਸਿੰਘ ਕੁੰਭੜਵਾਲ)-** ਪਿੰਡ ਦਿਹਾਣਾ ਵਿਖੇ ਦਰਬਾਰ ਬਾਬਾ ਗੁੱਗਾ ਜਾਹਰ ਪੀਰ ਜੀ ਦੇ ਅਸਥਾਨ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਐਨ ਆਰ ਆਈ ਵੀਰਾਂ ਅਤੇ ਇਲਾਕੇ ਦੇ ਸਹਿਯੋਗ ਨਾਲ ਗੁੱਗਾ ਨੌਮੀ ਮੌਕੇ ਬਾਬਾ ਗੁੱਗਾ ਜਾਹਰ ਪੀਰ ਜੀ ਦੀ ਯਾਦ ਵਿੱਚ ਸਲਾਨਾ ਸ਼ਾਨਦਾਰ ਛਿੰਝ ਮੇਲਾ ਧੂਮਧਾਮ ਨਾਲ ਕਰਵਾਇਆ ਗਿਆ। ਇਸ ਮੌਕੇ ਪਰਮਦੀਪ ਸਿੰਘ ਪੰਮਾ ਸਾਬਕਾ ਪੰਚ, ਸੋਹਣ ਸਿੰਘ ਲਾਲਾ, ਅਵਤਾਰ ਸਿੰਘ ਮਹਿਰਾ ਇੰਟਰਨੈਸ਼ਨਲ ਐਥਲੀਟ ਦਿਹਾਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਲਾਨਾ ਸ਼ਾਨਦਾਰ ਛਿੰਝ ਮੇਲੇ ਮੌਕੇ ਪੰਜਾਬ ਦੇ ਨਾਮਵਰ ਪਹਿਲਵਾਨਾਂ ਨੇ ਹਿੱਸਾ ਲਿਆ। ਉਨ੍ਹਾਂ ਦੱਸਿਆ ਕਿ ਪੱਟਕੇ ਦੀ ਕੁਸ਼ਤੀ ਸੁਦਾਮਦੀਨ ਅਤੇ ਅਰਵਿੰਦਰ ਸਿੰਘ ਰਾਮਪੁਰ ਸੁਨੰੜਾ ਵਿਚਕਾਰ ਕਰਵਾਈ ਗਈ। ਇਸ ਵਿੱਚ ਅਰਵਿੰਦਰ ਸਿੰਘ ਰਾਮਪੁਰ ਸੁਨੰੜਾ ਦਾ ਭਲਵਾਨ ਜੇਤੂ ਰਿਹਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਜੇਤੂ ਅਤੇ ਉਪ ਜੇਤੂ ਪਹਿਲਵਾਨਾਂ ਨੂੰ ਨਗਦ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪਰਮਦੀਪ ਸਿੰਘ ਪੰਮਾ ਸਾਬਕਾ ਪੰਚ ਦਿਹਾਣਾ ਨੇ ਸਮੂਹ ਦਾਨੀ ਸੱਜਣਾਂ ਅਤੇ ਸਹਿਯੋਗੀਆਂ ਦਾ ਸਲਾਨਾ ਛਿੰਝ ਮੇਲੇ ਵਿੱਚ ਸਹਿਯੋਗ ਦੇਣ ਤੇ ਧੰਨਵਾਦ ਕੀਤਾ। ਇਸ ਮੌਕੇ ਪ੍ਰਧਾਨ ਸੋਹਣ ਸਿੰਘ ਲਾਲਾ, ਪਰਮਦੀਪ ਸਿੰਘ ਪੰਮਾ ਸਾਬਕਾ ਪੰਚ, ਅਵਤਾਰ ਸਿੰਘ ਦਿਹਾਣਾ ਇੰਟਰਨੈਸ਼ਨਲ ਅਥਲੀਟ, ਸਰਪੰਚ ਗੁਰਵਿੰਦਰ ਸਿੰਘ ਬਾਵਾ ਦਿਹਾਣਾ, ਸੁਰਿੰਦਰ ਮੋਹਣ ਪੰਚ, ਇਕਬਾਲ ਸਿੰਘ ਪੰਚ, ਸਰਜਿੰਦਰ ਸਿੰਘ ਕਿੰਗ, ਕਾਲਾ ਭਲਵਾਨ, ਤਨਵੀਰ ਸਿੰਘ ਸਾਬਕਾ ਪੰਚ, ਚਮਕਾਰ ਸਿੰਘ ਬਿੱਟੂ, ਹਰਪ੍ਰੀਤ ਸਿੰਘ, ਜੋਤ, ਪ੍ਰਿੰਸ, ਪਵਨ ਕੁਮਾਰ, ਅਵਤਾਰ ਸਿੰਘ, ਗੁਰਨਾਮ ਸਿੰਘ ਗਾਮਾ, ਮਿਸਤਰੀ ਜੋਗ ਰਾਜ, ਵਿਜੈ ਕੁਮਾਰ, ਰਾਜੂ, ਬਾਬਾ ਘੱਨਈਆ ਦਾਸ ਦਿਹਾਣਾ, ਰੋਹਿਤ ਕੁਮਾਰ, ਹਰਸ਼, ਪ੍ਰਿੰਸ ਇਟਲੀ, ਹਨੀ, ਲੱਕੀ, ਗੋਪੀ, ਦੀਪੂ, ਰਵੀ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਖੂਨਦਾਨ ਕੈਂਪ ਲਾਇਆ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)-** ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਨੁੱਖਤਾ ਦੇ ਭਲੇ ਲਈ ਭਾਈ ਘਨਈਆ ਜੀ ਮਿਸ਼ਨ ਸੇਵਾ ਸੋਸਾਇਟੀ ਦੇ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਅਗਵਾਈ ਵਿੱਚ 917ਵਾਂ ਮਹਾਨ ਖੂਨਦਾਨ ਕੈਂਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਨੇਜਰ ਅਵਤਾਰ ਸਿੰਘ ਦੇ ਸਹਿਯੋਗ ਨਾਲ ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਲਗਾਇਆ ਗਿਆ।



ਇਸ ਮੌਕੇ ਮਹਾਨ ਖੂਨਦਾਨ ਕੈਂਪ ਦਾ ਉਦਘਾਟਨ ਕਰਦਿਆਂ ਮੈਨੇਜਰ ਅਵਤਾਰ ਸਿੰਘ ਨੇ ਕਿਹਾ ਖੂਨਦਾਨ ਮਹਾ-ਦਾਨ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ ਖੂਨਦਾਨ ਹੈ ਕਿਉਂਕਿ ਜਦੋਂ ਕਿਸੇ ਮਰੀਜ਼ ਨੂੰ ਖੂਨ ਦੀ ਲੋੜ ਪੈਂਦੀ ਹੈ ਉਸ ਵਕਤ ਇਸਦੀ ਅਹਿਮੀਅਤ ਪਤਾ ਲਗਦਾ ਹੈ ਇਕ ਇਨਸਾਨ ਹੀ ਦੂਸਰੇ ਇਨਸਾਨ ਦੀ ਜ਼ਿੰਦਗੀ ਨੂੰ ਬਚਾ ਸਕਦਾ ਹੈ ਹਰ ਤੰਦਰੁਸਤ ਇੰਨਸਾਨ ਨੂੰ ਤਿੰਨ ਮਹੀਨੇ ਬਾਅਦ ਖੂਨਦਾਨ ਜਰੂਰ ਕਰਨਾ ਚਾਹੀਦਾ ਹੈ। ਇਸ ਮੌਕੇ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਸਿੰਘ ਨੇ ਮੈਨੇਜਰ ਅਵਤਾਰ ਸਿੰਘ, ਗਿਆਨੀ ਹਰਜਿੰਦਰ ਸਿੰਘ ਚੰਡੀਗੜ੍ਹ, ਭਾਈ ਹਰਪਾਲ ਸਿੰਘ ਮੱਖੂ, ਨੰਬਰਦਾਰ ਸੁਰਿੰਦਰਪਾਲ ਸਿੰਘ ਸੋਢੀ, ਨੰਬਰਦਾਰ ਬਲਵਿੰਦਰ ਸਿੰਘ ਧਾਲੀਵਾਲ ਅਤੇ ਖੂਨਦਾਨ ਕਰਨ ਵਾਲੇ ਦਾਨੀਆਂ ਨੂੰ ਸਰਟੀਫਿਕੇਟ ਤੇ ਸਨਮਾਨ ਸਿੰਘ ਭੇਟ ਕਰਕੇ ਸਨਮਾਨਿਤ ਕੀਤਾ ਇਸ ਮੌਕੇ ਤੇ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਸਿੰਘ ਨਿਮਾਣਾ ਨੇ ਭਾਈ ਘਨਈਆ ਜੀ ਮਿਸ਼ਨ ਵੱਲੋਂ ਇਕੱਤਰ ਕੀਤਾ ਗਿਆ ਖੂਨ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਲੈਕੇ ਦਿੱਤਾ ਜਾਵੇਗਾ।

ਇਸ ਮੌਕੇ ਬਲਦੇਵ ਸਿੰਘ ਭੁੱਲਰ, ਜਸਪਾਲ ਸਿੰਘ ਗਿਲ, ਹਰਬੰਸ ਸਿੰਘ ਫੌਜੀ ਪ੍ਰਦੀਪ ਸਿੰਘ ਅਟਵਾਲ ਆਦਿ ਹਾਜ਼ਰ ਸਨ।

# ਵਾਰਡ ਨੰਬਰ 53 ਅਧੀਨ ਅਨੂਪ ਨਗਰ 'ਚ ਨਵੀਂ ਬਣੀ ਸੜਕ ਪੁੱਟੀ

**ਜਲੰਧਰ (ਲਖਵਿੰਦਰ ਸਿੰਘ ਆਹੀ)-** ਬਸਤੀ ਦਾਨਿਸ਼ਮੰਦਾਂ ਦੇ ਵਾਰਡ ਨੰਬਰ 53 ਅਧੀਨ ਆਉਂਦੇ ਅਨੂਪ ਨਗਰ ਇਲਾਕੇ ਵਿੱਚ ਸੜਕ ਦੀ ਖਰਾਬ ਹਾਲਤ ਨੂੰ ਲੈ ਕੇ ਲੋਕਾਂ ਵਿੱਚ ਰੋਸ ਦੇਖਣ ਨੂੰ ਮਿਲ ਰਿਹਾ ਹੈ। ਸਥਾਨਕ ਵਸਨੀਕਾਂ ਮੁਤਾਬਕ ਇਲਾਕੇ ਵਿੱਚ ਕਰੀਬ 3-4 ਦਿਨ ਪਹਿਲਾਂ ਹੀ ਨਵੀਂ ਸੜਕ ਬਣਾਈ ਗਈ ਸੀ, ਪਰ ਇਸ ਤੋਂ ਬਾਅਦ ਸੀਵਰੇਜ ਦੇ ਕੰਮ ਲਈ ਨਵੀਂ ਬਣੀ ਸੜਕ ਨੂੰ ਪੁੱਟ ਦਿੱਤਾ ਗਿਆ। ਲੋਕਾਂ ਦਾ ਕਹਿਣਾ ਹੈ ਕਿ ਸੜਕ ਪੁੱਟੇ ਨੂੰ ਕਈ ਦਿਨ ਬੀਤ ਚੁੱਕੇ ਹਨ, ਪਰ ਅਜੇ ਤੱਕ ਇਸ ਦੀ ਮੁਰੰਮਤ ਕਰਕੇ ਸੜਕ ਨੂੰ ਪਹਿਲਾਂ ਵਾਲੀ ਹਾਲਤ ਵਿੱਚ ਲਿਆਉਣ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਪੁੱਟੀ ਹੋਈ ਸੜਕ ਕਾਰਨ ਇਲਾਕਾ ਵਾਸੀਆਂ



ਅਤੇ ਰਾਹਗੀਰਾਂ ਨੂੰ ਆਉਣ-ਜਾਣ ਵਿਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਥਾਨਕ ਵਸਨੀਕਾਂ ਨੇ ਸਵਾਲ ਚੁੱਕਦਿਆਂ ਕਿਹਾ ਕਿ ਜਦੋਂ ਕੁਝ ਦਿਨ ਪਹਿਲਾਂ ਹੀ ਨਵੀਂ ਸੜਕ ਬਣਾਈ ਗਈ ਸੀ ਤਾਂ ਸੀਵਰੇਜ ਦਾ ਕੰਮ ਉਸ ਤੋਂ ਪਹਿਲਾਂ ਕਿਉਂ ਨਹੀਂ ਕੀਤਾ ਗਿਆ? ਲੋਕਾਂ ਮੁਤਾਬਕ ਵਿਭਾਗਾਂ ਵਿਚਕਾਰ ਤਾਲਮੇਲ ਦੀ ਕਮੀ ਕਾਰਨ ਜਿੱਥੇ ਲੋਕਾਂ ਨੂੰ ਪਰੇਸ਼ਾਨੀ ਹੋ ਰਹੀ ਹੈ, ਉੱਥੇ ਹੀ ਨਵੀਂ ਬਣੀ ਸੜਕ ਨੂੰ ਦੁਬਾਰਾ ਪੁੱਟਣ ਨਾਲ ਲੋਕਾਂ ਦੇ ਪੈਸੇ ਦੀ ਵੀ ਬਰਬਾਦੀ ਹੋ ਰਹੀ ਹੈ। ਇਲਾਕਾ ਵਾਸੀਆਂ ਨੇ ਪ੍ਰਸ਼ਾਸਨ ਅਤੇ ਸਬੰਧਤ ਵਿਭਾਗ ਤੋਂ ਮੰਗ ਕੀਤੀ ਹੈ ਕਿ ਮਾਮਲੇ ਦਾ ਤੁਰੰਤ ਨੋਟਿਸ ਲਿਆ ਜਾਵੇ ਅਤੇ ਪੁੱਟੀ ਗਈ ਸੜਕ ਦੀ ਜਲਦ ਤੋਂ ਜਲਦ ਮੁਰੰਮਤ ਕਰਵਾਈ ਜਾਵੇ। ਲੋਕਾਂ ਦਾ ਕਹਿਣਾ ਹੈ ਕਿ ਜੇਕਰ ਸੜਕ ਨੂੰ ਸਮੇਂ ਸਿਰ ਠੀਕ ਨਾ ਕੀਤਾ ਗਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਲੋਕਾਂ ਦੀਆਂ ਮੁਸ਼ਕਲਾਂ ਹੋਰ ਵੱਧ ਸਕਦੀਆਂ ਹਨ।

# ਸ਼ਰਾਬ ਪੀ ਕੇ ਵਾਹਨ ਚਲਾਉਣ ਵਾਲਿਆਂ ਖ਼ਿਲਾਫ਼ ਟ੍ਰੈਫਿਕ ਪੁਲਸ ਵੱਲੋਂ ਵਿਸ਼ੇਸ਼ ਮੁਹਿੰਮ

**ਮੋਹਾਲੀ (ਗੁਰਜੀਤ ਬਿੱਲਾ)** ਸੀਨੀਅਰ ਕਪਤਾਨ ਪੁਲਸ, ਜ਼ਿਲ੍ਹਾ ਐਸ ਏ ਐਸ ਨਗਰ ਹਰਮਨ ਹਾਂਸ ਆਈ ਪੀ ਐਸ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸ਼ਰਾਬ ਪੀ ਕੇ ਵਾਹਨ ਚਲਾਉਣ ਵਾਲੇ ਵਾਹਨ ਚਾਲਕਾਂ ਖ਼ਿਲਾਫ਼ ਵਿਸ਼ੇਸ਼ ਮੁਹਿੰਮ ਚਲਾਈ ਗਈ। ਇਸ ਮੁਹਿੰਮ ਤਹਿਤ ਕਰਨੈਲ ਸਿੰਘ ਪੀ.ਪੀ.ਐਸ., ਉਪ ਕਪਤਾਨ ਪੁਲਸ, ਟ੍ਰੈਫਿਕ ਵੱਲੋਂ ਟ੍ਰੈਫਿਕ ਪੁਲਸ ਦੀ ਮਦਦ ਨਾਲ ਵੱਖ-ਵੱਖ ਪਾਰਟੀਆਂ ਬਣਾਕੇ ਵਿਸ਼ੇਸ਼ ਨਾਕਾਬੰਦੀ ਕੀਤੀ ਗਈ।



ਇਸ ਦੌਰਾਨ ਸ਼ਰਾਬ ਪੀ ਕੇ ਵਾਹਨ ਚਲਾਉਣ ਵਾਲੇ ਵਾਹਨ ਚਾਲਕਾਂ ਵਿਰੁੱਧ ਟ੍ਰੈਫਿਕ ਨਿਯਮਾਂ ਤਹਿਤ ਕਾਰਵਾਈ ਕਰਦਿਆਂ ਕੁੱਲ 09 ਟ੍ਰੈਫਿਕ ਚਲਾਨ ਕੀਤੇ ਗਏ। ਇਸ ਮੌਕੇ ਕਰਨੈਲ ਸਿੰਘ ਵੱਲੋਂ ਆਮ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਕਦੇ ਵੀ ਸ਼ਰਾਬ ਪੀ ਕੇ ਆਪਣੇ ਵਾਹਨ ਦੀ ਵਰਤੋਂ ਨਾ ਕਰਨ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪਰਿਵਾਰਕ ਮੈਂਬਰਾਂ ਨੂੰ ਵੀ ਇਸ ਸਬੰਧੀ ਜਾਗਰੂਕ ਕਰਨ ਅਤੇ ਸ਼ਰਾਬ ਦਾ ਸੇਵਨ ਕਰਨ ਉਪਰੰਤ ਕਦੇ ਵੀ ਵਾਹਨ ਨਾ ਚਲਾਉਣ। ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਕੇ ਹੀ ਸੜਕ ਹਾਦਸਿਆਂ ਨੂੰ ਰੋਕਿਆ ਜਾ ਸਕਦਾ ਹੈ ਅਤੇ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ।

# ਕੇਂਦਰੀ ਪੰਜਾਬੀ ਲੇਖਕ ਸਭਾ ਦਾ ਤਿੰਨ ਸਾਲਾ ਇਜਲਾਸ ਅੱਜ

**ਚੰਡੀਗੜ੍ਹ (ਗੁਰਜੀਤ ਬਿੱਲਾ)-** ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦਾ ਤਿੰਨ ਸਾਲਾ ਇਜਲਾਸ 13 ਸਤੰਬਰ ਨੂੰ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਹੋਵੇਗਾ। ਇਜਲਾਸ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਸ ਦੌਰਾਨ ਸਭਾ ਦੀਆਂ ਪਿਛਲੇ ਤਿੰਨ ਸਾਲਾਂ ਦੀਆਂ ਜਥੇਬੰਦਕ ਅਤੇ ਸਾਹਿਤਕ ਸਰਗਰਮੀਆਂ ਦੀ ਰਿਪੋਰਟ ਦੇ ਨਾਲ ਵਿੱਤੀ ਰਿਪੋਰਟ ਵੀ ਪੇਸ਼ ਕੀਤੀ ਜਾਵੇਗੀ। ਇਸ ਮੌਕੇ ਸਮਕਾਲੀ ਸਮਾਜਿਕ, ਰਾਜਨੀਤਕ ਅਤੇ ਸੱਭਿਆਚਾਰਕ ਹਾਲਾਤ ਦੇ ਸੰਦਰਭ ਵਿੱਚ ਲੇਖਕਾਂ ਅਤੇ ਚਿੰਤਕਾਂ ਦੀ ਭੂਮਿਕਾ ਬਾਰੇ ਵਿਚਾਰ-ਵਟਾਂਦਰਾ ਹੋਵੇਗਾ। ਪ੍ਰੋ. ਜੈਪਾਲ ਇਸ ਵਿਸ਼ੇ 'ਤੇ ਮੁੱਖ ਵਕਤਾ ਵਜੋਂ ਸੰਬੋਧਨ ਕਰਨਗੇ। ਸਭਾ ਦੇ ਜਨਰਲ ਸਕੱਤਰ ਸੁਸ਼ੀਲ ਦੁਸਾਂਝ ਵੱਲੋਂ ਪਿਛਲੇ ਤਿੰਨ ਸਾਲਾਂ ਦੀਆਂ ਸਰਗਰਮੀਆਂ ਸਬੰਧੀ ਰਿਪੋਰਟ ਪੇਸ਼ ਕੀਤੀ ਜਾਵੇਗੀ। ਸਭਾ ਦੇ ਜਨਰਲ ਸਕੱਤਰ ਸੁਸ਼ੀਲ ਦੁਸਾਂਝ ਅਤੇ ਦਫ਼ਤਰ ਸਕੱਤਰ ਦੀਪ ਦੇਵਿੰਦਰ ਸਿੰਘ ਨੇ ਦੱਸਿਆ ਕਿ ਇਜਲਾਸ ਵਿੱਚ ਸਭਾ ਦੀ ਕਾਰਗੁਜ਼ਾਰੀ, ਜਥੇਬੰਦਕ ਸਰਗਰਮੀਆਂ ਅਤੇ ਵਿੱਤੀ ਮਾਮਲਿਆਂ ਬਾਰੇ ਮੈਂਬਰਾਂ ਸਾਹਮਣੇ ਵਿਸਥਾਰਤ ਵੇਰਵਾ ਰੱਖਿਆ ਜਾਵੇਗਾ। ਸਭਾ ਦੀ ਤਿੰਨ ਸਾਲਾ ਚੋਣ 25 ਅਕਤੂਬਰ 2026 ਨੂੰ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਹੀ ਹੋਵੇਗੀ। ਚੋਣ ਵਿੱਚ ਦੇਸ਼-ਵਿਦੇਸ਼ ਦੀਆਂ ਸੰਬੰਧਤ ਸਾਹਿਤਕ ਸਭਾਵਾਂ ਅਤੇ ਉਨ੍ਹਾਂ ਦੇ ਨੁਮਾਇੰਦੇ ਹਿੱਸਾ ਲੈਣਗੇ।

# ਜ਼ੀਰਕਪੁਰ ਵਿਖੇ ਬਿਜਲੀ ਮੁਲਾਜ਼ਮਾਂ ਦੀਆਂ ਪ੍ਰਮੁੱਖ ਯੂਨੀਅਨਾਂ ਦੀ ਸਾਂਝੀ ਮੀਟਿੰਗ



**ਜੀਰਕਪੁਰ (ਜਤਿੰਦਰ ਕੁਮਾਰ)** ਜ਼ੀਰਕਪੁਰ ਵਿਖੇ 'ਪਾਵਰਕਾਮ ਐਂਡ ਟ੍ਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਜ਼ੀਰਕਪੁਰ', 'ਟੈਕਨੀਕਲ ਸਰਵਿਸਿਜ਼ ਯੂਨੀਅਨ (ਭੰਗਲ)' ਅਤੇ ਨਵ-ਨਿਯੁਕਤ ਸਾਥੀਆਂ ਦੀ ਇੱਕ ਅਹਿਮ ਅਤੇ ਸਾਂਝੀ ਮੀਟਿੰਗ ਹੋਈ। ਇਸ ਮੀਟਿੰਗ ਦਾ ਮੁੱਖ ਮਕਸਦ ਤਿੰਨਾਂ ਧਿਰਾਂ ਵਿਚਕਾਰ ਆਪਸੀ ਮਿਲਵਰਤਨ ਵਧਾਉਣਾ ਅਤੇ ਮੁਲਾਜ਼ਮ ਮੰਗਾਂ ਨੂੰ ਲੈ ਕੇ ਇੱਕਜੁੱਟ ਹੋ ਕੇ ਲੜਾਈ ਲੜਨਾ ਸੀ। ਮੀਟਿੰਗ ਦੌਰਾਨ ਨਵ-ਨਿਯੁਕਤ ਸਾਥੀਆਂ ਨਾਲ ਹੋ ਰਹੀ ਧੱਕੇਸ਼ਾਹੀ, ਬਿਨਾਂ ਵਜ੍ਹਾ ਕੀਤੀਆਂ ਜਾ ਰਹੀਆਂ ਗਲਤ ਬਦਲੀਆਂ ਅਤੇ ਹੋਰ ਸਾਜ਼ਿਸ਼ਾਂ 'ਤੇ ਗੰਭੀਰ ਚਿੰਤਾ ਪ੍ਰਗਟਾਈ ਗਈ। ਆਗੂਆਂ ਨੇ ਸਪੱਸ਼ਟ ਕੀਤਾ ਕਿ ਮੁਲਾਜ਼ਮਾਂ ਵਿਰੁੱਧ ਹੋ ਰਹੇ ਅਜਿਹੇ ਕਿਸੇ ਵੀ ਅਨਿਆਂ ਦਾ ਡਟ ਕੇ ਮੁਕਾਬਲਾ ਕੀਤਾ ਜਾਵੇਗਾ। ਇਸ ਮੌਕੇ ਪੰਜਾਬ ਪੱਧਰ 'ਤੇ ਲਟਕਦੀਆਂ ਆ ਰਹੀਆਂ ਪ੍ਰਮੁੱਖ ਮੰਗਾਂ 'ਤੇ ਵਿਸਥਾਰਪੂਰਵਕ ਚਰਚਾ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਵਰਕਾਮ ਐਂਡ ਟ੍ਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਵੱਲੋਂ ਸਰਕਲ ਸਕੱਤਰ ਏਕਮ ਸਿੱਧੂ ਅਤੇ ਸੁਖਵਿੰਦਰ ਸਿੰਘ ਸੁੱਖੀ ਦੀ ਅਗਵਾਈ ਹੇਠ, ਟੈਕਨੀਕਲ ਸਰਵਿਸਿਜ਼ ਯੂਨੀਅਨ (ਭੰਗਲ) ਵੱਲੋਂ ਰਾਜਿੰਦਰ ਕੁਮਾਰ (ਪੈਨਸ਼ਨਰ ਪ੍ਰਧਾਨ) ਅਤੇ ਨਵ-ਨਿਯੁਕਤ ਸਾਥੀਆਂ ਵੱਲੋਂ ਪਰਦੀਪ ਸਿੰਘ ਨੇ ਆਪਣੇ ਵਿਚਾਰ ਰੱਖੇ। ਇਸ ਸਾਂਝੀ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਲਖਵੀਰ ਸਿੰਘ, ਮਨਜੀਤ ਸਿੰਘ, ਗੁਰਜਿੰਦਰ ਸਿੰਘ, ਤਰਸੇਮ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਬਿਜਲੀ ਮੁਲਾਜ਼ਮ ਅਤੇ ਆਗੂ ਸ਼ਾਮਲ ਸਨ।

# ਗੈਰ-ਕਾਨੂੰਨੀ ਮਾਈਨਿੰਗ ਰੋਕਣ ਲਈ ਅਧਿਕਾਰੀਆਂ ਦੀਆਂ ਡਿਊਟੀਆਂ ਲਾਈਆਂ

**ਚੰਡੀਗੜ੍ਹ (ਗੁਰਜੀਤ ਬਿੱਲਾ)** ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗੈਰ-ਕਾਨੂੰਨੀ ਮਾਈਨਿੰਗ ਰੋਕਣ ਲਈ ਅਤੇ ਸਟੋਨ ਕਰੱਸ਼ਰਾਂ/ਸਕਰੀਨਿੰਗ ਪਲਾਂਟਾਂ ਦੀ ਚੈਕਿੰਗ ਕਰਨ ਲਈ ਜ਼ਿਲ੍ਹੇ 'ਚ ਸਬ-ਡਵੀਜ਼ਨ ਪੱਧਰ 'ਤੇ ਟੀਮਾਂ ਦਾ ਗਠਨ ਕੀਤਾ ਗਿਆ ਹੈ, ਜੋ ਕਿ ਸਤੰਬਰ 2026 ਤੋਂ ਦਸੰਬਰ 2026 ਤੱਕ ਰੋਸਟਰ ਵਾਰ ਕੰਮ ਕਰਨਗੀਆਂ। ਵਧੀਕ ਜ਼ਿਲ੍ਹਾ ਮੈਜਿਸਟ੍ਰੇਟ (ਜ) ਸ੍ਰੀਮਤੀ ਗੀਤਿਕਾ ਸਿੰਘ ਵੱਲੋਂ ਜਾਰੀ ਹੁਕਮਾਂ ਅਨੁਸਾਰ ਪ੍ਰਮੁੱਖ ਸੱਕਤਰ, ਮਾਈਨਜ਼ ਅਤੇ ਜਿਓਲੋਜੀ ਵਿਭਾਗ ਪੰਜਾਬ ਵਲੋਂ ਜਾਰੀ ਨੰ.1300 ਜੀਐਜੀ/2022 ਮਿਤੀ 07.10.2022 ਰਾਹੀਂ ਗੈਰ-ਕਾਨੂੰਨੀ ਮਾਈਨਿੰਗ ਅਤੇ ਸਟੋਨ ਕਰੱਸ਼ਰਾਂ/ਸਕਰੀਨਿੰਗ ਪਲਾਂਟਾਂ ਦੀ ਚੈਕਿੰਗ ਕਰਨ ਦੇ ਦਿੱਤੇ ਆਦੇਸ਼ਾਂ ਦੀ ਪਾਲਣਾ ਹਿੱਤ ਇਹ ਟੀਮਾਂ ਰੇਤੇ, ਬਜਰੀ, ਸਟੋਨ ਕਰੱਸ਼ਰਾਂ ਅਤੇ ਗੈਰ ਕਾਨੂੰਨੀ ਮਾਈਨਿੰਗ ਦੀ ਕੀਤੀ ਜਾਂਦੀ ਚੈਕਿੰਗ ਦੀ ਰੋਜ਼ਾਨਾ ਰਿਪੋਰਟ ਭੇਜੀ ਜਾਣੀ ਯਕੀਨੀ ਬਣਾਉਣਗੀਆਂ ਤਾਂ ਜੋ ਗੈਰ ਕਾਨੂੰਨੀ ਮਾਈਨਿੰਗ ਨੂੰ ਰੋਕਿਆ ਜਾ ਸਕੇ। ਟੀਮਾਂ ਨੂੰ ਇਹ ਵੀ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਕਿ ਨਜਾਇਜ਼ ਮਾਈਨਿੰਗ ਸੰਬੰਧੀ ਕੇਸ ਦਰਜ ਕਰਵਾਉਦੇ ਸਮੇਂ ਗੱਡੀ ਦਾ ਨੰਬਰ, ਉਸਦੇ ਮਾਲਕ ਦਾ ਨਾਮ ਵੀ ਐਫ.ਆਈ.ਆਰ. ਵਿੱਚ ਦਰਜ ਕੀਤਾ ਜਾਵੇ ਅਤੇ ਆਰ.ਟੀ.ਓ ਐਸ.ਏ.ਐਸ ਨਗਰ ਨਾਲ ਤਾਲਮੇਲ ਕਰਕੇ ਵਰਤੇ ਜਾਣ ਵਾਲੇ ਟਿੱਪਰ, ਜੇ.ਸੀ.ਬੀ. ਪੋਕਲੇਨ, ਟਰੈਕਟਰ-ਟਰਾਲੀ ਆਦਿ ਦੇ ਵੇਰਵੇ ਡਾਟਾਬੇਸ ਵਿੱਚ ਲੈ ਲਏ ਜਾਣ।

# ਸਤਿਕਾਰ ਸਖੀਆਂ ਦੇ ਸਨਮਾਨ ਨਾਲ ਮਹਿਲਾਵਾਂ ਦਾ ਆਤਮ-ਵਿਸ਼ਵਾਸ ਹੋ ਰਿਹੈ ਮਜ਼ਬੂਤ : ਡਾ. ਰਵਜੋਤ ਸਿੰਘ



**ਹੁਸ਼ਿਆਰਪੁਰ (ਓ ਪੀ ਰਾਣਾ, ਬਲਬੀਰ ਸਿੰਘ ਸੈਣੀ)** ਪੰਜਾਬ ਸਰਕਾਰ ਦੀ 'ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ' ਨੂੰ ਘਰ-ਘਰ ਤੱਕ ਪਹੁੰਚਾਉਣ ਵਾਲੀਆਂ ਸਤਿਕਾਰ ਸਖੀਆਂ ਦੇ ਸਨਮਾਨ ਲਈ ਇਥੇ ਵਿਸ਼ੇਸ਼ ਸਮਾਗਮ ਦੌਰਾਨ ਪੰਜਾਬ ਦੇ ਜੇਲ੍ਹਾਂ ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ ਡਾ. ਰਵਜੋਤ ਸਿੰਘ ਨੇ ਵਿਧਾਨ ਸਭਾ ਹਲਕਾ ਸ਼ਾਮਚੁਰਾਸੀ ਦੀਆਂ 1100 ਤੋਂ ਵੱਧ ਸਤਿਕਾਰ ਸਖੀਆਂ ਨੂੰ ਸਨਮਾਨਿਤ ਕਰਦਿਆਂ ਉਨ੍ਹਾਂ ਦੀ ਸਮਰਪਣ ਭਾਵਨਾ, ਮਿਹਨਤ ਅਤੇ ਸਮਾਜ ਪ੍ਰਤੀ ਸੇਵਾ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮਹਿਲਾਵਾਂ ਦੇ ਸਨਮਾਨ, ਸੁਰੱਖਿਆ ਅਤੇ ਸਸ਼ਕਤੀਕਰਨ ਲਈ ਪੂਰੀ ਵਚਨਬੱਧਤਾ ਨਾਲ ਕੰਮ ਕਰ ਰਹੀ ਹੈ ਅਤੇ ਸਰਕਾਰ ਦਾ ਉਦੇਸ਼ ਹੈ ਕਿ ਹਰ ਮਹਿਲਾ ਨੂੰ ਆਪਣੇ ਅਧਿਕਾਰਾਂ ਦੀ ਜਾਣਕਾਰੀ ਹੋਵੇ ਅਤੇ ਉਹ ਆਰਥਿਕ ਤੇ ਸਮਾਜਿਕ ਤੌਰ 'ਤੇ ਮਜ਼ਬੂਤ ਬਣੇ। ਇਸ ਮੌਕੇ ਡਾ. ਰਵਜੋਤ ਸਿੰਘ ਨੇ ਸਾਰੀਆਂ ਸਤਿਕਾਰ ਸਖੀਆਂ ਨੂੰ ਉਨ੍ਹਾਂ ਦੇ ਯੋਗਦਾਨ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਮਹਿਲਾਵਾਂ ਦਾ ਸਨਮਾਨ ਸਿਰਫ਼ ਇੱਕ ਸਮਾਗਮ ਤੱਕ ਸੀਮਤ ਨਹੀਂ ਹੈ, ਸਗੋਂ ਇਹ ਸਮਾਜ ਦੀ ਤਰੱਕੀ ਅਤੇ ਖੁਸ਼ਹਾਲੀ ਦਾ ਆਧਾਰ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਹਿਲਾ ਵਿੰਗ ਦੀ ਇੰਚਾਰਜ ਰਜਵੰਤ ਕੌਰ ਧਾਮੀ, ਪਰਵਿੰਦਰ ਸਿੰਘ ਸੱਜਣ, ਲਵਦੀਪ ਸਿੰਘ ਗਿੱਲ, ਕਮਲ ਧੂਤ, ਸਰਪੰਚ ਰਵਿੰਦਰ ਕੌਰ, ਸਰਪੰਚ ਮੀਨਾ ਰਾਣੀ, ਕੰਚਨ ਦਿਓਲ ਅਤੇ ਹੋਰ ਮੋਹਤਬਰ ਮੌਜੂਦ ਸਨ।



# ਮੁੜ ਦੱਪਰ ਦਾ ਕਬਜ਼ਾ, 168 ਵੋਟਾਂ ਨਾਲ ਦੂਜੀ ਵਾਰ ਬਣੇ ਪ੍ਰਧਾਨ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)-** ਬਾਰ ਐਸੋਸੀਏਸ਼ਨ ਡੇਰਾਬੱਸੀ ਦੀਆਂ ਸਾਲ 2026-27 ਦੀਆਂ ਚੋਣਾਂ ਦੇ ਐਲਾਨੇ ਨਤੀਜਿਆਂ ਵਿੱਚ ਮੌਜੂਦਾ ਪ੍ਰਧਾਨ ਵਿਕਰਮਜੀਤ ਸਿੰਘ ਦੱਪਰ ਨੇ 168 ਵੋਟਾਂ ਹਾਸਲ ਕਰਕੇ ਮੁੜ ਪ੍ਰਧਾਨਗੀ ਦੀ ਕੁਰਸੀ ਆਪਣੇ ਨਾਂ ਕਰ ਲਈ। ਇਸੇ ਤਰ੍ਹਾਂ ਸ਼ਿਵ ਸ਼ਰਮਾ 189 ਵੋਟਾਂ ਨਾਲ ਮੀਤ ਪ੍ਰਧਾਨ, ਜਗਤਾਰ ਸਿੰਘ ਬਾਫ਼ਲ 161 ਵੋਟਾਂ ਨਾਲ ਸਕੱਤਰ ਅਤੇ ਵੀਪਨ ਕੁਮਾਰ 154 ਵੋਟਾਂ ਨਾਲ ਖਜ਼ਾਨਚੀ ਚੁਣੇ ਗਏ। ਮਹਿਲਾਵਾਂ ਲਈ ਰਾਖਵੇਂ ਸੰਯੁਕਤ ਸਕੱਤਰ ਦੇ ਅਹੁਦੇ 'ਤੇ ਸੁਮਨ ਰਾਣੀ ਨੇ 136 ਵੋਟਾਂ ਨਾਲ ਜਿੱਤ ਦਰਜ ਕੀਤੀ, ਜਦਕਿ ਸੋਨੀਆ ਭਾਰਦਵਾਜ 223 ਵੋਟਾਂ ਹਾਸਲ ਕਰਕੇ ਮਹਿਲਾ ਰਾਖਵੇਂ ਕਾਰਜਕਾਰਨੀ ਮੈਂਬਰ ਚੁਣੀ ਗਈ। ਇਸ ਤੋਂ ਪਹਿਲਾਂ ਗੀਤਿਕਾ ਗੋਇਲ ਮਹਿਲਾ ਮੀਤ ਪ੍ਰਧਾਨ ਅਤੇ ਅਨੁਭਵ ਸਿੰਗਲਾ ਲਾਇਬ੍ਰੇਰੀਅਨ ਦੇ ਅਹੁਦੇ ਲਈ ਬਿਨਾਂ ਮੁਕਾਬਲਾ ਚੁਣੇ ਜਾ ਚੁੱਕੇ ਹਨ।

# ਠੰਢੇ ਮਿੱਠੇ ਜਲ ਦਾ ਲੰਗਰ ਲਗਾਇਆ



**ਪੋਜੇਵਾਲ (ਰਾਮ ਲਾਲ)** ਧੰਨ-ਧੰਨ ਹਜ਼ੂਰ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦੀ ਪਵਿੱਤਰ ਬਰਸੀ ਦੇ ਮੌਕੇ 'ਤੇ ਸ਼ਰਧਾਲੂਆਂ ਵੱਲੋਂ ਕੰਗਣਾ ਪੁਲ ਵਿਖੇ ਠੰਡੇ ਮਿੱਠੇ ਜਲ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਸੇਵਾਦਾਰਾਂ ਨੇ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਰਾਹਗੀਰਾਂ ਅਤੇ ਸੰਗਤਾਂ ਨੂੰ ਠੰਡਾ ਮਿੱਠਾ ਜਲ ਛਕਾ ਕੇ ਸੇਵਾ ਨਿਭਾਈ। ਸੇਵਾਦਾਰਾਂ ਨੇ ਦੱਸਿਆ ਕਿ ਰਾਜਾ ਸਾਹਿਬ ਜੀ ਦੀ ਬਰਸੀ ਨੂੰ ਸਮਰਪਿਤ ਇਹ ਸੇਵਾ ਮਨੁੱਖਤਾ ਦੀ ਭਲਾਈ ਅਤੇ ਸਰਬੱਤ ਦੇ ਭਲੇ ਦੀ ਭਾਵਨਾ ਨਾਲ ਕੀਤੀ ਗਈ ਹੈ। ਗਰਮੀ ਦੇ ਮੌਸਮ ਦੌਰਾਨ ਕੰਗਣਾ ਪੁਲ ਤੋਂ ਲੰਘਣ ਵਾਲੇ ਵਾਹਨ ਚਾਲਕਾਂ ਅਤੇ ਰਾਹਗੀਰਾਂ ਨੇ ਠੰਡਾ ਮਿੱਠਾ ਜਲ ਛਕਿਆ।

# ਕੰਦੋਲਾ ਦੇ ਸੈਂਕੜੇ ਲੋਕ 'ਆਪ' 'ਚ ਸ਼ਾਮਲ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਆਪ ਆਦਮੀ ਪਾਰਟੀਆਂ ਲੋਕ ਪੱਖੀ ਪਾਲਿਸੀਆਂ ਤੋਂ ਪ੍ਰਭਾਵਿਤ ਹੋ ਕੇ ਵੱਡੀ ਗਿਣਤੀ 'ਚ ਲੋਕ 'ਆਪ' 'ਚ ਸ਼ਾਮਲ ਹੋ ਰਹੇ ਹਨ। ਇਸ ਦੀ ਤਾਜ਼ਾ ਮਿਸਾਲ ਪਿੰਡ ਕੰਦੋਲਾ



ਕਲਾਂ ਵਿੱਚ ਭਾਜਪਾ ਨੂੰ ਅਲਵਿਦਾ ਕਹਿ ਕੇ ਕਈ ਪਿੰਡ ਵਾਸੀਆਂ ਨੇ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਉਨ੍ਹਾ ਨੂੰ 'ਆਪ' 'ਚ ਸ਼ਾਮਲ ਕਰਵਾਇਆ। ਪਿੰਡ ਕੰਦੋਲਾ ਕਲਾਂ ਵਿੱਚ ਵੱਡੇ ਵਿਕਾਸ ਨੂੰ ਦੇਖਦਿਆ ਲੋਕ ਭਾਜਪਾ ਨੂੰ ਛੱਡ ਕੇ ਆਮ ਆਦਮੀ ਵਿੱਚ ਸ਼ਾਮਲ ਹੋਣ ਲਈ ਸਾਹਮਣੇ ਆਏ ਇਹ ਸ਼ਮੂਲੀਅਤ ਕੇਵਲ ਸਿੰਘ ਅਤੇ ਮਨਜੀਤ ਸਿੰਘ ਲੰਬੜਦਾਰ ਕੰਦੋਲਾ ਦੇ ਯਤਨਾ ਸਦਕਾ ਹੋਈ। ਬੀਬੀ ਮਾਨ ਨੇ ਸ਼ਾਮਲ ਹੋਣ ਵਾਲਿਆਂ ਦਾ ਸਵਾਗਤ ਕੀਤਾ। ਜਗਮੋਹਣ ਸਿੰਘ, ਮਮਤਾ, ਲੱਕੀ, ਵਿੱਕੀ, ਗੁਰਪ੍ਰੀਤ ਸਿੰਘ, ਜਗਜੀਤ ਸਿੰਘ, ਗੁਲਜਾਰੀ ਰਾਮ, ਕੇਵਲ ਸਿੰਘ, ਦੇਵ ਰਾਜ, ਹਰਪ੍ਰੀਤ ਕੌਰ, ਸੰਤੋਸ਼ ਕੁਮਾਰੀ, ਕਮਲ ਕੁਮਾਰ, ਸੀਦਾ, ਜੱਸੀ, ਸੋਮਾ ਰਾਣੀ, ਮਾਹਿਲਾਵਾਂ ਵਿੱਚ ਮਨਦੀਪ, ਸੁਨੀਤਾ ਰਾਣੀ, ਸ਼ਮਾ ਰਾਣੀ, ਸੋਮਾ ਰਾਣੀ, ਪ੍ਰਵੀਨ, ਬਲਵਿੰਦਰ ਕੌਰ, ਅਮਰਜੋਤੀ, ਜਸਵਿੰਦਰ ਕੌਰ, ਨਰਿੰਦਰ ਕੌਰ, ਅਨੀਤਾ ਰਾਣੀ, ਨਵਦੀਪ ਕੌਰ, ਗੁਰਵਿੰਦਰ ਕੌਰ, ਸ਼ਹੀਦਾਂ, ਪਰਮਿੰਦਰ ਕੌਰ, ਸੰਦੀਪ ਕੌਰ, ਮਨਪ੍ਰੀਤ ਕੌਰ ਆਦਿ ਨੂੰ ਪਾਰਟੀ ਵਿੱਚ ਸ਼ਾਮਲ ਕਰਦਿਆਂ ਜੀ ਆਇਆ ਆਖਿਆ ਅਤੇ ਪਾਰਟੀ ਵਿੱਚ ਮਾਣ ਸਨਮਾਨ ਦਿੱਤੇ ਜਾਣ ਦਾ ਭਰੋਸਾ ਦਿੱਤਾ।

# ਚੱਬੇਵਾਲ ਨੇ ਫਗਵਾੜਾ ਵਿਖੇ 'ਐਸ ਆਈ ਆਰ' ਕੈਂਪ ਦੌਰਾਨ ਲੋਕਾਂ ਨਾਲ ਕੀਤਾ ਰਾਬਤਾ

**ਫਗਵਾੜਾ (ਜਸਵਿੰਦਰ ਢੱਡਾ)** ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਨੇ ਸ਼ੁੱਕਰਵਾਰ ਨੂੰ ਤਹਿਸੀਲ ਕੰਪਲੈਕਸ, ਫਗਵਾੜਾ ਦਾ ਦੌਰਾ ਕੀਤਾ ਅਤੇ ਵੋਟਰ ਸੂਚੀਆਂ ਦੀ ਖਾਸ ਵਿਸ਼ੇਸ਼ ਸੁਧਾਈ



ਮੁਹਿੰਮ ਦੇ ਹਿੱਸੇ ਵਜੋਂ ਲਗਾਏ ਗਏ ਕੈਂਪ ਦੌਰਾਨ ਲੋਕਾਂ ਨਾਲ ਗੱਲਬਾਤ ਕੀਤੀ। ਗੱਲਬਾਤ ਦੌਰਾਨ ਐਮ ਪੀ ਨੇ ਲੋਕਾਂ ਤੋਂ ਐਸ ਆਈ ਆਰ ਪ੍ਰਕਿਰਿਆ ਅਤੇ ਨੋਟਿਸ ਜਾਰੀ ਕੀਤੇ ਗਏ ਵੋਟਰਾਂ ਵੱਲੋਂ ਦਸਤਾਵੇਜ਼ ਜਮ੍ਹਾਂ ਕਰਵਾਉਣ ਸਬੰਧੀ ਫੀਡਬੈਕ ਲਈ। ਡਾ. ਚੱਬੇਵਾਲ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਲੋੜੀਂਦੇ ਦਸਤਾਵੇਜ਼ ਜਮ੍ਹਾਂ ਕਰਵਾਉਂਦੇ ਸਮੇਂ ਵੋਟਰਾਂ ਨੂੰ ਕਿਸੇ ਕਿਸਮ ਦੀ ਦਰਪੇਸ਼ ਮੁਸ਼ਕਲ ਨਾ ਆਵੇ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਲੋਕਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾਵੇ ਅਤੇ ਇਹ ਪ੍ਰਕਿਰਿਆ ਸੁਚਾਰੂ, ਪਾਰਦਰਸ਼ੀ ਅਤੇ ਸੁਖਾਲੇ ਢੰਗ ਨਾਲ ਨੇਪਰੇ ਚਾੜ੍ਹੀ ਜਾਵੇ। ਐਮ ਪੀ ਨੇ ਅਧਿਕਾਰੀਆਂ ਨੂੰ ਵੋਟਰਾਂ ਦੇ ਸਵਾਲਾਂ ਅਤੇ ਸ਼ੰਕਿਆਂ ਦਾ ਨਿਪਟਾਰਾ ਕਰਨ ਅਤੇ ਨਿਰਧਾਰਤ ਸਮੇਂ ਦੇ ਅੰਦਰ ਲੋੜੀਂਦੀਆਂ ਰਸਮੀ ਕਾਰਵਾਈਆਂ ਪੂਰੀਆਂ ਕਰਨ ਵਿੱਚ ਉਨ੍ਹਾਂ ਦੀ ਮਦਦ ਕਰਨ ਦੀ ਵੀ ਅਪੀਲ ਕੀਤੀ।

# ਪ੍ਰਕਾਸ਼ ਪੁਰਬ ਨੂੰ ਸਮਰਪਿਤ ਡਰੋਨ ਸ਼ੋਅ ਅੱਜ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)** ਪੰਜਾਬ ਸਰਕਾਰ ਵਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਲ ਭਰ ਚੱਲਣ ਵਾਲੇ ਸਮਾਗਮਾਂ ਦੀ ਲੜੀ ਤਹਿਤ 13 ਸਤੰਬਰ ਤੋਂ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਡਰੋਨ ਸ਼ੋਅ ਕਰਵਾਏ ਜਾ ਰਹੇ ਹਨ ਅਤੇ ਪਹਿਲਾ ਸ਼ੋਅ ਖਾਲਸਾ ਕਾਲਜ ਮਾਹਿਲਪੁਰ ਦੀ ਗਰਾਊਂਡ ਵਿਖੇ ਕਰਵਾਇਆ ਜਾਵੇਗਾ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਇੱਥੇ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਰੋਨ ਸ਼ੋਅ ਦੀਆਂ ਤਿਆਰੀਆਂ ਅਤੇ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਢੁੱਕਵੇਂ ਇੰਤਜਾਮ ਸਮੇਂ ਸਿਰ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਦੱਸਿਆ ਕਿ ਮਾਹਿਲਪੁਰ ਤੋਂ ਬਾਅਦ ਦਸੂਹਾ, ਟਾਂਡਾ, ਸ਼ਾਮਚੁਰਾਸੀ, ਹੁਸ਼ਿਆਰਪੁਰ ਅਤੇ ਗੜ੍ਹਸ਼ੰਕਰ ਵਿਖੇ ਇਹ ਡਰੋਨ ਸ਼ੋਅ ਹੋਣਗੇ। ਉਨ੍ਹਾਂ ਦੱਸਿਆ ਕਿ ਡਰੋਨ ਸ਼ੋਅ ਵਾਲੀ ਥਾਂ 'ਤੇ ਸੰਗਤ ਦੇ ਬੈਠਣ ਦਾ ਢੁੱਕਵਾਂ ਇੰਤਜ਼ਾਮ ਰਹੇਗਾ ਜਿਥੇ ਸ਼ੋਅ ਦੀ ਸ਼ੁਰੂਆਤ ਰਾਗੀ ਜੱਥੇ ਵਲੋਂ ਕੀਰਤਨ ਰਾਹੀਂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸ਼ਾਮ 6:30 ਵਜੇ ਤੋਂ ਸਮਾਗਮ ਸ਼ੁਰੂ ਹੋਵੇਗਾ ਜਿਸ ਵਿਚ ਗੁਰਬਾਣੀ, ਕੀਰਤਨ ਤੋਂ ਬਾਅਦ 8:00 ਵਜੇ ਡਰੋਨ ਸ਼ੋਅ ਹੋਵੇਗਾ।

# ਮੋਰਿੰਡਾ 'ਚ ਇਫਕੋ ਵੱਲੋਂ ਕਿਸਾਨ ਸਭਾ ਕਰਵਾਈ

**ਮੋਰਿੰਡਾ (ਨਿਹਾਲ ਸਿੰਘ ਕਲਸੀ)** ਦੇਸ਼ ਦੀ ਪ੍ਰਮੁੱਖ ਸਹਿਕਾਰੀ ਸੰਸਥਾ ਇਫਕੋ (ਇੰਡੀਅਨ ਫਾਰਮਰਜ਼ ਫਰਟੀਲਾਈਜ਼ਰ ਕੋਆਪਰੇਟਿਵ ਲਿਮਟਿਡ) ਵੱਲੋਂ ਤੂਰ ਐਗਰੀ ਸੈਂਟਰ, ਮੋਰਿੰਡਾ ਵਿਖੇ ਕਿਸਾਨ ਸਭਾ ਕਰਵਾਈ ਗਈ। ਇਹ ਕਿਸਾਨ ਸਭਾ ਇਫਕੋ ਦੇ ਜ਼ਿਲ੍ਹਾ ਅਫਸਰ




ਹਿਮਾਂਸ਼ੂ ਜੈਨ ਦੀ ਅਗਵਾਈ ਹੇਠ ਕਰਵਾਈ ਗਈ, ਜਿਸ ਵਿੱਚ ਵੱਖ-ਵੱਖ ਪਿੰਡਾਂ ਤੋਂ ਕਿਸਾਨਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਹਿਮਾਂਸ਼ੂ ਜੈਨ ਨੇ ਕਿਸਾਨਾਂ ਨੂੰ ਇਫਕੋ ਦੇ ਇਤਿਹਾਸ ਅਤੇ ਸੰਸਥਾ ਵੱਲੋਂ ਕਿਸਾਨਾਂ ਦੀ ਭਲਾਈ ਲਈ ਕੀਤੀਆਂ ਜਾ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਇਫਕੋ ਵੱਲੋਂ ਚਲਾਈ ਜਾ ਰਹੀ 'ਮਿੱਟੀ ਬਚਾਓ ਮੁਹਿੰਮ' ਅਤੇ 'ਰੁੱਖ ਲਗਾਓ ਮੁਹਿੰਮ' ਸੰਬੰਧੀ ਜਾਣਕਾਰੀ ਦਿੰਦਿਆਂ ਕਿਸਾਨਾਂ ਨੂੰ ਮਿੱਟੀ ਅਤੇ ਵਾਤਾਵਰਨ ਦੀ ਸੰਭਾਲ ਲਈ ਜਾਗਰੂਕ ਕੀਤਾ। ਉਨ੍ਹਾਂ ਕਿਸਾਨਾਂ ਨੂੰ ਮਿੱਟੀ ਦੀ ਜਾਂਚ ਦੇ ਆਧਾਰ 'ਤੇ ਹੀ ਲੋੜੀਂਦੇ ਤੱਤਾਂ ਅਤੇ ਖਾਦਾਂ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ। ਇਸ ਦੌਰਾਨ ਨੈਨੋ ਖਾਦਾਂ, ਪੋਟਾਸ਼, ਸਾਗਰੀਕਾਂ, ਪਾਣੀ ਵਿੱਚ ਘੁਲਣਸ਼ੀਲ ਖਾਦਾਂ ਅਤੇ ਜੈਵਿਕ ਖਾਦ ਸੰਬੰਧੀ ਵੀ ਜਾਣਕਾਰੀ ਦਿੱਤੀ ਗਈ। ਉਨ੍ਹਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਸਿਫ਼ਾਰਸ਼ਾਂ ਅਨੁਸਾਰ 110 ਕਿਲੋ ਯੂਰੀਆ ਦੀ ਵਰਤੋਂ ਕਰਨ ਅਤੇ ਬਾਕੀ ਨਾਈਟ੍ਰੋਜਨ ਦੀ ਲੋੜ ਨੈਨੋ ਯੂਰੀਆ ਰਾਹੀਂ ਪੂਰੀ ਕਰਨ ਲਈ ਕਿਸਾਨਾਂ ਨੂੰ ਪ੍ਰੇਰਿਤ ਕੀਤਾ। ਇਸ ਮੌਕੇ ਇਫਕੋ ਐਮ.ਸੀ. ਤੋਂ ਬ੍ਰਿਜ ਮੋਹਨ ਵੱਲੋਂ ਦਵਾਈਆਂ ਸੰਬੰਧੀ ਵੀ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਗਈ। ਅੰਤ ਵਿੱਚ ਤੂਰ ਐਗਰੀ ਸੈਂਟਰ ਦੇ ਮਾਲਕ ਦਲਜੀਤ ਸਿੰਘ ਤੂਰ ਨੇ ਇਫਕੋ ਵੱਲੋਂ ਕਿਸਾਨਾਂ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਅਤੇ ਕਿਸਾਨ ਸਭਾ ਵਿੱਚ ਪਹੁੰਚੇ ਸਮੂਹ ਕਿਸਾਨਾਂ ਤੇ ਹਾਜ਼ਰੀਨ ਦਾ ਧੰਨਵਾਦ ਕੀਤਾ। ਇਸ ਮੌਕੇ ਸੁਖਵਿੰਦਰ ਸਿੰਘ ਮੁੰਡੀਆਂ, ਸਾਬਕਾ ਸਰਪੰਚ ਬਲਬੀਰ ਸਿੰਘ ਮਾਨਖੇੜੀ, ਧਰਮਿੰਦਰ ਸਿੰਘ, ਕਰਮਜੀਤ ਸਿੰਘ, ਬਲਵਿੰਦਰ ਸਿੰਘ, ਮਨਦੀਪ ਸਿੰਘ ਨੰਬਰਦਾਰ ਨਥਲਪੁਰ, ਸੁਖਵੀਰ ਸਿੰਘ, ਸੁਰਮੁਖ ਸਿੰਘ ਪੰਚ, ਪਰਸ਼ੋਤਮ ਸਿੰਘ ਲੰਬਰਦਾਰ ਲੁਠੇੜੀ ਸਮੇਤ ਵੱਖ-ਵੱਖ ਪਿੰਡਾਂ ਤੋਂ ਆਏ ਕਿਸਾਨ ਹਾਜ਼ਰ ਸਨ।

# ਆਦਿ ਧਰਮ ਸਮਾਗਮ 'ਚ ਸ਼ਾਮਲ ਹੋਣ ਲਈ ਸੰਤ ਇੰਦਰ ਦਾਸ ਸ਼ੇਖੇ ਨੂੰ ਸੱਦਾ ਪੱਤਰ

**ਹੁਸ਼ਿਆਰਪੁਰ ( ਓ ਪੀ ਰਾਣਾ, ਬੀ ਐਸ ਸੈਣੀ)-** ਸਮਤਾ, ਸਮਾਨਤਾ ਅਤੇ ਭਾਈਚਾਰਕ ਸਾਂਝ ਮਜਬੂਤ ਕਰਨ ਲਈ ਸਥਾਪਿਤ ਕੀਤੇ ਆਦਿ ਧਰਮ ਦੇ 100 ਸਾਲਾ ਸਥਾਪਨਾ ਵਰ੍ਹੇਗੰਢ ਦੀ ਖੁਸ਼ੀ 'ਚ ਮਹਾਨ ਆਦਿ ਧਰਮ ਸਮਾਗਮ 1 ਨਵੰਬਰ ਨੂੰ ਡੇਰਾ ਸੰਤ ਮੇਲਾ ਰਾਮ



ਨਗਰ ਵਿਖੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਵਲੋਂ ਸ਼ਰਧਾ ਪੂਰਵਕ ਮਨਾਇਆ ਜਾਵੇਗਾ। ਇਨ੍ਹਾਂ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਸੰਤ ਇੰਦਰ ਦਾਸ ਸੇਖੈ ਨੂੰ ਸੰਤ ਸਰਵਣ ਦਾਸ ਗੱਦੀ ਨਸ਼ੀਨ ਡੇਰਾ ਸੰਤ ਸੀਤਲ ਦਾਸ ਬੋਹਣ, ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ, ਸੰਤ ਸਰਵਣ ਦਾਸ ਸਲੇਮਟਾਵਰੀ, ਮਹੰਤ ਪ੍ਰਸ਼ੋਤਮ ਲਾਲ ਇਤਿਹਾਸਕ ਦੇਹਰਾ ਚੱਕ ਹਕੀਮ ਫਗਵਾੜਾ, ਕੈਪਟਨ ਬੀ ਆਰ ਨਈਅਰ ਸੀਨੀ. ਐਗਜੈਕਟਿਵ ਐਕਸ਼ਨ ਕਮੇਟੀ ਮੈਂਬਰ ਆਦਿ ਧਰਮ ਮਿਸ਼ਨ ਬਰਮਿੰਘਮ ਯੂ ਕੇ ਆਦਿ ਨੇ ਸੱਦਾ ਪੱਤਰ ਦਿੱਤਾ। ਇਸ ਮੌਕੇ ਸੰਤ ਇੰਦਰ ਦਾਸ ਨੇ ਕਿਹਾ ਕਿ ਆਦਿ ਧਰਮ ਹੀ ਭਾਰਤ ਦੇ ਮੂਲ ਨਿਵਾਸੀ ਲੋਕਾਂ ਦੀ ਅਸਲ ਪਹਿਚਾਣ ਅਤੇ ਸੱਭਿਅਤਾ ਹੈ। ਇਸ ਲਈ ਸਾਰੇ ਹੀ ਸਮਾਜ ਨੂੰ ਏਕਤਾ ਦਾ ਸਬੂਤ ਦਿੰਦਿਆਂ ਆਦਿ ਧਰਮ ਲਹਿਰ ਨੂੰ ਪ੍ਰਚੰਡ ਕਰਨ ਲਈ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ ਸੰਤ ਸਤਵਿੰਦਰ ਹੀਰਾ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ੍ਹ ਸਾਹਿਬ (ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਰਜਿ.ਭਾਰਤ) ਅਤੇ ਮਹੰਤ ਪ੍ਰਸ਼ੋਤਮ ਲਾਲ ਗੱਦੀ ਨਸ਼ੀਨ ਇਤਿਹਾਸਕ ਦੇਹਰਾ ਸ੍ਰੀ ਗੁਰੂ ਰਵਿਦਾਸ ਮੰਦਰ ਸੱਚਖੰਡ ਚੱਕ ਹਕੀਮ ਫਗਵਾੜਾ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਮਹਾਨ ਆਦਿ ਧਰਮ ਸਮਾਗਮ 1 ਨਵੰਬਰ ਨੂੰ ਡੇਰਾ 108 ਸੰਤ ਮੇਲਾ ਰਾਮ ਨਗਰ (ਫਿਲੌਰ ) ਵਿਖੇ ਸੰਤ ਸਰਵਣ ਦਾਸ ਮਹਾਰਾਜ ਬੋਹਣ ਵਾਲਿਆਂ ਦੀ ਰਹਿਨੁਮਾਈ ਅਤੇ ਸੰਤ ਪਰਮਜੀਤ ਦਾਸ ਜੀ ਨਗਰ ਵਾਲਿਆਂ ਦੀ ਦੇਖ ਰੇਖ ਹੇਠ ਦੇਸ਼ ਵਿਦੇਸ਼ ਦੀਆਂ ਸੰਗਤਾਂ ਵਲੋਂ ਬਹੁਤ ਸ਼ਰਧਾ ਪੂਰਵਕ ਮਨਾਏ ਜਾਣਗੇ। ਉਨ੍ਹਾਂ ਦੱਸਿਆ ਕਿ ਇਨਾਂ ਸਮਾਗਮਾਂ ਵਿੱਚ ਭਾਰਤ ਦੀਆਂ ਉੱਘੀਆਂ ਮਹਾਨ ਸ਼ਖਸੀਅਤਾਂ ਤੋਂ ਇਲਾਵਾ ਸੰਤ ਮਹਾਂਪੁਰਸ਼, ਬੁੱਧੀਜੀਵੀ, ਵਿਦਵਾਨ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਭਾਰੀ ਗਿਣਤੀ ਵਿੱਚ ਸ਼ਾਮਲ ਹੋਣਗੀਆਂ। ਇਸ ਮੌਕੇ ਸੰਤ ਸਰਵਣ ਦਾਸ ਸਲੇਮਟਾਵਰੀ, ਸੰਤ ਪ੍ਰਮੇਸ਼ਵਰੀ ਦਾਸ, ਕੈਪਟਨ ਬੀ ਆਰ ਨਈਅਰ ਸੀਨੀ. ਐਗਜੈਕਟਿਵ ਐਕਸ਼ਨ ਕਮੇਟੀ ਮੈਂਬਰ ਆਦਿ ਧਰਮ ਮਿਸ਼ਨ ਬਰਮਿੰਘਮ ਯੂ ਕੇ, ਓ ਪੀ ਰਾਣਾ ਮੀਡੀਆ ਇੰਚਾਰਜ, ਲਵਪ੍ਰੀਤ ਸੇਵਾਦਾਰ ਬੋਹਣ ਅਤੇ ਸੰਗਤਾਂ ਹਾਜ਼ਰ ਸਨ।

# 76000 ਨਸ਼ਾ ਤਸਕਰਾਂ ਨੂੰ ਸਰਕਾਰ ਨੇ ਕੀਤਾ ਕਾਬੂ : ਅਮਨ ਅਰੋੜਾ

**ਜਲੰਧਰ, ਫਿਲੌਰ (ਸੁਰਿੰਦਰ ਕੁਮਾਰ, ਨਿਰਮਲ)-** ਫਿਲੌਰ ਵਿੱਚ ਪੁਹੰਚੇ ਆਮ ਆਦਮੀ ਤੇ ਪੰਜਾਬ ਪ੍ਰਧਾਨ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਵਿੱਚ ਹੁਣ ਨਸ਼ਾ ਤਸਕਰਾਂ ਦੇ ਖਿਲਾਫ ਇੱਕ ਵੱਡੀ ਮੁਹਿੰਮ ਚੱਲ ਰਹੀ ਹੈ ਜਿਸ ਤਹਿਤ ਹੁਣ ਤੱਕ ਪੰਜਾਬ ਵਿੱਚ ਫੈਲੇ ਨਸ਼ਾ ਤੇ ਨੈਟਵਰਕ ਵਿੱਚ ਕੰਮ ਕਰਦੇ



ਲਗਭਗ 76000 ਹਜ਼ਾਰ ਤੋ ਵੱਧ ਨਸ਼ਾ ਵੇਚਣ ਵਾਲੇ ਨਸ਼ਾ ਤਸਕਰਾ ਤੇ ਸਪਲਾਈ ਕਰਨ ਦੀ ਚੈਨ ਵਿੱਚ ਸ਼ਾਮਿਲ ਨਸ਼ਾ ਦੇ ਸੌਦਾਗਰਾਂ ਨੂੰ ਕਾਬੂ ਕਰਕੇ ਜੇਲ ਦੀਆ ਸਲਾਖਾ ਦੇ ਪਿੱਛੇ ਸੁੱਟਿਆ ਗਿਆ ਹੈ। ਅਮਨ ਅਰੋੜਾ ਨੇ ਕਿਹਾ ਕਿ ਇਹ ਕੰਮ ਪੰਜਾਬ ਭਰ ਵਿੱਚ ਤੈਨਾਤ ਕੀਤੀਆ ਗਈ ਪਿੰਡ ਵਿੱਚ ਨਸ਼ਾ ਵਿਰੋਧੀ ਕਮੇਟੀਆ ਦੇ ਮੈਂਬਰਾਂ ਦੇ ਸਹਿਯੋਗ ਨਾਲ ਕੀਤਾ ਗਿਆ ਹੈ। ਪੰਜਾਬ ਵਿੱਚ ਹੁਣ ਤੱਕ ਆਮ ਆਦਮੀ ਪਾਰਟੀ ਦੀ ਸਰਕਾਰ ਦੇ 551 ਦਿਨ ਹੋਏ ਹਨ ਜਿਨ੍ਹਾਂ ਵਿੱਚ ਪੰਜਾਬ ਵਿੱਚ ਨਸ਼ਾ ਵਿਰੋਧੀ ਲਹਿਰ ਵਿੱਚ ਸ਼ਾਮਲ ਪੰਜਾਬ ਦੇ ਪਿੰਡਾ ਵਿੱਚ 500 ਟੀਮਾ ਨੇ ਇੱਕ ਵੱਡੀ ਜਿਮੇਵਾਰੀ ਨਿਭਾਈ ਹੈ। ਪੰਜਾਬ ਵਿੱਚ ਪਿਛਲੇ ਕਈ ਦਹਾਕਿਆ ਤੋਂ ਕਾਗਰਸ ਤੇ ਅਕਾਲੀ ਦਲ-ਭਾਜਪਾ ਦੀਆ ਰਹੀਆ ਗਠਜੋੜ ਸਰਕਾਰ ਵੱਲੋ ਪੰਜਾਬ ਦੇ ਨੌਜਵਾਨਾ ਨੂੰ ਨਸ਼ੇ ਦੀ ਦਲ ਦਲ ਵਿੱਚ ਫਸਾਇਆ ਗਿਆ ਸੀ। ਜਿਸ ਨੂੰ ਨੇਸਤਨੋ ਨੂਬੂਦ ਕਰਨ ਵਿੱਚ ਆਮ ਆਦਮੀ ਸਰਕਾਰ ਤੋੜ ਯਤਨ ਕਰ ਰਹੀ ਹੈ। ਸਰਕਾਰ ਨੂੰ ਵੱਡੀ ਨਸ਼ਾ ਤਸਕਰਾ ਖਿਲਾਫ 'ਚ ਚਲਾਈ ਮੁਹਿਮ ਵਿੱਚ ਵੱਡੀ ਸਫਲਤਾ ਵੀ ਮਿਲੀ ਹੈ।

# ਸਰਕਾਰ ਵੱਲੋਂ ਕਿਸਾਨ-ਮਜ਼ਦੂਰ ਮੰਗਾਂ ਸੰਬੰਧੀ ਲਿਖਤੀ ਭਰੋਸਾ ਦੇਣਾ ਸੰਘਰਸ਼ ਦੀ ਜਿੱਤ : ਸੰਯੁਕਤ ਕਿਸਾਨ ਮੋਰਚਾ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)-** ਸੰਯੁਕਤ ਕਿਸਾਨ ਮੋਰਚਾ ਪੰਜਾਬ ਵੱਲੋਂ ਚੰਡੀਗੜ੍ਹ ਵਿਖੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਦਿੱਤੇ ਧਰਨੇ ਦੌਰਾਨ ਪੰਜਾਬ ਸਰਕਾਰ ਵੱਲੋਂ ਮੰਗਾਂ ਸੰਬੰਧੀ ਲਿਖਤੀ ਭਰੋਸਾ ਦਿੱਤੇ ਜਾਣ ਨੂੰ ਮੋਰਚੇ ਨੇ ਸੰਘਰਸ਼ ਦੀ ਅਹਿਮ ਜਿੱਤ ਕਰਾਰ ਦਿੱਤਾ ਹੈ। ਮੋਰਚੇ ਦੇ ਆਗੂਆਂ ਨੇ ਕਿਹਾ ਕਿ ਦੇਰ ਨਾਲ ਹੀ ਸਹੀ, ਪੰਜਾਬ ਸਰਕਾਰ ਨੂੰ ਸਾਢੇ ਚਾਰ ਸਾਲ ਬਾਅਦ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਮੰਗਾਂ ਵੱਲ ਧਿਆਨ ਦੇਣ ਲਈ ਮਜਬੂਰ ਹੋਣਾ ਪਿਆ ਹੈ। ਆਗੂਆਂ ਨੇ ਕਿਹਾ ਕਿ ਪੰਜਾਬ ਦੇ ਪਾਣੀਆਂ, ਡੈਮਾਂ 'ਤੇ ਅਧਿਕਾਰ ਅਤੇ ਸੂਬੇ ਦੇ ਹੋਰ ਹੱਕਾਂ ਨਾਲ ਸਬੰਧਤ ਮਸਲੇ ਬੇਹੱਦ ਗੰਭੀਰ ਹਨ। ਸੂਬੇ ਦੇ ਅਧਿਕਾਰਾਂ ਦੀ ਰਾਖੀ ਕਰਨਾ ਪੰਜਾਬ ਸਰਕਾਰ ਦੀ ਸੰਵਿਧਾਨਕ ਤੇ ਨੈਤਿਕ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਹੁਣ ਤੱਕ ਬਣੀਆਂ ਵੱਖ-ਵੱਖ ਸਰਕਾਰਾਂ ਨੇ ਸੱਤਾ ਦਾ ਸੁੱਖ ਤਾਂ ਮਾਣਿਆ ਪਰ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਲੋੜੀਂਦੀ ਦ੍ਰਿੜਤਾ ਨਾਲ ਆਵਾਜ਼ ਨਹੀਂ ਉਠਾਈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੰਗਾਂ ਸੰਬੰਧੀ ਲਿਖਤੀ ਭਰੋਸਾ ਦਿੱਤਾ ਜਾਣਾ ਕਿਸੇ ਇੱਕ ਵਿਅਕਤੀ ਜਾਂ ਜਥੇਬੰਦੀ ਦੀ ਨਹੀਂ, ਸਗੋਂ ਪੰਜਾਬ ਦੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਸੰਘਰਸ਼ਸ਼ੀਲ ਲੋਕਾਂ ਦੀ ਸਾਂਝੀ ਏਕਤਾ ਦੀ ਜਿੱਤ ਹੈ। ਕਪੂਰਥਲਾ ਜ਼ਿਲ੍ਹੇ ਵਿੱਚ ਸੰਯੁਕਤ ਕਿਸਾਨ ਮੋਰਚੇ ਨਾਲ ਜੁੜੀਆਂ ਕਿਸਾਨ ਜਥੇਬੰਦੀਆਂ, ਖੇਤ ਮਜ਼ਦੂਰ ਜਥੇਬੰਦੀਆਂ ਅਤੇ ਸਹਿਯੋਗੀ ਜਥੇਬੰਦੀਆਂ ਵੱਲੋਂ ਚੰਡੀਗੜ੍ਹ ਦੇ ਧਰਨੇ ਵਿੱਚ ਕੀਤੀ ਵੱਡੀ ਸ਼ਮੂਲੀਅਤ ਲਈ ਆਗੂਆਂ ਨੇ ਸਮੂਹ ਸਾਥੀਆਂ ਦਾ ਧੰਨਵਾਦ ਕੀਤਾ।

# ਧਾਰਮਿਕ ਅਸਥਾਨਾਂ ਦੀ ਭੰਨਤੋੜ ਦੇ ਰੋਸ ਵਜੋਂ ਸ਼ਿਵ ਸੈਨਾ ਵੱਲੋਂ ਪਾਕਿਸਤਾਨ ਖਿਲਾਫ ਨਾਅਰੇਬਾਜ਼ੀ

**ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ)-** ਪਾਕਿਸਤਾਨ ਵਿੱਚ ਪੈਂਦੇ ਹਿੰਦੂਆਂ ਤੇ ਸਿੱਖਾਂ ਦੇ 100 ਸਾਲ ਤੋਂ ਵੱਧ ਪੁਰਾਣੇ ਧਾਰਮਿਕ ਸਥਾਨਾਂ ਦੀ ਕੱਟੜਵਾਦ ਸ਼ਰਾਰਤੀ ਅਨਸਰਾਂ ਵੱਲੋਂ ਭੰਨਤੋੜ ਕੀਤੀ ਜਾ ਰਹੀ ਹੈ ਅਤੇ ਪਾਕਿਸਤਾਨ ਸਰਕਾਰ ਇਨ੍ਹਾਂ ਸ਼ਰਾਰਤੀ ਅਨਸਰਾਂ ਨੂੰ ਨਕੇਲ ਪਾਉਣ ਦੀ ਥਾਂ ਹੋਰ ਸ਼ਹਿ ਦੇ ਰਹੀ ਹੈ ਜਿਸ ਦੇ ਰੋਸ ਵਜੋਂ ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਯੂਥ ਪ੍ਰਧਾਨ ਰਾਹੁਲ ਖੰਨਾ ਦੀ ਅਗਵਾਈ ਵਿੱਚ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਸਵੈਸੇਵੀ



ਸੰਸਥਾਵਾਂ ਦੇ ਆਗੂਆਂ ਤੋਂ ਇਲਾਵਾ ਸ਼ਿਵ ਸੈਨਾ ਵਰਕਰਾਂ ਨੇ ਪਾਕਿਸਤਾਨ ਸਰਕਾਰ ਖਿਲਾਫ਼ ਰੋਸ ਦਾ ਪ੍ਰਗਟਾਵਾ ਕਰਦੇ ਹੋਏ ਜੰਮ ਕੇ ਨਾਅਰੇਬਾਜ਼ੀ ਕੀਤੀ। ਹਾਜ਼ਰ ਇੱਕਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਰਾਹੁਲ ਖੰਨਾ ਨੇ ਕਿਹਾ ਕਿ ਪਾਕਿਸਤਾਨ ਸਰਕਾਰ ਦੀ ਸ਼ਹਿ 'ਤੇ ਕੱਟੜਵਾਦ ਮੁਸਲਮਾਨ ਹਿੰਦੂਆਂ ਦੇ 100 ਸਾਲ ਤੋਂ ਵੱਧ ਪੁਰਾਣੇ ਧਾਰਮਿਕ ਸਥਾਨਾਂ ਦੀ ਭੰਨਤੋੜ ਕਰਦੇ ਜਾ ਰਹੇ ਹਨ ਅਤੇ ਪਾਕਿਸਤਾਨ ਸਰਕਾਰ ਹਿੰਦੂਆਂ ਦੀ ਆਵਾਜ਼ ਨੂੰ ਅਨਸੁਣਿਆ ਕਰਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਪਾਕਿਸਤਾਨੀ ਅੱਤਵਾਦੀਆਂ ਦੇ ਹੌਸਲੇ ਇੰਨੇ ਜਿਆਦਾ ਬੁਲੰਦ ਹੋ ਗਏ ਹਨ ਕਿ ਇਹ ਕਦੇ ਸਿੱਖ ਧਰਮ ਦੇ ਧਾਰਮਿਕ ਅਸਥਾਨਾਂ ਤੇ ਕਦੇ ਹਿੰਦੂਆਂ ਦੇ ਮੰਦਰਾਂ ਦੀ ਭੰਨਤੋੜ ਕਰਦੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਸ਼ਰਾਰਤੀ ਅਨਸਰ ਹਿੰਦੂਆਂ ਤੇ ਸਿੱਖਾਂ ਨੂੰ ਆਏ ਦਿਨ ਧਮਕੀਆਂ ਵੀ ਦਿੰਦੇ ਰਹਿੰਦੇ ਹਨ ਜਿਸ ਕਾਰਨ ਪਾਕਿਸਤਾਨ ਵਿੱਚ ਰਹਿ ਰਹੇ ਹਿੰਦੂ ਤੇ ਸਿੱਖਾਂ ਦਾ ਜੀਣਾ ਮੁਹਾਲ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿੱਚ ਹਿੰਦੂਆਂ ਤੇ ਸਿੱਖਾਂ ਨਾਲ ਜਿਸ ਤਰ੍ਹਾਂ ਵਿਤਕਰਾ ਕੀਤਾ ਜਾ ਰਿਹਾ ਹੈ ਉਸ ਨੂੰ ਸ਼ਿਵ ਸੈਨਾ ਹਿੰਦੁਸਤਾਨ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ।

ਉਨ੍ਹਾਂ ਭਾਰਤ ਸਰਕਾਰ ਨੂੰ ਪੁਰਜ਼ੋਰ ਅਪੀਲ ਕਰਦੇ ਹੋਏ ਕਿਹਾ ਕਿ ਉਹ ਪਾਕਿਸਤਾਨ ਵਿੱਚ ਰਹਿੰਦੇ ਹਿੰਦੂ ਸਿੱਖ ਧਰਮਾਂ ਦੇ ਧਾਰਮਿਕ ਸਥਾਨਾਂ ਦੀ ਸੁਰੱਖਿਆ ਲਈ ਪਾਕਿਸਤਾਨ ਸਰਕਾਰ ਨਾਲ ਗੰਭੀਰਤਾ ਨਾਲ ਗੱਲਬਾਤ ਕਰੇ ਅਤੇ ਧਾਰਮਿਕ ਸਥਾਨਾਂ ਦੀ ਹੋ ਰਹੀ ਬੇਅਦਬੀ ਨੂੰ ਰੋਕਣ ਦੇ ਠੋਸ ਉਪਰਾਲੇ ਕਰੇ।

ਇਸ ਮੌਕੇ ਤੇ ਹਾਜ਼ਰ ਦੁਆਬਾ ਪ੍ਰਧਾਨ ਪ੍ਰਸ਼ਾਂਤ ਪੰਡਿਤ, ਯੁਵਾ ਨੇਤਾ ਰਾਜੂ ਖੋਸਲਾ, ਜ਼ਿਲ੍ਹਾ ਵਾਈਸ ਚੇਅਰਮੈਨ ਸੰਜੀਵ ਖੰਨਾ, ਸਿਟੀ ਯੂਥ ਵਾਈਸ ਚੇਅਰਮੈਨ ਬਬਲੂ ਕੁਮਾਰ, ਜਿਲਾ ਯੂਥ ਪ੍ਰਧਾਨ ਪੁਨੀਤ ਢਿੰਗਰਾ, ਬਲਾਕ ਪ੍ਰਧਾਨ ਗੌਰਵ ਬੇਦੀ, ਹਿੰਦੂ ਨੇਤਾ ਪਰਮਜੀਤ ਸਿੰਘ ਬਾਬੂ, ਯੂਥ ਨੇਤਾ ਸੁਰਜੀਤ ਸਿੰਘ, ਹਿੰਦੂ ਨੇਤਾ ਵਿਸ਼ਾਲ ਕੁਮਾਰ, ਬਲਾਕ ਵਾਈਸ ਪ੍ਰਧਾਨ ਨਵੀ ਕੁਮਾਰ, ਸਮਾਜ ਸੇਵੀ ਬੰਟੀ ਕੁਮਾਰ, ਸਿਟੀ ਯੂਥ ਪ੍ਰਧਾਨ ਗੁਰਨਾਮ ਸਿੰਘ ਗੋਨੀ, ਸਰਕਲ ਪ੍ਰਧਾਨ ਪਰਮਜੀਤ ਸਿੰਘ, ਸੀਨੀਅਰ ਸਿਟੀ ਪ੍ਰਧਾਨ ਰਜੀਵ ਖੰਨਾ, ਯੂਥ ਨੇਤਾ ਅਮਲ ਮਾਹਲਾ ਅਤੇ ਹੋਰ ਵੱਖ-ਵੱਖ ਸੰਸਥਾਵਾਂ ਦੇ ਆਗੂਆਂ ਤੋਂ ਇਲਾਵਾ ਸ਼ਿਵ ਸੈਨਾ ਵਰਕਰਾਂ ਨੇ ਪਾਕਿਸਤਾਨ ਖਿਲਾਫ ਰੋਸ ਦਾ ਪ੍ਰਗਟਾਵਾ ਕਰਦੇ ਹੋਏ ਜੰਮ ਕੇ ਨਾਅਰੇਬਾਜ਼ੀ ਕੀਤੀ।

# 650ਵਾਂ ਪ੍ਰਕਾਸ਼ ਪੁਰਬ ਮਨਾਉਣ ਸੰਬੰਧੀ ਵੱਖ-ਵੱਖ ਜਥੇਬੰਦੀਆਂ ਨਾਲ ਮੀਟਿੰਗ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)-** ਡੇਰਾ ਸੰਤ ਸਰਵਣ ਦਾਸ ਜੀ ਡੇਰਾ ਸੱਚਖੰਡ ਬੱਲਾਂ ਵਿਖੇ ਡੇਰੇ ਦੇ ਮੌਜੂਦਾ ਗੱਦੀਨਸ਼ੀਨ ਪਦਮਸ਼੍ਰੀ ਸ੍ਰੀਮਾਨ ਸੰਤ ਨਿਰੰਜਨ ਦਾਸ ਜੀ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਰ ਵਾਰਾਨਸੀ ਯੂਪੀ ਦੀ ਰਹਿਨੁਮਾਈ ਹੇਠ ਸ੍ਰੀ ਗੁਰੂ ਰਵਿਦਾਸ ਜੀ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਨਾਲ ਸੰਬੰਧਤ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਭਰਵੀਂ ਮੀਟਿੰਗ ਵਿੱਚ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ 650ਵੇਂ ਪ੍ਰਕਾਸ਼ ਦਿਹਾੜੇ ਨੂੰ ਵਿੱਸਵ ਪੱਧਰ 'ਤੇ ਮਨਾਉਣ ਲਈ ਅਹਿਮ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਜਿਨ੍ਹਾਂ ਵਿੱਚ ਵਿਸ਼ੇਸ਼ ਤੌਰ 'ਤੇ ਸੁਆਮੀ ਬਲਰਾਮ ਰਾਏ ਬੂਟਾ ਮੰਡੀ, ਰਾਜ ਕੁਮਾਰ ਫਿਲੌਰ, ਮਨਦੀਪ ਜੱਸਲ, ਪ੍ਰਧਾਨ ਬਲਵਿੰਦਰ ਬੁੱਗਾ ਨੇ ਪਦਮਸ਼੍ਰੀ ਸ੍ਰੀਮਾਨ ਸੰਤ ਨਿਰੰਜਨ ਦਾਸ ਜੀ ਨੂੰ ਭਰੋਸਾ ਦਿਵਾਇਆ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 650ਵਾਂ ਪ੍ਰਕਾਸ਼ ਦਿਹਾੜਾ 20 ਫਰਵਰੀ 2027 ਨੂੰ ਮਨਾਇਆ ਜਾ ਰਿਹਾ ਹੈ ਉਸ ਸਬੰਧੀ ਜੋ ਵੀ ਆਦੇਸ਼ ਦਿੱਤੇ ਜਾਣਗੇ ਅਸੀਂ ਉਨ੍ਹਾਂ ਆਦੇਸ਼ਾਂ ਦੀ ਇੰਨ ਬਿੰਨ ਪਾਲਣਾ ਕਰਨ ਲਈ ਵਚਨਬੱਧ ਹੋਵਾਂਗੇ। ਇਸ ਮੌਕੇ ਵੱਖ ਜਥੇਬੰਦੀਆਂ ਦੇ ਆਗੂਆਂ ਸੰਤ ਕੁਲਵਿੰਦਰ ਰਾਮ, ਬਲਵਿੰਦਰ ਬੰਗਾ, ਸਾਂਪਲਾ, ਸਤੀਸ਼ ਸੁਮਨ, ਫਗਵਾੜਾ, ਜਤਿੰਦਰ ਬੱਧਣ, ਹੁਸਨ ਲਾਲ, ਕੁਲਵਿੰਦਰ ਬੈਂਸ, ਜਸਵਿੰਦਰ ਬੱਲ, ਪਵਨ ਕੁਮਾਰ, ਬਲਵੀਰ ਸਿੱਧੂ ਆਦਮਪੁਰ, ਸੰਦੀਪ ਸੁੱਚੀ ਪਿੰਡ, ਮਨਜੀਤ ਰਾਏ ਬੱਲ, ਕਮਲ ਭੈਰੋਂ, ਰਿੰਕੂ ਕਲੇਰ, ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਮੀਟਿੰਗ ਉਪਰੰਤ ਪਦਮਸ਼੍ਰੀ ਸ੍ਰੀਮਾਨ ਸੰਤ ਨਿਰੰਜਨ ਦਾਸ ਜੀ ਵਲੋਂ ਆਏ ਹੋਏ ਆਗੂਆਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।

# 3 ਆਈ ਏ ਐੱਸ ਅਧਿਕਾਰੀਆਂ ਦੀਆਂ ਕੀਤੀਆਂ ਤਾਇਨਾਤੀਆਂ

**ਚੰਡੀਗੜ੍ਹ (ਸੁਰਜੀਤ ਸੁਮਨ)** ਮੁੱਖ ਸਕੱਤਰ, ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ ਵੱਲੋਂ ਪ੍ਰਬੰਧਕੀ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ 03 ਆਈ.ਏ.ਐੱਸ ਅਧਿਕਾਰੀਆਂ ਦੀਆਂ ਬਦਲੀਆਂ/ਤਾਇਨਾਤੀਆਂ, ਤੁਰੰਤ ਪ੍ਰਭਾਵ ਨਾਲ਼ ਕੀਤੀਆਂ ਗਈਆਂ ਹਨ। ਜ਼ਿਕਰਯੋਗ ਹੈ ਕਿ ਤਾਇਨਾਤੀ ਅਧੀਨ ਇਨ੍ਹਾਂ ਆਈ.ਏ.ਐਸ. ਅਧਿਕਾਰੀਆਂ ਵਿੱਚ ਸ਼ਾਮਿਲ ਰਿਸ਼ੀ ਪਾਲ ਨੂੰ ਮੈਂਬਰ ਸਕੱਤਰ ਰਾਜ ਮਹਿਲਾ ਕਮਿਸ਼ਨ ਲਈ ਉਨ੍ਹਾਂ ਦੀਆਂ ਸੇਵਾਵਾਂ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਭਾਗ ਦੇ ਸਪੁਰਦ ਕੀਤੀਆਂ ਗਈਆਂ ਹਨ। ਇਸੇ ਤਰ੍ਹਾਂ ਸੁਖਜੀਤ ਪਾਲ ਸਿੰਘ ਨੂੰ ਰਜਿਸਟਰਾਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤਾਇਨਾਤ ਕਰਨ ਲਈ, ਉਨ੍ਹਾਂ ਦੀਆਂ ਸੇਵਾਵਾਂ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਸਪੁਰਦ ਕੀਤੀਆਂ ਗਈਆਂ ਹਨ। ਇਨ੍ਹਾਂ ਤੋਂ ਇਲਾਵਾ ਅਭਿਜੀਤ ਕਪਲਿਸ਼ ਨੂੰ ਮੁੱਖ ਕਾਰਜਕਾਰੀ ਪੰਜਾਬ ਊਰਜਾ ਵਿਕਾਸ ਏਜੰਸੀ ਅਤੇ ਵਾਧੂ ਚਾਰਜ ਡਾਇਰੈਕਟਰ ਖੇਡਾਂ ਅਤੇ ਯੁਵਕ ਸੇਵਾਵਾਂ ਵਿਭਾਗ ਲਗਾਇਆ ਗਿਆ ਹੈ।

# ਦਿਵਿਆਂਗ ਅਧਿਆਪਕ ਨਾਲ ਸਨੈਚਿੰਗ ਕਰਨ ਵਾਲਾ ਗ੍ਰਿਫ਼ਤਾਰ, ਚੋਰੀ ਦਾ ਮੋਟਰਸਾਈਕਲ ਬਰਾਮਦ

**ਜ਼ੀਰਕਪੁਰ (ਜਤਿੰਦਰ ਕੁਮਾਰ)**- ਐੱਸ ਐੱਸ ਪੀ ਮੋਹਾਲੀ ਵਰੁਣ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸਮਾਜ ਵਿਰੋਧੀ ਅਨਸਰਾਂ ਅਤੇ ਅਪਰਾਧੀਆਂ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਜ਼ੀਰਕਪੁਰ ਪੁਲਸ ਨੂੰ ਇੱਕ ਵੱਡੀ ਸਫ਼ਲਤਾ ਹਾਸਲ ਹੋਈ ਹੈ। ਪੁਲਿਸ ਨੇ ਜ਼ੀਰਕਪੁਰ ਦੇ ਜਰਨੈਲ ਐਨਕਲੇਵ 2 ਖੇਤਰ ਵਿੱਚ ਇੱਕ ਦਿਵਿਆਂਗ ਅਧਿਆਪਕ ਨਾਲ ਹੋਈ ਸਨੈਚਿੰਗ ਦੀ ਵਾਰਦਾਤ ਨੂੰ ਸੁਲਝਾਉਂਦਿਆਂ ਮੁੱਖ ਦੋਸ਼ੀ ਨੂੰ ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ ਕਰ ਲਿਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਐੱਸ ਐੱਚ ਓ ਜਸਵੀਰ ਸਿੰਘ ਨੇ ਦੱਸਿਆ ਕਿ 9 ਸਤੰਬਰ ਨੂੰ ਇੱਕ ਦਿਵਿਆਂਗ ਅਧਿਆਪਕ ਆਪਣੇ ਰਸਤੇ ਜਾ ਰਹੇ ਸਨ, ਤਾਂ ਪਿੱਛੋਂ ਆਏ ਦੋ ਮੋਟਰਸਾਈਕਲ ਸਵਾਰ ਨੌਜਵਾਨ ਉਨ੍ਹਾਂ ਦੇ ਪਰਸ ਝਪਟ ਕੇ ਫ਼ਰਾਰ ਹੋ ਗਏ ਸਨ। ਘਟਨਾ ਤੋਂ ਤੁਰੰਤ ਬਾਅਦ ਜ਼ੀਰਕਪੁਰ ਪੁਲਿਸ ਵੱਲੋਂ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਆਪਣੀ ਹਿਊਮਨ ਇੰਟੈਲੀਜੈਂਸ ਅਤੇ ਸ਼ਹਿਰ ਵਿੱਚ ਤਾਇਨਾਤ ਖ਼ਾਸ ਮੁਖ਼ਬਰਾਂ ਦੀ ਮਦਦ ਨਾਲ ਜਾਂਚ ਸ਼ੁਰੂ ਕੀਤੀ ਗਈ। ਉਨ੍ਹਾਂ ਦਸਿਆ ਕਿ ਪੁਲਸ ਨੇ ਦੇਰ ਰਾਤ ਕਾਰਵਾਈ ਕਰਦੇ ਹੋਏ ਮੋਟਰਸਾਈਕਲ ਚਲਾ ਰਹੇ ਅਤੇ



ਸਨੈਚਿੰਗ ਕਰਨ ਵਾਲੇ ਮੁੱਖ ਦੋਸ਼ੀ ਨੂੰ ਵਾਰਦਾਤ ਵਿੱਚ ਵਰਤੇ ਗਏ ਮੋਟਰਸਾਈਕਲ ਸਮੇਤ ਕਾਬੂ ਕਰ ਲਿਆ। ਫੜੇ ਗਏ ਮੁਲਜ਼ਮ ਦੀ ਪਛਾਣ ਮਨਿੰਦਰ ਸਿੰਘ ਉਰਫ਼ ਮੋਨੂ ਪੁੱਤਰ ਸੁਰਿੰਦਰਪਾਲ ਸਿੰਘ, ਵਾਸੀ ਪਿੰਡ ਤਖ਼ਤੂ ਮਾਜਰਾ ਤਹਿਸੀਲ ਰਾਜਪੁਰਾ ਵਜੋਂ ਹੋਈ ਹੈ। ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਜਿਸ ਮੋਟਰਸਾਈਕਲ 'ਤੇ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਸੀ, ਉਹ ਵੀ ਚੋਰੀ ਦਾ ਸੀ। ਐੱਸ ਐੱਚ ਓ ਨੇ ਦੱਸਿਆ ਕਿ ਫੜੇ ਗਏ ਦੋਸ਼ੀ ਖ਼ਿਲਾਫ਼ ਪਹਿਲਾਂ ਵੀ ਸਨੈਚਿੰਗ ਅਤੇ ਚੋਰੀ ਦੇ ਕਈ ਮਾਮਲੇ ਦਰਜ ਹਨ। ਉਨ੍ਹਾਂ ਦੱਸਿਆ ਕਿ ਮੁਲਜ਼ਮ ਦਾ ਮੈਡੀਕਲ ਟੈਸਟ ਕਰਵਾਇਆ ਜਾਵੇਗਾ ਅਤੇ ਉਸ ਦੇ ਨਸ਼ਾ ਕਰਨ ਦੀ ਪੁਸ਼ਟੀ ਹੋਣ 'ਤੇ ਕੇਸ ਵਿੱਚ ਬਣਦੀਆਂ ਧਾਰਾਵਾਂ ਦਾ ਵਾਧਾ ਕੀਤਾ ਜਾਵੇਗਾ।ਪੁਲਸ ਦਾ ਦਾਅਵਾ ਹੈ ਕਿ ਦੂਜੇ ਫ਼ਰਾਰ ਸਾਥੀ ਨੂੰ ਵੀ ਜਲਦ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਫਿਲੌਰ ਨਗਰ ਕੌਂਸਲ 'ਤੇ ਆਮ ਆਦਮੀ ਪਾਰਟੀ ਦਾ ਕਬਜ਼ਾ

## ਜਸਵਿੰਦਰ ਕੌਰ ਪ੍ਰਧਾਨ ਤੇ ਰਜਨੀ ਗਾਬਾ ਵਾਈਸ ਪ੍ਰਧਾਨ ਬਣੇ



**ਫਿਲੌਰ (ਨਿਰਮਲ, ਹਰਜਿੰਦਰ ਕੌਰ ਚਾਹਲ)**- ਫਿਲੌਰ ਨਗਰ ਕੌਂਸਲ ਦੀ ਪ੍ਰਧਾਨਗੀ ਨੂੰ ਲੈ ਕੇ ਪਿਛਲੇ ਲੰਮੇ ਸਮੇਂ ਤੋਂ ਚੱਲ ਰਹੀ ਚਰਚਾ ਨੂੰ ਅੱਜ ਉਸ ਸਮੇਂ ਵਿਰਾਮ ਲੱਗ ਗਿਆ, ਜਦੋਂ ਨਗਰ ਕੌਂਸਲ ਫਿਲੌਰ ਦੇ ਪ੍ਰਧਾਨ ਅਤੇ ਵਾਈਸ ਪ੍ਰਧਾਨ ਦੀ ਚੋਣ ਐਸ.ਡੀ.ਐਮ. ਦੀਪਕ ਭਾਟੀਆ ਦੀ ਅਗਵਾਈ ਹੇਠ ਕਰਵਾਈ ਗਈ। ਚੋਣ ਦੌਰਾਨ ਆਮ ਆਦਮੀ ਪਾਰਟੀ ਨੇ ਆਪਣਾ ਭਾਰੀ ਬਹੁਮਤ ਸਾਬਤ ਕਰਦਿਆਂ ਨਗਰ ਕੌਂਸਲ 'ਤੇ ਕਬਜ਼ਾ ਕਰ ਲਿਆ।ਚੋਣ ਵਿੱਚ ਜਸਵਿੰਦਰ ਕੌਰ ਨੂੰ ਪ੍ਰਧਾਨ ਅਤੇ ਰਜਨੀ ਗਾਬਾ ਨੂੰ ਵਾਈਸ ਪ੍ਰਧਾਨ ਚੁਣਿਆ ਗਿਆ। ਖ਼ਾਸ ਗੱਲ ਇਹ ਰਹੀ ਕਿ ਦੋਵੇਂ ਅਹਿਮ ਅਹੁਦੇ ਮਹਿਲਾਵਾਂ ਨੂੰ ਦੇ ਕੇ ਆਮ ਆਦਮੀ ਪਾਰਟੀ ਵੱਲੋਂ ਮਹਿਲਾ ਵਰਗ ਨੂੰ ਮਾਣ-ਸਨਮਾਨ ਦਿੱਤਾ ਗਿਆ।ਇਸ ਮੌਕੇ ਹਲਕਾ ਇੰਚਾਰਜ ਹਰਜੋਤ ਕੌਰ ਲੋਹਟੀਆ ਨੇ ਨਵ-ਨਿਯੁਕਤ ਪ੍ਰਧਾਨ ਜਸਵਿੰਦਰ ਕੌਰ ਅਤੇ ਵਾਈਸ ਪ੍ਰਧਾਨ ਰਜਨੀ ਗਾਬਾ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ, ਹਾਰ ਪਾ ਕੇ ਅਤੇ ਬੁੱਕੇ ਭੇਟ ਕਰਕੇ ਵਧਾਈ ਦਿੱਤੀ। ਆਮ ਆਦਮੀ ਪਾਰਟੀ ਦੇ ਸਮਰਥਕਾਂ, ਬਲਾਕ ਪ੍ਰਧਾਨਾਂ, ਵਲੰਟੀਅਰਾਂ ਅਤੇ ਕੌਂਸਲਰਾਂ ਵੱਲੋਂ ਢੋਲ ਵਜਾ ਕੇ ਅਤੇ ਭੰਗੜੇ ਪਾ ਕੇ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ। ਦੂਜੇ ਪਾਸੇ ਕਾਂਗਰਸ ਪਾਰਟੀ ਆਪਣਾ ਬਹੁਮਤ ਸਾਬਤ ਨਾ ਕਰ ਸਕਣ ਕਾਰਨ ਨਗਰ ਕੌਂਸਲ ਦੀ ਕਮੇਟੀ ਬਣਾਉਣ ਤੋਂ ਬਾਹਰ ਹੋ ਗਈ। ਇਸ ਮੌਕੇ ਹਲਕਾ ਫਿਲੌਰ ਦੇ ਕਾਂਗਰਸੀ ਵਿਧਾਇਕ ਚੌਧਰੀ ਵਿਕਰਮਜੀਤ ਸਿੰਘ ਵੀ ਹਾਜ਼ਰ ਸਨ।

ਇਸ ਮੌਕੇ ਹਰਜੋਤ ਕੌਰ ਲੋਹਟੀਆ, ਹਲਕਾ ਇੰਚਾਰਜ ਫਿਲੌਰ, ਵਰਿੰਦਰ ਸੈਣੀ ਸੰਗਠਨ ਇੰਚਾਰਜ ਹਲਕਾ ਫਿਲੌਰ, ਪਰਮਜੀਤ ਭਾਰਤੀ ਕੌਂਸਲਰ, ਰੋਸ਼ਨ ਲਾਲ ਰੋਸ਼ੀ ਚੇਅਰਮੈਨ ਮਾਰਕੀਟ ਕਮੇਟੀ ਫਿਲੌਰ, ਡਾ. ਵੈਭਵ ਸ਼ਰਮਾ ਕੌਂਸਲਰ, ਸੁਮੀਤ ਲਾਡੀ ਬਸਰਾ ਵਿਰਕ ਸਰਪੰਚ, ਅਵਤਾਰ ਚੰਦ ਤਾਰੀ ਬਲਾਕ ਪ੍ਰਧਾਨ ਫਿਲੌਰ, ਹਰਕਮਲ ਸਿੰਘ ਸਰਪੰਚ ਬੇਗਮਪੁਰ, ਹਰਦੀਪ ਸਿੰਘ ਬਲਾਕ ਪ੍ਰਧਾਨ ਗੋਹਾਵਰ, ਮਨੀ ਧਾਲੀਵਾਲ, ਗੌਰਵ ਬਾਵਾ ਮੀਡੀਆ ਸਲਾਹਕਾਰ ਹਲਕਾ ਫਿਲੌਰ ਅਤੇ ਪਿਆਰਾ ਰਾਮ ਕਤਪਾਲੋਂ ਸਮੇਤ ਆਮ ਆਦਮੀ ਪਾਰਟੀ ਦੇ ਆਗੂ, ਬਲਾਕ ਪ੍ਰਧਾਨ, ਵਲੰਟੀਅਰ ਅਤੇ ਸਮਰਥਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਓਡਰਾ ਵਿਖੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ

**ਦਸੂਹਾ (ਕਰਨੈਲ ਮਾਂਗਟ)**- ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਜਲੰਧਰ ਦੀ ਗੰਨਾ ਸ਼ਾਖਾ ਵਲੋਂ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਸਕੀਮ ਤਹਿਤ ਏ. ਬੀ. ਖੰਡ ਮਿੱਲ ਦਸੂਹਾ ਜ਼ਿਲ੍ਹਾ



ਹੁਸ਼ਿਆਰਪੁਰ ਨਾਲ ਸੰਬੰਧਤ ਗੰਨਾ ਖੇਤਰ ਦੇ ਪਿੰਡ ਓਡਰਾ (ਦਸੂਹਾ) ਵਿਖੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ। ਇਹ ਕੈਂਪ ਕੇਨ ਕਮਿਸ਼ਨਰ ਪੰਜਾਬ ਡਾ. ਅਮਰੀਕ ਸਿੰਘ ਦੀ ਅਗਵਾਈ ਹੇਠ ਲਗਾਇਆ ਗਿਆ। ਇਸ ਕੈਂਪ ਵਿੱਚ ਸਹਾਇਕ ਗੰਨਾ ਵਿਕਾਸ ਅਫ਼ਸਰ ਜਲੰਧਰ ਡਾ. ਗੁਰਚਰਨ ਸਿੰਘ, ਵੱਲੋਂ ਗੰਨੇ ਦੀਆਂ ਕਾਸ਼ਤਕਾਰੀ ਤਕਨੀਕਾਂ, ਕੀੜੇ-ਮਕੌੜਿਆਂ ਦੀ ਰੋਕਥਾਮ, ਰੋਗ ਪ੍ਰਬੰਧਨ, ਗੰਨੇ ਦੀ ਅੰਤਰ-ਫ਼ਸਲੀ, ਕਿਸਾਨਾਂ ਦੀ ਭਲਾਈ ਲਈ ਚਲਾਈਆਂ ਜਾ ਰਹੀਆਂ ਵੱਖ-ਵੱਖ ਸਰਕਾਰੀ ਸਕੀਮਾਂ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਗਈ। ਕਿਸਾਨਾਂ ਨੂੰ ਸੰਬੋਧਨ ਕਰਦਿਆਂ ਡਾ. ਅਮਰੀਕ ਸਿੰਘ ਕੇਨ ਕਮਿਸ਼ਨਰ ਪੰਜਾਬ ਨੇ ਕਿਹਾ ਕਿ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਤਹਿਤ ਪੰਜਾਬ ਸਰਕਾਰ ਵਲੋਂ ਸੂਬੇ ਵਿੱਚ ਗੰਨੇ ਦੀ ਫ਼ਸਲ ਵਿਚ ਅੰਤਰ ਫ਼ਸਲਾਂ ਹੇਠ ਰਕਬਾ ਵਧਾਉਣ ਲਈ ਪ੍ਰਦਰਸ਼ਨੀ ਪਲਾਟ ਪਤਝੜ ਰੁੱਤ ਦੀ ਗੰਨੇ ਦੀ ਬਿਜਾਈ ਦੌਰਾਨ ਬਿਜਾਏ ਜਾ ਰਹੇ ਹਨ ਤਾਂ ਜੋ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਦਾ ਮਕਸਦ ਫਸਲ ਉਤਪਾਦਨ, ਤਕਨਾਲੋਜੀ ਅਤੇ ਬੀਜਾਂ ਲਈ ਸਹਾਇਤਾ ਪ੍ਰਦਾਨ ਕਰਕੇ ਫ਼ਸਲ ਦੇ ਉਤਪਾਦਨ ਨੂੰ ਵਧਾਉਣਾ, ਮਿੱਟੀ ਦੀ ਸਿਹਤ ਨੂੰ ਬਹਾਲ ਕਰਨਾ, ਕਿਸਾਨਾਂ ਦੀ ਆਮਦਨ ਵਿੱਚ ਸੁਧਾਰ ਕਰਨਾ ਅਤੇ ਪੋਸ਼ਣ ਸੁਰੱਖਿਆ ਨੂੰ ਵਧਾਉਣਾ ਹੈ। ਡਾ. ਗੁਲਜ਼ਾਰ ਸਿੰਘ ਡਾਇਰੈਕਟਰ ਗੰਨਾ ਖੋਜ ਕੇਂਦਰ ਕਪੂਰਥਲਾ ਨੇ ਕਿਹਾ ਕਿ ਗੰਨੇ ਦੀ ਪ੍ਰਤੀ ਹੈਕਟੇਅਰ ਉਤਪਾਦਕਤਾ ਵਧਾਉਣ ਲਈ ਕਿਸਾਨਾਂ ਨੂੰ ਬਿਜਾਈ ਦੀ ਚੌੜੀ ਵਿੱਥ ਵਿਧੀ ਅਤੇ ਅੰਤਰ ਫ਼ਸਲਾਂ ਬਾਰੇ ਜਾਗਰੂਕ ਕੀਤਾ ਅਤੇ ਪੰਜਾਬ ਵਿੱਚ ਗੰਨੇ ਦੀਆਂ ਸਿਫ਼ਾਰਿਸ਼ ਕੀਤੀਆਂ ਕਿਸਮਾਂ ਬਾਰੇ ਵੀ ਦੱਸਿਆ ਗਿਆ। ਡਾ. ਕਾਜਲ ਰਾਣੀ ਖੇਤੀਬਾੜੀ ਵਿਕਾਸ ਅਫਸਰ ਗੰਨਾ ਦਸੂਹਾ ਵੱਲੋਂ ਕਿਸਾਨਾਂ ਨੂੰ ਮਿੱਟੀ ਪਰਖ ਕਰਵਾਉਣ ਲਈ ਪ੍ਰੇਰਿਤ ਕੀਤਾ ਅਤੇ ਖਾਦਾਂ ਦੀ ਸੰਤੁਲਿਤ ਵਰਤੋਂ ਕਰਨ ਲਈ ਕਿਹਾ। ਪੰਕਜ ਕੁਮਾਰ ਜਨਰਲ ਮੈਨੇਜਰ ਏ ਬੀ ਖੰਡ ਮਿਲ ਦਸੂਹਾ ਨੇ ਕਿਸਾਨਾਂ ਨੂੰ ਗੰਨੇ ਦੀਆ ਸਿਫਾਰਸ਼ ਕੀਤੀਆਂ ਕਿਸਮਾਂ ਦੀ ਹੀ ਬਿਜਾਈ ਕਰਨ ਲਈ ਕਿਹਾ ਅਤੇ ਪਤਝੜ ਰੁੱਤ ਦੀ ਗੰਨੇ ਦੀ ਫ਼ਸਲ ਤੋਂ ਵਧੇਰੇ ਆਮਦਨ ਲੈਣ ਲਈ ਅੰਤਰ ਫ਼ਸਲਾਂ ਦੀ ਬਿਜਾਈ ਕਰਨ ਤੇ ਜ਼ੋਰ ਦਿੱਤਾ। ਰਮਨਦੀਪ ਸਿੰਘ ਵਾਈਸ ਪ੍ਰੈਜ਼ੀਡੈਂਟ ਏ ਬੀ ਖੰਡ ਮਿਲ ਦਸੂਹਾ ਨੇ ਕਿਸਾਨਾਂ ਨੂੰ ਗੰਨੇ ਦੀ ਫ਼ਸਲ ਹੇਠ ਵੱਧ ਤੋਂ ਵੱਧ ਰਕਬਾ ਲਿਆਉਣ ਲਈ ਪ੍ਰੇਰਿਤ ਕੀਤਾ ਅਤੇ ਆਏ ਹੋਏ ਕਿਸਾਨਾਂ ਦਾ ਧੰਨਵਾਦ ਕੀਤਾ।

# ਡਿਪਟੀ ਸਪੀਕਰ ਦੇ ਘਰ ਦੇ ਘਿਰਾਓ ਲਈ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਵੱਡਾ ਜਥਾ ਹੋਇਆ ਰਵਾਨਾ



**ਮਾਹਿਲਪੁਰ (ਸਫ਼ਰੀ)**- ਪੰਜਾਬ ਸਰਕਾਰ ਵਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਜਾਇਜ਼ ਅਤੇ ਹੱਕੀ ਮੰਗਾਂ ਪ੍ਰਤੀ ਅਪਣਾਈ ਟਾਲਮਟੋਲ ਦੀ ਨੀਤੀ ਤੋਂ ਅੱਕ ਕੇ ਮੁਲਾਜ਼ਮ-ਪੈਨਸ਼ਨ ਸਾਂਝਾ ਫਰੰਟ ਵਲੋਂ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀਆਂ ਦੇ ਘਰਾਂ ਦੇ ਘਿਰਾਓ ਦਾ ਐਲਾਨ ਕੀਤਾ ਗਿਆ।ਇਸ ਤਹਿਤ ਸਬ-ਤਹਿਸੀਲ ਮਾਹਿਲਪੁਰ ਤੋਂ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਬੈਨਰ ਹੇਠ ਬਲਾਕ ਪ੍ਰਧਾਨ ਨਰਿੰਦਰ ਅਜਨੋਹਾ, ਜਨਰਲ ਸਕੱਤਰ ਮੱਖਣ ਸਿੰਘ ਲੰਗੇਰੀ, ਤਹਿਲ ਸਿੰਘ, ਪਰਮਜੀਤ ਕਾਤਿਬ, ਅਮਰਜੀਤ ਨੰਗਲ ਖਿਲਾੜੀਆਂ ਅਤੇ ਕਮਲਜੀਤ ਕੌਰ ਖੜੌਦੀ ਦੀ ਅਗਵਾਈ ਵਿੱਚ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ ਇੱਕ ਵੱਡਾ ਜਥਾ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਦੇ ਘਰ ਦੇ ਘਿਰਾਓ ਲਈ ਰਵਾਨਾ ਹੋਇਆ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਪੁਰਾਣੀ ਪੈਨਸ਼ਨ ਬਹਾਲ ਕਰਨ, ਹਰ ਪ੍ਰਕਾਰ ਦੇ ਕੱਚੇ ਅਤੇ ਮਾਣਭੱਤੇ 'ਤੇ ਕੰਮ ਕਰਦੇ ਮੁਲਾਜ਼ਮਾਂ ਨੂੰ ਪੱਕਾ ਕਰਨ, ਪੈਨਸ਼ਨਰਜ ਨੂੰ 2.59 ਦਾ ਗੁਣਾਕ, ਪੇਅ-ਕਮਿਸ਼ਨ ਅਤੇ ਡੀ.ਏ ਦੇ ਬਕਾਏ, ਕੱਟੇ 37 ਭੱਤੇ ਅਤੇ ਏ ਸੀ ਪੀ ਬਹਾਲ ਕਰਨ, ਹਾਈਕੋਰਟ ਵਲੋਂ ਅਠਾਰਾਂ ਫੀਸਦੀ ਡੀ ਏ ਦੇ ਸੁਣਾਏ ਫੈਸਲੇ ਨੂੰ ਲਾਗੂ ਕਰਨ, ਕੇਂਦਰੀ ਪੇਅ-ਕਮਿਸ਼ਨ ਬੰਦ ਕਰਨ ਅਤੇ ਕਈ ਹੋਰ ਹੱਕੀ ਅਤੇ ਜਾਇਜ਼ ਮੰਗਾਂ ਮਨਵਾਉਣ ਲਈ ਸੰਘਰਸ਼ ਕਰ ਰਹੇ ਹਨ ਅਤੇ ਮੰਗਾਂ ਪ੍ਰਵਾਨ ਨਾ ਕਰਨ 'ਤੇ ਆਉਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਨੁਕਸਾਨ ਭੁਗਤਣਾ ਪਵੇਗਾ।ਇਸ ਮੌਕੇ ਰਵਾਨਾ ਹੋਣ ਸਮੇਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੇ ਸਰਕਾਰ ਵਿਰੁੱਧ ਦੱਬਕੇ ਨਾਅਰੇਬਾਜ਼ੀ ਕੀਤੀ।ਇਸ ਮੌਕੇ ਸੁਰਿੰਦਰ ਕੌਰ, ਬਲਵਿੰਦਰ ਕੌਰ, ਮਨਜਿੰਦਰ ਸਿੰਘ ਲੱਕੀ, ਸਤਨਾਮ ਸਿੰਘ, ਜਸਵਿੰਦਰ ਭਾਮ, ਲਹਿੰਬਰ ਸਿੰਘ, ਸਗਲੀ ਰਾਮ, ਅਜੇ ਕੁਮਾਰ, ਸੁਖਜੀਵਨ ਸਿੰਘ, ਗੁਰਨਾਮ ਚੰਦ, ਟੇਕ ਚੰਦ, ਸਰਵਣ ਸਿੰਘ, ਬਲਜਿੰਦਰ ਸਿੰਘ, ਕੁਲਵੰਤ ਸਿੰਘ, ਸਰਬਜੀਤ ਸਿੰਘ, ਧਰਮ ਚੰਦ, ਤਰਸੇਮ ਲਾਲ, ਰਜਿੰਦਰ ਸਿਘ, ਬਲਦੇਵ ਸਕਰੂਲੀ, ਗਿਆਨ ਚੰਦ, ਨਰਿੰਦਰ ਮਹਿਤਾ, ਵਰਿੰਦਰ ਕੁਮਾਰ ਵੱਡੀ ਗਿਣਤੀ ਵਿਚ ਪੈਨਸ਼ਨਰ ਮੁਲਾਜ਼ਮ ਹਾਜ਼ਰ ਸਨ।

# ਐਡਵੋਕੇਟ ਪ੍ਰਮੋਦ ਸ਼ਰਮਾ ਬਾਰ ਐਸੋਸੀਏਸ਼ਨ ਨਕੋਦਰ ਦੇ ਪ੍ਰਧਾਨ ਤੇ ਐਡਵੋਕੇਟ ਕਮਲਜੀਤ ਸਿੰਘ ਥਿੰਦ ਜਰਨਲ ਸਕੱਤਰ ਬਣੇ

**ਨਕੋਦਰ (ਮਨਜੀਤ ਮਾਨ)**- ਬਾਰ ਐਸੋਸੀਏਸ਼ਨ ਨਕੋਦਰ ਵਿਖੇ 2026, 27 ਦੀਆਂ ਸਲਾਨਾ ਚੋਣਾਂ ਦਾ ਨਤੀਜਾ ਆਰ ਓ ਬਲਕਾਰ ਸਿੰਘ ਸਿੱਧੂ ਅਤੇ ਏ ਆਰ ਓ ਰਵੀ ਕੌਲ ਵਕੀਲ ਵੱਲੋਂ ਐਲਾਨਿਆ ਗਿਆ। ਬਾਰ ਐਸੋਸੀਏਸ਼ਨ ਨਕੋਦਰ ਵਿਚ ਪਹਿਲੀ ਬਾਰ ਆਪ ਅਪੀਲ ਬਣਾਈ ਗਈ।

ਐਗਜੈਕਟਿਵ ਜਿਸ ਵਿੱਚ ਲਗਾਤਾਰ ਦੋ ਸੈਕਟਰੀ ਰਹੇ ਪ੍ਰਮੋਦ ਕੁਮਾਰ ਸ਼ਰਮਾ ਨੂੰ ਬਾਰ ਐਸੋਸੀਏਸ਼ਨ ਨਕੋਦਰ ਦੇ ਪ੍ਰਧਾਨ ਤੇ ਐਡਵੋਕੇਟ ਕਮਲਜੀਤ ਸਿੰਘ ਥਿੰਦ ਨੂੰ ਬਾਰ ਐਸੋਸੀਏਸ਼ਨ ਦਾ ਸੈਕਟਰੀ ਚੁਣਿਆ ਗਿਆ। ਇਸ ਮੌਕੇ ਸੀਨੀਅਰ ਵਾਇਸ ਪ੍ਰਧਾਨ ਅਮਰਿੰਦਰ ਸਿੰਘ ਤਤਨ, ਮਿਸ ਪੂਨਮ ਰਾਣੀ, ਵਾਇਸ ਪ੍ਰਧਾਨ ਮਨਜੀਤ ਸਿੰਘ ਆਧੀ ਜੁਆਇੰਟ ਸੈਕਟਰੀ, ਇਕਵਿੰਦਰ ਸਿੰਘ ਖਜ਼ਾਨਚੀ, ਮਿਸ ਪਰਮਿੰਦਾ ਨੂੰ ਲਾਇਬ੍ਰੇਰੀਅਨ ਅਤੇ ਐਗਜੈਕਟਿਵ ਮੈਂਬਰ, ਮਿਸ ਪੁਨੀਤ ਸਿੱਧੂ, ਸਿਵਾਗ ਪੁਰੀ ਤੇ ਗੁਰਪ੍ਰੀਤ ਸਿੰਘ ਨੂੰ ਸਰਬਸੰਮਤੀ ਨਾਲ ਚੁਣਿਆ ਗਿਆ।

ਇਸ ਮੌਕੇ ਸਾਰੇ ਐਡਵੋਕੇਟ ਕੇ ਕੇ ਖੱਟੜ, ਸੀਨੀਅਰ ਐਡਵੋਕੇਟ ਸ੍ਰੀ ਸੋਹਣ ਸਿੰਘ ਸੰਘੇੜਾ , ਸ੍ਰੀ ਅਸ਼ੋਕ ਮਿੱਤਲ, ਸ੍ਰੀ ਐਨ ਕੇ ਅਗਰਵਾਲ, ਐਡਵੋਕੇਟ ਅਵਤਾਰ ਸਿੰਘ ਕਲੇਰ, ਸ੍ਰੀ ਦਲਬੀਰ ਸਿੰਘ ਉਪਲ, ਜਸਵੰਤ ਸਿੰਘ ਬਲੱਗਣ,ਅਜੀਤ ਸਿੰਘ ਧਾਲੀਵਾਲ, ਜਤਿੰਦਰ ਸਿੰਘ ਪੱਤਾ, ਐਡਵੋਕੇਟ ਦੀਪਕ ਸ਼ਰਮਾ, ਕੇ ਕੇ ਮਲਹੋਤਰਾ, ਐਡਵੋਕੇਟ ਸੁਰਿੰਦਰ ਸਿੰਘ ਚਾਹਲ, ਨਵਨੀਤ ਸਿੰਘ ਨੰਨਰਾ, ਅਜੇ ਗਰੋਵਰ, ਦਿਲਬਾਗ ਤਨੇਜਾ, ਰਾਜਵੀਰ ਸਿੰਘ ਜੋਸ਼ਨ, ਸ੍ਰੀ ਬੀ ਐਸ ਥਾਪਰ, ਗੁਰਵਿੰਦਰ ਸਿੰਘ ਝੰਡ, ਗੁਲਜੀਤ ਸਿੰਘ ਧਾਲੀਵਾਲ, ਪਵਨ ਕੁਮਾਰ, ਅਰੁਣ ਹੰਸ, ਨੰਦ ਕਿਸ਼ੋਰ, ਮਨਰਾਜ ਸਿੰਘ ਰੰਧਾਵਾ, ਪੁਨੀਤ ਮਿਸ਼ਰ,



ਸਿੰਘ, ਗੁਰਪ੍ਰੀਤ ਸਿੰਘ, ਰੋਹਿਤ ਨਰੰਗ, ਭੁਪਿੰਦਰ ਟੁਰਨਾ, ਰਜਿੰਦਰ ਕੁਮਾਰ ਭੱਟੀ, ਜਸਪਾਲ ਸਿੰਘ, ਹਰਕੀਰਤ ਸਿੰਘ ਉਪਲ, ਪਰਤੀਕ, ਵਰੁਣ ਸ਼ਰਮਾ, ਮਨੀਸ਼ ਤਿਵਾੜੀ, ਗੌਰਵ ਨਾਗਰਾਜ, ਭਰਤ ਕੁਮਾਰ ਗੁਪਤਾ,ਉਪੇਸ ਖੱਟੜ, ਸ੍ਰੀ ਐਸ ਕੇ ਬਖਸ਼ੀ, ਜਗਰੂਪ ਸਿੰਘ ਝੰਡ, ਬਲਵਿੰਦਰ ਸਿੰਘ ਲੋਹਰਾ, ਭੁਪਿੰਦਰ ਸਿੰਘ ਚਾਵਲਾ, ਅਜੇ ਸਿੰਘ ਹੀਰਾ, ਜਗਦੀਪ ਸਿੰਘ ਰਾਏ, ਗੁਰਦੀਪ ਚੰਦ ਰਾਮੂਵਾਲੀਆ, ਵਿਜੇ ਕੁਮਾਰ, ਹਿਮਾਂਸ਼ੂ ਜਗਦੀਪ ਸਿੰਘ ਮਾਨ, ਅਰੁਣ ਸਹਿਦੇਵ, ਵਿਜੇ ਕੁਮਾਰ ਰਾਣਾ, ਤਰਨਪ੍ਰੀਤ ਸਿੰਘ, ਦਵਿੰਦਰ ਸਿੰਘ ਟੱਕਰ, ਹਰੀਚਰਨ ਸ਼ਰਮਾ, ਗੁਰਸ਼ਰਨ ਪ੍ਰੀਤ ਸਿੰਘ ਰਵਿੰਦਰ, ਰਜਨੀਸ਼ ਭੱਲਾ, ਪ੍ਰਸ਼ਾਂਤ ਸ਼ਰਮਾ, ਜ਼ਤਨ ਤਿਵਾੜੀ,ਸੁਮਿਤ ਤਿਵਾੜੀ, ਲਕਸ਼ ਭਾਰਤਵਾਜ, ਅੰਕਿਤ ਪਰਾਸ਼ਰ, ਸਾਹਿਲ ਸਹੋਤਾ,ਮਿਸ ਸਮਾਂ ਮਿਸ ਅਮਨਦੀਪ ਕੌਰ ਆਦਿ ਅਤੇ ਸਮੂਹ ਬਾਰ ਐਸੋਸੀਏਸ਼ਨ ਨਕੋਦਰ ਦੇ ਮੈਂਬਰ ਹਾਜ਼ਰ ਸਨ।

# ਪਸ਼ੂਆਂ ਤੇ ਜਾਨਵਰਾਂ ਦੀ ਦੇਖਭਾਲ ਕਰਨਾ ਸਾਡਾ ਮੁੱਢਲਾ ਫਰਜ਼ : ਯੋਗੇਸ਼ ਚੰਦਰ 'ਤੇ ਸੰਜੀਵ ਕੁਮਾਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਰੋਟਰੀ ਕਲੱਬ ਆਫ ਹੁਸ਼ਿਆਰਪੁਰ ਵੱਲੋਂ ਪ੍ਰਧਾਨ ਸੁਮਨ ਨਈਅਰ ਦੀ ਅਗਵਾਈ ਵਿੱਚ ਐਨੀਮਲ ਸ਼ੈਲਟਰ ਚਿੰਤਪੁਰਨੀ ਰੋਡ ਹੁਸ਼ਿਆਰਪੁਰ ਵਿਖੇ ਇੱਕ



ਸਮਾਜ ਭਲਾਈ ਪ੍ਰੋਜੈਕਟ ਲਗਾਇਆ ਗਿਆ ਜਿਸ ਵਿੱਚ ਪ੍ਰੋਜੈਕਟ ਚੇਅਰਮੈਨ ਰੋਟੇਰੀਅਨ ਸੰਜੀਵ ਕੁਮਾਰ ਅਤੇ ਰੋਟੇਰੀਅਨ ਯੋਗੇਸ਼ ਚੰਦਰ ਦੇ ਪਰਸ ਵਿਸ਼ੇਸ਼ ਸਹਿਯੋਗ ਰਿਹਾ।ਇਹਨਾ ਦਾਨੀ ਸੱਜਣਾ ਵਲੋਂ ਕੁਇੰਟਲ ਸਰੀਆ ਪਸ਼ੂਆਂ ਦੇ ਇਲਾਜ ਲਈ ਬਣ ਰਹੀ ਸ਼ੈਡ ਲਈ ਦਾਨ ਕੀਤਾ।ਇਸ ਮੌਕੇ ਰੋਟਰੀ ਕਲੱਬ ਵੱਲੋਂ ਵਿਸ਼ੇਸ਼ ਤੌਰ 'ਤੇ ਪੂਰਵ ਗਵਰਨਰ ਪੀ.ਡੀ.ਜੀ. ਜੀ.ਐਸ. ਬਾਵਾ, ਸਹਾਇਕ ਗਵਰਨਰ ਰਜਿੰਦਰ ਮੋਦਗਿਲ, ਤਰਨਜੀਤ ਕੌਰ, ਨਵੀਨ ਗਰੋਵਰ, ਪ੍ਰਧਾਨ ਐਨੀਮਲ ਸ਼ੈਲਟਰ, ਸੰਜੀਵ ਕੁਮਾਰ ਜੋਸ਼ੀ, ਡਾ. ਪ੍ਰਦੀਪ ਸ਼ਾਮਲ ਹੋਏ।ਇਸ ਮੌਕੇ ਦਾਨੀ ਸੱਜਣ ਅਤੇ ਸਮਾਜ ਸੇਵੀ ਯੋਗੇਸ਼ ਚੰਦਰ ਅਤੇ ਸੰਜੀਵ ਕੁਮਾਰ ਨੇ ਕਿਹਾ ਪਸ਼ੂਆਂ ਅਤੇ ਜਾਨਵਰਾਂ ਦੀ ਦੇਖਭਾਲ ਕਰਨਾ ਸਾਡਾ ਮੁੱਢਲਾ ਫਰਜ਼ ਹੈ ਅਤੇ ਪਸ਼ੂਆਂ ਦੇ ਰਹਿਣ ਲਈ ਸ਼ੈਲਟਰ ਹਵਾਦਾਰ ਅਤੇ ਸਾਫ ਸੁਥਰਾ ਹੋਣਾ ਚਾਹੀਦਾ ਹੈ, ਬਿਮਾਰੀ ਤੋਂ ਬਚਾਅ ਲਈ ਸਮੇਂ ਸਿਰ ਪਸ਼ੂਆਂ ਨੂੰ ਡਾਕਟਰੀ ਸਹਾਇਤਾ ਦੇਣੀ ਚਾਹੀਦੀ ਹੈ।

# ਮੁੱਖ ਮੰਤਰੀ ਦੇ ਸਿਆਸੀ ਸਫ਼ਰ 'ਤੇ ਡਾਕੂਮੈਂਟਰੀ ਦਿਖਾਈ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਰਾਜਨੀਤਿਕ ਸਫ਼ਰ 'ਤੇ ਜੰਡਿਆਲਾ-ਨਕੋਦਰ ਰੋਡ 'ਤੇ ਪੈਂਦੇ ਇੱਕ ਨਿੱਜੀ ਰਿਸੋਰਟ ਵਿੱਚ ਡਾਕੂਮੈਂਟਰੀ ਦਿਖਾਈ ਗਈ। ਡਿਸਕਵਰੀ ਚੈਨਲ ਵੱਲੋਂ ਦੇਸ਼ ਦੀਆਂ ਵੱਖ ਵੱਖ ਭਾਸ਼ਾਵਾਂ ਵਿੱਚ ਬਣਾਈ ਗਈ ਇਸ ਡਾਕੂਮੈਂਟਰੀ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੇ ਇੱਕ ਕਲਾਕਾਰ ਤੋਂ ਲੈ ਕੇ ਅਤੇ ਸਤੋਜ ਪਿੰਡ ਤੋਂ ਉੱਠ ਕੇ ਮੈਂਬਰ ਪਾਰਲੀਮੈਂਟ, ਵਿਧਾਇਕ ਅਤੇ ਮੁੱਖ ਮੰਤਰੀ ਬਣਨ ਤੱਕ ਦੇ ਸਫਰ ਨੂੰ ਬਿਆਨ ਕੀਤਾ ਗਿਆ ਹੈ।ਇਸ ਮੌਕੇ ਹਲਕਾ ਨਕੋਦਰ ਤੋਂ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਕਿਹਾ ਕਿ ਜਿਹੜੀਆਂ ਪਿਛਲੀਆਂ ਸਿਆਸੀ ਪਾਰਟੀਆਂ ਪੰਜਾਬ ਦੇ ਵਿਕਾਸ ਕੰਮ ਵਿਸਾਰੀ ਬੈਠੀਆਂ ਸਨ, ਉਨ੍ਹਾਂ ਨੂੰ ਸਿਰੇ ਲਾਉਣ ਅਤੇ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਭਗਵੰਤ ਮਾਨ ਸਰਕਾਰ ਨੇ



ਉਪਰਾਲੇ ਕੀਤੇ ਹਨ। ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਜੀਵਨ ਤੋਂ ਸਾਨੂੰ ਸਿੱਖਿਆ ਮਿਲਦੀ ਹੈ ਕਿ ਦ੍ਰਿੜ੍ਹਤਾ, ਆਤਮ ਵਿਸ਼ਵਾਸ ਅਤੇ ਜੇਕਰ ਸੰਕਲਪ ਹੋਵੇ ਤਾਂ ਕੋਈ ਵੀ ਮੰਜ਼ਿਲ ਦੂਰ ਨਹੀਂ। ਇਸ ਮੌਕੇ ਹਲਕਾ ਨਕੋਦਰ ਦੀ ਆਮ ਆਦਮੀ ਪਾਰਟੀ ਦੀ ਸਾਰੀ ਸਮੁੱਚੀ ਟੀਮ ਹਾਜ਼ਰ ਸੀ ।

# ਮੁੰਨਾ ਵਿਖੇ ਛਿੰਝ ਮੇਲਾ ਕਰਵਾਇਆ

**ਬੰਗਾ (ਅਵਤਾਰ ਕਲੇਰ)**- ਗੁੱਗਾ ਜ਼ਾਹਰ ਪੀਰ ਨੂੰ ਸਮਰਪਤ ਸਲਾਨਾ ਛਿੰਝ ਮੇਲਾ ਪ੍ਰਬੰਧਕ ਕਮੇਟੀ, ਐਨ ਆਰ ਆਈ ਵੀਰਾਂ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪਿੰਡ ਮੁੰਨਾ ਵਿਖੇ ਕਰਵਾਇਆ ਗਿਆ। ਇਸ



ਛਿੰਝ ਮੇਲੇ ਵਿੱਚ 100 ਪਹਿਲਵਾਨਾਂ ਦੀਆਂ ਕੁਸ਼ਤੀਆਂ ਕਰਵਾਈਆਂ ਗਈਆਂ।ਪਟਕੇ ਦੀ ਕੁਸ਼ਤੀ ਅਭਿਨਾਇਕ ਮਾਲੋਮਜਾਰਾ ਅਤੇ ਵਿਸ਼ਾਲ ਭੂੰਦੇ ਵਿਚਕਾਰ ਹੋਈ। ਜਿਸ ਵਿਚ ਅਭਿਨਾਇਕ ਮਾਲੋਮਜਾਰਾ ਨੇ ਜਿੱਤ ਪ੍ਰਾਪਤ ਕੀਤੀ। ਦੋ ਨੰਬਰ ਦੀ ਕੁਸ਼ਤੀ ਜਲਾਲ ਇਰਾਨ ਤੇ ਮੀਨੂ ਧੁਲੇਤਾ ਵਿਚਕਾਰ ਹੋਈ ਜਿਸ ਵਿੱਚ ਮੀਨੂ ਧੁਲੇਤਾ ਨੇ ਜਿਤ ਪ੍ਰਾਪਤ ਕੀਤੀ । ਜੇਤੂ ਪਹਿਲਵਾਨ ਨੂੰ ਮੋਟਰਸਾਈਕਲ ਇਨਾਮ ਦਿੱਤਾ ਗਿਆ।ਇਸ ਛਿੰਝ ਮੇਲੇ 'ਚ ਸੋਹਣ ਲਾਲ ਢੰਡਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਪਵਨਜੀਤ ਸਿੰਘ ਸਿੱਧੂ ਹਲਕਾ ਸੰਗਠਨ ਇੰਚਾਰਜ ਬੰਗਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਸੋਹਣ ਲਾਲ ਢੰਡਾ ਵਲੋਂ ਪਿੰਡ ਵਿੱਚ ਜਿੰਮ ਬਣਾਉਣ ਅਤੇ ਸਟੇਡੀਅਮ ਦੀ ਸੈਂਡ ਦੀ ਮੁਰੰਮਤ ਲਈ 1 ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ। ਪ੍ਰਬੰਧਕਾਂ ਵੱਲੋਂ ਪਹਿਲਵਾਨ ਵਿਜੇ ਫਗਵਾੜਾ ਅਤੇ ਪਹਿਲਵਾਨ ਜਸਵੀਰ ਮੇਹਲੀ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ। ਪ੍ਰਬੰਧਕਾਂ ਵੱਲੋਂ ਪਹੁੰਚੇ ਹੋਏ ਮਹਿਮਾਨਾਂ, ਪਹਿਲਵਾਨਾਂ ਅਤੇ ਦਾਨੀ ਸੱਜਣਾਂ ਦਾ ਸਨਮਾਨ ਕੀਤਾ। ਇਸ ਮੌਕੇ ਸਰਬਜੀਤ ਸਿੰਘ ਸਾਬਕਾ ਇੰਸਪੈਕਟਰ ਪੰਜਾਬ ਪੁਲਿਸ, ਗੁਰਵੀਰ ਸਿੰਘ, ਪਹਿਲਵਾਨ ਸੰਤੋਖ ਸਿੰਘ, ਦੀਦਾਰ ਸਿੰਘ ਪੰਚ, ਅਮਰੀਕ ਸਿੰਘ ਨੰਬਰਦਾਰ, ਸ਼ਿਗਾਰਾ ਸਿੰਘ, ਗੁਰਦਾਵਰ ਸਿੰਘ, ਸੁਰਜੀਤ ਸਿੰਘ, ਜਸਵੀਰ ਸਿੰਘ, ਲਖਵਿੰਦਰ ਸਿੰਘ, ਰਸ਼ਪਾਲ ਸਿੰਘ ਸਾਬਕਾ ਇੰਸਪੈਕਟਰ, ਚੇਲਾ ਤਰਸੇਮ ਲਾਲ, ਅਮਨ, ਬੂਟਾ ਸਿੰਘ,ਚੂਹੜ ਸਿੰਘ ਬਿਰਹਾ, ਮਨਜੀਤ ਸਿੰਘ, ਜੋਗਾ ਸਿੰਘ ਯੂ ਐਸ ਏ, ਨਾਜ਼ਰ ਸਿੰਘ ਅਤੇ ਸਮੂਹ ਖੇਡ ਪ੍ਰੇਮੀ ਹਾਜ਼ਰ ਸਨ।

# ਪਾਈਪ ਲਾਈਨ ਕੀਤੀ ਠੀਕ, ਇਲਾਕਾ ਵਾਸੀਆਂ ਵੱਲੋਂ ਧੰਨਵਾਦ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**- ਡੇਰਾ ਬੱਲਾਂ ਨਜ਼ਦੀਕ ਨਹਿਰੀ ਵਿਭਾਗ ਵਲੋਂ ਕਿਸਾਨਾਂ ਦੀ ਸਹੂਲਤ ਲਈ ਖੇਤਾਂ ਲਈ ਬਿਸਤ ਦੋਆਬ ਨਹਿਰ ਚੋਂ ਇੱਕ ਪਾਈਪ ਲਾਈਨ ਪਾਈ ਗਈ ਹੈ ਜੋ ਕਿ ਕਿਸ਼ਨਗੜ੍ਹ



ਤੋਂ ਜਲੰਧਰ ਨੂੰ ਜਾਂਦੀ ਨਹਿਰੀ ਸੜਕ ਦੇ ਵਿਚਕਾਰ ਦੀ ਪਾਈ ਗਈ ਹੈ । ਵਰਨਣਯੋਗ ਹੈ ਕਿ ਨਹਿਰ ਕਿਨਾਰੇ ਕਈ ਫੈਕਟਰੀਆਂ ਬਣੀਆਂ ਹੋਈਆਂ ਹਨ, ਜਿਨ੍ਹਾਂ ਚੋਂ ਰੋਜ਼ਾਨਾ ਮਾਲ ਭਾਰੀ ਗੱਡੀਆਂ ਰਾਹੀਂ ਆਉਂਦਾ ਤੇ ਜਾਂਦਾ ਹੈ। ਜਿਨ੍ਹਾਂ ਦੇ ਭਾਰ ਨਾਲ ਪਾਈਪ ਲਾਈਨ ਬੈਠਣ ਕਾਰਣ ਬਹੁਤ ਵੱਢਾ ਪਾੜ ਪੈ ਗਿਆ ਸੀ, ਜਿਸ ਕਾਰਨ ਨਹਿਰੀ ਸੜਕੀ ਡੇਰਾ ਬੱਲਾਂ ਨੂੰ ਜਾਣ ਵਾਲ਼ੀ ਸੰਗਤ, ਜਲੰਧਰ ਨੂੰ ਜਾਣ ਵਾਲੇ ਤੇ ਇਲਾਕੇ ਦੇ ਪਿੰਡਾਂ ਦੇ ਲੋਕਾਂ ਨੂੰ ਆਉਣ ਜਾਣ ਲਈ ਕਈ ਦਿਨ ਪ੍ਰੇਸ਼ਾਨੀ ਝੱਲਣੀ ਪਈ ਸੀ। ਇਹ ਮੁਸ਼ਕਿਲ ਨਵਾਂ ਜ਼ਮਾਨਾ ਅਖ਼ਬਾਰ 'ਚ ਪ੍ਰਕਾਸ਼ਿਤ ਹੋਣ ਕਰਕੇ ਪਾਈਪ ਲਾਈਨ ਠੀਕ ਕਰ ਦਿੱਤੀ ਗਈ। ਜਿਸ ਲਈ ਇਲਾਕੇ ਭਰ ਦੇ ਪਿੰਡਾਂ ਦੇ ਵਾਸੀਆਂ, ਡੇਰਾ ਬੱਲਾਂ ਦੀ ਸੰਗਤ ਅਤੇ ਨਹਿਰੀ ਰਾਸਤੇ ਜਲੰਧਰ ਵੱਲ ਨੂੰ ਜਾਣ ਵਾਲੇ ਰਾਹਗੀਰਾਂ ਨੇ ਨਵਾਂ ਜ਼ਮਾਨਾ ਅਖ਼ਬਾਰ ਦੇ ਸੰਪਾਦਕ ਤੇ ਸਥਾਨਕ ਪੱਤਰਕਾਰ ਦਾ ਧੰਨਵਾਦ ਕੀਤਾ ਗਿਆ।

# ਸ੍ਰੀ ਹਨੂਮਤ ਇੰਸਟੀਚਿਊਟ ਵਿਖੇ 'ਸੰਭਾਵਨਾ ਤੋਂ ਉੱਤਮਤਾ' ਵਿਸ਼ੇ 'ਤੇ ਗੈਸਟ ਲੈਕਚਰ

**ਗੁਰਾਇਆ (ਬਿੰਦਰ ਸੁਮਨ)**- ਸ੍ਰੀ ਹਨੂਮਤ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ (ਸ਼ਿਮਟ) ਵੱਲੋਂ ਵਿਦਿਆਰਥੀਆਂ ਲਈ 'ਸੰਭਾਵਨਾ ਤੋਂ ਉੱਤਮਤਾ, ਮਾਈਂਡਸੈੱਟ, ਅਨੁਸ਼ਾਸਨ ਅਤੇ ਸਮਾਰਟ ਐਕਸ਼ਨ ਰਾਹੀਂ ਸਫਲ ਕਰੀਅਰ ਦੀ ਉਸਾਰੀ' ਵਿਸ਼ੇ 'ਤੇ ਗੈਸਟ ਲੈਕਚਰ ਕਾਲਜ ਪ੍ਰਿੰਸੀਪਲ ਡਾ. ਪਲਵਿੰਦਰ ਕੁਮਾਰ ਦੀ ਅਗਵਾਈ ਹੇਠ ਕਰਵਾਇਆ ਗਿਆ। ਜਿਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਆਪਣੀ ਸਮਰੱਥਾ ਪਛਾਨਣ ਦੇ ਨਾਲ-ਨਾਲ ਸਹੀ ਸੋਚ, ਅਨੁਸ਼ਾਸਨ ਅਤੇ ਵਿਵਹਾਰਕ ਪਹੁੰਚ ਰਾਹੀਂ ਆਪਣੇ ਕਰੀਅਰ ਨੂੰ ਸਫਲਤਾ ਵੱਲ ਲਿਜਾਣ ਲਈ ਪ੍ਰੇਰਿਤ ਕਰਨਾ ਸੀ। ਇਸ ਮੌਕੇ ਗੈਸਟ ਸਪੀਕਰ ਵਜੋਂ ਮਿਸ ਅਰਸ਼ਦੀਪ ਕੌਰ ਨੇ ਵਿਦਿਆਰਥੀਆਂ ਨਾਲ ਆਪਣੇ ਅਕਾਦਮਿਕ ਅਤੇ ਪੇਸ਼ੇਵਰ ਤਜਰਬੇ ਸਾਂਝੇ ਕੀਤੇ। ਉਨ੍ਹਾਂ ਨੇ ਨਾਸਾ ਨਾਲ ਜੁੜੇ ਅਕਾਦਮਿਕ ਅਤੇ ਤਕਨੀਕੀ ਪ੍ਰੋਜੈਕਟ 'ਤੇ ਕੰਮ ਕਰਨ ਤੋਂ ਇਲਾਵਾ ਜੋਸ਼ ਟਾਕਸ ਦੀ ਸਪੀਕਰ ਵਜੋਂ ਭੂਮਿਕਾ, ਸਟਾਰਟਅੱਪ ਬਣਾਉਣ ਅਤੇ ਐੱਮ.ਯੂ.ਐੱਨ. ਇੰਡੋਨੇਸ਼ੀਆ ਦੀ ਕੈਂਪਸ ਅੰਬੈਸਡਰ ਵਜੋਂ ਕੀਤੇ ਕੰਮ ਬਾਰੇ ਵੀ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਆਈ.ਆਈ.ਟੀ. ਰੋਪੜ ਬੂਟਕੈਂਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਅਤੇ ਜਿੱਤ ਸਮੇਤ ਆਈ.ਆਈ.ਟੀ. ਮੁੰਬਈ ਅਤੇ ਹੋਰ ਪਲੇਟਫਾਰਮਾਂ 'ਤੇ ਮਿਲੀਆਂ ਉਪਲਬਧੀਆਂ ਬਾਰੇ ਵੀ ਉਨ੍ਹਾਂ ਨੇ ਆਪਣੇ ਤਜਰਬੇ ਸਾਂਝੇ ਕੀਤੇ। ਲੈਕਚਰ ਦੌਰਾਨ ਅਰਸ਼ਦੀਪ ਕੌਰ ਨੇ ਕਿਹਾ ਕਿ ਸਿਰਫ਼ ਅਕਾਦਮਿਕ ਗਿਆਨ ਹਾਸਲ ਕਰਨਾ ਹੀ ਸਫਲ ਕਰੀਅਰ ਲਈ ਕਾਫ਼ੀ ਨਹੀਂ ਹੈ। ਉਨ੍ਹਾਂ ਨੇ ਸਹੀ ਸੋਚ,



ਅਨੁਸ਼ਾਸਨ, ਨਿਰੰਤਰਤਾ ਅਤੇ ਸੋਚ-ਸਮਝ ਕੇ ਕੀਤੀ ਕਾਰਵਾਈ ਨੂੰ ਸਫਲਤਾ ਦੀਆਂ ਮਹੱਤਵਪੂਰਨ ਕੁੰਜੀਆਂ ਦੱਸਿਆ। ਪ੍ਰਿੰਸੀਪਲ ਡਾ. ਪਲਵਿੰਦਰ ਕੁਮਾਰ ਨੇ ਦੱਸਿਆ ਕਿ ਸੰਸਥਾ ਵੱਲੋਂ ਵਿਦਿਆਰਥੀਆਂ ਨੂੰ ਕਲਾਸਰੂਮ ਦੀ ਪੜ੍ਹਾਈ ਦੇ ਨਾਲ-ਨਾਲ ਅਸਲ ਜੀਵਨ ਅਤੇ ਪੇਸ਼ੇਵਰ ਖੇਤਰ ਨਾਲ ਜੁੜੇ ਤਜਰਬੇ ਪ੍ਰਦਾਨ ਕਰਨ ਲਈ ਅਜਿਹੇ ਪ੍ਰੋਗਰਾਮ ਕਰਵਾਏ ਜਾਂਦੇ ਹਨ। ਇਸ ਗੈਸਟ ਲੈਕਚਰ ਨੇ ਵਿਦਿਆਰਥੀਆਂ ਨੂੰ ਕਰੀਅਰ ਜਾਗਰੂਕਤਾ, ਹੁਨਰ ਵਿਕਾਸ ਅਤੇ ਵਿਵਹਾਰਕ ਸਿੱਖਿਆ ਦੇ ਨਾਲ ਆਪਣੇ ਭਵਿੱਖ ਲਈ ਅਨੁਸ਼ਾਸਿਤ ਅਤੇ ਸੋਚ-ਸਮਝ ਕੇ ਕਦਮ ਚੁੱਕਣ ਦਾ ਸੰਦੇਸ਼ ਦਿੱਤਾ।

# ਸਫਾਈ ਕਰਮਚਾਰੀ 'ਨਮਸਤੇ' ਪੋਰਟਲ 'ਤੇ ਰਜਿਸਟ੍ਰੇਸ਼ਨ ਯਕੀਨੀ ਬਣਾਉਣ : ਗਿੱਲ

**ਜਲੰਧਰ (ਸੁਰਿੰਦਰ ਕੁਮਾਰ, ਸ਼ੈਲੀ ਐਲਬਰਟ)**- ਰਾਸ਼ਟਰੀ ਸਫਾਈ ਕਰਮਚਾਰੀ ਕਮਿਸ਼ਨ ਦੇ ਮੈਂਬਰ ਹਰਦੀਪ ਸਿੰਘ ਗਿੱਲ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਸਫਾਈ ਕਰਮਚਾਰੀਆਂ ਦੀ ਭਲਾਈ ਸੰਬੰਧੀ ਸਕੀਮਾਂ ਅਤੇ ਉਪਰਾਲਿਆਂ ਦੀ ਸਮੀਖਿਆ ਕੀਤੀ ਗਈ। ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਅਮਰਜੀਤ ਬੈਂਸ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਮੈਂਬਰ, ਰਾਸ਼ਟਰੀ ਸਫਾਈ ਕਰਮਚਾਰੀ ਕਮਿਸ਼ਨ ਹਰਦੀਪ ਸਿੰਘ ਗਿੱਲ ਨੇ ਕਿਹਾ ਕਿ ਕਮਿਸ਼ਨ ਸਫਾਈ ਕਰਮਚਾਰੀਆਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਲਗਾਤਾਰ ਕੰਮ ਕਰ ਰਿਹਾ ਹੈ।



ਉਨ੍ਹਾਂ ਨਗਰ ਨਿਗਮ ਅਤੇ ਨਗਰ ਕੌਂਸਲਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਫਾਈ ਕਰਮਚਾਰੀਆਂ ਦੀ 'ਨਮਸਤੇ' ਪੋਰਟਲ 'ਤੇ ਰਜਿਸਟ੍ਰੇਸ਼ਨ ਯਕੀਨੀ ਬਣਾਈ ਜਾਵੇ ਤਾਂ ਜੋ ਉਨ੍ਹਾਂ ਨੂੰ ਮੁਫ਼ਤ ਸਫਾਈ ਕਿੱਟਾਂ ਤੇ ਹੋਰ ਬਣਦੀ ਸਹੂਲਤ ਦਿੱਤੀ ਜਾ ਸਕੇ।

ਇਸ ਮੰਤਵ ਲਈ ਉਨ੍ਹਾਂ ਵਿਸ਼ੇਸ਼ ਕੈਂਪ ਲਗਾਉਣ ਦੀ ਵੀ ਹਦਾਇਤ ਕੀਤੀ।ਗਿੱਲ ਨੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਐੱਨ ਐੱਸ ਕੇ ਐੱਫ ਡੀ ਸੀ ਨਾਲ ਤਾਲਮੇਲ ਕਰਕੇ ਸਫਾਈ ਕਰਮੀਆਂ ਲਈ ਵਿਸ਼ੇਸ਼ ਕੈਂਪ ਲਗਾਉਣ ਦੇ ਨਿਰਦੇਸ਼ ਦਿੱਤੇ ਤਾਂ ਜੋ ਉਨ੍ਹਾਂ ਨੂੰ ਐੱਨ ਐੱਸ ਕੇ ਐੱਫ ਡੀ ਸੀ ਦੀਆਂ ਸਕੀਮਾਂ ਬਾਰੇ ਜਾਗਰੂਕ ਕੀਤਾ ਜਾ ਸਕੇ। ਇਸ ਦੇ ਨਾਲ ਹੀ ਉਨ੍ਹਾਂ ਐੱਮ.ਐੱਸ. ਐਕਟ-2013 ਬਾਰੇ ਜਾਗਰੂਕਤਾ ਲਈ ਕੈਂਪ ਅਤੇ ਵਰਕਸ਼ਾਪ ਕਰਵਾਉਣ ਦੀ ਵੀ ਹਦਾਇਤ ਕੀਤੀ।ਇਸ ਮੌਕੇ ਸਹਾਇਕ ਕਮਿਸ਼ਨਰ ਵਰੁਣ ਕੁਮਾਰ, ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਰਣਬੀਰ ਸਿੰਘ, ਨਗਰ ਨਿਗਮ ਅਤੇ ਨਗਰ ਕੌਂਸਲਾਂ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# ਮੁਲਾਜ਼ਮ ਤੇ ਪੈਨਸ਼ਨਰ ਸਰਕਾਰ ਦੀਆਂ ਧਮਕੀਆਂ ਤੋਂ ਡਰਨ ਵਾਲੇ ਨਹੀਂ : ਫੈਡਰੇਸ਼ਨ

**ਜਲੰਧਰ (ਲਖਵਿੰਦਰ ਸਿੰਘ ਆਧੀ)**- ਪੈਨਸ਼ਨਰਜ਼ ਵੈਲਫੇਅਰ ਫੈਡਰੇਸ਼ਨ ਪੰਜਾਬ (ਪਹਿਲਵਾਨ) ਪਾਵਰ ਕਾਰਪੋਰੇਸ਼ਨ ਅਤੇ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਦੀ



ਮਹੀਨਾਵਾਰ ਮੀਟਿੰਗ ਪਟਿਆਲਾ ਸਰਕਲ ਦੇ ਪ੍ਰਧਾਨ ਅਤੇ ਸੂਬਾ ਦਫ਼ਤਰ ਸਕੱਤਰ ਸ਼ਿਵਦੇਵ ਸਿੰਘ ਦੀ ਪ੍ਰਧਾਨਗੀ ਹੇਠ ਸਥਾਨਕ ਹੈੱਡਕੁਆਰਟਰ ਪੀ-3, 66 ਕੇ.ਵੀ. ਗਰਿਡ ਕਲੋਨੀ ਵਿਖੇ ਹੋਈ। ਮੀਟਿੰਗ ਵਿੱਚ ਪਟਿਆਲਾ ਸਰਕਲ ਦੇ ਵੱਖ-ਵੱਖ ਮੰਡਲਾਂ ਦੇ ਆਗੂਆਂ ਅਤੇ ਵਰਕਰਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।ਮੀਟਿੰਗ ਦੀ ਕਾਰਵਾਈ ਬਾਰੇ ਜਾਣਕਾਰੀ ਦਿੰਦਿਆਂ ਸੂਬਾ ਜਨਰਲ ਸਕੱਤਰ ਬੀ.ਐਸ. ਸੇਖੋਂ ਨੇ ਦੱਸਿਆ ਕਿ ਮੌਜੂਦਾ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਲੰਮੇ ਸਮੇਂ ਤੋਂ ਲਟਕ ਰਹੇ ਮਸਲਿਆਂ ਨੂੰ ਹੱਲ ਕਰਨ ਦੀ ਬਜਾਏ ਜਾਣ-ਬੁੱਝ ਕੇ ਉਲਝਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ 3 ਅਗਸਤ 2026 ਨੂੰ ਇਤਿਹਾਸਕ ਫ਼ੈਸਲਾ ਦਿੰਦਿਆਂ ਸਰਕਾਰ ਨੂੰ 15 ਦਿਨਾਂ ਦੇ ਅੰਦਰ-ਅੰਦਰ ਮੁਲਾਜ਼ਮਾਂ ਦਾ 18 ਪ੍ਰਤੀਸ਼ਤ ਮਹਿੰਗਾਈ ਭੱਤਾ (41) ਦੇਣ ਦੇ ਸਖ਼ਤ ਹੁਕਮ ਦਿੱਤੇ ਸਨ। ਅਦਾਈ ਨਾ ਹੋਣ ਦੀ ਸੂਰਤ ਵਿੱਚ ਬਣਦੀ ਰਕਮ 'ਤੇ 6 ਫ਼ੀਸਦੀ ਵਿਆਜ ਦੇਣ ਦੀ ਹਦਾਇਤ ਵੀ ਕੀਤੀ ਗਈ ਸੀ। ਪਰ ਪੰਜਾਬ ਸਰਕਾਰ ਨੇ ਇਸ ਫ਼ੈਸਲੇ ਨੂੰ ਮੰਨਣ ਦੀ ਬਜਾਏ ਸੁਪਰੀਮ ਕੋਰਟ ਵਿੱਚ ਰਿੱਟ ਦਾਖ਼ਲ ਕਰਕੇ ਮੁਲਾਜ਼ਮਾਂ ਨਾਲ ਧੱਕੇਸ਼ਾਹੀ ਕੀਤੀ ਹੈ ਅਤੇ ਅਦਾਲਤੀ ਹੁਕਮਾਂ ਦੀ ਤੌਹੀਨ ਕੀਤੀ ਹੈ।ਫੈਡਰੇਸ਼ਨ ਆਗੂਆਂ ਨੇ ਰੋਸ ਜ਼ਾਹਰ ਕੀਤਾ ਕਿ ਸ਼ਾਂਤਮਈ ਤਰੀਕੇ ਨਾਲ ਕਲਮ ਛੋੜ ਹੜਤਾਲ ਕਰ ਰਹੇ ਮੁੱਖ ਆਗੂਆਂ ਸੁਖਚੈਨ ਸਿੰਘ ਖਹਿਰਾ ਅਤੇ ਹੋਰ ਚੋਟੀ ਦੇ ਲੀਡਰਾਂ ਦੀਆਂ ਸਕੱਤਰੇਤ ਤੋਂ ਬਾਹਰ ਜ਼ਬਰਦਸਤੀ ਬਦਲੀਆਂ ਕਰ ਦਿੱਤੀਆਂ ਗਈਆਂ ਹਨ ਅਤੇ ਕਾਰਨ ਦੱਸੋ ਨੋਟਿਸ ਜਾਰੀ ਕਰਕੇ ਡਰਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਮੁਲਾਜ਼ਮ ਅਤੇ ਪੈਨਸ਼ਨਰ ਸਰਕਾਰ ਦੀਆਂ ਇਨ੍ਹਾਂ ਧਮਕੀਆਂ ਤੋਂ ਡਰਨ ਵਾਲੇ ਨਹੀਂ ਹਨ।2027 ਦੀਆਂ ਚੋਣਾਂ ਵਿੱਚ ਭੁਗਤਣਾ ਪਵੇਗਾ ਖ਼ਮਿਆਜ਼ਾ। ਮੀਟਿੰਗ ਵਿੱਚ ਸਰਬਸੰਮਤੀ ਨਾਲ ਐਲਾਨ ਕੀਤਾ ਗਿਆ ਕਿ ਜੇਕਰ ਸਰਕਾਰ ਨੇ ਜਲਦ ਗੱਲਬਾਤ ਰਾਹੀਂ ਮੰਗਾਂ ਦਾ ਹੱਲ ਨਾ ਕੱਢਿਆ, ਤਾਂ ਪੰਜਾਬ ਦੇ ਮੁਲਾਜ਼ਮ ਅਤੇ ਪੈਨਸ਼ਨਰ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਡਟ ਕੇ ਵਿਰੋਧ ਕਰਨਗੇ ।ਫੈਡਰੇਸ਼ਨ ਨੇ ਕਿਹਾ ਕਿ ਆਪਣੇ ਹੱਕਾਂ ਲਈ ਆਵਾਜ਼ ਉਠਾਉਣ ਵਾਲੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਅਤੇ ਪੈਨਸ਼ਨਰਾਂ 'ਤੇ ਅਥਰੂ ਗੈਸ ਦੇ ਗੋਲੇ, ਪਾਣੀ ਦੀਆਂ ਬੁਛਾਰਾਂ ਅਤੇ ਲਾਠੀਚਾਰਜ ਕੀਤਾ ਜਾ ਰਿਹਾ ਹੈ।ਮੀਟਿੰਗ ਵਿੱਚ ਬਲਵਿੰਦਰ ਸਿੰਘ ਪਸਿਆਣਾ (ਸੂਬਾ ਮੀਤ ਪ੍ਰਧਾਨ), ਬੀ.ਐਸ. ਸੇਖੋਂ (ਸੂਬਾ ਜਨਰਲ ਸਕੱਤਰ), ਬ੍ਰਿਜ ਮੋਹਨ ਚੋਪੜਾ (ਸਰਕਲ ਸਕੱਤਰ), ਜਗਦੀਸ਼ ਸਿੰਘ, ਬਲਜਿੰਦਰ ਸਿੰਘ, ਬਰਜਿੰਦਰ ਸਿੰਘ ਜੇ.ਈ., ਪੱਪੀ, ਸੁਰਿੰਦਰ ਕੁਮਾਰ ਸ਼ਰਮਾ (ਸਾਬਕਾ ਕੈਸ਼ੀਅਰ), ਸੁਰਜੀਤ ਸਿੰਘ, ਸੁਰਿੰਦਰ ਸਿੰਘ ਜੇ.ਈ., ਸੁਮਨਪ੍ਰੀਤ ਸਿੰਘ ਐਸ.ਡੀ.ਓ., ਹਰਬੰਸ ਸਿੰਘ, ਗੁਰਚਰਨ ਸਿੰਘ ਬਾਬਾ, ਬੇਦੀ ਸਾਹਿਬ ਅਤੇ ਗੁਰਭਜਨ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਆਗੂ ਹਾਜ਼ਰ ਸਨ।

# ਗਿਆਨ ਸਿੰਘ ਸਾਬਕਾ ਸਰਪੰਚ ਨੂੰ ਭਰਪੂਰ ਸ਼ਰਧਾਂਜਲੀਆਂ

**ਸ਼ਾਹਕੋਟ (ਅਮਨਦੀਪ ਸੈਦਪੁਰੀ)**- ਨੇੜਲੇ ਪਿੰਡ ਹਾਜੀਪੁਰ ਦੇ ਸਾਬਕਾ ਸਰਪੰਚ ਗਿਆਨ ਸਿੰਘ ਦਾ 3 ਸਤੰਬਰ ਨੂੰ ਦੇਹਾਂਤ ਹੋ ਗਿਆ ਸੀ। ਸਨਿੱਚਰਵਾਰ ਨੂੰ ਉਨ੍ਹਾਂ ਨਮਿਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਸਿੰਘ ਸਭਾ ਸਲੈਚਾ ਵਿਖੇ ਹੋਈ।



ਇਸ ਮੌਕੇ ਭਾਈ ਅਮਰੀਕ ਸਿੰਘ ਸਰਾਏ ਖ਼ਾਮ ਦੇ ਕੀਰਤਨੀ ਜਥੇ ਨੇ ਵੈਰਾਗਮਈ ਕੀਰਤਨ ਰਾਹੀਂ ਜੀਵਨ ਅਤੇ ਮੌਤ ਫ਼ਲਸਫ਼ੇ 'ਤੇ ਚਾਨਣਾ ਪਾਇਆ।

ਉਪਰੰਤ ਸ਼ਰਧਾਜਲੀ ਸਮਾਗਮ ਹੋਇਆ। ਇਸ ਮੌਕੇ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਸ਼ਰਧਾਂਜਲੀ ਭੇਟ ਕਰਦਿਆਂ ਸਵਰਗੀ ਗਿਆਨ ਸਿੰਘ ਦੇ ਸੰਘਰਸ਼ਮਈ ਜੀਵਨ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਸਵਰਗੀ ਗਿਆਨ ਸਿੰਘ ਨੇ ਆਪਣੇ ਸਿਆਸੀ ਜੀਵਨ ਦੌਰਾਨ ਵੀ ਸਮਾਜ ਵਿੱਚ ਇਮਾਨਦਾਰ ਸ਼ਖ਼ਸ ਵਜੋਂ ਪਹਿਚਾਣ ਬਣਾਈ। ਡਾ. ਬੀ.ਆਰ ਅੰਬੇਡਕਰ ਆਰਮੀ ਪੰਜਾਬ ਦੇ ਸੂਬਾ ਪ੍ਰਧਾਨ ਵੀਰ ਕੁਲਵੰਤ ਸਿੰਘ ਢੰਡੋਵਾਲ ਨੇ ਵੀ ਸ਼ਰਧਾਂਜਲੀ ਭੇਟ ਕੀਤੀ। ਅਖੀਰ ਵਿਚ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਦਰਸ਼ਨ ਸਿੰਘ ਟਾਹਲੀ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ।ਉਨ੍ਹਾਂ ਪਰਵਾਰ ਵੱਲੋਂ ਸਭ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਹੋਰਨਾਂ ਤੋਂ ਅਮਰਜੀਤ ਸਿੰਘ ਸਾਬਕਾ ਸਰਪੰਚ (ਪੁੱਤਰ), ਰਸ਼ਪਾਲ ਚੰਦ ਸਪੇਨ (ਪੁੱਤਰ), ਰਮੇਸ਼ ਚੰਦ (ਪੁੱਤਰ), ਮਨਪ੍ਰੀਤ ਕੌਰ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਬਲਦੇਵ ਸਿੰਘ ਸਾਬਕਾ ਸਰਪੰਚ, ਨਿਰਮਲ ਸਿੰਘ ਸਾਬਕਾ ਸਰਪੰਚ, ਸੁਰਜੀਤ ਸਿੰਘ ਸਾਬਕਾ ਸਰਪੰਚ, ਪਰਮਜੀਤ ਮਿੱਡਾ ਨੰਬਰਦਾਰ, ਸੁਖਵਿੰਦਰ ਸਿੰਘ ਨੰਬਰਦਾਰ, ਗੁਰਦੇਵ ਲਾਲ ਸਾਬਕਾ ਸਰਪੰਚ, ਸਾਧੂ ਸਿੰਘ ਮਿੱਡਾ, ਠੇਕੇਦਾਰ ਸੁਖਮਿੰਦਰਪਾਲ ਮੰਗਾ ਸਾਬਕਾ ਮੈਂਬਰ ਨਗਰ ਪੰਚਾਇਤ ਸ਼ਾਹਕੋਟ, ਹੈਪੀ ਗੁੱਜਰ, ਨਾਜਰ ਰਾਮ ਸਾਬਕਾ ਸਰਪੰਚ ਕਾਕੜਾ ਕਲਾਂ, ਪਰਮਜੀਤ ਸਿੰਘ ਐਫ.ਸੀ.ਆਈ, ਜਸਵੀਰ ਸਿੰਘ ਸ਼ੀਰਾ ਸਾਬਕਾ ਸਰਪੰਚ ਸਾਹਲਾ ਨਗਰ, ਸੁਖਦੇਵ ਸਿੰਘ ਪੰਜਾਬ ਪੁਲੀਸ ਆਦਿ ਹਾਜ਼ਰ ਸਨ।

# 15 ਲੱਖ ਤੋਂ ਵੱਧ ਮਰੀਜ਼ਾਂ ਨੇ ਮੁਫ਼ਤ ਸਿਹਤ ਸੇਵਾਵਾਂ ਦਾ ਲਾਭ ਲਿਆ

**ਕਪੂਰਥਲਾ (ਮਨਜੀਤ ਮਾਨ)**- ਜ਼ਿਲ੍ਹੇ ਦੇ 15,13,873 ਮਰੀਜ਼ਾਂ ਨੇ ਹੁਣ ਤੱਕ ਆਮ ਆਦਮੀ ਕਲੀਨਿਕਾਂ ਰਾਹੀਂ ਮੁਫ਼ਤ ਓ.ਪੀ.ਡੀ. ਸੇਵਾਵਾਂ ਅਤੇ ਇਲਾਜ ਦਾ ਲਾਭ ਉਠਾਇਆ ਹੈ, ਜਿਸ ਨਾਲ ਉਨ੍ਹਾਂ ਦੇ ਘਰਾਂ ਦੇ ਨੇੜੇ ਹੀ ਮਿਆਰੀ ਸਿਹਤ ਸੇਵਾਵਾਂ ਸੁਖਾਲੀਆਂ ਯਕੀਨੀ ਹੋਈਆਂ ਹਨ। ਜ਼ਿਲ੍ਹੇ ਵਿੱਚ ਇਸ ਵੇਲੇ ਕੁੱਲ 29 ਆਮ ਆਦਮੀ ਕਲੀਨਿਕ ਕੰਮ ਕਰ ਰਹੇ ਹਨ, ਜਿੱਥੇ ਸ਼ਹਿਰੀ ਅਤੇ ਪੇਂਡੂ ਦੋਵਾਂ ਖੇਤਰਾਂ ਦੇ ਵੱਡੀ ਗਿਣਤੀ ਵਿੱਚ ਵਸਨੀਕ ਲਾਭ ਉਠਾ ਰਹੇ ਹਨ। ਇਸ ਨਾਲ ਸਮੇਂ ਅਤੇ ਪੈਸੇ ਦੀ ਕਾਫ਼ੀ ਬੱਚਤ ਹੋ ਰਹੀ ਹੈ ਅਤੇ ਵੱਡੇ ਸਰਕਾਰੀ ਹਸਪਤਾਲਾਂ 'ਤੇ ਬੋਝ ਵੀ ਘਟਿਆ ਹੈ। ਡਿਪਟੀ ਕਮਿਸ਼ਨਰ ਅਕਾਸ਼ ਬਾਂਸਲ ਨੇ ਦੱਸਿਆ ਕਿ ਪੰਜਾਬ ਸਰਕਾਰ ਸਮਾਜ ਦੇ ਸਾਰੇ ਵਰਗਾਂ ਦੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਮੁਫ਼ਤ ਅਤੇ ਮਿਆਰੀ ਸਿਹਤ ਸੇਵਾਵਾਂ ਯਕੀਨੀ ਬਣਾਉਣ ਲਈ ਸਿਹਤ ਸੰਭਾਲ ਢਾਂਚੇ ਨੂੰ ਲਗਾਤਾਰ ਮਜ਼ਬੂਤ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਕਪੂਰਥਲਾ ਜ਼ਿਲ੍ਹੇ ਵਿੱਚ ਚੱਲ ਰਹੇ ਆਮ ਆਦਮੀ ਕਲੀਨਿਕਾਂ ਦੀ ਗਿਣਤੀ 29 ਹੈ, ਜਦੋਂ ਕਿ 12 ਹੋਰ ਨਵੇਂ ਆਮ ਆਦਮੀ ਕਲੀਨਿਕ ਜਲਦੀ ਹੀ ਲੋਕਾਂ ਨੂੰ ਸਮਰਪਤ ਕੀਤੇ ਜਾਣਗੇ।ਸਿਵਲ ਸਰਜਨ ਡਾ. ਰਾਜੀਵ ਪਰਾਸ਼ਰ ਨੇ ਦੱਸਿਆ ਕਿ ਇਹਨਾਂ ਕਲੀਨਿਕਾਂ ਦਾ ਮੁੱਖ



ਉਦੇਸ਼ ਲੋਕਾਂ ਦੇ ਇਲਾਕਿਆਂ ਵਿੱਚ ਹੀ ਬੁਨਿਆਦੀ ਸਿਹਤ ਸਹੂਲਤਾਂ, ਮੈਡੀਕਲ ਸਲਾਹ, ਜਾਂਚ ਸੇਵਾਵਾਂ ਅਤੇ ਜ਼ਰੂਰੀ ਦਵਾਈਆਂ ਉਪਲਬਧ ਕਰਵਾਉਣਾ ਹੈ, ਜਿਸ ਨਾਲ ਹਸਪਤਾਲਾਂ ਵਿੱਚ ਜਾਣ ਦੀ ਲੋੜ ਘਟੇਗੀ ਅਤੇ ਲੋਕ ਮਹਿੰਗੇ ਪ੍ਰਾਈਵੇਟ ਇਲਾਜ ਤੋਂ ਬਚ ਸਕਣਗੇ।ਇਹ ਕਲੀਨਿਕ ਕਈ ਪ੍ਰਮੁੱਖ ਸਿਹਤ ਸਹੂਲਤਾਂ ਪ੍ਰਦਾਨ ਕਰ ਰਹੇ ਹਨ, ਜਿਨ੍ਹਾਂ ਵਿੱਚ ਆਮ ਅਤੇ ਜ਼ਰੂਰੀ ਬਿਮਾਰੀਆਂ ਲਈ 112 ਤਰ੍ਹਾਂ ਦੀਆਂ ਮੁਫ਼ਤ ਦਵਾਈਆਂ, ਬਿਮਾਰੀਆਂ ਦੀ ਪਛਾਣ ਲਈ 42 ਤਰ੍ਹਾਂ ਦੇ ਮੁਫ਼ਤ ਲੈਬਾਰਟਰੀ ਟੈਸਟ, ਕੁੱਤੇ ਦੇ ਵੱਢਣ ਦੇ ਮਾਮਲਿਆਂ ਵਿੱਚ ਐਂਟੀ-ਰੈਬੀਜ਼ ਟੀਕਾਕਰਨ, ਅਤੇ ਮਾਤਾ-ਸਿਹਤ ਸੰਭਾਲ ਸੇਵਾਵਾਂ ਦੇ ਹਿੱਸੇ ਵਜੋਂ ਐਮਪੈਨਲਡ ਸਕੈਨਿੰਗ ਸੈਂਟਰਾਂ ਰਾਹੀਂ ਗਰਭਵਤੀ ਔਰਤਾਂ ਲਈ ਮੁਫ਼ਤ ਅਲਟਰਾਸਾਊਂਡ ਸੇਵਾਵਾਂ ਸ਼ਾਮਲ ਹਨ।ਡਾ. ਪਰਾਸ਼ਰ ਨੇ ਇਹ ਵੀ ਦੱਸਿਆ ਕਿ ਲੋੜ ਪੈਣ 'ਤੇ ਮਰੀਜ਼ਾਂ ਨੂੰ ਵਿਸ਼ੇਸ਼ ਜਾਂ ਤੀਜੇ ਦਰਜੇ ਦੇ (ਸਪੈਸ਼ਲਿਸਟ) ਇਲਾਜ ਲਈ ਵੱਡੇ ਹਸਪਤਾਲਾਂ ਵਿੱਚ ਰੈਫਰ ਕਰਨ ਦਾ ਵੀ ਪ੍ਰਭਾਵਸ਼ਾਲੀ ਪ੍ਰਬੰਧ ਹੈ। ਇਹਨਾਂ ਕਲੀਨਿਕਾਂ ਵਿੱਚ ਗਰਭਵਤੀ ਔਰਤਾਂ ਲਈ ਸਿਹਤ ਸੇਵਾਵਾਂ ਅਤੇ ਬੱਚਿਆਂ ਲਈ ਟੀਕਾਕਰਨ ਦੀਆਂ ਸਹੂਲਤਾਂ ਵੀ ਉਪਲਬਧ ਹਨ।

# ਬਿਜਲੀ ਦੀ ਘਟੀਆ ਸਪਲਾਈ ਤੋਂ ਦੁਖੀ ਕਿਸਾਨ ਤੇ ਆਮ ਜਨਤਾ : ਸੰਧੂ

**ਅੱਡਾ ਸਰਾਂ (ਜਸਵੀਰ ਕਾਜਲ )**- ਪੰਜਾਬ ਵਿਚ ਲਗਾਤਾਰ ਲੱਗ ਰਹੇ ਲੰਬੇ ਬਿਜਲੀ ਦੇ ਪਾਵਰ ਕੱਟਾਂ ਨੇ ਕਿਸਾਨਾਂ ਸਮੇਤ ਆਮ ਲੋਕਾਂ ਦੀਆਂ ਮੁਸ਼ਕਲਾਂ ਵਿਚ ਵਾਧਾ ਕਰ ਦਿੱਤਾ ਹੈ। ਬਿਜਲੀ ਦੀ ਨਿਰਵਿਘਨ ਸਪਲਾਈ ਨਾ ਮਿਲਣ ਕਾਰਨ ਜਿੱਥੇ ਕਿਸਾਨਾਂ ਦੀਆਂ ਫਸਲਾਂ ਪ੍ਰਭਾਵਿਤ ਹੋ ਰਹੀਆਂ ਹਨ, ਉੱਥੇ ਛੋਟੇ ਵਪਾਰੀਆਂ, ਦੁਕਾਨਦਾਰਾਂ ਅਤੇ ਘਰੇਲੂ ਖਪਤਕਾਰਾਂ ਨੂੰ ਵੀ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਪ੍ਰਗਟਾਵਾ ਸੀਨੀਅਰ ਅਕਾਲੀ ਆਗੂ ਸਤਿੰਦਰ ਸਿੰਘ ਸੰਧੂ ਨੇ ਪੰਜਾਬ ਵਿੱਚ ਬਿਜਲੀ ਸਪਲਾਈ ਦੇ ਬਣੇ ਮਾੜੇ ਹਾਲਾਤ 'ਤੇ ਚਿੰਤਾ ਪ੍ਰਗਟ ਕਰਦਿਆਂ ਕੀਤਾ। ਉਨ੍ਹਾਂ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕਦਿਆਂ ਸਰਕਾਰ ਖ਼ਿਲਾਫ਼ ਰੋਸ ਜ਼ਾਹਰ ਕੀਤਾ।ਸਤਿੰਦਰ ਸਿੰਘ ਸੰਧੂ ਨੇ ਕਿਹਾ ਕਿ ਪਿੰਡਾਂ ਅਤੇ ਸ਼ਹਿਰਾਂ ਵਿੱਚ ਕਈ-ਕਈ ਘੰਟਿਆਂ ਦੇ ਬਿਜਲੀ ਕੱਟ ਲੱਗਣ ਕਾਰਨ ਲੋਕਾਂ ਦਾ ਰੋਜ਼ਾਨਾ ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਬਿਜਲੀ ਦੀ ਸਪਲਾਈ ਵਾਰ-ਵਾਰ ਬੰਦ ਹੋਣ ਅਤੇ ਘੱਟ ਵੋਲਟੇਜ ਦੀ ਸਮੱਸਿਆ ਕਾਰਨ ਘਰੇਲੂ ਉਪਕਰਨਾਂ ਦੇ ਨੁਕਸਾਨ ਦਾ ਵੀ ਡਰ ਬਣਿਆ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਗਰਮੀ ਦੇ ਮੌਸਮ ਵਿੱਚ ਬਿਜਲੀ ਦੇ ਲੰਬੇ ਕੱਟਾਂ ਕਾਰਨ ਬੱਚਿਆਂ, ਬਜ਼ੁਰਗਾਂ ਅਤੇ ਬਿਮਾਰ ਲੋਕਾਂ ਨੂੰ ਖਾਸ ਤੌਰ 'ਤੇ ਪ੍ਰੇਸ਼ਾਨੀ ਝੱਲਣੀ ਪੈ ਰਹੀ ਹੈ।ਉਨ੍ਹਾਂ ਕਿਹਾ ਕਿ ਬਿਜਲੀ ਦੀ ਮਾੜੀ ਸਪਲਾਈ ਦਾ ਸਭ ਤੋਂ ਵੱਧ ਅਸਰ ਕਿਸਾਨਾਂ 'ਤੇ ਪੈ ਰਿਹਾ ਹੈ। ਖੇਤਾਂ ਵਿੱਚ ਫਸਲਾਂ ਨੂੰ ਸਮੇਂ ਸਿਰ ਪਾਣੀ ਨਾ ਮਿਲਣ ਕਾਰਨ ਕਿਸਾਨਾਂ ਨੂੰ ਆਪਣੀਆਂ ਫਸਲਾਂ ਦੀ ਸਿੰਚਾਈ ਲਈ



ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੰਧੂ ਨੇ ਕਿਹਾ ਕਿ ਜਦੋਂ ਬਿਜਲੀ ਉਪਲਬਧ ਨਹੀਂ ਹੁੰਦੀ ਤਾਂ ਕਿਸਾਨਾਂ ਨੂੰ ਮਜਬੂਰਨ ਡੀਜ਼ਲ ਵਾਲੇ ਜਨਰੇਟਰਾਂ ਜਾਂ ਇੰਜਣਾਂ ਦੀ ਵਰਤੋਂ ਕਰਨੀ ਪੈਂਦੀ ਹੈ ।ਸੀਨੀਅਰ ਅਕਾਲੀ ਆਗੂ ਨੇ ਕਿਹਾ ਕਿ ਬਿਜਲੀ ਦੀ ਘਾਟ ਜਾਂ ਲੰਬੇ ਕੱਟਾਂ ਕਾਰਨ ਛੋਟੇ ਵਪਾਰੀਆਂ ਅਤੇ ਦੁਕਾਨਦਾਰਾਂ ਦਾ ਕਾਰੋਬਾਰ ਵੀ ਪ੍ਰਭਾਵਿਤ ਹੋ ਰਿਹਾ ਹੈ। ਬਿਜਲੀ 'ਤੇ ਨਿਰਭਰ ਛੋਟੇ ਕਾਰੋਬਾਰਾਂ ਵਿੱਚ ਕੰਮਕਾਜ ਰੁਕਣ ਕਾਰਨ ਵਪਾਰੀਆਂ ਨੂੰ ਆਰਥਿਕ ਨੁਕਸਾਨ ਝੱਲਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਦੇਣ ਦੇ ਕੀਤੇ ਜਾ ਰਹੇ ਦਾਅਵੇ ਜ਼ਮੀਨੀ ਪੱਧਰ 'ਤੇ ਖੋਖਲੇ ਸਾਬਤ ਹੋ ਰਹੇ ਹਨ।ਸੰਧੂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪਿੰਡਾਂ ਅਤੇ ਸ਼ਹਿਰਾਂ ਵਿੱਚ ਬਿਜਲੀ ਸਪਲਾਈ ਦੀ ਵਿਵਸਥਾ ਨੂੰ ਤੁਰੰਤ ਸੁਧਾਰਿਆ ਜਾਵੇ ਅਤੇ ਲੰਬੇ ਪਾਵਰ ਕੱਟਾਂ ਤੋਂ ਲੋਕਾਂ ਨੂੰ ਰਾਹਤ ਦਿੱਤੀ ਜਾਵੇ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਬਿਜਲੀ ਸਪਲਾਈ ਦੇ ਹਾਲਾਤ ਵਿੱਚ ਜਲਦ ਸੁਧਾਰ ਨਾ ਕੀਤਾ ਗਿਆ ਤਾਂ ਅਕਾਲੀ ਦਲ ਦੇ ਕਾਰਕੁੰਨ ਸਰਕਾਰ ਖ਼ਿਲਾਫ਼ ਸੰਘਰਸ਼ ਕਰਨ ਲਈ ਮਜਬੂਰ ਹੋਣਗੇ ।

# ਮੁਬਾਰਕਪੁਰ ਤੇ ਤ੍ਰਿਵੇਦੀ ਕੈਂਪ 'ਚ ਚਲਾਇਆ 'ਕਾਸੋ' ਅਪ੍ਰੇਸ਼ਨ, 4 ਲੋਕਾਂ 'ਤੇ ਮਾਮਲਾ ਦਰਜ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਜ਼ਿਲ੍ਹਾ ਐੱਸ.ਏ.ਐੱਸ. ਨਗਰ (ਮੋਹਾਲੀ) ਦੇ ਨਵ-ਨਿਯੁਕਤ ਸੀਨੀਅਰ ਪੁਲਸ ਕਪਤਾਨ (ਐੱਸ.ਐੱਸ.ਪੀ.) ਵਰੁਣ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸਮਾਜ ਵਿਰੋਧੀ ਅਨਸਰਾਂ ਅਤੇ ਨਸ਼ਿਆਂ ਖ਼ਿਲਾਫ਼ ਵਿਸ਼ੇਸ਼ ਮੁਹਿੰਮ ਵਿੱਢੀ ਗਈ ਹੈ। ਇਸੇ ਤਹਿਤ ਅੱਜ ਸਬ-ਡਿਵੀਜ਼ਨ ਡੇਰਾਬੱਸੀ ਅਧੀਨ ਪੈਂਦੇ ਮੁਬਾਰਕਪੁਰ ਅਤੇ ਤ੍ਰਿਵੇਦੀ ਕੈਂਪ ਖੇਤਰ ਵਿੱਚ ਪੁਲਸ ਵੱਲੋਂ ਵਿਸ਼ੇਸ਼ ਘੇਰਾਬੰਦੀ ਅਤੇ ਤਲਾਸ਼ੀ ਅਭਿਆਨ (ਕਾਸੋ ਅਪ੍ਰੇਸ਼ਨ) ਚਲਾਇਆ ਗਿਆ।ਇਸ ਅਪ੍ਰੇਸ਼ਨ ਦੀ ਅਗਵਾਈ ਡੀ.ਐੱਸ.ਪੀ. ਰਾਜੇਸ਼ ਹਸਤੀਰ ਨੇ ਕੀਤੀ। ਇਸ ਮੌਕੇ ਥਾਣਾ ਡੇਰਾਬੱਸੀ ਦੇ ਮੁਖੀ ਇੰਸਪੈਕਟਰ ਬਲਵਿੰਦਰ ਸਿੰਘ, ਥਾਣਾ ਲਾਲੜੂ ਤੇ ਥਾਣਾ ਹੰਡੇਸਰਾ ਦੇ ਮੁਖੀ ਅਤੇ ਮੁਬਾਰਕਪੁਰ ਪੁਲਸ ਚੌਂਕੀ ਦੇ ਇੰਚਾਰਜ ਕੁਲਵੰਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪੁਲਸ ਮੁਲਾਜ਼ਮ ਤਾਇਨਾਤ ਸਨ।ਪੁਲਸ ਟੀਮਾਂ ਨੇ ਪੂਰੇ ਇਲਾਕੇ ਦੀ ਘੇਰਾਬੰਦੀ ਕਰਕੇ ਸ਼ੱਕੀ ਵਿਅਕਤੀਆਂ, ਵਾਹਨਾਂ ਅਤੇ ਘਰਾਂ ਦੀ ਬਾਰੀਕੀ ਨਾਲ ਜਾਂਚ ਕੀਤੀ ।



ਮੁਬਾਰਿਕਪੁਰ ਚੌਂਕੀ ਇੰਚਾਰਜ ਕੁਲਵੰਤ ਸਿੰਘ ਨੇ ਦੱਸਿਆ ਕਿ ਜਾਂਚ ਦੌਰਾਨ ਨਸ਼ਾ ਕਰਨ ਦੇ ਆਦੀ ਚਾਰ ਸ਼ੱਕੀ ਵਿਅਕਤੀਆਂ ਖ਼ਿਲਾਫ਼ ਐੱਨ.ਡੀ.ਪੀ.ਐੱਸ. ਐਕਟ ਦੀ ਧਾਰਾ 27 ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਪੁਲਿਸ ਮੁਤਾਬਕ ਤਲਾਸ਼ੀ ਦੌਰਾਨ ਕੋਈ ਵੀ ਵਪਾਰਕ ਮਾਤਰਾ ਵਿੱਚ ਨਸ਼ੀਲਾ ਪਦਾਰਥ ਬਰਾਮਦ ਨਹੀਂ ਹੋਇਆ ।ਪੁਲਿਸ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਕਿ ਨਸ਼ਾ ਤਸਕਰਾਂ, ਸਮਾਜ ਵਿਰੋਧੀ ਅਨਸਰਾਂ ਅਤੇ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਵਿਅਕਤੀਆਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ ਅਤੇ ਇਹ ਕਾਰਵਾਈ ਅੱਗੇ ਵੀ ਜਾਰੀ ਰਹੇਗੀ।

# ਚੌਧਰੀ ਨੰਦ ਲਾਲ ਦੀ ਵਿਰਾਸਤ ਨੂੰ ਅੱਗੇ ਵਧਾਉਂਦਿਆਂ ਬਲਾਚੌਰ ਦੀ ਬਦਲਾਂਗੇ ਤਸਵੀਰ : ਸੁਖਬੀਰ ਬਾਦਲ

**ਬਲਾਚੌਰ (ਜਸਵਿੰਦਰ ਬੈਂਸ)**- ਬਲਾਚੌਰ ਦੀ ਦਾਣਾ ਮੰਡੀ ਉਸ ਵੇਲੇ ਸਿਆਸੀ ਸਰਗਰਮੀਆਂ ਦਾ ਕੇਂਦਰ ਬਣ ਗਈ, ਜਦੋਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਕਰਵਾਈ ਗਈ 'ਪੰਜਾਬ ਬਚਾਓ ਰੈਲੀ' ਵਿੱਚ ਹਲਕੇ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰ ਤੋਂ ਵੱਡੀ ਗਿਣਤੀ ਵਿੱਚ ਵਰਕਰ ਤੇ ਲੋਕ ਪਹੁੰਚੇ। ਰੈਲੀ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬਲਾਚੌਰ ਦੇ ਵਿਕਾਸ ਨੂੰ ਲੈ ਕੇ ਕਈ ਵੱਡੇ ਐਲਾਨ ਕਰਦਿਆਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਸਵਰਗੀ ਚੌਧਰੀ ਨੰਦ ਲਾਲ ਦੀ ਸੋਚ ਅਤੇ ਸੇਵਾ ਦੀ ਵਿਰਾਸਤ ਨੂੰ ਅੱਗੇ ਵਧਾਉਂਦਿਆਂ ਬਲਾਚੌਰ ਦੀ ਨੁਹਾਰ ਬਦਲੀ ਜਾਵੇਗੀ।ਸੁਖਬੀਰ ਬਾਦਲ ਨੇ ਸਵ. ਚੌਧਰੀ ਨੰਦ ਲਾਲ ਵੱਲੋਂ ਇਲਾਕੇ ਦੀ ਕੀਤੀ ਅਣਥੱਕ ਸੇਵਾ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਕਿਹਾ ਕਿ ਬਲਾਚੌਰ ਦੇ ਲੋਕਾਂ ਦੀਆਂ ਬੁਨਿਆਦੀ ਲੋੜਾਂ ਅਤੇ ਇਲਾਕੇ ਦੇ ਵਿਕਾਸ ਨੂੰ ਪਹਿਲ ਦੇ ਆਧਾਰ 'ਤੇ ਲਿਆ ਜਾਵੇਗਾ।ਰੈਲੀ ਦੌਰਾਨ ਸੁਖਬੀਰ ਸਿੰਘ ਬਾਦਲ ਨੇ ਹਲਕਾ ਬਲਾਚੌਰ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਲਈ ਕਈ ਵੱਡੇ ਪ੍ਰੋਜੈਕਟਾਂ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਪਠਾਨਕੋਟ ਤੋਂ ਰੋਪੜ ਤੱਕ ਕੰਢੀ ਖੇਤਰ ਦੇ ਨਾਲ-ਨਾਲ ਫੋਰ-ਲੇਨ ਹਾਈਵੇ ਬਣਾਇਆ ਜਾਵੇਗਾ ਅਤੇ ਕੰਢੀ ਕੈਨਾਲ ਪ੍ਰੋਜੈਕਟ ਨੂੰ ਪਹਿਲ ਦੇ ਆਧਾਰ 'ਤੇ ਮੁਕੰਮਲ ਕਰਕੇ ਖੇਤਾਂ ਤੱਕ ਸਿੰਚਾਈ ਦਾ ਪਾਣੀ ਪਹੁੰਚਾਇਆ ਜਾਵੇਗਾ।ਇਸ ਤੋਂ ਇਲਾਵਾ ਨਵਾਂਸ਼ਹਿਰ ਵਿੱਚ ਆਧੁਨਿਕ ਮੈਡੀਕਲ ਕਾਲਜ ਅਤੇ ਬਲਾਚੌਰ ਹਲਕੇ ਵਿੱਚ ਵੈਟਰਨਰੀ ਕਾਲਜ ਸਥਾਪਤ ਕਰਨ ਦਾ ਵੀ ਐਲਾਨ ਕੀਤਾ ਗਿਆ।ਖੇਤੀਬਾੜੀ ਸਬੰਧੀ ਗੱਲ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਕਿਸਾਨਾਂ ਨੂੰ ਟਿਊਬਵੈੱਲ ਕਨੈਕਸ਼ਨ ਪਹਿਲ ਦੇ ਆਧਾਰ 'ਤੇ ਦਿੱਤੇ ਜਾਣਗੇ



ਅਤੇ ਖੇਤੀਬਾੜੀ ਲਈ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਈ ਜਾਵੇਗੀ।ਨੌਜਵਾਨਾਂ ਨੂੰ ਆਪਣਾ ਕਾਰੋਬਾਰ ਸ਼ੁਰੂ ਕਰਨ ਲਈ 10 ਲੱਖ ਰੁਪਏ ਤੱਕ ਦਾ ਬਿਨਾਂ ਵਿਆਜ ਕਰਜ਼ਾ ਦੇਣ ਦਾ ਐਲਾਨ ਕਰਦਿਆਂ ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨਾ ਸਰਕਾਰ ਦੀ ਤਰਜੀਹ ਹੋਵੇਗੀ।ਸੁਖਬੀਰ ਬਾਦਲ ਨੇ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਲਈ ਸ਼ਗਨ ਸਕੀਮ ਦੀ ਰਾਸ਼ੀ ਵਧਾ ਕੇ 1 ਲੱਖ ਰੁਪਏ ਕੀਤੀ ਜਾਵੇਗੀ, ਜਦਕਿ ਬੁਢਾਪਾ ਪੈਨਸ਼ਨ 3100 ਰੁਪਏ ਪ੍ਰਤੀ ਮਹੀਨਾ ਕੀਤੀ ਜਾਵੇਗੀ।ਸੂਬੇ ਦੀ ਮੌਜੂਦਾ ਸਿਆਸੀ ਸਥਿਤੀ 'ਤੇ ਟਿੱਪਣੀ ਕਰਦਿਆਂ ਬਾਦਲ ਨੇ ਕਿਹਾ ਕਿ ਪੰਜਾਬ ਸਾਡਾ ਆਪਣਾ ਘਰ ਹੈ ਅਤੇ ਉਨ੍ਹਾਂ ਦੇ ਦਾਅਵੇ ਅਨੁਸਾਰ ਪੰਜਾਬ ਨੇ ਜਦੋਂ ਵੀ ਤਰੱਕੀ ਕੀਤੀ, ਉਹ ਅਕਾਲੀ ਦਲ ਦੀਆਂ ਸਰਕਾਰਾਂ ਦੇ ਸਮੇਂ ਹੋਈ।ਉਨ੍ਹਾਂ ਮੌਜੂਦਾ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਦੋਸ਼ ਲਾਇਆ ਕਿ ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਵਿਗੜੀ ਹੋਈ ਹੈ, ਵਿਕਾਸ ਕਾਰਜ ਠੱਪ ਹਨ ਅਤੇ ਸਿਆਸੀ ਬਦਲਾਖੋਰੀ ਤਹਿਤ ਵਿਰੋਧੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਰੈਲੀ ਦੌਰਾਨ ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ, ਸਾਬਕਾ ਡੀਐੱਸਪੀ ਸਤਨਾਮ ਸਿੰਘ, ਸੁਰਜੀਤ ਕੋਹਲੀ, ਬਿਮਲ ਕੁਮਾਰ, ਆਕਾਸ਼ਦੀਪ, ਹਜ਼ੂਰਾ ਸਿੰਘ ਪੈਲੀ, ਤਰਲੋਚਨ ਸਿੰਘ ਰੱਕੜ, ਗੁਰਪ੍ਰੀਤ ਗੁੱਜਰ, ਦਿਲਾਵਰ ਦਿੱਲੀ, ਦਲਜੀਤ ਸਿੰਘ ਮਾਨੇਵਾਲ, ਠੇਕੇਦਾਰ ਮਦਨ ਲਾਲ, ਰਾਜੂ ਮਾਜਰਾ, ਰਾਣਾ ਰਣਦੀਪ ਕੌਸ਼ਲ, ਸੋਢੀ ਸਿੰਘ ਮੰਡੇਰ, ਸੁੱਚਾ ਸਿੰਘ ਮਿਢਿਆਣੀ, ਸੁੱਚਾ ਸਿੰਘ ਸੜੋਆ, ਸ਼ਮੀ ਜਲਾਲਪੁਰ, ਬਗੀਚਾ ਸਿੰਘ ਰੱਕੜ, ਪਰਮ ਖਾਲਸਾ, ਮੋਹਨ ਸਿੰਘ ਸਰਪੰਚ ਗੜ੍ਹੀ, ਰਾਣਾ ਲੰਬੜਦਾਰ ਜਗਤਪੁਰ, ਬੱਬੂ ਬੂਥਗੜ੍ਹ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਅਤੇ ਲੋਕ ਹਾਜ਼ਰ ਸਨ।ਰੈਲੀ ਦੇ ਅੰਤ ਵਿੱਚ ਹਲਕਾ ਇੰਚਾਰਜ ਹਨੀ ਟੌਂਸਾ, ਡਾ. ਦਲਜੀਤ ਸਿੰਘ ਚੀਮਾ ਅਤੇ ਹੋਰ ਆਗੂਆਂ ਵੱਲੋਂ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਰੈਲੀ ਵਿੱਚ ਪਹੁੰਚੀ ਸੰਗਤ ਦਾ ਧੰਨਵਾਦ ਕੀਤਾ ਗਿਆ।

# ਸ਼ੇਰੋਂ ਖੰਡ ਮਿੱਲ ਮੋਰਚੇ ਦੇ 115ਵੇਂ ਦਿਨ ਬਿਜਲੀ ਦੇ ਕੱਟਾਂ ਖਿਲਾਫ ਭੜਕੇ ਕਿਸਾਨ ਆਗੂ

ਤਰਨ ਤਾਰਨ (ਨ ਜ਼ ਸ)-ਸ਼ੇਰੋਂ ਖੰਡ ਮਿੱਲ ਮੋਰਚੇ ਦੇ 115ਵੇਂ ਦਿਨ ਸਯੁੰਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਪਾਵਰਕਾਮ ਵੱਲੋਂ ਬਿਜਲੀ ਦੇ ਲਗਾਏ ਜਾ ਰਹੇ ਲੰਮੇ ਕੱਟਾਂ ਖਿਲਾਫ਼ ਜੋਰਦਾਰ ਗੁੱਸੇ ਦਾ ਪ੍ਰਗਟਾਵਾ ਕੀਤਾ।ਇਸ ਮੌਕੇ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਹਰਜਿੰਦਰ ਸਿੰਘ ਟਾਂਡਾ, ਤਰਸੇਮ ਸਿੰਘ ਲੁਹਾਰ, ਮਨਜੀਤ ਸਿੰਘ ਬੱਗੂ, ਦਵਿੰਦਰ ਸੋਹਲ, ਜੱਸਾ ਸਿੰਘ ਕੱਦਗਿੱਲ, ਡਾਕਟਰ ਇੰਦਰਜੀਤ ਸਿੰਘ ਮਰਹਾਣਾ, ਨਛੱਤਰ ਸਿੰਘ ਪਨੂੰ ਆਦਿ ਨੇ ਕਿਹਾ ਕਿ ਪਾਵਰਕਾਮ ਵੱਲੋਂ ਸੂਬੇ ਭਰ ਵਿੱਚ ਬਿਜਲੀ ਦੇ ਲੰਮੇ-ਲੰਮੇ ਕੱਟ ਲਗਾ ਕੇ ਕਿਸਾਨਾਂ ਦੀ ਪੁੱਤਾਂ ਵਾਂਗ ਪਾਲ ਕੇ ਤਿਆਰ ਕੀਤੀ ਝੋਨੇ ਦੀ ਫ਼ਸਲ ਦਾ ਬਹੁਤ ਤੇਜ਼ ਗਰਮੀ ਦੇ ਚਲਦਿਆਂ ਭਾਰੀ ਨੁਕਸਾਨ ਕੀਤਾ ਜਾ ਰਿਹਾ ਹੈ ਜਿਸ ਦੇ ਖਿਲਾਫ ਸੰਯੁਕਤ ਕਿਸਾਨ ਮੋਰਚੇ ਦੇ ਸੂਬਾ ਪੱਧਰੀ ਸੱਦੇ ਤੇ 14 ਸਤੰਬਰ ਦਿਨ ਸੋਮਵਾਰ ਨੂੰ ਪਾਵਰਕਾਮ ਦੇ ਸਥਾਨਕ ਐੱਸ ਈ ਦਫਤਰ ਦੇ ਬਾਹਰ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਰੋਸ ਧਰਨਾ ਲਗਾ ਕੇ ਪ੍ਰਦਰਸ਼ਨ ਕੀਤਾ ਜਾਵੇਗਾ।ਕਿਸਾਨ ਆਗੂਆਂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਆਪਣੀ ਗੱਦੀ ਪੱਕੀ ਕਰਨ ਲਈ ਅਦਾਰੇ ਵਿੱਚ ਗਲਤ ਨੀਤੀਆਂ ਲਾਗੂ ਕਰਕੇ ਪਬਲਿਕ ਸੈਕਟਰ ਦੇ ਵੱਡੇ ਮਹਿਕਮੇ ਪਾਵਰਕਾਮ ਨੂੰ ਤਬਾਹ ਹੋਣ ਦੇ ਕੰਢੇ ਖੜ੍ਹਾ ਕਰ ਦਿੱਤਾ ਹੈ। ਇਸ ਮੌਕੇ ਕਿਸਾਨ ਆਗੂ ਸੁਖਦੇਵ ਸਿੰਘ ਤੁੜ, ਰੇਸ਼ਮ ਸਿੰਘ ਫੈਲੋਕੇ, ਗੁਰਪ੍ਰੀਤ ਸਿੰਘ ਗੰਡੀਵਿੰਡ, ਗੁਰਚਰਨ ਸਿੰਘ ਸਭਰਾ, ਜਸਬੀਰ ਸਿੰਘ ਨਿੱਝਰਪੁਰਾ, ਮੁਖਵਿੰਦਰ ਸਿੰਘ ਫੈਲੋਕੇ, ਮੰਗਲ ਸਿੰਘ, ਕੇਹਰ ਸਿੰਘ, ਸੁਖਬਾਜ ਸਿੰਘ ਸਿੱਧੂ ਆਦਿ ਨੇ ਮਾਨ ਸਰਕਾਰ ਕੋਲੋਂ ਮੰਗ ਕੀਤੀ ਕਿ ਬਿਜਲੀ ਸਪਲਾਈ ਦੇ ਘਟੀਆ ਪ੍ਰਬੰਧਾਂ ਨੂੰ ਤੁਰੰਤ ਠੀਕ ਕਰਨ ਉਪਰੰਤ ਲਗਾਏ ਜਾ ਰਹੇ ਲੰਮੇ ਕੱਟ ਖਤਮ ਕਰਕੇ ਝੋਨੇ ਦੀ ਫ਼ਸਲ ਲਈ ਘੱਟੋ ਘੱਟ 10 ਘੰਟੇ ਅਤੇ ਗਰਮੀ ਦੇ ਮੌਸਮ ਦੇ ਮੱਦੇਨਜ਼ਰ 24 ਘੰਟੇ ਘਰੇਲੂ ਬਿਜਲੀ ਸਪਲਾਈ ਨਿਰਵਿਘਨ ਦਿੱਤੀ ਜਾਵੇ।ਆਗੂਆਂ ਨੇ ਸ਼ੇਰੋਂ ਖੰਡ ਮਿੱਲ ਚਾਲੂ ਕਰਨ ਲਈ ਲਗਾਏ ਪੱਕੇ ਮੋਰਚੇ ਦੀ ਗੂੰਜ ਚੰਡੀਗੜ੍ਹ ਮੋਰਚੇ ਵਿੱਚ ਪੈਣ ਅਤੇ ਸੰਯੁਕਤ ਕਿਸਾਨ ਮੋਰਚੇ ਦੀ ਲੀਡਰਸ਼ਿਪ ਵੱਲੋਂ ਖੰਡ ਮਿੱਲ ਦੇ ਮਸਲੇ ਨੂੰ ਏਜੰਡਾ ਬਣਾ ਕੇ ਕੈਬਨਿਟ ਮੰਤਰੀਆਂ ਅੱਗੇ ਰੱਖਣ ਲਈ ਸੂਬਾ ਲੀਡਰਸ਼ਿਪ ਦਾ ਧੰਨਵਾਦ ਕੀਤਾ।

## ਟੈਂਡਰ ਨੋਟਿਸ

ਇੱਛਕ ਪਾਰਟੀਆਂ/ਫਰਮਾਂ ਪਾਸੋਂ ਸੀ ਐੱਚ ਸੀ ਸ਼ਾਮ ਚੁਰਾਸੀ, ਜ਼ਿਲ੍ਹਾ ਹੁਸ਼ਿਆਰਪੁਰ ਵਾਸਤੇ 35KVA LIQUID COLLED SILENT DG SET (SINGLE PHASE, CPCB 4+NORMS COMPLIANT, A TYPE ASAS PANEL) MEDICINE, HOMEOPATHIC MEDICINE, DENTAL MATERIAL, LAB REAGENT ਵਾਸਤੇ ਸੀਲਡ ਟੈਂਡਰ ਦੀ ਮੰਗ ਕੀਤੀ ਜਾਂਦੀ ਹੈ। ਇਹ ਟੈਂਡਰ ਮਿਤੀ 25-09-2026 ਤੱਕ ਨਿਮਨਹਸਤਾਖਰ ਦੇ ਦਫਤਰ ਵਿੱਚ ਪਹੁੰਚ ਜਾਣੇ ਚਾਹੀਦੇ ਹਨ। ਆਈਟਮਜ਼ ਦੀ ਲਿਸਟ ਅਤੇ ਸਪੈਸੀਫਿਕੇਸ਼ਨ ਨਿਮਨਹਸਤਾਖਰ ਪਾਸੋਂ ਕਿਸੇ ਵੀ ਕੰਮ ਵਾਲੇ ਦਿਨ ਲਈ ਜਾ ਸਕਦੀ ਹੈ। ਇਹ ਟੈਂਡਰ ਮਿਤੀ 05-10-2026 ਨੂੰ ਦਿਨ ਦੇ 12 ਵਜੇ ਟੈਂਡਰਕਾਰਾਂ ਦੇ ਸਾਹਮਣੇ ਖੋਲ੍ਹੇ ਜਾਣਗੇ।

ਨਿਮਨਹਸਤਾਖਰ ਕੋਲ ਟੈਂਡਰ ਰੱਦ ਕਰਨ ਦਾ ਅਧਿਕਾਰ ਰਾਖਵਾਂ ਹੋਵੇਗਾ।

ਸਹੀ/- ਸੀਨੀਅਰ ਮੈਡੀਕਲ ਅਫਸਰ,
ਜ਼ਿਲ੍ਹਾ ਹੁਸ਼ਿਆਰਪੁਰ

# ਰੱਤੜ-ਛੱਤੜ ਦਾ ਸਾਲਾਨਾ ਤਿੰਨ ਰੋਜ਼ਾ ਮੇਲਾ ਅਮਿੱਟ ਯਾਦਾਂ ਛੱਡਦਾ ਸੰਪੰਨ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਰੱਤੜ ਛੱਤੜ ਵਿਖੇ ਐੱਨ ਆਰ ਆਈ ਸੰਤ ਪਰਿਵਾਰ ਦੇ ਮੁੱਖੀ ਸੰਤ ਗੁਰਚਰਨ ਸਿੰਘ ਚੀਮਾ ਮੁੱਖ ਸੇਵਾਦਾਰ ਦਰਗਾਹ ਬਾਬਾ ਪੀਰ ਅਮਾਮ ਸ਼ਾਹ ਜੀ (ਰੋਜ਼ਾ ਸ਼ਰੀਫ਼) ਦੀ ਅਗਵਾਈ ਹੇਠ ਕਰਵਾਇਆ ਗਿਆ ਸਾਲਾਨਾ ਤਿੰਨ ਰੋਜ਼ਾ ਪੰਜਾਬੀ ਸੱਭਿਆਚਾਰਕ, ਸੂਫੀਆਨਾ ਤੇ ਖੇਡ ਮੇਲਾ ਆਪਣੀਆਂ ਅਮਿੱਟ ਯਾਦਾਂ ਛੱਡਦਾ ਹੋਇਆ ਸੰਪੰਨ ਹੋ ਗਿਆ।



ਮੇਲੇ ਦੇ ਆਖਰੀ ਦਿਨ ਪੀਰ ਬਾਬਾ ਅਮਾਨ ਸ਼ਾਹ ਦੀ ਦਰਗਾਹ ਤੇ ਸੰਤ ਪਰਿਵਾਰ ਵੱਲੋਂ ਸੂਫੀਆਨਾ ਮਹਿਫਲ ਸਜਾਈ ਗਈ ਜਿਸ ਵਿੱਚ ਪੰਜਾਬ ਦੇ ਮਸ਼ਹੂਰ ਕਵਾਲ ਮਨਜੀਤ ਸ਼ੌਕੀ, ਰਫ਼ੀਕ ਸਾਬਰੀ, ਜਸ਼ਨ ਕਾਠੀਆਂ ਚਿਸ਼ਤੀ ਰਮਦਾਸ ਕਵਾਲ ਗਰੁੱਪ ਨੇ ਪੀਰਾਂ ਫਕੀਰਾਂ ਨੂੰ ਸਿਜਦਾ ਕੀਤਾ।

ਇਸ ਮੌਕੇ ਮੇਲਾ ਪ੍ਰਬੰਧਕਾ ਵੱਲੋਂ ਮੇਲੇ ਵਿੱਚ ਆਈਆ ਪ੍ਰਮੁੱਖ ਸ਼ਖਸ਼ੀਅਤਾਂ ਨੂੰ ਦੁਸ਼ਾਲੇ ਤੇ ਸਨਮਾਨ ਚਿੰਨ੍ਹ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸਤਵੰਤ ਸਿੰਘ ਸਵਿਟਜ਼ਰਲੈਂਡ, ਜਗਜੀਤ ਸਿੰਘ ਇਟਲੀ, ਕੁਲਤਾਰ ਸਿੰਘ ਯੂ ਐੱਸ ਏ, ਜਗਜੀਤ ਸਿੰਘ, ਜ਼ੋਰਾਵਰ ਸਿੰਘ ਤੇ ਅੰਮ੍ਰਿਤ ਸਿੰਘ ਸਵਿਟਜ਼ਰਲੈਂਡ, ਪ੍ਰਸ਼ੰਨ ਸਿੰਘ ਸੰਧੂ ਅਸਟਰੀਆ, ਹਰਭਜਨ ਸਿੰਘ ਚੀਮਾ ਮੇਲਾ ਪ੍ਰਬੰਧਕ, ਦਤਾਰ ਸਿੰਘ ਚੀਮਾ, ਕਰਨ ਚੀਮਾ, ਫ਼ਕੀਰ ਮੁਹੰਮਦ ਰਫੀ ਮਸਾਨੀਆਂ, ਇਕਬਾਲ ਮੁਹੰਮਦ ਮਸਾਨੀਆਂ, ਸੰਤ ਜਗਦੀਪ ਸਿੰਘ ਕਠਿਆਲਾ, ਜਗਜੀਤ ਸਿੰਘ (ਜੱਗਾ) ਫੌਜੀ, ਗੁਰਬਚਨ ਸਿੰਘ ਫੌਜੀ, ਰਵਿੰਦਰ ਸਿੰਘ ਹੈਪੀ, ਸਬ ਇੰਸਪੈਕਟਰ ਤਰਲੋਕ ਸਿੰਘ, ਸੰਜੀਵ ਕੁਮਾਰ ਮੋਨੂੰ, ਤੇਜਿੰਦਰ ਸਿੰਘ, ਸਤਨਾਮ ਸਿੰਘ, ਹਰਜੀਤ ਸਿੰਘ, ਗੁਰਪ੍ਰੀਤ ਸਿੰਘ, ਲੰਬੜਦਾਰ ਸਤਨਾਮ ਸਿੰਘ, ਦਵਿੰਦਰ ਸਿੰਘ ਸ਼ੇਰਾ ਬੇਗੋਵਾਲ, ਚੰਦਰਕਾਤ ਸ਼ਰਮਾ ਬੇਗੋਵਾਲ, ਸਰਪੰਚ ਲੱਖਾ ਸਿੰਘ ਗੋਲਾ ਢੋਲਾ, ਜਸਪਾਲ ਸਿੰਘ, ਜੱਸਾ, ਸਤਨਾਮ ਸਿੰਘ ਠੇਠਰਕੇ, ਜਗਜੀਤ ਸਿੰਘ ਠੇਠਰਕੇ, ਮੈਂਬਰ ਸੰਪੂਰਨ ਸਿੰਘ, ਝਿਰਮਲ ਸਿੰਘ, ਸਵਰਨ ਸਿੰਘ, ਸੂਬੇਦਾਰ ਚਰਨਜੀਤ ਸਿੰਘ, ਜਸਪਾਲ ਸਿੰਘ, ਗੁਲਜ਼ਾਰ ਸਿੰਘ, ਗੁਰਦੀਪ ਸਿੰਘ ਲਾਡਾ ਤੋਂ ਇਲਾਵਾ ਪਿੰਡ ਅਤੇ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ।

## ਪਬਲਿਕ ਨੋਟਿਸ

ਇਸ ਪਬਲਿਕ ਨੋਟਿਸ ਰਾਹੀਂ ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਗਰ ਕੌਂਸਲ ਗੋਨਿਆਣਾ ਦੇ ਰਿਕਾਰਡ ਪ੍ਰਾਪਰਟੀ ਨੰਬਰ ਬੀ-02-00036 [illegible] ਕੁਮਾਰ ਪੁੱਤਰ ਵਾਰਸ ਹਨ। ਹੁਣ ਸੁਰੇਸ਼ ਕੁਮਾਰ ਪੁੱਤਰ ਸਾਧੂ ਰਾਮ ਵਾਸੀ ਗੋਨਿਆਣਾ ਮੰਡੀ ਜ਼ਿਲ੍ਹਾ ਬਠਿੰਡਾ ਵੱਲੋਂ ਆਪਣੀ ਪਤਨੀ ਆਸ਼ਾ ਦੀ ਮੌਤ ਦਾ ਸਰਟੀਫੀਕੇਟ ਅਤੇ ਵਾਰਸਾਂ ਵੱਲੋਂ ਦਿੱਤੇ ਗਏ ਸਵੈਘੋਸ਼ਣਾ ਪੱਤਰ ਅਤੇ ਵਾਰਸਾਂ ਸੰਬੰਧੀ ਤਹਿਸੀਲਦਾਰ ਬਠਿੰਡਾ ਵੱਲੋਂ ਜਾਰੀ ਸਰਟੀਫਿਕੇਟ ਦੀ ਕਾਪੀ ਨਾਲ ਨੱਥੀ ਕਰਕੇ ਅਤੇ ਬਾਕੀ ਦੇ 2 ਕਾਨੂੰਨੀ ਵਾਰਸਾਂ ਵੱਲੋਂ ਮੇਰੇ ਹੱਕ ਵਿੱਚ ਦਿੱਤੇ ਗਏ ਘੋਸ਼ਣਾ ਪੱਤਰ, ਜਿਸ ਵਿੱਚ ਲਿਖਿਆ ਹੈ ਕਿ ਉਕਤ ਪ੍ਰਾਪਰਟੀ ਵਿੱਚੋਂ ਸਾਡਾ ਬਣਦਾ ਹਿੱਸਾ ਸਾਡੇ ਪਿਤਾ ਸੁਰੇਸ਼ ਕੁਮਾਰ ਪੁੱਤਰ ਸਾਧੂ ਰਾਮ ਦੇ ਨਾਂਅ 'ਤੇ ਤਬਦੀਲ ਕਰਨ ਲਈ ਲਿਖਿਆ ਹੈ ਤੇ ਨਾਲ ਨੱਥੀ ਕਰਕੇ ਬੇਨਤੀ ਕੀਤੀ ਹੈ ਕਿ ਉਕਤ ਪ੍ਰਾਪਰਟੀ ਸੁਰੇਸ਼ ਕੁਮਾਰ ਪੁੱਤਰ ਸਾਧੂ ਰਾਮ ਦੇ ਨਾਂਅ 'ਤੇ ਆਸ਼ਾ ਪਤਨੀ ਸੁਰੇਸ਼ ਕੁਮਾਰ 1/2 ਦਾ ਹਿੱਸਾ ਤਬਦੀਲ ਕੀਤੀ ਜਾਵੇ। ਸੁਰੇਸ਼ ਕੁਮਾਰ ਪੁੱਤਰ ਸਾਧੂ ਰਾਮ ਵੱਲੋਂ ਦਿੱਤੇ ਦਸਤਾਵੇਜ਼ ਨੂੰ ਮੁੱਖ ਰੱਖਦੇ ਹੋਏ ਇਹ ਉਕਤ ਪ੍ਰਾਪਰਟੀ ਦੀ ਮਲਕੀਅਤ ਤਬਦੀਲ ਕੀਤੀ ਜਾਵੇ। ਜੇਕਰ ਇਸ ਤਬਦੀਲੀ ਸੰਬੰਧੀ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਇਸ ਇਸ਼ਤਿਹਾਰ ਦੇ ਅਖਬਾਰ ਵਿੱਚ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਸਬੂਤਾਂ ਸਮੇਤ ਦਫਤਰ ਨਗਰ ਕੌਂਸਲ ਵਿਖੇ ਪੇਸ਼ ਕਰ ਸਕਦਾ ਹੈ। ਮਿਆਦ ਗੁਜ਼ਰਨ ਤੋਂ ਬਾਅਦ ਕੋਈ ਵੀ ਇਤਰਾਜ਼ ਨਹੀਂ ਸੁਣਿਆ ਜਾਵੇਗਾ ਅਤੇ ਉਕਤ ਪ੍ਰਾਪਰਟੀ ਸੁਰੇਸ਼ ਕੁਮਾਰ ਪੁੱਤਰ ਸਾਧੂ ਰਾਮ ਦੇ ਨਾਂਅ ਤਬਦੀਲ ਕਰ ਦਿੱਤੀ ਜਾਵੇਗੀ।

ਪ੍ਰੰਤੂ ਫਿਰ ਵੀ ਇਹ ਤਬਦੀਲ ਮਲਕੀਅਤ ਦੇ ਸਬੂਤ ਵਜੋਂ ਮੰਨਣਯੋਗ ਨਹੀਂ ਹੋਵੇਗੀ ਅਤੇ ਨਾ ਹੀ ਇਹ ਦਸਤਾਵੇਜ਼ ਤੁਹਾਨੂੰ ਇਸ ਪ੍ਰਾਪਰਟੀ ਦਾ ਮਾਲਕ ਘੋਸ਼ਿਤ ਕਰਦੇ ਹਨ।

ਸਹੀ/- ਕਾਰਜ ਸਾਧਕ ਅਫਸਰ, ਨਗਰ ਕੌਂਸਲ, ਗੋਨਿਆਣਾ।

# ਨਸ਼ੀਲੀਆਂ ਗੋਲੀਆਂ ਸਮੇਤ ਨੌਜਵਾਨ ਕਾਬੂ

ਫਿਲਵਾਂ (ਪਲਵਿੰਦਰ ਸਿੰਘ ਜੈ ਰਾਮਪੁਰ)-ਥਾਣਾ ਫਿਲਵਾਂ ਦੀ ਪੁਲਸ ਨੇ 20 ਨਸ਼ੀਲੀਆਂ ਗੋਲੀਆਂ ਸਮੇਤ ਇੱਕ ਨੌਜਵਾਨ ਨੂੰ ਕਾਬੂ ਕੀਤਾ ਹੈ। ਥਾਣਾ ਮੁਖੀ ਫਿਲਵਾਂ ਜਸਦੀਪ ਸਿੰਘ ਨੇ ਦੱਸਿਆ ਕਿ ਸਬ ਇੰਸਪੈਕਟਰ ਕੁਲਦੀਪ ਸਿੰਘ, ਏਐੱਸਆਈ ਮੁਰਤਾ ਸਿੰਘ, ਸਿਪਾਹੀ ਮੁਖਵਿੰਦਰ ਸਿੰਘ, ਸਿਪਾਹੀ ਮੇਜਰ ਸਿੰਘ ਥਾਣਾ ਫਿਲਵਾਂ ਤੋਂ ਇਲਾਕਾ ਗਸ਼ਤ ਰਵਾਨਾ ਸੀ। ਪਿੰਡ ਸੰਗੋਜਲਾ ਤੋਂ ਮੰਡ ਸੰਗੋਜਲਾ ਧੁੱਸੀ ਬੰਨ੍ਹ 'ਤੇ ਇੱਕ ਨੌਜਵਾਨ ਸ਼ੱਕੀ ਹਾਲਤ ਵਿੱਚ ਖੜ੍ਹਾ ਦਿਖਾਈ ਦਿੱਤਾ। ਐੱਸ. ਆਈ. ਵੱਲੋਂ ਸਾਥੀ ਕਰਮਚਾਰੀ ਦੀ ਮਦਦ ਨਾਲ ਕਾਬੂ ਕਰਕੇ ਨਾਮ ਪਤਾ ਪੁੱਛਿਆ ਜਿਸ 'ਤੇ ਨੌਜਵਾਨ ਨੇ ਆਪਣਾ ਨਾਮ ਲਵਪ੍ਰੀਤ ਸਿੰਘ ਉਰਫ ਲਵ ਪੁੱਤਰ ਕੁਲਵੀਰ ਸਿੰਘ ਵਾਸੀ ਸੰਗੋਜਲਾ ਥਾਣਾ ਫਿਲਵਾਂ ਜ਼ਿਲ੍ਹਾ ਕਪੂਰਥਲਾ ਦੱਸਿਆ। ਐੱਸ. ਆਈ. ਨੇ ਸਾਥੀ ਕਰਮਚਾਰੀਆਂ ਦੀ ਹਾਜ਼ਰੀ ਵਿੱਚ ਲਵਪ੍ਰੀਤ ਸਿੰਘ ਉਰਫ ਲਵ ਤੋਂ 20 ਨਸ਼ੀਲੀਆਂ ਗੋਲੀਆਂ ਰੰਗ ਸੰਤਰੀ ਬਰਾਮਦ ਕੀਤੀਆਂ। ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



# ਕਾਂਗਰਸ ਦੀ ਮੈਨੀਫੈਸਟੋ ਕਮੇਟੀ ਨੇ ਹਰ ਵਰਗ ਤੋਂ ਪੁੱਛੀਆਂ ਸਮੱਸਿਆਵਾਂ

ਛੇਹਰਟਾ, (ਮਨੋਜ ਕੁਮਾਰ) : ਪੰਜਾਬ ਵਿਧਾਨ ਸਭਾ ਚੋਣਾਂ 2027 ਨੂੰ ਲੈ ਕੇ ਕਾਂਗਰਸ ਨੇ ਚੋਣ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਪਾਰਟੀ ਵੱਲੋਂ ਚੋਣ ਮੈਨੀਫੈਸਟੋ ਤਿਆਰ ਕਰਨ ਤੋਂ ਪਹਿਲਾਂ ਹਰ ਜ਼ਿਲ੍ਹੇ ਵਿੱਚ ਫੀਲਡ ਵਿੱਚ ਉਤਰ ਕੇ ਲੋਕਾਂ ਦੀ ਰਾਏ ਲਈ ਜਾ ਰਹੀ ਹੈ।



ਇਸੇ ਤਹਿਤ ਕਾਂਗਰਸ ਦੀ ਚੋਣ ਮੈਨੀਫੈਸਟੋ ਕਮੇਟੀ ਵੱਲੋਂ ਅੰਮ੍ਰਿਤਸਰ ਵਿੱਚ ਫੀਲਡ ਮੀਟਿੰਗ ਕੀਤੀ ਗਈ। ਇਸ ਦੌਰਾਨ ਕਾਂਗਰਸੀ ਵਰਕਰਾਂ ਤੋਂ ਇਲਾਵਾ ਉਦਯੋਗਪਤੀਆਂ, ਵਪਾਰੀਆਂ ਤੇ ਵੱਖ-ਵੱਖ ਵਰਗਾਂ ਨਾਲ ਜੁੜੇ ਲੋਕਾਂ ਤੋਂ ਪੰਜਾਬ ਤੇ ਅੰਮ੍ਰਿਤਸਰ ਨਾਲ ਸੰਬੰਧਤ ਸਮੱਸਿਆਵਾਂ ਤੇ ਉਨ੍ਹਾਂ ਦੀਆਂ ਉਮੀਦਾਂ ਬਾਰੇ ਰਾਏ ਲਈ ਗਈ। ਬੈਠਕ 'ਚ ਮੈਨੀਫੈਸਟੋ ਕਮੇਟੀ ਦੇ ਚੇਅਰਮੈਨ ਡਾ. ਅਮਰ ਸਿੰਘ, ਕਮੇਟੀ ਮੈਂਬਰ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ, ਵਿਧਾਇਕ ਪ੍ਰਗਟ ਸਿੰਘ, ਵਿਧਾਇਕ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ, ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ ਮੌਜੂਦ ਰਹੇ। ਅੰਮ੍ਰਿਤਸਰ ਪੁੱਜੇ ਕਮੇਟੀ ਦੇ ਮੈਂਬਰਾਂ ਨੇ ਸਭ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ। ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਨੇ ਦੱਸਿਆ ਕਿ ਮੈਨੀਫੈਸਟੋ ਕਮੇਟੀ ਦੀਆਂ ਦੋ ਮੀਟਿੰਗਾਂ ਪਹਿਲਾਂ ਚੰਡੀਗੜ੍ਹ ਵਿਚ ਹੋ ਚੁੱਕੀਆਂ ਹਨ। ਹੁਣ ਕਮੇਟੀ ਵੱਲੋਂ ਫੀਲਡ ਵਿਚ ਜਾ ਕੇ ਸਿੱਧਾ ਲੋਕਾਂ ਦੀ ਰਾਏ ਲੈਣ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਅੰਮ੍ਰਿਤਸਰ ਵਿਚ ਹੋਈ ਮੀਟਿੰਗ ਇਸ ਮੁਹਿੰਮ ਤਹਿਤ ਪਹਿਲੀ ਵੱਡੀ ਫੀਲਡ ਮੀਟਿੰਗ ਹੈ। ਚੋਣ ਮੈਨੀਫੈਸਟੋ ਕਮੇਟੀ ਦੇ ਚੇਅਰਮੈਨ ਡਾ. ਅਮਰ ਸਿੰਘ ਬੋਪਾਰਾਏ ਨੇ ਕਿਹਾ ਕਿ ਇਸ ਵਾਰ ਕਾਂਗਰਸ ਦਾ ਮੈਨੀਫੈਸਟੋ ਲੋਕਾਂ ਕੋਲੋਂ ਪੁੱਛ ਕੇ ਤਿਆਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਦਯੋਗਪਤੀਆਂ, ਵਪਾਰੀਆਂ, ਕਿਸਾਨਾਂ, ਮਜ਼ਦੂਰਾਂ, ਪੱਤਰਕਾਰਾਂ, ਰਿਕਸ਼ਾ ਚਾਲਕਾਂ, ਹੋਟਲ ਕਾਰੋਬਾਰੀਆਂ ਸਮੇਤ ਹਰ ਵਰਗ ਤੋਂ ਪੁੱਛਿਆ ਜਾ ਰਿਹਾ ਹੈ ਕਿ ਉਹ ਸਰਕਾਰ ਤੋਂ ਕੀ ਉਮੀਦ ਰੱਖਦੇ ਹਨ ਅਤੇ ਕਿਹੜੀਆਂ ਸਮੱਸਿਆਵਾਂ ਦਾ ਹੱਲ ਚਾਹੁੰਦੇ ਹਨ। ਵਰਕਰਾਂ ਨੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਕਾਨੂੰਨ-ਵਿਵਸਥਾ ਸਮੇਤ ਵੱਖ-ਵੱਖ ਮੁੱਦਿਆਂ 'ਤੇ ਆਪਣਾ ਰੋਸ ਜ਼ਾਹਰ ਕੀਤਾ।

# ਮਾਡਲ ਟਾਊਨ 'ਚ ਗੋਲੀ ਚਲਾਉਣ ਵਾਲੇ ਮੁਲਜ਼ਮ ਕਾਬੂ

*** ਦੇਸੀ ਪਿਸਤੌਲ, ਮੈਗਜ਼ੀਨ ਤੇ ਜ਼ਿੰਦਾ ਰੌਂਦ 32 ਬੋਰ ਬਰਾਮਦ**

ਜਲੰਧਰ (ਸ਼ੈਲੀ ਐਲਬਰਟ)-ਸਤਿੰਦਰ ਸਿੰਘ ਕਮਿਸ਼ਨਰ ਪੁਲਸ ਜਲੰਧਰ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਆਦਿੱਤਿਆ ਐੱਸ. ਵਾਰੀਅਰ, ਡੀ. ਸੀ. ਪੀ. (ਸਿਟੀ), ਜਲੰਧਰ, ਮਨਪ੍ਰੀਤ ਸਿੰਘ ਢਿੱਲੋਂ, ਮਾਧਵੀ ਸ਼ਰਮਾ ਵਧੀਕ ਡਿਪਟੀ ਕਮਿਸ਼ਨਰ ਪੁਲਸ-2 ਜਲੰਧਰ ਅਤੇ ਮਨਮੋਹਨ ਸਿੰਘ ਸਹਾਇਕ ਕਮਿਸ਼ਨਰ ਪੁਲਸ ਮਾਡਲ ਟਾਊਨ ਜਲੰਧਰ ਦੀ ਨਿਗਰਾਨੀ ਹੇਠ ਗਠਿਤ ਵੱਖ-ਵੱਖ ਟੀਮਾਂ ਦੁਆਰਾ ਮਾਡਲ ਟਾਊਨ ਦੇ ਇਲਾਕੇ ਵਿੱਚ ਗੋਲੀ ਚਲਾਉਣ ਵਾਲੇ ਦੋਸ਼ੀਆਂ ਨੂੰ ਕਾਬੂ ਕੀਤਾ ਗਿਆ।ਥਾਣਾ ਡਵੀਜ਼ਨ ਨੰਬਰ 6 ਜਲੰਧਰ ਦੇ ਤਫ਼ਤੀਸ਼ੀ ਅਫਸਰ ਰਾਜ ਮਸੀਹ ਨੇ ਦੱਸਿਆ ਕਿ ਦੋਸ਼ੀ ਸੁਖਜਿੰਦਰ ਸਿੰਘ ਉਰਫ਼ ਪ੍ਰਿੰਸ ਪੁੱਤਰ ਬਲਵਿੰਦਰ ਸਿੰਘ ਵਾਸੀ ਪਿੰਡ ਕੱਕੇ ਕੰਡਿਆਲਾ, ਥਾਣਾ ਸਿਟੀ ਤਰਨਤਾਰਨ ਅਤੇ ਸਹਿਜਦੀਪ ਸਿੰਘ ਪੁੱਤਰ ਬਲਜਿੰਦਰ ਸਿੰਘ ਵਾਸੀ ਪਿੰਡ ਕੱਕੇ ਕੰਡਿਆਲਾ ਨੇ ਦੌਰਾਨੇ ਪੁੱਛਗਿੱਛ ਖੁਲਾਸਾ ਕੀਤਾ ਕਿ ਗੋਲੀ ਚਲਾਉਣ ਦੀ ਕੋਸ਼ਿਸ਼ ਦੌਰਾਨ ਵਰਤਿਆ ਗਿਆ ਪਿਸਤੌਲ ਉਨ੍ਹਾਂ ਵੱਲੋਂ ਜਾਂਦੇ ਸਮੇਂ ਇੱਕ ਪੁਲ ਨੇੜੇ ਜ਼ਮੀਨ ਵਿੱਚ ਲੁਕਾ ਕੇ ਰੱਖਿਆ ਗਿਆ ਸੀ।ਮੁਲਜ਼ਮ ਦੀ ਨਿਸ਼ਾਨਦੇਹੀ 'ਤੇ ਤਫ਼ਤੀਸ਼ੀ ਅਫਸਰ ਰਾਜ ਮਸੀਹ ਸਮੇਤ ਪੁਲਸ ਪਾਰਟੀ ਹਥਿਆਰ/ਪਿਸਤੌਲ ਬਰਾਮਦ ਕਰਨ ਲਈ ਮੌਕੇ 'ਤੇ ਪਹੁੰਚੀ। ਜਦੋਂ ਪੁਲਸ ਪਾਰਟੀ ਮੁਲਜ਼ਮ ਦੀ ਨਿਸ਼ਾਨਦੇਹੀ ਤੇ ਹਥਿਆਰ ਬਰਾਮਦ ਕਰਨ ਦੀ ਕਾਰਵਾਈ ਕਰ ਰਹੀ ਸੀ



ਤਾਂ ਮੁਲਜ਼ਮ ਨੇ ਜ਼ਮੀਨ ਵਿੱਚ ਦੱਬਿਆ ਹੋਇਆ ਪਿਸਤੌਲ ਕੱਢ ਕੇ ਅਚਾਨਕ ਰਾਜ ਮਸੀਹ ਨੂੰ ਧੱਕਾ ਮਾਰ ਕੇ ਜ਼ਮੀਨ ਤੇ ਸੁੱਟ ਦਿੱਤਾ ਅਤੇ ਪੁਲਸ ਅਧਿਕਾਰੀ 'ਤੇ ਫਾਇਰ ਕਰ ਦਿੱਤਾ।ਰਾਜ ਮਸੀਹ ਨੇ ਆਪਣਾ ਬਚਾਅ ਕਰਦੇ ਹੋਏ ਆਪਣੀ ਸਰਵਿਸ ਪਿਸਤੌਲ ਨਾਲ ਮੁਲਜ਼ਮ 'ਤੇ ਫਾਇਰ ਕੀਤਾ, ਜਿਸ ਦੌਰਾਨ ਮੁਲਜ਼ਮ ਜ਼ਖ਼ਮੀ ਹੋ ਗਿਆ। ਜ਼ਖ਼ਮੀ ਮੁਲਜ਼ਮ ਸੁਖਜਿੰਦਰ ਸਿੰਘ ਉਰਫ਼ ਪ੍ਰਿੰਸ ਨੂੰ ਤੁਰੰਤ ਇਲਾਜ ਲਈ ਸਿਵਲ ਹਸਪਤਾਲ ਜਲੰਧਰ ਵਿਖੇ ਦਾਖ਼ਲ ਕਰਵਾਇਆ ਗਿਆ ਹੈ।ਇਸ ਸਾਜ਼ਿਸ਼ ਵਿੱਚ ਸ਼ਾਮਿਲ ਜਸ਼ਨਪ੍ਰੀਤ ਸਿੰਘ ਪੁੱਤਰ ਮੇਜਰ ਸਿੰਘ ਵਾਸੀ ਪਿੰਡ ਕੱਕੇ ਕੰਡਿਆਲਾ ਨੂੰ ਵੀ ਜਲਦ ਗ੍ਰਿਫਤਾਰ ਕੀਤਾ ਜਾਵੇਗਾ।ਦੌਰਾਨੇ ਤਫਤੀਸ਼ ਜਸ਼ਨਪ੍ਰੀਤ ਨੂੰ ਪਨਾਹ ਦੇਣ ਤੇ ਉਸਦੀ ਮਾਤਾ ਦਲਜੀਤ ਕੌਰ (ਦੋਸ਼ੀ ਦੀ ਮਾਤਾ) ਪਤਨੀ ਮੇਜਰ ਸਿੰਘ ਵਾਸੀ ਪਿੰਡ ਕੱਕੇ ਕੰਡਿਆਲਾ ਥਾਣਾ ਸਿਟੀ ਤਰਨ ਤਾਰਨ ਨੂੰ ਕਾਨੂੰਨ ਅਨੁਸਾਰ ਗ੍ਰਿਫਤਾਰ ਕੀਤਾ ਗਿਆ।

# ਮਿੱਡ-ਡੇ-ਮੀਲ ਵਰਕਰਾਂ ਨੂੰ ਘੱਟ ਮਾਣ ਭੱਤਾ ਦੇਣ ਦੀ ਸੀਟੂ ਵੱਲੋਂ ਨਿਖੇਧੀ

ਛੇਹਰਟਾ/ਖਾਸਾ, (ਮਨੋਜ ਕੁਮਾਰ/ਸ਼ਸ਼ਪਾਲ ਸਿੰਘ) : ਮਿੱਡ-ਡੇ-ਵਰਕਰਜ਼ ਯੂਨੀਅਨ ਪੰਜਾਬ (ਸੀਟੂ) ਦੀ ਮੀਟਿੰਗ ਸੀਟੂ ਦਫ਼ਤਰ, ਅੰਮ੍ਰਿਤਸਰ ਵਿਚ ਸੁਮਨ ਰਾਣੀ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਸੰਬੋਧਨ ਕਰਦਿਆਂ ਸੀਟੂ ਦੇ ਸੂਬਾਈ ਮੀਤ ਪ੍ਰਧਾਨ ਕਾਮਰੇਡ ਸੁੱਚਾ ਸਿੰਘ ਅਜਨਾਲਾ ਨੇ ਦੱਸਿਆ ਕਿ ਮਿਡ ਡੇ ਮੀਲ ਵਰਕਰਾਂ ਨੂੰ ਸਿਰਫ਼ ਤਿੰਨ ਹਜ਼ਾਰ ਰੁਪਏ ਮਾਣ ਭੱਤਾ ਮਿਲਦਾ ਹੈ ਪਰ ਪੰਜਾਬ ਸਰਕਾਰ ਵੱਲੋਂ ਇਸ ਮਹੀਨੇ ਸਿਰਫ਼ ਦੋ ਹਜ਼ਾਰ ਰੁਪਏ ਹੀ ਮਾਣ ਭੱਤਾ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮੀਟਿੰਗ ਵਿਚ ਇਸ ਧੱਕੇ ਦੀ ਜ਼ੋਰਦਾਰ ਨਿਖੇਧੀ ਕੀਤੀ ਗਈ ਤੇ ਮੰਗ ਕੀਤੀ ਗਈ ਕਿ ਵਰਕਰਾਂ ਨੂੰ ਪੂਰਾ ਮਾਣ ਭੱਤਾ ਦਿੱਤਾ ਜਾਵੇ। ਉਨ੍ਹਾਂ ਦੱਸਿਆ ਕਿ ਸੀਟੂ ਵੱਲੋਂ ਮੰਗ ਕੀਤੀ ਗਈ ਕਿ ਹਰ ਵਰਕਰ ਨੂੰ ਘੱਟੋ-ਘੱਟ ਉਜਰਤ 42000 ਰੁਪਏ ਦਿੱਤੀ ਜਾਵੇ, ਕਿਉਂਕਿ ਮਹਿੰਗਾਈ ਦੇ ਇਸ ਦੌਰ ਵਿਚ ਤਿੰਨ ਹਜ਼ਾਰ ਰੁਪਏ ਵਿਚ ਘਰ ਦਾ ਗੁਜ਼ਾਰਾ ਕਰਨਾ ਮੁਸ਼ਕਲ ਹੀ ਨਹੀਂ, ਅਸੰਭਵ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਜੱਟਾਂ ਪੱਛੀਆਂ ਦੀ ਮਿਡ ਡੇ ਮੀਲ ਵਰਕਰ ਗੁਰਮੀਤ ਕੌਰ ਦਾ ਮਾਣ ਭੱਤਾ ਨਹੀਂ ਦਿੱਤਾ ਗਿਆ। ਉਸ ਨੂੰ ਸਕੂਲ ਵਿਚੋਂ ਧੱਕੇ ਨਾਲ ਮੁੱਖ ਅਧਿਆਪਕ ਨੇ ਬਾਹਰ ਕੱਢ ਕੇ ਉਸ ਦੀ ਗੈਰ-ਹਾਜ਼ਰੀ ਲਗਾ ਦਿੱਤੀ ਹੈ, ਜਿਸ ਬਾਰੇ ਡੀ.ਈ.ਓ ਐਲੀਮੈਂਟਰੀ ਅੰਮ੍ਰਿਤਸਰ ਨੂੰ ਜਾਣਕਾਰੀ ਦੇ ਦਿੱਤੀ ਹੈ ਪਰ ਉਸ ਦਾ ਮਾਣ ਭੱਤਾ ਰੋਕਣਾ ਸਰਕਾਰ ਦੀਆਂ ਹਦਾਇਤਾਂ ਦੀ ਘੋਰ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਜੇਕਰ ਗੁਰਮੀਤ ਕੌਰ ਕੁੱਕ ਜੱਟਾ ਤਹਿਸੀਲ ਅਜਨਾਲਾ ਦਾ ਮਾਣ ਭੱਤਾ ਜਾਰੀ ਨਾ ਕੀਤਾ ਗਿਆ ਤਾਂ ਜ਼ਿਲ੍ਹਾ ਸਿੱਖਿਆ ਅਫਸਰ ਦਫ਼ਤਰ ਦਾ ਜਥੇਬੰਦੀ ਘਿਰਾਓ ਕਰੇਗੀ। ਮੀਟਿੰਗ ਵਿਚ ਅਮਰਜੀਤ ਕੌਰ, ਸਰਬਜੀਤ ਕੌਰ, ਗੁਰਮੀਤ ਕੌਰ, ਸ਼ਿਬੋ, ਕਾਮਰੇਡ ਕਿਰਪਾ ਰਾਮ, ਚਰਨਜੀਤ ਮਜੀਠਾ ਆਦਿ ਹਾਜ਼ਰ ਸਨ।

# ਕਰਿਆਨੇ ਦੀਆਂ ਦੋ ਦੁਕਾਨਾਂ 'ਚ ਚੋਰੀ

ਕਲਾਨੌਰ (ਮਨਦੀਪ ਕੋਹਲੀ)-ਸਥਾਨਕ ਕਸਬਾ ਕਲਾਨੌਰ ਦੇ ਮੇਨ ਬਾਜ਼ਾਰ ਵਿੱਚ ਕਰਿਆਨੇ ਦੀਆਂ ਦੋ ਦੁਕਾਨਾਂ ਤੇ ਬੀਤੀ ਰਾਤ ਚੋਰਾਂ ਵੱਲੋਂ ਚੋਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਦੋਨੋਂ ਹੀ ਕਰਿਆਨੇ ਦੀਆਂ ਦੁਕਾਨਾਂ ਖਾਲਸਾ ਕਰਿਆਨਾ ਸਟੋਰ ਤੇ ਪਨਸੋਤਰਾ ਕਰਿਆਨਾ ਸਟੋਰ ਤੇ ਚੋਰਾਂ ਵੱਲੋਂ ਚੋਰੀ ਕੀਤੀ ਗਈ। ਕਰਿਆਨਾ ਸਟੋਰ 'ਤੇ ਲੱਗੇ ਸੀਸੀਟੀਵੀ ਕੈਮਰੇ ਵਿੱਚ ਸ਼ੱਕੀ ਵਿਅਕਤੀ ਦੀ ਚੋਰੀ ਕਰਦਿਆਂ ਦੀ ਸੀਸੀਟੀਵੀ ਵੀਡੀਓ ਵੀ ਸਾਹਮਣੇ ਆਈ ਹੈ। ਪਨਸੋਤਰਾ ਕਰਿਆਨਾ ਸਟੋਰ ਦੇ ਮਾਲਕ ਗੁਰਮੀਤ ਸਿੰਘ ਦਾ ਕਹਿਣਾ ਹੈ ਕਿ ਚੋਰਾਂ ਨੇ ਮਹਿੰਗੇ ਭਾਅ ਦੀ ਖਸਖਸ ਅਤੇ ਹੋਰ ਸਾਮਾਨ ਚੋਰੀ ਕਰਨ ਤੋਂ ਇਲਾਵਾ ਪੈਸਿਆਂ ਵਾਲੇ ਗੱਲੇ ਵਿੱਚ ਪਏ ਖੁੱਲ੍ਹੇ ਪੈਸੇ, ਪਰਚੀਆਂ ਕਰੀਬ 15 ਤੋਂ 20 ਹਜ਼ਾਰ ਰੁਪਏ 'ਤੇ ਵੀ ਹੱਥ ਸਾਫ ਕੀਤਾ ਅਤੇ ਦੂਸਰੇ ਦੁਕਾਨਦਾਰ ਅਮਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਸਦੀ 15 ਤੋਂ 20 ਹਜ਼ਾਰ ਦੀ ਨਕਦੀ ਤੇ 10 ਕਿਲੋ ਦੇਸੀ ਘਿਓ ਵੀ ਚੋਰੀ ਹੋਇਆ ਹੈ। ਘਟਨਾ ਸਬੰਧੀ ਕਲਾਨੌਰ ਪੁਲਸ ਵੱਲੋਂ ਮੌਕੇ 'ਤੇ ਪਹੁੰਚ ਕੇ ਦੁਕਾਨਦਾਰਾਂ ਦੇ ਦੱਸਣ ਮੁਤਾਬਿਕ ਅਤੇ ਸੀਸੀਟੀਵੀ ਕੈਮਰਿਆਂ ਦੇ ਫੁਟੇਜ ਦੇ ਆਧਾਰ 'ਤੇ ਚੋਰਾਂ ਨੂੰ ਫੜਨ ਦੀ ਤੇਜ਼ੀ ਨਾਲ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## CFM ASSET RECONSTRUCTION PRIVATE LIMITED

CFM thoughtful regeneration

Corporate Office: 1st Floor, Wakefield House, Sprott Road, Ballard East, Mumbai - 400038

ਅੰਤਿਕਾ IV | ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ) | ਰੂਲ 8(1) ਨਾਲ ਪੜ੍ਹੇ ਜਾਂਦੇ

ਜਦੋਂ ਕਿ ਨਿਮਨਹਸਤਾਖਰੀ ਨੇ ਸੀ ਐੱਫ ਐੱਮ ਐੱਸਟ ਰੀਕੰਸਟ੍ਰਕਸ਼ਨ ਪ੍ਰਾਈਵੇਟ ਲਿਮਟਿਡ (ਸੀ ਐੱਫ ਐੱਮ ਏ ਆਰ ਸੀ ਟਰੱਸਟ-193 ਦੇ ਟਰੱਸਟੀ ਦੀ ਹੈਸੀਅਤ 'ਚ ਕਾਰਜਸ਼ੀਲ) ਦਾ ਅਧਿਕਾਰਤ ਅਫ਼ਸਰ ਹੋਣ ਦੇ ਨਾਤੇ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 (ਸਰਫੇਸੀ ਐਕਟ 2002) ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13(12), ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਉਕਤ ਨੋਟਿਸ ਦੀ ਪ੍ਰਾਪਤੀ ਦੀ ਮਿਤੀ ਤੋਂ ਨੋਟਿਸ 'ਚ ਦਰਸਾਈ ਰਕਮ 60 ਦਿਨਾਂ ਦੇ ਅੰਦਰ-ਅੰਦਰ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਇਸ ਤੋਂ ਇਲਾਵਾ ਸਰਫੇਸੀ ਐਕਟ 2002 ਦੇ ਸੈਕਸ਼ਨ 5 ਦੀਆਂ ਵਿਵਸਥਾਵਾਂ ਅਧੀਨ ਐਕਸਕਲੂਸਿਵ ਲੀਜ਼ਿੰਗ ਐਂਡ ਫਾਇਨਾਂਸ ਪ੍ਰਾਈਵੇਟ ਲਿਮਟਿਡ ਅਤੇ ਸੀ ਐੱਫ ਐੱਮ ਐੱਸਟ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ ਦਰਮਿਆਨ ਮਿਤੀ 30.09.2025 ਨੂੰ ਸੀ ਐੱਫ ਐੱਮ ਐੱਸਟ ਰੀਕੰਸਟ੍ਰਕਸ਼ਨ ਪ੍ਰਾਈਵੇਟ ਲਿਮਟਿਡ ਦੇ ਪੱਖ 'ਚ ਐਕਸਕਲੂਸਿਵ ਲੀਜ਼ਿੰਗ ਐਂਡ ਫਾਇਨਾਂਸ ਪ੍ਰਾਈਵੇਟ ਲਿਮਟਿਡ ਨੇ ਉਕਤ ਕਰਜ਼ਾ ਖਾਤੇ 'ਚ ਆਪ ਦੇ ਸਾਰੇ ਅਧਿਕਾਰਾਂ, ਸਿਰਲੇਖ ਅਤੇ ਹਿੱਤ, ਸਮੁੱਚੀ ਬਕਾਇਆ ਕਰਜ਼ ਰਕਮ ਸਕਿਉਰਟੀਜ਼ ਸਹਿਤ ਸੌਂਪ ਦਿੱਤੇ ਹਨ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਕਰਜ਼ਦਾਰਾਂ/ਸਹਿ-ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਜਾਇਦਾਦ ਦਾ ਉਕਤ ਦਰਸਾਏ ਰੂਲਜ਼ ਦੇ ਰੂਲ 8(1) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13(4) ਅਧੀਨ ਉਪਰੋਕਤ ਦਰਸਾਈ ਜਾਇਦਾਦ ਦਾ "ਕਬਜ਼ੇ ਦੀ ਮਿਤੀ ਕਾਲਮ" ਤਹਿਤ ਸੰਕੇਤਕ ਕਬਜ਼ਾ ਪ੍ਰਾਪਤ ਕਰ ਲਿਆ ਹੈ। ਬੈਂਕ ਦੁਆਰਾ ਲਏ ਗਏ ਗਿਰਵੀ ਜਾਇਦਾਦ ਦੇ ਕਬਜ਼ੇ ਦੇ ਨਾਲ-ਨਾਲ ਧਿਰਾਂ ਦੇ ਵੇਰਵੇ ਹੇਠਾਂ ਦਿੱਤੇ ਗਏ ਹਨ:-

| ਕਰਜ਼ਦਾਰ/ਡਾਇਰੈਕਟਰ/ਰਹਿਣਕਾਰ/ਗਰੰਟਰਾਂ ਦਾ ਨਾਂਅ ਅਤੇ ਪਤਾ/ਕਰਜ਼ਾ ਖਾਤਾ ਨੰ. | ਡਿਮਾਂਡ ਨੋਟਿਸ ਦੀ ਮਿਤੀ<br>ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ ਮੁਤਾਬਕ ਬਕਾਇਆ ਰਕਮ | ਰਹਿਣ ਕੀਤੀ ਜਾਇਦਾਦ/ਸਕਿਉਰਡ ਐੱਸਟਸ ਦਾ ਵੇਰਵਾ |
|---|---|---|---|
| ਰਣਜੀਤ ਸਿੰਘ (ਕਰਜ਼ਦਾਰ)<br>ਐੱਲ ਏ ਪੀ-ਜੇ ਡੀ ਐੱਚ-34<br>1. ਲਖਵਿੰਦਰ ਕੌਰ, 2.ਲਖਵੀਰ ਸਿੰਘ<br>3. ਸਤਵੀਰ ਸਿੰਘ (ਸਹਿ-ਕਰਜ਼ਦਾਰ) | 24 ਫਰਵਰੀ 2026<br>9 ਸਤੰਬਰ 2026 | 31 ਜਨਵਰੀ-2026 ਨੂੰ<br>ਰੁਪਏ 8,72,082/-<br>(ਅੱਠ ਲੱਖ ਬਹੱਤਰ ਹਜ਼ਾਰ ਬਿਆਸੀ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁੱਝ ਜੋ ਕਿ ਹੱਦਬਸਤ ਨੰ. 6, ਤਹਿਸੀਲ ਬਟਾਲਾ, ਵਾਕਾ ਰਕਬਾ ਮਾੜੀ ਬੁੱਚੀਆਂ, ਜ਼ਿਲ੍ਹਾ ਗੁਰਦਾਸਪੁਰ। ਹੱਦਾਂ : ਉੱਤਰ : ਵੈਂਡਰਜ਼ ਦੀ ਜਾਇਦਾਦ, ਦੱਖਣ : ਕੁਲਦੀਪ ਸਿੰਘ ਦਾ ਪਲਾਟ, ਪੂਰਬ : ਸੁਖਵਿੰਦਰ ਸਿੰਘ ਦੀ ਜਾਇਦਾਦ ਅਤੇ ਸੜਕ, ਪੱਛਮ : ਵੈਂਡਰਜ਼ ਦੀ ਜਾਇਦਾਦ ਦਾ ਬਾਕੀ ਹਿੱਸਾ। |
| ਗੁਰਪ੍ਰੀਤ ਸਿੰਘ (ਕਰਜ਼ਦਾਰ)<br>ਐੱਲ ਏ ਪੀ-ਜੇ ਡੀ ਐੱਚ-1448<br>1. ਮਨਜੀਤ ਕੌਰ<br>2. ਕੁਲਵਿੰਦਰ ਸਿੰਘ (ਸਹਿ-ਕਰਜ਼ਦਾਰ),<br>ਦਰਸ਼ਨ ਸਿੰਘ (ਗਰੰਟਰ) | 24 ਫਰਵਰੀ 2026<br>11 ਸਤੰਬਰ 2026 | 31 ਜਨਵਰੀ-2026 ਨੂੰ<br>ਰੁਪਏ 9,04,400/-<br>(ਨੌ ਲੱਖ ਚਾਰ ਹਜ਼ਾਰ ਚਾਰ ਸੌ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁੱਝ ਖੇਵਟ ਨੰ. 236, ਖਤੌਨੀ ਨੰ. 343, ਖਸਰਾ ਨੰ. 38 ਐਮ//11/1 (3-19), 4-1, 30 ਐਮ//14/2(6-0), 15/2(5-4), 16(5-3), 25/2(2-2) ਖੇਵਟ 239, ਖਤੌਨੀ 343, ਖਸਰਾ ਨੰ. 30 ਐਮ//16/1 (5-17) ਨੇੜੇ ਹੈਲਥ ਕੇਅਰ ਮੈਡੀਕਲ ਸਟੋਰ, ਪਿੰਡ ਪੀਰ ਮੁਹੰਮਦ, ਤਹਿਸੀਲ ਜ਼ੀਰਾ, ਫਿਰੋਜ਼ਪੁਰ-142044 ਹੱਦਾਂ : ਉੱਤਰ : ਮਨਮੋਹਨ ਦੀ ਜਾਇਦਾਦ, 45', ਦੱਖਣ : ਗਲੀ, 45', ਪੂਰਬ : ਐਗਰੀਲੈਂਡ 110', ਪੱਛਮ : ਬਲਵੀਰ ਦੀ ਜਾਇਦਾਦ, 110' |
| ਜਗਰੂਪ ਸਿੰਘ (ਕਰਜ਼ਦਾਰ)<br>ਐੱਲ ਏ ਪੀ-ਮੋਗਾ-281<br>1. ਦਰਸ਼ਨ ਸਿੰਘ 2. ਸੁਖਵਿੰਦਰ ਕੌਰ (ਸਹਿ-ਕਰਜ਼ਦਾਰ),<br>ਬਲਵਿੰਦਰ ਸਿੰਘ (ਗਰੰਟਰ) | 7 ਜਨਵਰੀ 2026<br>11 ਸਤੰਬਰ 2026 | 31-ਅਕਤੂਬਰ-2025 ਨੂੰ<br>ਰੁਪਏ 5,31,286/-<br>(ਪੰਜ ਲੱਖ ਇਕੱਤੀ ਹਜ਼ਾਰ ਦੋ ਸੌ ਛਿਆਸੀ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁੱਝ ਖੇਵਟ ਨੰ. 87, ਖਤੌਨੀ ਨੰ. 127, ਖਸਰਾ ਨੰ. 68 (0-19), 69 (1-12), ਵਾਕਿਆ ਰਕਬਾ ਬੱਲ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ। ਹੱਦਾਂ : ਉੱਤਰ : ਦਿਲਦਾਰ ਸਿੰਘ ਦੀ ਜਾਇਦਾਦ, ਦੱਖਣ : ਕਨਵਰ ਬਲਬੀਰ ਸਿੰਘ ਦੀ ਜਾਇਦਾਦ, ਪੂਰਬ : ਕਨਵਰ ਬਲਬੀਰ ਸਿੰਘ ਦੀ ਜਾਇਦਾਦ, ਪੱਛਮ : ਗਲੀ। |
| ਯੋਗੇਸ਼ (ਕਰਜ਼ਦਾਰ)<br>ਐੱਲ ਏ ਪੀ-ਮੋਗਾ-74<br>ਸੰਤੋਸ਼ (ਸਹਿ-ਕਰਜ਼ਦਾਰ),<br>ਗੌਤਮ ਕਸੋਟੀਆ (ਗਰੰਟਰ) | 20 ਮਾਰਚ 2026<br>11 ਸਤੰਬਰ 2026 | 28-ਫਰਵਰੀ-2026 ਨੂੰ<br>ਰੁਪਏ 5,76,613/-<br>(ਪੰਜ ਲੱਖ ਛਿਹੱਤਰ ਹਜ਼ਾਰ ਛੇ ਸੌ ਤੇਰਾਂ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁੱਝ ਰੇਗਾਰ ਨਗਰ ਵਿਖੇ ਸਥਿਤ, ਗਲੀ ਨੰ. 1, ਮਕਾਨ ਨੰ. 143, ਮੋਗਾ ਜੀਤ ਸਿੰਘ ਵਾਕਿਆ ਲਾਲ ਲਕੀਰ ਦੇ ਅੰਦਰਵਾਰ, ਤਹਿ. ਤੇ ਜ਼ਿਲ੍ਹਾ ਮੋਗਾ ਨੇੜੇ ਬਾਬਾ ਰਾਮਦੇਵ ਮੰਦਰ-142001 ਹੱਦਾਂ : ਉੱਤਰ : ਚੰਦਾ ਰਾਮ ਦੀ ਜਾਇਦਾਦ, ਦੱਖਣ : ਚਮਨ ਲਾਲ ਦੀ ਜਾਇਦਾਦ, ਪੂਰਬ : ਸੜਕ, ਪੱਛਮ : ਚਮਨ ਲਾਲ ਅਤੇ ਸੁਸ਼ੀਲ ਕੁਮਾਰ ਦੀ ਜਾਇਦਾਦ। |
| ਪਰਮਪਾਲ ਸਿੰਘ (ਕਰਜ਼ਦਾਰ)<br>ਐੱਲ ਏ ਪੀ-ਮੋਗਾ-211<br>1. ਅਨਵਰ ਸਿੰਘ 2. ਵੀਰੋ (ਸਹਿ-ਕਰਜ਼ਦਾਰ), ਸਾਜਨ (ਗਰੰਟਰ) | 20 ਮਾਰਚ 2026<br>08 ਸਤੰਬਰ 2026 | 28-ਫਰਵਰੀ-2026 ਨੂੰ<br>ਰੁਪਏ 5,60,877/-<br>(ਪੰਜ ਲੱਖ ਸੱਠ ਹਜ਼ਾਰ ਅੱਠ ਸੌ ਸਤੱਤਰ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁੱਝ ਕਿੱਲਾ ਨੰ. 22/1 (4-0), ਖੇਵਟ ਨੰ. 55, ਖਤੌਨੀ ਨੰ. 115, ਹੱਦਬਸਤ ਨੰ. 357, ਵਾਕਿਆ ਰਕਬਾ ਨੇੜੇ ਗੁਰਦੁਆਰਾ ਜੀ ਸਾਹਿਬ, ਪਿੰਡ ਫਾਰੂ ਵਾਲਾ, ਜ਼ਿਲ੍ਹਾ ਫਿਰੋਜ਼ਪੁਰ-152021 ਹੱਦਾਂ : ਉੱਤਰ : ਸ਼ਿੰਗਾਰਾ ਸਿੰਘ ਪੁੱਤਰ ਖੁਸ਼ਹਾਲ ਦੀ ਜਾਇਦਾਦ, ਦੱਖਣ : ਦਲੀਪ ਸਿੰਘ ਪੁੱਤਰ ਰੰਗਾ ਸਿੰਘ ਦੀ ਜਾਇਦਾਦ, ਪੂਰਬ : ਬੀਰ ਸਿੰਘ ਪੁੱਤਰ ਦਰਿਆ ਸਿੰਘ ਦੀ ਜਾਇਦਾਦ, ਪੱਛਮ : ਸੜਕ |
| ਜੋਰਾ (ਕਰਜ਼ਦਾਰ)<br>ਐੱਲ ਏ ਪੀ-ਮੋਗਾ-238<br>1. ਸੁਖਬੀਰ ਕੌਰ 2. ਰਵਿਦਾਸ 3. ਗੋਰਾ (ਸਹਿ-ਕਰਜ਼ਦਾਰ), ਸੁੱਖਾ (ਗਰੰਟਰ) | 20 ਮਾਰਚ 2026<br>08 ਸਤੰਬਰ 2026 | 28-ਫਰਵਰੀ-2026 ਨੂੰ<br>ਰੁਪਏ 4,33,521/-<br>(ਚਾਰ ਲੱਖ ਤੇਤੀ ਹਜ਼ਾਰ ਪੰਜ ਸੌ ਇੱਕੀ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁੱਝ ਖੇਵਟ ਨੰ. 69, ਖਤੌਨੀ ਨੰ. 87, ਖਸਰਾ ਮੁਸਤਿਲ ਨੰ. 12, ਕਿੱਲਾ ਨੰ. 42/1/2/2(0-5) ਹੱਦਬਸਤ ਨੰ. 95, ਨੇੜੇ ਪੀਰ ਬਲਾਵਰ ਦਰਗਾਹ, ਪਿੰਡ ਖਿਲਚੀ ਜਦੀਦ, ਤਹਿਸੀਲ ਫਿਰੋਜ਼ਪੁਰ-152001 ਹੱਦਾਂ : ਉੱਤਰ : ਪੱਪੂ ਦੀ ਜਾਇਦਾਦ 23', ਦੱਖਣ : ਗਲੀ 23', ਪੂਰਬ : ਪੱਪੂ ਦੀ ਜਾਇਦਾਦ 60', ਪੱਛਮ : ਰਵਿਦਾਸ ਦੀ ਜਾਇਦਾਦ 60' |
| ਮੰਗਲ ਸਿੰਘ (ਕਰਜ਼ਦਾਰ)<br>ਐੱਲ ਏ ਪੀ-ਮੋਗਾ-263<br>1. ਦਵਿੰਦਰ ਕੌਰ 2. ਸਾਧੂ ਰਾਮ (ਸਹਿ ਕਰਜ਼ਦਾਰ), ਗੁਰਮੀਤ ਸਿੰਘ (ਗਰੰਟਰ) | 20 ਮਾਰਚ 2026<br>05 ਸਤੰਬਰ 2026 | 28-ਫਰਵਰੀ-2026 ਨੂੰ<br>ਰੁਪਏ 7,83,711/-<br>(ਸੱਤ ਲੱਖ ਤਰਿਆਸੀ ਹਜ਼ਾਰ ਸੱਤ ਸੌ ਗਿਆਰਾਂ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁੱਝ ਖੇਵਟ ਨੰ. 6, ਖਤੌਨੀ ਨੰ. 12, ਖਸਰਾ ਨੰ. 33 ਐਮ//152/1/2(4-0), ਵਾਕਿਆ ਰਕਬਾ ਜਾਇਦਾਦ ਪਿੰਡ ਤੇ ਡਾਕ. ਖੰਨਾ, ਨੇੜੇ ਵਾਲਮੀਕੀ ਰਕਬਾ ਜਾਇਦਾਦ ਪਿੰਡ ਤੇ ਡਾਕ. ਖੰਨਾ, ਵਿਖੇ ਸਥਿਤ ਜਾਇਦਾਦ ਨੇੜੇ ਵਾਲਮੀਕੀ ਮੰਦਰ, ਮੰਡੇ ਸ਼ੇਰਾ ਰੋਡ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ-142044 ਹੱਦਾਂ : ਉੱਤਰ : ਗਲੀ, ਦੱਖਣ : ਗਲੀ, ਪੂਰਬ : ਗਲੀ, ਪੱਛਮ : ਦਿਤਬਾਗ ਸਿੰਘ ਦਾ ਜਾਇਦਾਦ। |
| ਬਲਵਿੰਦਰਜੀਤ ਸਿੰਘ (ਕਰਜ਼ਦਾਰ)<br>ਐੱਲ ਏ ਪੀ-ਮੋਗਾ-10<br>1. ਨਛੱਤਰ ਕੌਰ 2. ਕਮਲਜੀਤ ਕੌਰ<br>ਹਰਪ੍ਰੀਤ ਸਿੰਘ (ਸਹਿ-ਕਰਜ਼ਦਾਰ) | 20 ਮਾਰਚ 2026<br>08 ਸਤੰਬਰ 2026 | 31 ਜਨਵਰੀ-2026 ਨੂੰ<br>ਰੁਪਏ 5,49,582/-<br>(ਪੰਜ ਲੱਖ ਉਨੰਜਾ ਹਜ਼ਾਰ ਪੰਜ ਸੌ ਬਿਆਸੀ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁੱਝ, ਜਾਇਦਾਦ ਨੰ. 42/12, ਵਾਕਿਆ ਅਬਾਦੀ ਵਾਰਡ ਨੰ. 4, ਬਸਤੀ ਮਾਛੀਆਂ, ਜ਼ੀਰਾ ਫਿਰੋਜ਼ਪੁਰ-142047 ਹੱਦਾਂ : ਉੱਤਰ : ਸੋਮਾ ਸਿੰਘ ਪੁੱਤਰ ਮਹਿੰਦਰ ਸਿੰਘ ਦੀ ਜਾਇਦਾਦ, ਦੱਖਣ : ਗਲੀ, ਪੂਰਬ : ਨਰਿੰਦਰਜੀਤ ਸਿੰਘ ਦੀ ਜਾਇਦਾਦ, ਪੱਛਮ : ਗਲੀ। |
| ਤਰਸੇਮ ਸਿੰਘ (ਕਰਜ਼ਦਾਰ)<br>ਐੱਲ ਏ ਪੀ-ਮੋਗਾ-66<br>1. ਸੋਮਾ ਰਾਣੀ (ਸਹਿ-ਕਰਜ਼ਦਾਰ)<br>ਜਗਸੀਰ ਸਿੰਘ (ਗਰੰਟਰ) | 20 ਮਾਰਚ 2026<br>09 ਸਤੰਬਰ 2026 | 31 ਜਨਵਰੀ-2026 ਨੂੰ<br>ਰੁਪਏ 2,85,530/-<br>(ਦੋ ਲੱਖ ਪੰਚਾਸੀ ਹਜ਼ਾਰ ਪੰਜ ਸੌ ਤੀਹ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁੱਝ ਖੇਵਟ ਨੰ. 365, ਖਤੌਨੀ ਨੰ. 488, ਖਸਰਾ ਨੰ. 177/23/2 (1-7) 770 (1-10) 788 (1-9) ਵਾਕਿਆ ਪਿੰਡ ਕੋਕਰੀ ਕਲਾਂ, ਹੱਦਬਸਤ ਨੰ. 36, ਜਲਾਲਾਬਾਦ ਰੋਡ, ਨੇੜੇ ਗੁਰਦੁਆਰਾ ਸਾਹਿਬ, ਤਹਿ. ਤੇ ਜ਼ਿਲ੍ਹਾ ਮੋਗਾ-142054, ਹੱਦਾਂ : ਉੱਤਰ : ਜ਼ਮੀਨ ਤਲਾਬ, ਦੱਖਣ : ਜ਼ਮੀਨ ਮਾਲਕ, ਪੂਰਬ : ਰਸਤਾ, ਪੱਛਮ : ਭੋਲਾ ਸਿੰਘ ਦੀ ਜਾਇਦਾਦ |
| ਮਨਜੀਤ ਸਿੰਘ (ਕਰਜ਼ਦਾਰ)<br>ਐੱਲ ਏ ਪੀ-ਮੋਗਾ-124<br>1. ਸੁਰਜੀਤ ਕੌਰ (ਸਹਿ-ਕਰਜ਼ਦਾਰ)<br>ਗੁਰਜੀਤ ਸਿੰਘ (ਗਰੰਟਰ) | 26 ਮਾਰਚ 2026<br>08 ਸਤੰਬਰ 2026 | 28-ਫਰਵਰੀ-2026 ਨੂੰ<br>ਰੁਪਏ 5,44,134.00/-<br>(ਪੰਜ ਲੱਖ ਚੁਤਾਲੀ ਹਜ਼ਾਰ ਇੱਕ ਸੌ ਚੌਂਤੀ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁੱਝ ਐਮ : 32, ਕਿੱਲਾ 2/1/3 (0-9) 9/2 ਮਿੰਨ, ਦੱਖਣ : (0-13), ਕਿੱਲਾ ਨੰ. 2/1/3, ਰਕਬਾ ਪਿੰਡ ਮਹਿਮਾ, ਡਾਕਖਾਨਾ ਖਾਈ, ਫਿਰੋਜ਼ਪੁਰ-152002, ਹੱਦਾਂ : ਉੱਤਰ : ਹਰਭਜਨ ਸਿੰਘ 101', ਦੱਖਣ : ਹੋਰ, 101', ਪੂਰਬ : ਐਗਰੀਲੈਂਡ, ਪੱਛਮ : ਗਲੀ 60' |
| ਧਰਮਵੀਰ ਸਿੰਘ (ਕਰਜ਼ਦਾਰ)<br>ਐੱਲ ਏ ਪੀ-ਮੋਗਾ-204<br>1. ਜਸਵਿੰਦਰ ਸਿੰਘ 2. ਜਸਵੀਰ ਕੌਰ (ਸਹਿ-ਕਰਜ਼ਦਾਰ)<br>ਸੰਦੀਪ ਸਿੰਘ (ਗਰੰਟਰ) | 23 ਅਪ੍ਰੈਲ 2026<br>07 ਸਤੰਬਰ 2026 | 28-ਫਰਵਰੀ-2026 ਨੂੰ<br>ਰੁਪਏ 3,91,249/-<br>(ਤਿੰਨ ਲੱਖ ਇਕੰਨਵੇਂ ਹਜ਼ਾਰ ਦੋ ਸੌ ਉਨੰਜਾ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁੱਝ ਜੋ ਕਿ ਰਿਹਾਇਸ਼ੀ ਜਾਇਦਾਦ ਖੇਵਟ ਨੰ. 62, ਖਤੌਨੀ ਨੰ. 103, ਖਸਰਾ ਨੰ. 26/ਐਮ//24/3 (0-8), 25 (7-12), 31 ਐਮ//3 (7-15) 4(8-0), 5 (7-4), ਜਮ੍ਹਾਂਬੰਦੀ ਸਾਲ 2011-2012, ਹੱਦਬਸਤ ਨੰ. 325, ਵਾਕਿਆ ਰਕਬਾ ਪਿੰਡ ਝਤਰਾ, ਤਹਿਸੀਲ ਜ਼ੀਰਾ, ਪਿੰਡ ਤੇ ਡਾਕ. ਝਤਰਾ, ਫਿਰੋਜ਼ਪੁਰ-152028, ਹੱਦਾਂ : ਉੱਤਰ : ਐਗਰੀਲੈਂਡ 55', ਦੱਖਣ : ਪਾਲਾ ਸਿੰਘ 55', ਪੂਰਬ : ਗਲੀ 10' ਚੌੜੀ, 60', ਪੱਛਮ : ਐਗਰੀਲੈਂਡ 60' |
| ਜਗਸੀਰ ਸਿੰਘ (ਕਰਜ਼ਦਾਰ)<br>ਐੱਲ ਏ ਪੀ-ਐੱਲ ਡੀ ਐੱਚ-390<br>1. ਨਾਨਕੋ ਕੌਰ 2. ਕਰਨੈਲ ਸਿੰਘ (ਸਹਿ-ਕਰਜ਼ਦਾਰ) | 23 ਅਪ੍ਰੈਲ 2026<br>11 ਸਤੰਬਰ 2026 | 28-ਫਰਵਰੀ-2026 ਨੂੰ<br>ਰੁਪਏ 9,11,748/-<br>(ਨੌ ਲੱਖ ਗਿਆਰਾਂ ਹਜ਼ਾਰ ਸੱਤ ਸੌ ਅਠਤਾਲੀ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁੱਝ ਖਸਰਾ ਨੰ. 11//20, 21//1, 11//22, 23, 24, 9//26, ਖੇਵਟ ਨੰ. 169, ਖਤੌਨੀ ਨੰ. 204, 205, ਜਮ੍ਹਾਂਬੰਦੀ ਸਾਲ 2020-2021, ਪਿੰਡ ਫਤਹਿਪੁਰ ਕੰਨੀਆ, ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ-142058, ਹੱਦਾਂ : ਉੱਤਰ : ਰਸਤਾ, ਦੱਖਣ : ਤੇਜਾ ਸਿੰਘ ਦੀ ਜਾਇਦਾਦ, ਪੂਰਬ : ਬੰਤਾ ਸਿੰਘ ਦੀ ਜਾਇਦਾਦ, ਪੱਛਮ : ਬੂਟਾ ਸਿੰਘ ਦੀ ਜਾਇਦਾਦ |
| ਮਨਜੀਤ ਸਿੰਘ (ਕਰਜ਼ਦਾਰ)<br>ਐੱਲ ਏ ਪੀ-ਬੀ ਏ ਟੀ-308<br>1. ਮਾਰਥਾ 2. ਸੈਮੂਅਲ 3. ਤਰਸੇਮ ਸਿੰਘ (ਸਹਿ-ਕਰਜ਼ਦਾਰ),<br>ਮਲਕੀਤ ਸਿੰਘ (ਗਰੰਟਰ) | 23 ਅਪ੍ਰੈਲ 2026<br>09 ਸਤੰਬਰ 2026 | 28-ਫਰਵਰੀ-2026 ਨੂੰ<br>ਰੁਪਏ 4,87,860/-<br>(ਚਾਰ ਲੱਖ ਸਤਾਸੀ ਹਜ਼ਾਰ ਅੱਠ ਸੌ ਸੱਠ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁੱਝ ਖਸਰਾ ਨੰ. 58 (1-5), ਖੇਵਟ ਨੰ. 71, ਖਤੌਨੀ ਨੰ. 151, ਵਾਕਿਆ ਪਿੰਡ ਕਾਲੂਵਾਲ/304, ਪਿੰਡ ਕਾਲੂਵਾਲ, ਡਾਕ. ਸਰਚੂਰ, ਤਹਿਸੀਲ ਬਟਾਲਾ, ਗੁਰਦਾਸਪੁਰ (143602) ਹੱਦਾਂ : ਉੱਤਰ : ਚੈਨ ਸਿੰਘ ਦੀ ਜਾਇਦਾਦ 63'-3", ਦੱਖਣ : ਮਨਜੀਤ ਸਿੰਘ ਦੀ ਜਾਇਦਾਦ, 63'-3", ਪੂਰਬ : ਚੈਨ ਸਿੰਘ ਦੀ ਜਾਇਦਾਦ 45'-9", ਪੱਛਮ : ਗਲੀ 10' ਚੌੜੀ, 45'-9" |
| ਜਸਵੀਰ ਸਿੰਘ (ਕਰਜ਼ਦਾਰ)<br>ਐੱਲ ਏ ਪੀ-281-ਪੀ ਏ ਟੀ ਐੱਲ<br>1. ਕ੍ਰਿਸ਼ਨਾ 2. ਸੰਤੋਸ਼ ਰਾਣੀ (ਸਹਿ-ਕਰਜ਼ਦਾਰ) | 31 ਮਾਰਚ 2026<br>10 ਸਤੰਬਰ 2026 | 28-ਫਰਵਰੀ-2026 ਨੂੰ<br>ਰੁਪਏ 8,80,310.00/-<br>(ਅੱਠ ਲੱਖ ਅੱਸੀ ਹਜ਼ਾਰ ਤਿੰਨ ਸੌ ਦਸ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁੱਝ ਖੇਵਟ ਨੰ. 44/45, ਖਤੌਨੀ ਨੰ. 86, ਖਸਰਾ ਨੰ. 34//8/2/1 (0-10), 34//9/1 ਮਿੰਨ (0-10), ਵਾਕਿਆ ਪਿੰਡ ਮਰਦਾਹੇੜੀ ਸਾਹਮਣੇ ਗੁਰੂਘਰ ਮੇਨ ਰੋਡ, ਪਟਿਆਲਾ-147003, ਹੱਦਾਂ : ਪੂਰਬ : ਗਲੀ 25', ਉੱਤਰ : ਹੋਰ ਮਕਾਨ 50', ਪੱਛਮ : ਹੋਰ ਮਾਲਕ 25', ਦੱਖਣ : ਹੋਰ ਮਾਲਕ 50' |
| ਮਨਜੀਤ ਸਿੰਘ (ਕਰਜ਼ਦਾਰ)<br>ਐੱਲ ਏ ਪੀ-ਮੋਗਾ-347<br>1. ਰਾਜਵੰਤੀ (ਸਹਿ-ਕਰਜ਼ਦਾਰ)<br>ਕੁਲਦੀਪ ਸਿੰਘ (ਗਰੰਟਰ) | 31 ਮਾਰਚ 2026<br>08 ਸਤੰਬਰ 2026 | 28-ਫਰਵਰੀ-2026 ਨੂੰ<br>ਰੁਪਏ 5,45,134.00/-<br>(ਪੰਜ ਲੱਖ ਪੰਤਾਲੀ ਹਜ਼ਾਰ ਇੱਕ ਸੌ ਚੌਂਤੀ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁੱਝ ਖੇਵਟ ਨੰ. 66, ਖੇਵਟ ਨੰ. 41, ਹੱਦਬਸਤ ਨੰ. 112, ਨੇੜੇ ਦਰਗਾਹ ਪੀਰ ਬਾਬਾ, ਪਿੰਡ ਹਾਕੇ ਵਾਲਾ, ਫਿਰੋਜ਼ਪੁਰ-152002, ਹੱਦਾਂ : ਪੂਰਬ : ਜਗਤਾਰ ਸਿੰਘ ਦੀ ਜਾਇਦਾਦ, ਉੱਤਰ : ਗੁਰਨਾਮ ਸਿੰਘ ਦੀ ਜਾਇਦਾਦ, ਪੱਛਮ : ਕੁਲਦੀਪ ਸਿੰਘ ਦੀ ਜਾਇਦਾਦ, ਦੱਖਣ : ਗਲੀ। |
| ਸਤਿੰਦਰ ਕੌਰ (ਕਰਜ਼ਦਾਰ)<br>ਐੱਮ ਐੱਸ ਐੱਮ ਈ-41-ਕੇ ਏ ਆਰ ਆਰ<br>1. ਹਰਵਿੰਦਰ ਖਜਾਨ ਸਿੰਘ 2. ਗੁਰਦੇਵ ਸਿੰਘ (ਸਹਿ-ਕਰਜ਼ਦਾਰ), ਸ਼ਮੀਰ ਸਿੰਘ (ਗਰੰਟਰ) | 31 ਮਾਰਚ 2026<br>09 ਸਤੰਬਰ 2026 | 28-ਫਰਵਰੀ-2026 ਨੂੰ<br>ਰੁਪਏ 17,66,484.00/-<br>(ਸਤਾਰਾਂ ਲੱਖ ਛਿਆਹਠ ਹਜ਼ਾਰ ਚਾਰ ਸੌ ਚੁਰਾਸੀ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁੱਝ ਖਸਰਾ ਨੰ. 0//20 (7-0) 19/1/1(0-13) 21/1(5-7) 22/1 (3-14) 15//2/1 (0-6) ਪਿੰਡ ਬਲਰਾਮਪੁਰ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ (143514) ਹੱਦਾਂ : ਪੂਰਬ : ਮਾਲਕ ਦਾ ਪਲਾਟ, ਉੱਤਰ : ਮਾਲਕ ਦਾ ਪਲਾਟ, ਪੱਛਮ : ਤਰਸੇਮ ਸਿੰਘ ਦੀ ਜਾਇਦਾਦ, ਦੱਖਣ : ਗਲੀ 20'-0" |
| ਗਗਨਦੀਪ ਸਿੰਘ (ਕਰਜ਼ਦਾਰ)<br>ਐੱਲ ਏ ਪੀ-ਮੋਗਾ-267<br>1. ਸਰਬਜੀਤ ਕੌਰ (ਸਹਿ-ਕਰਜ਼ਦਾਰ),<br>ਰਾਜ ਸਿੰਘ (ਗਰੰਟਰ) | 20 ਮਾਰਚ 2026<br>08 ਸਤੰਬਰ 2026 | 28-ਫਰਵਰੀ-2026 ਨੂੰ<br>ਰੁਪਏ 11,10,71/-<br>(ਗਿਆਰਾਂ ਲੱਖ ਦਸ ਹਜ਼ਾਰ ਸੱਤ ਸੌ ਅਠਾਰਾਂ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁੱਝ ਕਿੱਲਾ ਨੰ. 3/1 (1-2), 23 (7-9), ਮੁਰੱਬਾ ਨੰ. 11, ਖੇਵਟ ਨੰ. 186, ਖਤੌਨੀ ਨੰ. 358, ਵਾਕਿਆ ਰਕਬਾ ਜਾਇਦਾਦ ਨੇੜੇ ਗੁਰਦੁਆਰਾ ਸਾਹਿਬ, ਪਿੰਡ ਖੁੰਡਰ ਹਿਠਾੜ, ਤਹਿਸੀਲ ਫਿਰੋਜ਼ਪੁਰ-152023, ਹੱਦਾਂ : ਉੱਤਰ : ਬਿਸ਼ਵਾ ਦੀ ਜਾਇਦਾਦ 146', ਦੱਖਣ : ਗੁਰਦੁਆਰਾ 146', ਪੂਰਬ : ਖੇਤੀਬਾੜੀ ਵਾਲੀ ਜ਼ਮੀਨ 75', ਪੱਛਮ : ਖੇਤੀਬਾੜੀ ਵਾਲ ਜ਼ਮੀਨ 75' |
| ਮਨਜੀਤ ਸਿੰਘ (ਕਰਜ਼ਦਾਰ)<br>ਐੱਲ ਏ ਪੀ-ਮੋਗਾ-269<br>1. ਚਰਨਜੀਤ ਕੌਰ 2. ਫੁੰਮਣ ਸਿੰਘ (ਸਹਿ-ਕਰਜ਼ਦਾਰ), ਮਲਕੀਤ ਸਿੰਘ (ਗਰੰਟਰ) | 20 ਮਾਰਚ 2026<br>05 ਸਤੰਬਰ 2026 | 31 ਜਨਵਰੀ-2026 ਨੂੰ<br>ਰੁਪਏ 11,55,811/-<br>(ਗਿਆਰਾਂ ਲੱਖ ਪਚਵੰਜਾ ਹਜ਼ਾਰ ਅੱਠ ਸੌ ਗਿਆਰਾਂ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁੱਝ ਖੇਵਟ ਨੰ. 38, ਖਤੌਨੀ ਨੰ. 40, ਖਸਰਾ ਨੰ. 33 ਐਮ/7 ਮਿੰਨ, ਹੱਦਬਸਤ ਨੰ. 224, ਵਾਕਿਆ ਰਕਬਾ ਮਾਹਲੇਵਾਲਾ ਰੋਡ ਵਿਖੇ ਸਥਿਤ, ਨੇੜੇ ਸਰਕਾਰੀ ਸਕੂਲ, ਕਾਲੀ ਰਾਓਕੇ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ-144629, ਹੱਦਾਂ : ਉੱਤਰ : ਮਹਿਲ ਸਿੰਘ ਦੀ ਜਾਇਦਾਦ, ਦੱਖਣ : ਨਿਸ਼ਾਨ ਸਿੰਘ ਦੀ ਜਾਇਦਾਦ, ਪੂਰਬ : ਮਹਿਲ ਸਿੰਘ ਦੀ ਜਾਇਦਾਦ, ਪੱਛਮ : ਸਰਕਾਰੀ ਸੜਕ। |
| ਕਮਲਪ੍ਰੀਤ ਕੌਰ (ਕਰਜ਼ਦਾਰ)<br>ਐੱਲ ਏ ਪੀ-ਐੱਲ ਡੀ ਐੱਚ-269<br>ਹਰਨੇਕ ਸਿੰਘ (ਸਹਿ-ਕਰਜ਼ਦਾਰ)<br>ਗੁਰਕਿਰਪਾਲ ਸਿੰਘ (ਗਰੰਟਰ) | 23 ਅਪ੍ਰੈਲ 2026<br>11 ਸਤੰਬਰ 2026 | 28-ਫਰਵਰੀ-2026 ਨੂੰ<br>ਰੁਪਏ 4,40,421/-<br>(ਚਾਰ ਲੱਖ ਚਾਲੀ ਹਜ਼ਾਰ ਚਾਰ ਸੌ ਇੱਕੀ ਰੁਪਏ ਕੇਵਲ) | ਖਸਰਾ ਨੰ. 534/1 (2-0), ਖੇਵਟ ਨੰ. 980, ਖਤੌਨੀ ਨੰ. 1186, ਵਾਕਿਆ ਰਕਬਾ ਦੌਧਰ ਸਰਕੀ-1, ਜਾਇਦਾਦ ਕੋਠੇ ਜੰਡਵਾਲਾ ਵਿਖੇ ਸਥਿਤ, ਨੇੜੇ ਗੁਰਦੁਆਰਾ ਸਾਹਿਬ, ਤਹਿਸੀਲ ਮੋਗਾ, ਜ਼ਿਲ੍ਹਾ ਮੋਗਾ-142053, ਹੱਦਾਂ : ਉੱਤਰ : ਸੁਰਜੀਤ ਕੌਰ ਦੀ ਜਾਇਦਾਦ (94'-6"), ਦੱਖਣ : ਮੇਜਰ ਸਿੰਘ ਦੀ ਜਾਇਦਾਦ (94'-6"), ਪੂਰਬ : ਇੰਦਰ ਸਿੰਘ ਪੁੱਤਰ ਕਰਤਾਰ ਸਿੰਘ ਦੀ ਜਾਇਦਾਦ (56'-11"), ਪੱਛਮ : ਸੜਕ (56'-11") |

ਉਕਤ ਦਰਸਾਏ ਕਰਜ਼ਦਾਰਾਂ ਨੂੰ ਖਾਸ ਕਰ ਅਤੇ ਆਮ ਜਨਤਾ ਨੂੰ ਇਸ ਨੋਟਿਸ ਦੁਆਰਾ ਸਾਵਧਾਨ ਕੀਤਾ ਜਾਂਦਾ ਹੈ ਕਿ ਉਕਤ ਜਾਇਦਾਦ ਨਾਲ ਕੋਈ ਵੀ ਲੈਣ-ਦੇਣ ਨਾ ਕਰਨ। ਇਸ ਨਾਲ ਕੀਤਾ ਕੋਈ ਵੀ ਲੈਣ-ਦੇਣ ਸੀ ਐੱਫ ਐੱਮ ਐੱਸਟ ਰੀਕੰਸਟ੍ਰਕਸ਼ਨ ਪ੍ਰਾਈਵੇਟ ਲਿਮਟਿਡ ਦੇ ਚਾਰਜ ਅਧੀਨ ਹੋਵੇਗਾ, ਜੋ ਕਿ ਇਸ ਨੋਟਿਸ 'ਚ ਦੱਸੀ ਰਕਮ, ਇਕਰਾਰਨਾਮਾ ਦਰ 'ਤੇ ਵਿਆਜ, ਅਚਨਚੇਤੀ ਖਰਚੇ, ਲਾਗਤਾਂ ਅਤੇ ਚਾਰਜਜ਼ ਆਦਿ ਉਪਰੋਕਤ ਵੇਰਵਿਆਂ ਵਿੱਚ ਦਰਸਾਈ ਗਈ ਬਕਾਇਆ ਰਕਮ ਦੀ ਕਿਸਮ ਦੀ ਅਗਲੀ ਮਿਤੀ ਤੋਂ ਪੂਰੀ ਅਦਾਇਗੀ ਅਤੇ/ਜਾਂ ਪ੍ਰਾਪਤੀ ਮਿਤੀ ਦੀ ਮਿਤੀ ਤੱਕ। ਇਸ ਤੋਂ ਇਲਾਵਾ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਤਹਿਤ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਉਪਲਬਧ ਸਮੇਂ ਵੱਲ ਦਿਵਾਇਆ ਜਾਂਦਾ ਹੈ।

ਕਿਰਪਾ ਕਰਕੇ ਨੋਟ ਕੀਤਾ ਜਾਵੇ ਕਿ ਦਰਸਾਈਆਂ ਜਾਇਦਾਦਾਂ ਦਾ ਵੇਰਵਾ ਉਕਤ ਦੱਸਿਆ ਗਿਆ ਹੈ।

ਮਿਤੀ : 13-09-2026
ਸਥਾਨ : ਪੰਜਾਬ

ਅਧਿਕਾਰਤ ਅਫਸਰ ਸੀ ਐੱਫ ਐੱਮ ਐੱਸਟ ਰੀਕੰਸਟ੍ਰਕਸ਼ਨ ਪ੍ਰਾਈਵੇਟ ਲਿਮਟਿਡ
[ਸੀ ਐੱਫ ਐੱਮ ਏ ਆਰ ਸੀ ਟਰੱਸਟ-193 ਦੇ ਟਰੱਸਟੀ ਦੀ ਹੈਸੀਅਤ ਵਜੋਂ ਕਾਰਜਸ਼ੀਲ]

## ਪਬਲਿਕ ਨੋਟਿਸ

ਮੈਂ, ਰਾਜਵਿੰਦਰ ਸਿੰਘ ਪੁੱਤਰ ਦੇਸ਼ ਰਾਜ ਵਾਸੀ ਸਰਾਏ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ ਬਿਆਨ ਕਰਦਾ ਹਾਂ ਕਿ ਇੱਕ ਵਰਨਾ ਕਾਰ ਜਿਸ ਦਾ ਆਰਸੀ ਨੰਬਰ PB13BG9240 Model 2012 CH No. 082777 Eng No. 107318 ਰੰਗ ਚਿੱਟਾ ਹੈ ਜਿਸਦਾ ਮੈਂ ਮਾਲਕ ਵਾ ਕਾਬਜ ਹਾਂ। ਮੈਂ ਉਕਤ ਵਹੀਕਲ ਆਪਣੀ ਮਰਜੀ ਨਾਲ ਗੁਰਪ੍ਰੀਤ ਸਿੰਘ ਪੁੱਤਰ ਜਸਪਾਲ ਸਿੰਘ ਵਾਸੀ ਪਿੰਡ ਭੰਡਾਲ ਬੇਟ, ਜ਼ਿਲ੍ਹਾ ਕਪੂਰਥਲਾ ਨੂੰ ਵੇਚ ਦਿੱਤੀ ਹੈ। ਅੱਜ ਤੋਂ ਉਕਤ ਵਹੀਕਲ ਦੀ ਹਰੇਕ ਤਰ੍ਹਾਂ ਦੀ ਜ਼ਿੰਮੇਵਾਰੀ ਗੁਰਪ੍ਰੀਤ ਸਿੰਘ ਦੀ ਹੈ ਅਤੇ ਉਕਤ ਵਹੀਕਲ ਦਾ ਗੁਰਪ੍ਰੀਤ ਸਿੰਘ ਅੱਜ ਤੋਂ ਮਾਲਕ ਵਾ ਕਾਬਜ ਹੈ।

## Public Notice

I, Baljit Kaur wife of Harjinder Singh resident of H.No. 70, Near BSNL Avenue, Ladhewali, Jalandhar-II, Jalandhar-144007, Punjab declare that my son Amanpreet Singh and his wife Amandeep Kaur are out of my control. So I disinherit them from all my moveable and immoveable properties. Myself and other family members having no relation with them. I and my family shall not be held responsible for any of their act, deed and things related to them. All concerned please note.

## SHORT TERM TENDER NOTICE

PM SHRI GSSS NANGAL KALAN, DISTRICT MANSA, Punjab

Education Department is organizing Jim Corbett (Utrakhand )Tour for Students (5 nights) Proposals are invited from qualified travel agencies. interested agencies may submit their details with in four working days from the date of publication of this advertisement.

Chairman/Secretary SMC PM SHRI GSSS NANGAL KALAN

## SHORT TERM TENDER NOTICE

PM SHRI GMSSS DATEWAS, District Mansa, Punjab Education Department is organizing Jaipur, udaipur School Trip (1st week of October 2026) for Students. Proposals are invited from qualified travel agencies. interested agencies may submit their details with in 4 (four) working days from the date of publication of this advertisement.

Principal, PM SHRI GMSSS DATEWAS

## SHORT TERM TENDER NOTICE

PM SHRI GSS BARETA District Mansa, Punjab Education Department is organizing Dehradun, mansoori School Trip (last week of September 2026) for Students. Proposals are invited from qualified travel agencies. interested agencies may submit their details with in 4 (four) working days from the date of publication of this advertisement.

Principal, PM SHRI GSS BARETA

## SHORT TERM TENDER NOTICE

PM SHRI GGSS BOHA, District Mansa, Punjab Education Department is organizing INTER STATE School Trip of Udaipur (Last week of September 2026) for Students. Proposals are invited from qualified travel agencies. interested agencies may submit their details and rates with in 4 (four) working days from the date of publication of this advertisement.

Principal, PM SHRI GGSS BOHA

## ਪਬਲਿਕ ਨੋਟਿਸ

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦੀ ਗਦਲੀ ਬਹੁ-ਮੰਤਵੀ ਸਹਿਕਾਰੀ ਸਭਾ ਲਿਮਟਿਡ ਪਿੰਡ ਗਦਲੀ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਦੇ ਖੇਤੀਬਾੜੀ ਸੰਦਾਂ ਦੀ ਖੁੱਲ੍ਹੀ ਬੋਲੀ ਮਿਤੀ 17-09-2026 ਨੂੰ ਸਵੇਰੇ 12.00 ਵਜੇ ਦਿਨ ਵੀਰਵਾਰ ਸਭਾ ਦੇ ਦਫਤਰ ਗਦਲੀ ਵਿਖੇ ਕਰਵਾਈ ਜਾਵੇਗੀ। ਨਿਲਾਮੀ ਲਈ ਉਪਲੱਬਧ ਖੇਤੀਬਾੜੀ ਸੰਦ : 2 ਐੱਮ ਬੀ ਪਲਾਊ, 2 ਮਲਚਰ।

ਨੋਟ : ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ

ਸੰਪਰਕ :
ਸਰਬਜੀਤ ਸਿੰਘ ਸਕੱਤਰ ਸਭਾ,
ਸਵਿੰਦਰ ਸਿੰਘ ਪ੍ਰਧਾਨ
98148-18888,
97798-15171

## ਕਲਾਸੀਫਾਈਡ ਇਸ਼ਤਿਹਾਰ

## ਆਮ ਸੂਚਨਾ

ਹਜ਼ੂਰਾ ਸਿੰਘ ਪੁੱਤਰ ਵਜੀਰ ਸਿੰਘ ਵਾਸੀ ਭਲਵਾਨ ਦੇ ਨਾਂਅ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰ: ਜੇ/362/ਏ.ਪੀ. (15 ਪਾਵਰ ਹਾਰਸ ) ਨੂੰ ਬਲਜਿੰਦਰ ਸਿੰਘ ਉਰਫ ਬੁੱਧ ਸਿੰਘ ਪੁੱਤਰ ਹਜ਼ੂਰਾ ਸਿੰਘ ਵਾਸੀ ਭਲਵਾਨ, ਜ਼ਿਲ੍ਹਾ ਸੰਗਰੂਰ ਨੇ ਆਪਣੇ ਨਾਂਅ ਤਬਦੀਲ ਕਰਵਾਉਣ ਲਈ ਅਪਲਾਈ ਕੀਤਾ ਹੈ, ਇਤਰਾਜ਼ੀ 15 ਦਿਨਾਂ ਅੰਦਰ ਐੱਸ ਡੀ ਓ ਪਾਵਰਕਾਮ, ਉਪ ਮੰਡਲ ਭਲਵਾਨ ਦੇ ਇਤਰਾਜ਼ ਪੇਸ਼ ਕਰੇ।

ਮੈਂ ਅਵਤਾਰ ਸਿੰਘ ਪੁੱਤਰ ਦਲੀਪ ਸਿੰਘ ਪਿੰਡ ਕਾਜੀਪੁਰ ਤਹਿਸੀਲ ਕਲਾਨੌਰ ਜ਼ਿਲ੍ਹਾ ਗੁਰਦਾਸਪੁਰ ਦਾ ਰਹਿਣ ਵਾਲਾ ਹਾਂ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕਿਆਂ ਕਰਮਜੀਤ ਸਿੰਘ ਅਤੇ ਕੁਲਦੀਪ ਸਿੰਘ ਨੂੰ ਜੋ ਮੇਰੇ ਕਹਿਣੇ ਤੋਂ ਬਾਹਰ ਸਨ ਬੇਦਖਲ ਕੀਤਾ ਹੋਇਆ ਸੀ। ਪਰ ਹੁਣ ਮੇਰਾ ਲੜਕਾ ਕਰਮਜੀਤ ਸਿੰਘ ਜੋ ਮੇਰੇ ਕਹਿਣੇ ਵਿੱਚ ਹੈ ਤੇ ਮੇਰੀ ਦੇਖਭਾਲ ਕਰ ਰਿਹਾ ਹੈ ਸਿਰਫ ਉਸ ਦੀ ਬੇਦਖਲੀ ਵਾਪਸ ਲੈਂਦਾ ਹਾਂ ਤੇ ਹੁਣ ਉਹ ਮੇਰੀ ਚੱਲ ਅਚੱਲ ਜਾਇਦਾਦ ਦਾ ਬਰਾਬਰ ਦਾ ਹਿੱਸੇਦਾਰ ਹੋਵੇਗਾ।

ਮੈਂ ਸਵਿਤਾ ਸ਼ਰਮਾ ਉਰਫ ਰਿੰਪੀ ਕੁਮਾਰੀ ਪੁੱਤਰੀ ਰਾਮ ਸਰੂਪ ਪਤਨੀ ਅਜੈ ਕੁਮਾਰ ਵਾਸੀ 35 ਰੋਸ਼ਨ ਵਿਹਾਰ ਬਟਾਲਾ, ਜ਼ਿਲ੍ਹਾ ਗੁਰਦਾਸਪੁਰ । ਸਵਿਤਾ ਰਾਣੀ ਮੇਰਾ ਘਰ ਦਾ ਨਾਂਅ ਹੈ ਅਤੇ ਮੇਰਾ ਅਸਲ ਨਾਮ ਰਿੰਪੀ ਕੁਮਾਰੀ ਹੈ । ਜਿਸ ਦੇ ਮੇਰੇ ਪਾਸ ਸਬੂਤ ਮੌਜੂਦ ਹਨ । ਇਹ ਦੋਨੋ ਨਾਮ ਮੇਰੇ ਹੀ ਹਨ । ਅਤੇ ਹੁਣ ਮੈਨੂੰ ਰਿੰਪੀ ਕੁਮਾਰੀ ਦੇ ਨਾਮ ਨਾਲ ਜਾਣਿਆ ਜਾਵੇ ।

ਮੈਂ ਸੋਹਨ ਲਾਲ ਪੁੱਤਰ ਰਾਮ ਚੰਦ ਵਾਸੀ ਪਿੰਡ ਸ਼ੇਰਪੁਰ, ਡਾਕਖਾਨਾ ਸ਼ੇਖੇ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਸਤੀਸ਼ ਕੁਮਾਰ ਅਤੇ ਉਸ ਦੀ ਪਤਨੀ ਮੋਨਿਕਾ ਨੂੰ ਮਿਤੀ 23.04.2017 'ਦਿ ਸੰਡੇ ਟ੍ਰਿਬਿਊਨ' ਅਤੇ 'ਨਵਾਂ ਜ਼ਮਾਨਾ' ਅਖ਼ਬਾਰ ਰਾਹੀਂ ਮਿਤੀ 20.04.2017 ਨੂੰ ਬੇਦਖਲ ਕੀਤਾ ਸੀ। ਮੈਂ ਆਪਣੇ ਲੜਕੇ ਸਤੀਸ਼ ਕੁਮਾਰ ਦੀ ਬੇਦਖਲੀ ਖਾਰਜ ਕਰਦਾ ਹਾਂ। ਹੁਣ ਮੇਰਾ ਲੜਕਾ ਸਤੀਸ਼ ਕੁਮਾਰ ਪਹਿਲਾਂ ਵਾਂਗ ਮੇਰੀ ਚੱਲ-ਅਚੱਲ ਜਾਇਦਾਦ ਦਾ ਹੱਕਦਾਰ ਅਤੇ ਵਾਰਸ ਹੈ। ਸੰਬੰਧਤ ਨੋਟ ਕਰਨ।

ਮੈਂ, ਕੁਲਵੰਤ ਸਿੰਘ ਪੁੱਤਰ ਸੰਪੂਰਨ ਸਿੰਘ ਵਾਸੀ ਨੇੜੇ ਰਾਮੂਵਾਲਾ ਰੋਡ ਰਣੀਆਂ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੈਂ 14 ਅਗਸਤ 2026 ਨੂੰ 'ਪਹਿਰੇਦਾਰ' ਅਖਬਾਰ ਰਾਹੀਂ ਆਪਣੇ ਲੜਕੇ ਸੁਖਜਿੰਦਰ ਸਿੰਘ ਅਤੇ ਨੂੰਹ ਨਰਿੰਦਰ ਕੌਰ ਨੂੰ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਅਤੇ ਮੇਰੀ ਨੂੰਹ ਮੇਰੇ ਕਹਿਣੇ 'ਚ ਹਨ ਅਤੇ ਮੇਰੀ ਸੇਵਾ-ਸੰਭਾਲ ਕਰਦੇ ਹਨ। ਹੁਣ ਮੈਂ ਇਨ੍ਹਾਂ ਦੀ ਬੇਦਖਲੀ ਰੱਦ ਕਰਦਾ ਹਾਂ। ਹੁਣ ਮੇਰਾ ਲੜਕਾ ਸੁਖਜਿੰਦਰ ਸਿੰਘ ਮੇਰੀ ਚੱਲ-ਅਚੱਲ ਜਾਇਦਾਦ ਦਾ ਵਾਰਸ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਹਰਭਜਨ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਪਿੰਡ ਬੱਲ ਖੁਰਦ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰੀ ਲੜਕੀ ਹਰਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਸੀ, ਜਿਸ ਨੂੰ ਮੈਂ ਬੇਦਖਲ ਕੀਤਾ ਸੀ। ਹੁਣ ਮੇਰੀ ਲੜਕੀ ਮੇਰੇ ਕਹਿਣੇ ਵਿੱਚ ਹੈ। ਇਸ ਲਈ ਮੈਂ ਉਸ ਦੀ ਬੇਦਖਲੀ ਵਾਪਸ ਲੈਂਦਾ ਹਾਂ। ਹੁਣ ਉਹ ਮੇਰੀ ਹਰ ਤਰ੍ਹਾਂ ਦੀ ਚੱਲ-ਅਚੱਲ ਜਾਇਦਾਦ ਦੀ ਪੂਰੀ ਹੱਕਦਾਰ ਹੈ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਮਧੂ ਪਤਨੀ ਸ੍ਰੀ ਬਿਪਨ ਚੰਦਰ ਵਾਸੀ ਮਕਾਨ ਨੰਬਰ 154, ਗਲੀ ਨੰਬਰ-1, ਨਿਊ ਦੀਪ ਨਗਰ, ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਵਿਨੈ ਰਾਜਨ ਤੇ ਮੇਰੀ ਨੂੰਹ ਸ਼ਿਖਾ ਸ਼ਰਮਾ ਤੇ ਮੇਰੀਆਂ ਦੋ ਪੋਤਰੀਆਂ ਖੁਸ਼ੀ ਤੇ ਦਿਵਿਆ, ਜੋ ਕਿ ਮੇਰੇ ਕਹਿਣ ਤੋਂ ਬਾਹਰ ਹਨ, ਮੈਂ ਉਨ੍ਹਾਂ ਨੂੰ ਆਪਣੀ ਚੱਲ ਅਤੇ ਅਚੱਲ ਸੰਪਤੀ ਤੋਂ ਬੇਦਖਲ ਕਰਦੀ ਹਾਂ, ਮੇਰਾ ਉਨ੍ਹਾਂ ਨਾਲ ਕੋਈ ਸੰਬੰਧ ਨਹੀਂ, ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਮੈਂ ਪਰਮਿੰਦਰ ਕੌਰ ਪਤਨੀ ਅਮਰਜੀਤ ਸਿੰਘ ਵਾਸੀ ਰੱਤਾ ਕਦੀਮ ਕਪੂਰਥਲਾ ਦੀ ਹਾਂ ਅਤੇ ਨੇਮ ਨਾਲ ਹੇਠ ਲਿਖਿਆ ਹਲਫੀਆ ਬਿਆਨ ਕਰਦੀ ਹਾਂ ਕਿ ਹਰਪ੍ਰੀਤ ਕੌਰ ਮੇਰੀ ਲੜਕੀ ਹੈ ਅਤੇ ਜਿਸ ਦੀ ਜਨਮ ਮਿਤੀ 07/09/2000 ਹੈ। ਮੇਰੀ ਲੜਕੀ ਆਪਣੀ ਮਰਜ਼ੀ ਨਾਲ ਸਾਡੇ ਘਰੋਂ ਚਲੀ ਗਈ ਹੈ ਅਤੇ ਆਪਣੀ ਹੀ ਮਨਮਰਜ਼ੀ ਕਰਦੀ ਹੈ ਸਾਡੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੀ ਲੜਕੀ ਹਰਪ੍ਰੀਤ ਕੌਰ ਨੂੰ ਆਪਣੀ ਸਾਰੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ, ਜੋ ਵੀ ਇਸ ਨਾਲ ਕਿਸੇ ਕਿਸਮ ਦਾ ਕੋਈ ਵੀ ਲੈਣ ਦੇਣ ਕਰੇਗਾ ਉਹ ਖੁਦ ਜ਼ਿੰਮੇਵਾਰ ਹੋਵੇਗਾ ਇਸ ਵਿਚ ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਵਾਹ ਵਾਸਤਾ ਨਹੀਂ ਹੋਵੇਗਾ ।

ਅਸੀਂ, ਪ੍ਰਿਥਵੀ ਰਾਜ ਪੁੱਤਰ ਮੇਘ ਰਾਜ ਤੇ ਮੰਜੂ ਪਤਨੀ ਪ੍ਰਿਥਵੀ ਰਾਜ ਦੋਵੇਂ ਵਾਸੀਆਨ ਮਕਾਨ ਨੰ. 307-5, ਬੈਕਸਾਈਡ, ਪਾਵਰ ਹਾਊਸ, ਨਿਊ ਬਸ਼ੀਰਪੁਰਾ, ਜਲੰਧਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਯੋਗੇਸ਼ ਰਾਜ ਅਤੇ ਉਸ ਦੀ ਪਤਨੀ ਪ੍ਰੀਤੀ ਵਾਸੀ ਮਕਾਨ ਨੰ. ਡਬਲਯੂ ਐੱਨ 8, ਰਚਨਾ ਬਸਤੀ, ਧੂਰੀ, ਜ਼ਿਲ੍ਹਾ ਸੰਗਰੂਰ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਅਸੀਂ, ਪ੍ਰਿਥਵੀ ਰਾਜ ਪੁੱਤਰ ਸ੍ਰੀ ਮੇਘ ਰਾਜ ਤੇ ਮੰਜੂ ਪਤਨੀ ਪ੍ਰਿਥਵੀ ਰਾਜ ਦੋਵੇਂ ਵਾਸੀਆਨ ਮਕਾਨ ਨੰਬਰ 307-5, ਬੈਕਸਾਈਡ ਪਾਵਰ ਹਾਊਸ, ਨਿਊ ਬਸ਼ੀਰਪੁਰਾ, ਜਲੰਧਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਹੇਮੰਤ ਰਾਜ ਅਤੇ ਉਸ ਦੀ ਪਤਨੀ ਸੁਮਨ ਵਾਸੀ ਮਕਾਨ ਨੰ. ਡਬਲਯੂ ਐੱਨ 8, ਰਚਨਾ ਬਸਤੀ, ਧੂਰੀ, ਜ਼ਿਲ੍ਹਾ ਸੰਗਰੂਰ ਸਾਡੇ ਕਹਿਣੇ ਤੋਂ ਬਾਹਰ ਸਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਚਰਨਜੀਤ ਸਿੰਘ ਪੁੱਤਰ ਸੀਤੋ ਵਾਸੀ ਫਿਲਵਾ, ਪੱਤੀ ਰਾਮੂ ਕੀ, ਸਬ ਤਹਿਸੀਲ ਫਿਲਵਾਂ, ਜ਼ਿਲ੍ਹਾ ਕਪੂਰਥਲਾ ਬਿਆਨ ਹਲਫੀਆ ਕਰਦਾ ਹਾਂ ਕਿ ਮੇਰਾ ਲੜਕਾ ਇੰਦਰਜੀਤ ਸਿੰਘ ਅਤੇ ਮੇਰੀ ਨੂੰਹ ਪਰਵਿੰਦਰ ਕੌਰ, ਪੋਤਾ ਸੁਮਨਪ੍ਰੀਤ ਸਿੰਘ, ਪੋਤੀ ਸ਼ਾਨੂ ਮੇਰੇ ਕਹਿਣੇ ਕਾਰ ਤੋਂ ਬਾਹਰ ਹਨ। ਵਿਦੇਸ਼ ਵਿੱਚ ਰਹਿੰਦੇ ਹਨ। ਮੈਂ ਇਨ੍ਹਾਂ ਸਾਰਿਆਂ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। (ਆਰ)

ਮੈਂ, ਬਲਵਿੰਦਰ ਸਿੰਘ ਪੁੱਤਰ ਅਮੀਰ ਸਿੰਘ ਵਾਸੀ ਮਿੱਠਾਪੁਰ ਰੋਡ, ਕਾਦੀਆਂ ਵਾਲੀ, ਡਾਕਖਾਨਾ ਜਮਸ਼ੇਰ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰਮਨਦੀਪ ਸਿੰਘ ਅਤੇ ਉਸ ਦੀ ਪਤਨੀ ਅਤਿੰਦਰ ਕੌਰ ਅਤੇ ਉਨ੍ਹਾਂ ਦੇ ਬੇਟੇ ਦਿਲਜੋਤ ਸਿੰਘ ਅਤੇ ਗੁਰਨਵਾਬ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। ਸੰਬੰਧਤ ਨੋਟ ਕਰਨ।

ਮੈਂ, ਕਰਨੈਲ ਸਿੰਘ ਪੁੱਤਰ ਵਰਿਆਮ ਸਿੰਘ ਵਾਸੀ ਪਿੰਡ ਲੱਲੀਆਂ ਕਲਾਂ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਅਮਰਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸੋਨੂੰ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਬਾਸਰਕੇ, ਭੈਣੀ ਚਾਹੜ ਪੀਰ ਵਾਲੀ ਗਲੀ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਅਰਸ਼ਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਰਮੇਸ਼ ਸਿੰਘ ਪੁੱਤਰ ਆਤਮਾ ਸਿੰਘ ਵਾਸੀ ਨਾਰਲੀ, ਨਰਲੀ, ਡਾਕਖਾਨਾ ਖਾਲੜਾ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗੁਰਪ੍ਰੀਤ ਸਿੰਘ ਅਤੇ ਉਸ ਦੀ ਪਤਨੀ ਕਿਰਨ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਨਾਂਅ ਦੀ ਬਦਲੀ

ਮੈਂ, ਸਵਿਤਾ ਰਾਣੀ ਪਤਨੀ ਸੰਦੀਪ ਕੁਮਾਰ ਵਾਸੀ ਮਕਾਨ ਨੰ: 168, ਬੇਅੰਤ ਨਗਰ, ਜਲੰਧਰ ਬਿਆਨ ਕਰਦੀ ਹਾਂ ਕਿ ਮੈਂ ਸਵਿਤਾ, ਸਵਿਤਾ ਰਾਣੀ ਦੇ ਨਾਂਅ ਨਾਲ ਜਾਣੀ ਜਾਂਦੀ ਹਾਂ। ਸਵਿਤਾ ਅਤੇ ਸਵਿਤਾ ਰਾਣੀ ਦੋਵੇਂ ਨਾਂਅ ਮੇਰੇ ਅਤੇ ਇਕ ਵੀ ਵਿਅਕਤੀ ਦੇ ਹਨ।

ਮੈਂ ਪਲਵਿੰਦਰ ਕੌਰ ਪਤਨੀ ਕੇਹਰ ਸਿੰਘ ਵਾਸੀ ਪਿੰਡ ਚੁਗਾਵਾਂ ਡਾਕਖਾਨਾ ਇਬਰਾਹਿਮਵਾਲ ਜ਼ਿਲ੍ਹਾ ਕਪੂਰਥਲਾ ਬਿਆਨ ਕਰਦੀ ਹਾਂ ਕਿ ਮੈਂ ਆਪਣਾ ਨਾਮ ਪਲਵਿੰਦਰ ਕੌਰ ਤੋਂ ਬਦਲ ਕੇ ਪਾਰਮਿੰਦਰ ਕੌਰ ਰੱਖ ਲਿਆ ਹੈ ।ਸੰਬੰਧੀ ਨੋਟ ਕਰਨ।

ਮੈਂ ਸੀਤਲ ਸਿੰਘ ਪੁੱਤਰ ਸ਼ੰਕਰ ਸਿੰਘ ਪੁੱਤਰ ਜਗਤ ਸਿੰਘ ਵਾਸੀ ਪਿੰਡ ਮੁਗਲ ਚੱਕ ਸਬ ਤਹਿਸੀਲ ਫਿਲਵਾਂ ਜ਼ਿਲ੍ਹਾ ਕਪੂਰਥਲਾ ਬਿਆਨ ਕਰਦਾ ਹਾਂ ਕਿ ਕੁਝ ਦਸਤਾਵੇਜ਼ਾਂ ਵਿੱਚ ਮੇਰਾ ਨਾਮ ਸ਼ੀਤਲ ਸਿੰਘ ਪੁੱਤਰ ਸ਼ੈਕਰ ਸਿੰਘ ਪੁੱਤਰ ਜਗਤ ਸਿੰਘ ਲਿਖਿਆ ਗਿਆ ਹੈ ਜੋ ਕਿ ਗਲਤ ਹੈ ।ਜਦਕਿ ਮੇਰਾ ਸਹੀ ਨਾਮ ਸੀਤਲ ਸਿੰਘ ਪੁੱਤਰ ਸ਼ੰਕਰ ਸਿੰਘ ਪੁੱਤਰ ਜਗਤ ਸਿੰਘ ਹੈ ।ਸੰਬੰਧਿਤ ਨੋਟ ਕਰਨ।

## Change of Name

I, Harkanwal Netar Airi S/o Late Sh. Om Parkash R/o Village Bhati Shaker Kour, PO. Kamahi Devi, District Hoshiarpur, Punjab declare that Anita & Anita Kumari belong to my wife and belong to the same person. All concerned please note.

## Disinherit Notice

I, Saroop Singh S/o Faqir Singh R/o Vill. Singowal, P.O. Chore Sidhwan, Tehsil/Distt. Gurdaspur, Punjab (India), declare that my Son Jagpreet Singh is not in my saying & out of control. So I disinherit him from moveable & immoveable Property. I Shall not be Responsible.

## Change of Name

I, Navdeep Singh Kaundal S/O Karnail Singh R/O H.No.49,Shiv Nagar Colony, Near Police Station, Islamabad, Amritsar, Punjab have changed my name from Navdeep Singh Kaundal to Navdeep Singh. Concerned note.

I, Hareem Kumar Bangotra S/o Ram Lal R/o H.No.50, Green Field, Phase-II, Majitha Road, Amritsar have changed my name from Hareem Kumar Bangotra to Harim Kumar

I Gauri Khanna, W/O Chetan Khanna, R/O H.No.F13/523, Nehru Colony, Gopal Nagar, Near Baba Rakhi, Majitha Road, Amritsar, Have Changed My Name From Gauri Khanna To Gouri Khanna, Please Note

I, Ansh Bhatti S/o Raj Kumar R/o Plot No.14, Gali No.6, New Shaheed Udham Singh Nagar, 20 Futa Bazar Amritsar have declare that Ansh is my given name and Bhatti is my Surname

I, Harmanjot Singh S/o Harpal Singh R/o Abadi Rori, VPO Majitha, Distt. Amritsar, Punjab- 143601 have changed my name from Harmanjot Singh to Singh is my surname and Harmanjot is my given name.

I, Suraj Singh S/o Netar Pal Singh R/o 27, 88Ft Road, Near Bhabha School, Golden Avenue, Amritsar, Punjab- 143001 have changed my name from Suraj Singh to Suraj Singh Chouhan.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

ਨਵਾਂ ਜ਼ਮਾਨਾ
ਐਤਵਾਰਤਾ



ਕਾਮਰੇਡ ਧਰਮਪਾਲ ਦੁਸਾਂਝ
(ਆਖਰੀ ਸਫੇ 'ਤੇ)

*ਮਿਲੇ ਜਦ ਵੀ ਕਿਤੇ*
*ਹੁਣ ਤਾਂ ਨਹੀਂ ਅੱਖਾਂ ਚੁਰਾਵਾਂਗੇ,*
*ਮਗਰ ਮੁਮਕਿਨ ਨਹੀਂ ਹੁਣ*
*ਇਹ ਕਿ ਆਪਾਂ ਮਿਲ ਵੀ ਪਾਵਾਂਗੇ।*

*- ਹਰ ਮਨ*

Regd. No : L-4/Pb-JL-0023/2024-26, (R.N.I.)-00068/57 | ਜਲੰਧਰ : ਐਤਵਾਰ, 13 ਸਤੰਬਰ 2026 | www.nawanzamana.in | ਕੀਮਤ 5.00 ਰੁਪਏ

# ਦਲਿਤ ਸਰੋਕਾਰਾਂ ਦੀ ਨਵੀਂ ਗੂੰਜ

**ਐੱਸ ਐੱਨ ਸਾਹੂ**

ਮਨੂਸਮ੍ਰਿਤੀ ਨੂੰ ਔਰਤਾਂ ਦੇ ਅਧਿਕਾਰਾਂ ਅਤੇ ਆਜ਼ਾਦੀ ਦੇ ਰਾਹ ਵਿੱਚ ਮੁੱਖ ਰੁਕਾਵਟ ਮੰਨ ਕੇ ਰਾਹੁਲ ਗਾਂਧੀ ਨੇ ਮਹਾਤਮਾ ਗਾਂਧੀ ਅਤੇ ਬੀ ਆਰ ਅੰਬੇਦਕਰ ਦੀ ਸਾਂਝੀ ਸੋਚ ਨੂੰ ਬਹੁਤ ਸਹੀ ਢੰਗ ਨਾਲ ਪੇਸ਼ ਕੀਤਾ ਹੈ। ਮਨੂਸਮ੍ਰਿਤੀ ਦੇ ਉਨ੍ਹਾਂ ਨਿਯਮਾਂ, ਜਿਨ੍ਹਾਂ ਮੁਤਾਬਕ ਇੱਕ ਲੜਕੀ ਬਚਪਨ ਵਿੱਚ ਆਪਣੇ ਪਿਤਾ 'ਤੇ, ਜਵਾਨੀ ਵਿੱਚ ਆਪਣੇ ਪਤੀ 'ਤੇ ਅਤੇ ਬੁਢਾਪੇ ਵਿੱਚ ਆਪਣੇ ਪੁੱਤਰਾਂ 'ਤੇ ਨਿਰਭਰ ਰਹਿੰਦੀ ਹੈ, ਦਾ ਹਵਾਲਾ ਦਿੰਦੇ ਹੋਏ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਪੁਣੇ ਵਿੱਚ ਵਿਸ਼ੇਸ਼ ਤੌਰ 'ਤੇ ਔਰਤਾਂ ਲਈ ਕਰਵਾਏ ਗਏ 'ਛਾਤਰੋਂ ਕੀ ਗੂੰਜ' ਪ੍ਰੋਗਰਾਮ ਦੇ ਚੌਥੇ ਐਡੀਸ਼ਨ ਦੌਰਾਨ ਇਹ ਸੁਨੇਹਾ ਦਿੱਤਾ ਕਿ ਅਜਿਹੇ ਧਾਰਮਿਕ ਗ੍ਰੰਥਾਂ ਦੇ ਹੁਕਮਾਂ ਨੇ ਔਰਤਾਂ ਨੂੰ ਸਾਰੀ ਉਮਰ ਉਨ੍ਹਾਂ ਦੀ ਵੱਖਰੀ ਪਛਾਣ ਅਤੇ ਆਜ਼ਾਦੀ ਤੋਂ ਵਾਂਝਿਆਂ ਰੱਖਿਆ ਹੈ।

ਇਸ ਲਈ, ਇਹ ਕਹਿੰਦਿਆਂ ਕਿ ਇੱਕ ਔਰਤ ਦੇ ਆਪਣੇ ਪਿਤਾ, ਪਤੀ ਅਤੇ ਪੁੱਤਰਾਂ ਨਾਲ ਰਿਸ਼ਤਾ ਹੋਣ ਵਿੱਚ ਕੁਝ ਵੀ ਗ਼ਲਤ ਨਹੀਂ, ਰਾਹੁਲ ਗਾਂਧੀ ਨੇ ਜ਼ੋਰ ਦੇ ਕੇ ਕਿਹਾ ਕਿ ਇਨ੍ਹਾਂ ਰਿਸ਼ਤਿਆਂ ਕਰਕੇ ਔਰਤ ਦੀ ਆਪਣੀ ਇੱਕ ਵੱਖਰੀ ਅਤੇ ਸੁਤੰਤਰ ਪਛਾਣ ਖ਼ਤਰੇ ਵਿੱਚ ਨਹੀਂ ਪੈਣੀ ਚਾਹੀਦੀ। ਇਹੀ ਕਾਰਨ ਸੀ ਕਿ ਉਨ੍ਹਾ ਮਰਦ ਪ੍ਰਧਾਨ ਸੋਚ ਨੂੰ ਜੜ੍ਹੋਂ ਪੁੱਟਣ ਅਤੇ ਔਰਤਾਂ ਨੂੰ ਕੈਦ ਕਰਨ ਵਾਲੇ ਪਿੰਜਰੇ ਨੂੰ ਤੋੜਨ ਦਾ ਜ਼ੋਰਦਾਰ ਸੱਦਾ ਦਿੱਤਾ।

ਉਨ੍ਹਾ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੂੰ ਸੱਭਿਆਚਾਰਕ ਝਟਕਾ ਇਸ ਲਈ ਲੱਗਿਆ, ਕਿਉਂਕਿ ਪੇਪਰ ਲੀਕ ਦੇ ਵਿਰੋਧ ਵਿੱਚ ਜੰਤਰ-ਮੰਤਰ 'ਤੇ ਪ੍ਰਦਰਸ਼ਨ ਕਰ ਰਹੀਆਂ ਕੁੜੀਆਂ ਨੇ ਉਨ੍ਹਾਂ ਵਿਰੁੱਧ ਅਪਮਾਨਜਨਕ ਭਾਸ਼ਾ ਦੀ ਵਰਤੋਂ ਕੀਤੀ, ਜਦਕਿ ਮੁੰਡਿਆਂ ਵੱਲੋਂ ਕੱਢੀਆਂ ਗਈਆਂ ਗਾਲ੍ਹਾਂ 'ਤੇ ਉਹ ਚੁੱਪ ਰਹੇ। ਰਾਹੁਲ ਗਾਂਧੀ ਨੇ ਇਸ ਨੂੰ ਮਨੂਸਮ੍ਰਿਤੀ ਤੋਂ ਪ੍ਰਭਾਵਤ ਮਾਨਸਿਕਤਾ ਦੱਸਿਆ।

**ਗਾਂਧੀ ਨੇ ਔਰਤਾਂ ਦੇ ਨੀਵੇਂ ਦਰਜੇ ਲਈ ਸਮ੍ਰਿਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ**

ਮਰਦ-ਪ੍ਰਧਾਨ ਸਮਾਜ ਵੱਲੋਂ ਔਰਤਾਂ ਨੂੰ ਮਰਦਾਂ ਦੇ ਅਧੀਨ ਦਰਜਾ ਦੇਣ ਅਤੇ ਉਨ੍ਹਾਂ ਦੇ ਪੂਰੇ ਜੀਵਨ-ਚੱਕਰ ਦੌਰਾਨ ਉਨ੍ਹਾਂ ਨੂੰ ਮਰਦਾਂ ਦੇ ਨਿਯੰਤਰਣ ਹੇਠ ਰੱਖਣ ਬਾਰੇ ਰਾਹੁਲ ਗਾਂਧੀ ਨੇ ਔਰਤਾਂ ਦੀ ਇੱਕ ਵਿਸ਼ੇਸ਼ ਮੀਟਿੰਗ ਵਿੱਚ ਜੋ ਕੁਝ ਕਿਹਾ, ਉਹ ਮਹਾਤਮਾ ਗਾਂਧੀ ਵੱਲੋਂ ਅੱਜ ਤੋਂ 108 ਸਾਲ ਪਹਿਲਾਂ 20 ਫਰਵਰੀ 1918 ਨੂੰ ਬੰਬਈ ਵਿੱਚ 'ਭਗਿਨੀ ਸਮਾਜ' (ਸਿਸਟਰਜ਼ ਸੁਸਾਇਟੀ—ਭੈਣਾਂ ਦੀ ਸਭਾ) ਵਿੱਚ ਦਿੱਤੇ ਭਾਸ਼ਣ ਦੀ ਯਾਦ ਦਿਵਾਉਂਦਾ ਹੈ। ਉਸ ਭਾਸ਼ਣ ਵਿੱਚ ਗਾਂਧੀ ਨੇ ਸਮਾਜ ਵਿੱਚ ਮਰਦਾਂ ਦੇ ਮੁਕਾਬਲੇ ਔਰਤਾਂ ਦੇ ਨੀਵੇਂ ਦਰਜੇ ਲਈ ਸਿਰਫ਼ ਮਨੂਸਮ੍ਰਿਤੀ ਨੂੰ ਹੀ ਨਹੀਂ, ਸਗੋਂ ਸਾਰੀਆਂ ਸਮ੍ਰਿਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਸੀ।

1918 ਵਿੱਚ ਸਮਾਜ ਅੰਦਰ ਔਰਤਾਂ ਦੀ ਬੇਹੱਦ ਤਰਸਯੋਗ ਹਾਲਤ ਦੇ ਪਿਛੋਕੜ ਵਿੱਚ ਉਨ੍ਹਾ ਜ਼ੋਰ ਦੇ ਕੇ ਕਿਹਾ ਸੀ, ਵੱਖ-ਵੱਖ ਸਮ੍ਰਿਤੀਆਂ ਦੇ ਲੇਖਕਾਂ ਨੇ ਔਰਤਾਂ ਬਾਰੇ ਜੋ ਕੁਝ ਲਿਖਿਆ ਹੈ, ਉਸ ਦਾ ਕਿਸੇ ਵੀ ਤਰ੍ਹਾਂ ਬਚਾਅ ਨਹੀਂ ਕੀਤਾ ਜਾ ਸਕਦਾ। ਉਨ੍ਹਾ ਕਿਹਾ—ਬਾਲ ਵਿਆਹ, ਵਿਧਵਾਵਾਂ 'ਤੇ ਪਾਬੰਦੀਆਂ ਅਤੇ ਅਜਿਹੀਆਂ ਹੋਰ ਬੁਰਾਈਆਂ ਦੀ ਸ਼ੁਰੂਆਤ ਸਮ੍ਰਿਤੀਆਂ ਵਿੱਚ ਦਿੱਤੇ ਹੁਕਮਾਂ ਕਾਰਨ ਹੀ ਹੋਈ ਹੈ। ਗਾਂਧੀ ਨੇ ਦੁੱਖ ਪ੍ਰਗਟ ਕਰਦਿਆਂ ਕਿਹਾ ਸੀ ਕਿ ਔਰਤਾਂ ਨੂੰ ਸ਼ੂਦਰਾਂ ਦੇ ਬਰਾਬਰ ਰੱਖਣ ਨਾਲ ਹਿੰਦੂ ਸਮਾਜ ਦਾ ਸੋਚ ਤੋਂ ਕਿਤੇ ਵੱਧ ਨੁਕਸਾਨ ਹੋਇਆ ਹੈ।


ਇੱਕ ਆਦਰਸ਼ ਹਿੰਦੂ, ਜਿਹੜਾ ਸਰਬ-ਸਾਂਝੀਵਾਲਤਾ ਅਤੇ ਅਨੇਕਤਾਵਾਦ ਵਰਗੇ ਬਹੁਮੁੱਲੇ ਸਿਧਾਂਤਾਂ ਨੂੰ ਸਮਰਪਿਤ ਸੀ, ਹੋਣ ਦੇ ਨਾਤੇ ਗਾਂਧੀ ਜੀ ਅੰਦਰ ਧਰਮ ਦੀਆਂ ਅਣਗਿਣਤ ਤਰੁੱਟੀਆਂ 'ਤੇ ਤਿੱਖਾ ਵਾਰ ਕਰਨ ਦਾ ਨੈਤਿਕ ਹੌਸਲਾ ਸੀ, ਖ਼ਾਸ ਕਰਕੇ ਉਨ੍ਹਾਂ ਕੁਰੀਤੀਆਂ 'ਤੇ ਜਿਨ੍ਹਾਂ ਔਰਤਾਂ ਦੀ ਹੋਂਦ ਨੂੰ ਨੀਵਾਂ ਕੀਤਾ।

'ਭਗਿਨੀ ਸਮਾਜ' ਵਿਖੇ ਆਪਣੇ ਉਕਤ ਭਾਸ਼ਣ ਵਿੱਚ ਉਨ੍ਹਾ ਇਹ ਤਾਂ ਮੰਨਿਆ ਕਿ ਇਨ੍ਹਾਂ ਸ਼ਲੋਕਾਂ ਨੂੰ ਮਨਫ਼ੀ ਕਰਕੇ ਸਮ੍ਰਿਤੀਆਂ ਦੀ ਮਹਾਨਤਾ ਨੂੰ ਸਾਬਤ ਕਰਨਾ ਆਸਾਨ ਹੈ, ਪਰ ਨਾਲ ਹੀ ਬੜੀ ਨਿਮਰਤਾ ਅਤੇ ਸਪੱਸ਼ਟਤਾ ਨਾਲ ਸਵੀਕਾਰਿਆ, ਮੇਰੀ ਇਹ ਬਿਲਕੁਲ ਇੱਛਾ ਨਹੀਂ ਕਿ ਮੈਂ ਕਿਸੇ ਝੂਠੇ ਹੰਕਾਰ ਜਾਂ ਅਗਿਆਨਤਾ ਕਾਰਨ ਹਿੰਦੂ ਧਰਮ ਦੀ ਕਮਜ਼ੋਰ ਵਕਾਲਤ ਕਰਾਂ ਅਤੇ ਇਹ ਪ੍ਰਚਾਰਾਂ ਕਿ ਸਮ੍ਰਿਤੀਆਂ ਜਾਂ ਸਾਡੀਆਂ ਪ੍ਰਵਾਨਤ ਧਾਰਮਿਕ ਪੁਸਤਕਾਂ ਵਿੱਚ ਕੋਈ ਨੁਕਸ ਨਹੀਂ। ਉਨ੍ਹਾ ਜ਼ੋਰ ਦੇ ਕੇ ਆਖਿਆ ਕਿ ਮੇਰਾ ਇਹ ਪੱਕਾ ਯਕੀਨ ਹੈ ਕਿ ਅਜਿਹੀ ਕੋਸ਼ਿਸ਼ ਹਿੰਦੂ ਧਰਮ ਦਾ ਮਾਣ ਨਹੀਂ ਵਧਾਏਗੀ, ਬਲਕਿ ਇਸ ਦੇ ਮਿਆਰ ਨੂੰ ਹੋਰ ਗਿਰਾਏਗੀ।

ਇਸ ਲਈ ਔਰਤਾਂ ਦੀ ਭਲਾਈ ਅਤੇ ਪੁਨਰ-ਉਥਾਨ ਨੂੰ ਉਤਸ਼ਾਹਤ ਕਰਨ ਲਈ ਸਾਡੀ ਕੋਸ਼ਿਸ਼ ਦਾ ਵੱਡਾ ਹਿੱਸਾ ਉਨ੍ਹਾਂ ਕਮੀਆਂ ਨੂੰ ਦੂਰ ਕਰਨ ਵੱਲ ਹੋਣਾ ਚਾਹੀਦਾ ਹੈ, ਜਿਨ੍ਹਾਂ ਨੂੰ ਸਾਡੇ ਸ਼ਾਸਤਰ ਔਰਤਾਂ ਲਈ ਜ਼ਰੂਰੀ ਅਤੇ ਉਨ੍ਹਾਂ ਅੰਦਰ ਰਚੀਆਂ-ਵਸੀਆਂ ਵਿਸ਼ੇਸ਼ਤਾਵਾਂ ਵਜੋਂ ਪੇਸ਼ ਕਰਦੇ ਹਨ।

ਇਸ ਪਿਛੋਕੜ ਵਿੱਚ ਉਨ੍ਹਾ ਔਰਤਾਂ ਅਤੇ ਮਰਦਾਂ ਦੀ ਬਰਾਬਰੀ ਅਤੇ ਸਮਾਜ ਵਿੱਚ ਉਨ੍ਹਾਂ ਦੀ ਆਜ਼ਾਦ ਭੂਮਿਕਾ 'ਤੇ ਜ਼ੋਰ ਦਿੱਤਾ, ਤਾਂ ਜੋ ਪਰਿਵਾਰਕ ਰਿਸ਼ਤਿਆਂ ਦੇ ਬਾਵਜੂਦ ਉਨ੍ਹਾਂ ਦੀ ਖ਼ੁਦਮੁਖਤਿਆਰ ਹੋਂਦ ਨਾਲ ਕੋਈ ਸਮਝੌਤਾ ਨਾ ਹੋਵੇ। ਗਾਂਧੀ ਜੀ ਨੇ ਕਿਹਾ ਸੀ—ਔਰਤ ਮਰਦ ਦੀ ਸਾਥਣ ਹੈ, ਜਿਸ ਨੂੰ ਬਰਾਬਰ ਦੀ ਮਾਨਸਿਕ ਸਮਰੱਥਾ ਦੀ ਬਖ਼ਸ਼ਿਸ਼ ਪ੍ਰਾਪਤ ਹੈ। ਉਸ ਨੂੰ ਮਰਦ ਦੀ ਛੋਟੀ ਤੋਂ ਛੋਟੀ ਸਰਗਰਮੀ ਵਿੱਚ ਸ਼ਾਮਲ ਹੋਣ ਦਾ ਪੂਰਾ ਹੱਕ ਹੈ ਅਤੇ ਉਸ ਨੂੰ ਮਰਦ ਵਾਂਗ ਹੀ ਬਰਾਬਰ ਆਜ਼ਾਦੀ ਅਤੇ ਖੁੱਲ੍ਹ ਮਿਲਣੀ ਚਾਹੀਦੀ ਹੈ। ਜਿਵੇਂ ਮਰਦ ਆਪਣੇ ਖੇਤਰ ਵਿੱਚ ਸਰਵਉੱਚ ਹੈ, ਉਵੇਂ ਹੀ ਔਰਤ ਵੀ ਆਪਣੇ ਕਾਰਜ-ਖੇਤਰ ਵਿੱਚ ਸਰਵਉਚ ਸਥਾਨ ਪ੍ਰਾਪਤ ਕਰਨ ਦੀ ਹੱਕਦਾਰ ਹੈ।

ਉਨ੍ਹਾ ਦੇ ਇਹ ਗੂੰਜਵੇਂ ਬੋਲ, ਉਹ ਆਪਣੇ ਕਾਰਜ-ਖੇਤਰ ਵਿੱਚ ਉਸੇ ਤਰ੍ਹਾਂ ਸਰਵਉੱਚ ਸਥਾਨ ਪ੍ਰਾਪਤ ਕਰਨ ਦੀ ਹੱਕਦਾਰ ਹੈ, ਜਿਵੇਂ ਮਰਦ ਆਪਣੇ ਖੇਤਰ ਵਿੱਚ, ਰਾਹੁਲ ਗਾਂਧੀ ਦੇ ਇਸ ਦਾਅਵੇ ਵਿੱਚ ਸਾਫ਼ ਝਲਕਦੇ ਹਨ ਕਿ ਔਰਤਾਂ ਦੀ ਆਪਣੀ ਆਜ਼ਾਦ ਪਛਾਣ ਹੈ ਅਤੇ ਉਨ੍ਹਾਂ ਨੂੰ ਆਪਣੀ ਮਰਜ਼ੀ ਅਨੁਸਾਰ ਜਿਊਣ ਦਾ ਹੱਕ ਹੈ।




**ਗਾਂਧੀ ਨੇ ਮਨੂ ਦੇ ਵਿਵਾਦਿਤ ਕਥਨ ਨੂੰ ਰੱਦ ਕੀਤਾ**

ਇਥੇ ਇਹ ਗੱਲ ਉਲੇਖ ਕਰਨ ਯੋਗ ਹੈ ਕਿ ਗਾਂਧੀ ਵੱਲੋਂ ਸਮ੍ਰਿਤੀਆਂ ਵਿਰੁੱਧ ਏਨਾ ਦਲੇਰਾਨਾ ਰੁਖ ਕਿ ਉਹ ਔਰਤਾਂ ਨੂੰ ਨੀਵਾਂ ਦਿਖਾਉਂਦੀਆਂ ਸਨ ਅਤੇ ਮਰਦ ਪ੍ਰਧਾਨ ਸਮਾਜ ਦਾ ਸ਼ਿਕਾਰ ਬਣਾਉਂਦੀਆਂ ਸਨ — ਅਪਣਾਉਣ ਦੇ ਬਾਵਜੂਦ 1934 ਵਿੱਚ ਉਨ੍ਹਾ ਦੇ ਇੱਕ ਪੱਕੇ ਮਿੱਤਰ ਨੇ ਉਨ੍ਹਾ ਅੱਗੇ ਇਹ ਸਵਾਲ ਚੁੱਕਿਆ : ਕੀ ਕਿਸੇ ਔਰਤ ਨੂੰ ਵਿਆਹ ਤੋਂ ਪਹਿਲਾਂ ਆਪਣੇ ਪਿਤਾ ਦਾ ਵਰਣ ਅਤੇ ਵਿਆਹ ਤੋਂ ਬਾਅਦ ਪਤੀ ਦਾ ਵਰਣ ਮਿਲਦਾ ਹੈ?

ਉਸ ਦੋਸਤ ਨੇ ਪੁੱਛਿਆ ਕਿ ਜੇਕਰ ਉਨ੍ਹਾ ਦਾ ਜਵਾਬ 'ਹਾਂ' ਵਿੱਚ ਹੈ, ਤਾਂ ਕੀ ਇਹ ਮੰਨ ਲਿਆ ਜਾਵੇ ਕਿ ਗਾਂਧੀ ਜੀ ਮਨੂ ਦੇ ਉਸ ਵਿਵਾਦਿਤ ਕਥਨ ਦਾ ਸਮਰਥਨ ਕਰਦੇ ਹਨ ਕਿ ਔਰਤ ਨੂੰ ਜ਼ਿੰਦਗੀ ਦੇ ਕਿਸੇ ਵੀ ਮੋੜ 'ਤੇ ਆਜ਼ਾਦੀ ਨਹੀਂ ਮਿਲ ਸਕਦੀ; ਕਿ ਵਿਆਹ ਤੋਂ ਪਹਿਲਾਂ ਉਹ ਮਾਪਿਆਂ ਦੇ ਅਧੀਨ ਰਹੇ, ਵਿਆਹ ਤੋਂ ਬਾਅਦ ਪਤੀ ਦੇ ਅਤੇ ਜੇਕਰ ਵਿਧਵਾ ਹੋ ਜਾਵੇ ਤਾਂ ਆਪਣੇ ਪੁੱਤਰਾਂ-ਧੀਆਂ ਦੇ ਆਸਰੇ ਰਹੇ?

12 ਅਕਤੂਬਰ 1934 ਨੂੰ 'ਹਰੀਜਨ' ਵਿੱਚ ਛਪੇ ਇੱਕ ਲੇਖ 'ਵੂਮੈਨ ਐਂਡ ਵਰਣ' (ਇਸਤਰੀ ਅਤੇ ਵਰਣ) ਵਿੱਚ ਉਨ੍ਹਾ ਤਿੱਖੇ ਸ਼ਬਦਾਂ ਵਿੱਚ ਲਿਖਿਆ, "ਮਨੂ ਨਾਲ ਜੋੜਿਆ ਜਾਂਦਾ ਇਹ ਕਥਨ ਕਿ 'ਔਰਤ ਲਈ ਕੋਈ ਆਜ਼ਾਦੀ ਨਹੀਂ ਹੋ ਸਕਦੀ' ਮੇਰੇ ਲਈ ਪਵਿੱਤਰ ਨਹੀਂ। ਇਹ ਸਿਰਫ਼ ਇਹ ਦਰਸਾਉਂਦਾ ਹੈ ਕਿ ਸ਼ਾਇਦ ਜਿਸ ਸਮੇਂ ਇਹ ਨਿਯਮ ਲਾਗੂ ਕੀਤਾ ਗਿਆ ਸੀ, ਉਸ ਵੇਲੇ ਔਰਤਾਂ ਨੂੰ ਅਧੀਨਗੀ ਦੀ ਹਾਲਤ ਵਿੱਚ ਰੱਖਿਆ ਜਾਂਦਾ ਸੀ।"

ਅਸਲ ਵਿੱਚ ਗਾਂਧੀ ਦੇ 1918 ਦੇ ਭਾਸ਼ਣ ਦਾ ਇੱਕ-ਇੱਕ ਸ਼ਬਦ ਅਤੇ 1934 ਵਿੱਚ ਮਨੂਸਮ੍ਰਿਤੀ ਦੇ ਉਨ੍ਹਾਂ ਸ਼ਲੋਕਾਂ ਬਾਰੇ ਉਨ੍ਹਾ ਵੱਲੋਂ ਲਿਖੀ ਹਰ ਗੱਲ, ਜਿਨ੍ਹਾਂ ਔਰਤਾਂ ਦੀ ਸਥਿਤੀ ਨੂੰ ਨੀਵਾਂ ਦਰਸਾਇਆ, ਦੀ ਗੂੰਜ 2026 ਵਿੱਚ ਪੁਣੇ ਵਿਖੇ ਦਿੱਤੇ ਗਏ ਰਾਹੁਲ ਗਾਂਧੀ ਦੇ ਭਾਸ਼ਣ ਵਿੱਚ ਸਾਫ਼ ਸੁਣਾਈ ਦਿੱਤੀ।

**ਮਨੂਸਮ੍ਰਿਤੀ ਬਾਰੇ ਅੰਬੇਡਕਰ ਦੇ ਵਿਚਾਰ**

ਮਨੂਸਮ੍ਰਿਤੀ 'ਤੇ ਆਪਣੇ ਤਿੱਖੇ ਸਵਾਲਾਂ ਰਾਹੀਂ ਮਹਾਤਮਾ ਗਾਂਧੀ ਦੀ ਸੋਚ ਨੂੰ ਪੇਸ਼ ਕਰਨ ਤੋਂ ਇਲਾਵਾ ਰਾਹੁਲ ਗਾਂਧੀ ਨੇ ਅੰਬੇਡਕਰ ਦੇ ਉਨ੍ਹਾਂ ਬੇਹੱਦ ਨਿਵੇਕਲੇ ਅਤੇ ਆਲੋਚਨਾਤਮਕ ਵਿਚਾਰਾਂ ਨੂੰ ਵੀ ਉਜਾਗਰ ਕੀਤਾ, ਜੋ ਉਨ੍ਹਾ 1950 ਦੇ ਆਪਣੇ ਲੇਖ 'ਦ ਰਾਈਜ਼ ਐਂਡ ਫ਼ਾਲ ਆਫ਼ ਦ ਹਿੰਦੂ ਵੂਮੈਨ: ਹੂ ਵਾਜ਼ ਰਿਸਪੌਂਸੀਬਲ ਫ਼ਾਰ ਇਟ?' (ਹਿੰਦੂ ਔਰਤ ਦਾ ਉਥਾਨ ਅਤੇ ਪਤਨ: ਇਸ ਲਈ ਕੌਣ ਜ਼ਿੰਮੇਵਾਰ ਸੀ?) ਵਿੱਚ ਪੇਸ਼ ਕੀਤੇ ਸਨ। ਇਹ ਲੇਖ 'ਬੀ ਆਰ ਅੰਬੇਡਕਰ ਦੀਆਂ ਲਿਖਤਾਂ ਅਤੇ ਭਾਸ਼ਣ' (ਰਾਈਟਿੰਗਜ਼ ਐਂਡ ਸਪੀਚਿਜ਼ ਆਫ਼ ਬੀ ਆਰ ਅੰਬੇਦਕਰ) ਦੀ ਜਿਲਦ 17, ਭਾਗ 2 ਵਿੱਚ ਦਰਜ ਹੈ।

ਇਹ ਇੱਕ ਇਤਿਹਾਸਕ ਤੱਥ ਹੈ ਕਿ ਅੰਬੇਡਕਰ ਨੇ 1927 ਵਿੱਚ ਮਨੂਸਮ੍ਰਿਤੀ ਨੂੰ ਸਾੜਿਆ ਸੀ, ਪਰ ਆਪਣੇ 1950 ਦੇ ਇਸ ਲੇਖ ਵਿੱਚ ਉਹ ਮੰਨਦੇ ਹਨ ਕਿ ਮਨੂਸਮ੍ਰਿਤੀ ਤੋਂ ਪਹਿਲਾਂ ਦੇ ਇਤਿਹਾਸਕ ਦੌਰ ਵਿੱਚ ਔਰਤਾਂ ਨੇ ਆਪਣੀ ਸੁਤੰਤਰ ਹੋਂਦ, ਗਿਆਨ ਹਾਸਲ ਕਰਨ ਦੀ ਤਾਂਘ ਅਤੇ ਹੋਰ ਕਈ ਪ੍ਰਾਪਤੀਆਂ ਰਾਹੀਂ ਉਨ੍ਹਾਂ ਸਾਰੇ ਖੇਤਰਾਂ ਵਿੱਚ ਮੱਲਾਂ ਮਾਰੀਆਂ ਸਨ, ਜਿੱਥੇ ਮਰਦਾਂ ਨੇ ਆਪਣੀ ਕਾਬਲੀਅਤ ਸਾਬਤ ਕੀਤੀ ਸੀ। ਉਨ੍ਹਾ ਸਪੱਸ਼ਟ ਕੀਤਾ ਕਿ ਮਨੂ ਨੇ ਔਰਤਾਂ ਦੀ ਆਤਮ-ਸਨਮਾਨ ਦੀ ਭਾਵਨਾ ਨੂੰ ਖੋਹ ਕੇ ਉਨ੍ਹਾਂ ਦੇ ਰੁਤਬੇ ਨੂੰ ਜ਼ਿੰਦਗੀ ਦੇ ਹਰ ਪੜਾਅ ਉੱਤੇ ਮਰਦਾਂ 'ਤੇ ਨਿਰਭਰਤਾ ਨਾਲ ਜੋੜ ਕੇ ਅਤੇ ਤਲਾਕ ਦੇ ਅਧਿਕਾਰ ਤੋਂ ਵਾਂਝਾ ਕਰਕੇ ਉਨ੍ਹਾਂ ਨੂੰ ਬੇਹੱਦ ਤਰਸਯੋਗ ਅਤੇ ਮਨੁੱਖਤਾ ਤੋਂ ਵੀ ਹੇਠਲੇ ਪੱਧਰ 'ਤੇ ਲਿਆ ਖੜ੍ਹਾ ਕੀਤਾ।

ਅੰਬੇਡਕਰ ਦੇ ਅਨੁਸਾਰ ਔਰਤਾਂ ਦੀ ਸੁਤੰਤਰਤਾ ਅਤੇ ਉਨ੍ਹਾਂ ਦੀ ਵਿਅਕਤੀਗਤ ਪਛਾਣ ਨੂੰ ਖ਼ਤਰੇ ਵਿੱਚ ਪਾਉਣ ਵਾਲੇ ਅਜਿਹੇ ਵਿਧਾਨ ਮਨੂ ਤੋਂ ਪਹਿਲਾਂ ਵੀ ਸਮਾਜਿਕ ਸਿਧਾਂਤ ਦਾ ਹਿੱਸਾ ਸਨ। ਉਨ੍ਹਾ ਅਨੁਸਾਰ ਮਨੂ ਨੇ ਆਪਣੀ ਸਮ੍ਰਿਤੀ ਰਾਹੀਂ ਇਨ੍ਹਾਂ ਨੀਵੇਂ ਵਿਚਾਰਾਂ ਨੂੰ ਸਮਾਜਿਕ ਸਿਧਾਂਤ ਦੇ ਪੱਧਰ ਤੋਂ ਚੁੱਕ ਕੇ ਉਸ ਸਮੇਂ ਦੀ ਪ੍ਰਚੱਲਤ ਰਾਜ-ਵਿਵਸਥਾ ਦੇ ਕਾਨੂੰਨਾਂ ਦਾ ਹਿੱਸਾ ਬਣਾ ਦਿੱਤਾ। ਇਸ ਦਾ ਉਦੇਸ਼ ਔਰਤਾਂ ਅਤੇ ਸ਼ੂਦਰਾਂ 'ਤੇ ਅਜਿਹੀਆਂ ਪਾਬੰਦੀਆਂ ਲਗਾਉਣਾ ਸੀ ਕਿ ਉਹ ਬ੍ਰਾਹਮਣਵਾਦੀ ਵਿਵਸਥਾ ਨੂੰ ਛੱਡ ਕੇ ਬੁੱਧ ਧਰਮ ਨਾ ਅਪਣਾ ਸਕਣ।

ਇਹ ਸਪੱਸ਼ਟ ਹੈ ਕਿ ਵਿਚਾਰਧਾਰਕ ਮਤਭੇਦਾਂ ਦੇ ਬਾਵਜੂਦ ਗਾਂਧੀ ਅਤੇ ਅੰਬੇਡਕਰ ਦੋਵਾਂ ਦੀ ਇਹ ਸਾਂਝੀ ਸਮਝ ਸੀ ਕਿ ਮਨੂਸਮ੍ਰਿਤੀ ਨੇ ਔਰਤਾਂ ਦਾ ਦਰਜਾ ਨੀਵਾਂ ਕਰਕੇ ਸਮਾਜ ਵਿੱਚ ਭਾਰੀ ਤਬਾਹੀ ਮਚਾਈ। ਮਨੂਸਮ੍ਰਿਤੀ ਨੂੰ ਔਰਤਾਂ ਦੀ ਖੁਦਮੁਖਤਿਆਰੀ ਅਤੇ ਸੁਤੰਤਰਤਾ ਦੇ ਵਿਕਾਸ ਨੂੰ ਰੋਕਣ ਵਾਲਾ ਮੁੱਖ ਸਰੋਤ ਮੰਨਦਿਆਂ ਰਾਹੁਲ ਗਾਂਧੀ ਨੇ ਗਾਂਧੀ ਅਤੇ ਅੰਬੇਡਕਰ ਦੀ ਉਸ ਸਾਂਝੀ ਦ੍ਰਿਸ਼ਟੀ ਨੂੰ ਉਭਾਰਿਆ ਹੈ, ਜਿਸ ਦਾ ਹਵਾਲਾ ਸੱਤਾ 'ਤੇ ਕਾਬਜ਼ ਧਿਰ ਤੋਂ ਜਵਾਬਦੇਹੀ ਮੰਗਣ ਅਤੇ ਸਵਾਲ ਕਰਨ ਦੇ ਸੰਵਿਧਾਨਕ ਅਧਿਕਾਰ ਦੀ ਵਰਤੋਂ ਕਰਨ ਵਾਲਿਆਂ ਵੱਲੋਂ ਵਾਰ-ਵਾਰ ਦਿੱਤਾ ਜਾਂਦਾ ਹੈ।

ਇਸੇ ਸੰਦਰਭ ਵਿੱਚ ਪੁਣੇ ਵਿੱਚ ਰਾਹੁਲ ਗਾਂਧੀ ਦਾ ਇਹ ਬਿਆਨ ਦੇਖਿਆ ਜਾਣਾ ਚਾਹੀਦਾ ਹੈ ਕਿ ਔਰਤਾਂ ਅਤੇ ਕੁੜੀਆਂ ਭਾਰਤ ਦੀ ਤਾਕਤ, ਇਸ ਦੀ ਨੀਂਹ ਅਤੇ ਇਸ ਦਾ ਭਵਿੱਖ ਹਨ। ਇਸ ਲਈ ਮਰਦ-ਪ੍ਰਧਾਨ ਸੋਚ ਨੂੰ ਤੋੜਨਾ ਜ਼ਰੂਰੀ ਹੈ, ਕਿਉਂਕਿ ਇਹ ਔਰਤਾਂ ਨੂੰ ਦਬਾਉਂਦੀ ਹੈ, ਉਨ੍ਹਾਂ ਵਿੱਚ ਡਰ ਪੈਦਾ ਕਰਦੀ ਹੈ, ਉਨ੍ਹਾਂ ਨੂੰ ਧਮਕਾਉਂਦੀ ਹੈ ਅਤੇ ਉਨ੍ਹਾਂ ਨੂੰ ਨਿਯੰਤਰਿਤ ਕਰਦੀ ਹੈ।

*ਐੱਸ ਐੱਨ ਸਾਹੂ ਭਾਰਤ ਦੇ ਰਾਸ਼ਟਰਪਤੀ ਕੇ ਆਰ ਨਾਰਾਇਣਨ ਦੇ ਵਿਸ਼ੇਸ਼ ਕਾਰਜ ਅਧਿਕਾਰੀ (ਓ ਐੱਸ ਡੀ— ਆਫ਼ੀਸਰ ਆਨ ਸਪੈਸ਼ਲ ਡਿਊਟੀ) ਵਜੋਂ ਸੇਵਾ ਨਿਭਾ ਚੁੱਕੇ ਹਨ।*

# ਜੇਲ੍ਹ, ਬੇਲ, ਪੈਰੋਲ, ਸਜ਼ਾ ਮੁਆਫ਼ੀ ਅਤੇ ਅਸਾਵਾਂ ਨਿਆਂ

**ਡਾ. ਜਸਬੀਰ ਸਿੰਘ ਔਲਖ**

ਨਾਗਪੁਰ (ਮਹਾਂਰਾਸ਼ਟਰ) ਦੀ ਜੇਲ੍ਹ ਦੇ ਅੰਡਾ ਸੈੱਲ ਵਿੱਚ ਬੰਦ ਪੋਲੀਓ ਤੋਂ ਪੀੜਤ ਇੱਕ ਨੱਬੇ ਫੀਸਦੀ ਅੰਗਹੀਣ ਵਿਅਕਤੀ, ਜੋ ਆਂਧਰਾ ਪ੍ਰਦੇਸ਼ ਦੇ ਇੱਕ ਗਰੀਬ ਕਿਸਾਨ ਪਰਵਾਰ ਵਿੱਚ ਪੈਦਾ ਹੋਇਆ, ਪੀ ਐੱਚ ਡੀ ਤੱਕ ਪੜ੍ਹਾਈ ਕਰਕੇ ਦਿੱਲੀ ਯੂਨੀਵਰਸਿਟੀ ਦੇ ਰਾਮ ਲਾਲ ਆਨੰਦ ਕਾਲਜ ਵਿੱਚ ਪ੍ਰੋਫੈਸਰ ਵਜੋਂ ਪੜ੍ਹਾਉਂਦਾ ਰਿਹਾ ਸੀ। ਇਹ ਜੀ ਐੱਨ ਸਾਈਬਾਬਾ ਸੀ, ਜਿਹੜਾ ਹਕੂਮਤ ਨੂੰ ਬਹੁਤ ਹੀ ਖ਼ਤਰਨਾਕ ਲੱਗਦਾ ਸੀ, ਕਿਉਂਕਿ ਉਸ ਦੀਆਂ ਲਿਖਤਾਂ ਅਤੇ ਮਨੁੱਖੀ ਹੱਕਾਂ ਲਈ ਸਰਗਰਮੀਆਂ ਸੱਤਾ ਨੂੰ ਰੜਕਦੀਆਂ ਸਨ। ਮਈ 2014 ਵਿੱਚ ਉਸ ਨੂੰ ਸਖ਼ਤ ਯੂ ਏ ਪੀ (ਅਨਲਾਅਫੁੱਲ ਐਕਟੇਵੀਟੀਜ਼ ਆਫ਼ ਪ੍ਰਿਵੈਂਸ਼ਨ) ਐਕਟ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਅਤੇ ਸਾਲ 2017 ਵਿੱਚ ਨਾਗਪੁਰ ਦੀ ਸੈਸ਼ਨ ਕੋਰਟ ਨੇ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ। ਮਿਤੀ 24.10.2022 ਨੂੰ ਬੰਬਈ ਹਾਈਕੋਰਟ ਉਸ ਨੂੰ ਅਤੇ ਉਸ ਦੇ ਪੰਜ ਸਾਥੀਆਂ ਨੂੰ ਬਾਇੱਜ਼ਤ ਬਰੀ ਕਰਨ ਦਾ ਹੁਕਮ ਸੁਣਾਉਂਦੀ ਹੈ। ਮਹਾਂਰਾਸ਼ਟਰ ਸਰਕਾਰ ਭੱਜੀ-ਭੱਜੀ ਸੁਪਰੀਮ ਕੋਰਟ ਪਹੁੰਚ ਕਰਦੀ ਹੈ ਅਤੇ ਜਸਟਿਸ ਬੇਲਾ ਤ੍ਰਿਵੇਦੀ (ਜੋ ਨਰਿੰਦਰ ਮੋਦੀ ਦੇ ਬਤੌਰ ਮੁੱਖ ਮੰਤਰੀ ਗੁਜਰਾਤ ਸਰਕਾਰ ਦੀ ਲਾਅ ਸੈਕਟਰੀ ਸੀ) ਅਤੇ ਜਸਟਿਸ ਐੱਮ ਆਰ ਸ਼ਾਹ ਦਾ ਬੈਂਚ ਹੈਰਾਨੀਜਨਕ ਤਰੀਕੇ ਨਾਲ ਛੁੱਟੀ ਵਾਲੇ ਦਿਨ 'ਹੰਗਾਮੀ ਸੁਣਵਾਈ' ਕਰਦਿਆਂ ਹਾਈਕੋਰਟ ਦੇ ਫੈਸਲੇ 'ਤੇ ਰੋਕ ਲਗਾ ਦਿੰਦਾ ਹੈ। ਮਿਤੀ 05.03.24 ਨੂੰ ਹਾਈਕੋਰਟ ਫਿਰ ਸਾਈਬਾਬਾ ਅਤੇ ਉਸ ਦੇ ਪੰਜ ਸਾਥੀਆਂ ਨੂੰ ਬਾਇੱਜ਼ਤ ਬਰੀ ਕਰਦਿਆਂ ਨੋਟ ਕਰਦੀ ਹੈ ਕਿ ਸੈਸ਼ਨ ਕੋਰਟ ਦਾ ਫੈਸਲਾ 'ਨਿਆਂ ਦੀ ਅਸਫ਼ਲਤਾ' ਸੀ, ਪਰ ਮਹਾਂਰਾਸ਼ਟਰ ਸਰਕਾਰ ਹਾਈਕੋਰਟ ਦਾ ਫੈਸਲਾ ਜਨਤਕ ਹੋਣ ਤੋਂ ਪਹਿਲਾਂ ਹੀ ਸੁਪਰੀਮ ਕੋਰਟ ਵਿੱਚ ਪਹਿਲੀ ਕਹਾਣੀ ਦੁਹਰਾਉਂਦੇ ਹੋਏ ਸਪੈਸ਼ਲ ਲੀਵ ਪਟੀਸ਼ਨ ਦਾਖਲ ਕਰਦੀ ਹੈ। ਰਿਹਾਅ ਹੋਣ ਤੋਂ ਬਾਅਦ ਸਾਈਬਾਬਾ ਆਪਣੀਆਂ ਸਿਹਤ ਸਮੱਸਿਆਵਾਂ ਨਾਲ ਦੋ-ਚਾਰ ਹੁੰਦੇ ਹਨ, ਜਿਸ ਦਾ ਉਹ ਵਾਰ-ਵਾਰ ਦੋਸ਼ ਜੇਲ੍ਹ ਅਧਿਕਾਰੀਆਂ 'ਤੇ ਲਗਾਉਂਦੇ ਸਨ। ਉਹਨਾਂ ਦੇ ਪਿੱਤੇ ਦੀਆਂ ਪੱਥਰੀਆਂ ਦਾ ਅਪ੍ਰੇਸ਼ਨ ਹੁੰਦਾ ਹੈ, ਪਰ ਉਹ ਇਸ ਸਰਜਰੀ ਦੀਆਂ ਉਲਝਣਾਂ ਦਾ ਸ਼ਿਕਾਰ ਹੋ ਕੇ ਨਿਜ਼ਾਮ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਹੈਦਰਾਬਾਦ ਵਰਗੀ ਵਿਕਾਰੀ ਸੰਸਥਾ ਵਿੱਚ ਵੀ ਬਚ ਨਹੀਂ ਪਾਉਂਦੇ ਅਤੇ ਆਖੀਰ ਸੱਤ ਮਹੀਨਿਆਂ ਦੇ ਅੰਦਰ ਹੀ ਅਲਵਿਦਾ ਆਖ ਜਾਂਦੇ ਹਨ। ਆਪਣੀ ਜੇਲ੍ਹ ਯਾਤਰਾ ਦੌਰਾਨ 20.07.2020 ਨੂੰ ਮੈਡੀਕਲ ਆਧਾਰ 'ਤੇ ਉਹਨਾਂ ਦੀ ਪੈਰੋਲ ਦੀ ਛੁੱਟੀ ਰੱਦ ਕਰ ਦਿੱਤੀ ਗਈ। ਕੈਂਸਰ ਤੋਂ ਪੀੜਤ ਮਾਂ ਨੂੰ ਮਿਲਣ ਅਤੇ ਉਹਨਾਂ ਦੀ ਮੌਤ ਤੋਂ ਬਾਅਦ ਉਹਨਾਂ ਦੀਆਂ ਅੰਤਿਮ ਰਸਮਾਂ ਵਿੱਚ ਸ਼ਾਮਲ ਹੋਣ ਲਈ ਵੀ ਪੈਰੋਲ ਨਹੀਂ ਮਿਲਦੀ।

ਜੇਲ੍ਹ ਦੌਰਾਨ ਹੀ ਉਹਨਾਂ ਦਾ ਇੱਕ ਸਾਥੀ ਅਤੇ ਗੜ੍ਹਚਿਰੌਲੀ (ਮਹਾਂਰਾਸ਼ਟਰ) ਦਾ ਇੱਕ ਆਦਿਵਾਸੀ ਕਾਰਕੁੰਨ ਪਾਂਡੂ ਨਰੋਟੇ ਦੀ ਵੀ ਤੇਤੀ ਸਾਲ ਦੀ ਉਮਰ ਵਿੱਚ ਸਵਾਈਨ ਫਲੂ ਦੀ ਭਿਆਨਕ ਬਿਮਾਰੀ ਦਾ ਸ਼ਿਕਾਰ ਹੋ ਕੇ 25.08.2022 ਨੂੰ ਮੌਤ ਹੋ ਜਾਂਦੀ ਹੈ। ਨਰੋਟੇ ਵੀਹ ਅਗਸਤ ਤੋਂ ਬਹੁਤ ਜ਼ਿਆਦਾ ਬੁਖਾਰ ਨਾਲ ਪੀੜਤ ਸੀ, ਪਰ ਉਸ ਨੂੰ ਹਸਪਤਾਲ ਉਦੋਂ ਲਿਆਂਦਾ ਗਿਆ, ਜਦੋਂ ਉਸ ਦੀ ਮੌਤ ਨਿਸ਼ਚਿਤ ਹੋ ਚੁੱਕੀ ਸੀ!

ਤਰਾਸੀ ਸਾਲ ਦਾ ਇੱਕ ਬਜ਼ੁਰਗ ਪਾਦਰੀ ਕਬਾਇਲੀ ਇਲਾਕੇ ਵਿੱਚ ਸੰਵਿਧਾਨ ਦੇ ਪੰਜਵੇਂ ਸ਼ਡਿਊਲ ਨੂੰ ਲਾਗੂ ਕਰਨ ਲਈ ਸੰਘਰਸ਼ ਕਰਦਾ ਹੈ, ਜਿਸ ਤਹਿਤ ਨਿਰੋਲ ਆਦਿਵਾਸੀਆਂ ਦੀ ਮੈਂਬਰੀ ਵਾਲੀ ਕਬਾਇਲੀ ਐਡਵਾਜ਼ਰੀ ਕੌਂਸਲ ਦਾ ਗਠਨ ਜ਼ਰੂਰੀ ਹੈ। ਸਰਕਾਰ ਇਨਕਾਰੀ ਸੀ। ਸਟੇਨ ਸਵਾਮੀ ਨੇ ਸੁਧਾ ਓਮ ਭਾਰਦਵਾਜ ਨਾਲ ਮਿਲ ਕੇ ਉਸ ਨੇ 'ਪ੍ਰਾਸੀਕਿਊਟਡ ਪਰਿਜਨਰਜ਼ ਸਾਲੀਡੈਰਿਟੀ ਕਮੇਟੀ' ਦਾ ਗਠਨ ਕੀਤਾ, ਜਿਸ ਨੇ ਤਿੰਨ ਹਜ਼ਾਰ ਤੋਂ ਵੱਧ ਕਬਾਇਲੀ ਔਰਤਾਂ ਤੇ ਮਰਦਾਂ ਨੂੰ ਜੇਲ੍ਹਾਂ ਵਿੱਚੋਂ ਬਾਹਰ ਕਢਵਾਇਆ। ਇਹਨਾਂ ਸਾਰੇ ਗਰੀਬ ਕਬਾਇਲੀਆਂ ਨੂੰ ਮਾਓਵਾਦੀ ਦਾ ਠੱਪਾ ਲਾ ਕੇ ਲੰਮੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਕੀਤਾ ਹੋਇਆ ਸੀ। ਇਹ ਗੱਲ ਹੁਕਮਰਾਨਾਂ ਨੂੰ ਹਜ਼ਮ ਕਿਵੇਂ ਹੋ ਸਕਦੀ ਸੀ, 08.10.2020 ਨੂੰ ਐੱਨ ਆਈ ਏ ਨੇ ਭੀਮਾ ਕੋਰੇਗਾਂਵ ਕੇਸ ਵਿੱਚ ਫਸਾਉਂਦੇ ਹੋਏ ਗ੍ਰਿਫ਼ਤਾਰ ਕਰ ਲਿਆ, ਜਦਕਿ ਉਹ ਭੀਮਾ ਕੋਰੇਗਾਂਵ ਦੀ ਘਟਨਾ ਵਾਲੇ ਦਿਨ ਬਹੁਤ ਦੂਰ ਬੈਠਾ ਸੀ। ਬਜ਼ੁਰਗ ਸਟੇਨ ਸਵਾਮੀ ਪਾਰਕਿਨਸਨ ਨਾਂਅ ਦੀ ਬਿਮਾਰੀ ਤੋਂ ਪੀੜਤ ਸੀ, ਉਸ ਨੇ ਮੈਡੀਕਲ ਆਧਾਰ 'ਤੇ ਜ਼ਮਾਨਤਾਂ ਲਗਾਈਆਂ, ਪਾਣੀ ਦੀ ਇੱਕ ਪਾਈਪ ਲਈ ਅਰਜ਼ੀ ਦਿੱਤੀ, ਪਰ ਇਨਸਾਫ਼ ਦੀ ਦੇਵੀ ਨੇ ਅੱਖਾਂ ਬੰਦ ਕਰੀ ਰੱਖੀਆਂ। ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼, ਈਸਾਈ ਸੰਸਥਾਵਾਂ ਅਤੇ ਸ਼ਸ਼ੀ ਥਰੂਰ, ਸੁਪ੍ਰਿਆ ਸੁਲੇ, ਸੀਤਾ ਰਾਮ ਯੇਚੁਰੀ, ਡੀ ਰਾਜਾ, ਕਾਨੀਮੋਜ਼ੀ, ਹੇਮੰਤ ਸੋਰੇਨ, ਪਿਨਾਰਾਈ ਵਿਜਾਇਨ ਆਦਿ ਦੀਆਂ ਅਪੀਲਾਂ ਵੀ ਬੇਕਾਰ ਗਈਆਂ। ਆਖਰ ਗੰਭੀਰ ਹਾਲਾਤ ਵਿੱਚ ਸਟੇਨ ਸਵਾਮੀ ਨੂੰ ਬੰਬਈ ਹਾਈਕੋਰਟ ਦੇ ਹੁਕਮਾਂ 'ਤੇ ਹਸਪਤਾਲ ਦਾਖਲ ਕਰਵਾਇਆ ਗਿਆ, ਉਸ ਨੂੰ ਕੋਵਿਡ ਵੀ ਹੋ ਚੁੱਕਾ ਸੀ ਅਤੇ ਉਹ ਪੰਜ ਜੁਲਾਈ 2021 ਨੂੰ ਆਪਣੀ ਜ਼ਮਾਨਤ ਦੀ ਸੁਣਵਾਈ ਸ਼ੁਰੂ ਹੋਣ ਤੋਂ ਪਹਿਲਾਂ ਫੌਤ ਹੋ ਗਏ। ਇਸ ਜ਼ਹੀਨ ਇਨਸਾਨ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸਮਾਜਿਕ ਕਾਰਕੁੰਨ ਹਰਸ਼ ਮੰਦਰ ਨੇ ਇੰਡੀਅਨ ਐਕਸਪ੍ਰੈੱਸ ਵਿੱਚ ਲਿਖਿਆ ਸੀ ਕਿ ਉਹ ਜੋ ਸਾਡਾ ਨਾਇਕ ਹੋਣਾ ਚਾਹੀਦਾ ਸੀ, ਸੱਤਾ ਨੇ ਮੁਜਰਮ ਮੰਨਦਿਆਂ ਜੇਲ੍ਹ ਵਿੱਚ ਹੀ ਖ਼ਤਮ ਕਰ ਦਿੱਤਾ। ਦਸੰਬਰ 2022 ਵਿੱਚ ਵਾਸ਼ਿੰਗਟਨ ਪੋਸਟ ਨੇ ਰਿਪੋਰਟ ਕੀਤਾ ਕਿ ਸਟੇਨ ਸਵਾਮੀ ਦੇ ਕੰਪਿਊਟਰ ਵਿੱਚ ਹੈਕਰਾਂ ਦੁਆਰਾ 'ਸਬੂਤ' ਪਲਾਂਟ ਕੀਤੇ ਗਏ ਸਨ!

ਉਹ ਬੋਸਟਨ (ਅਮਰੀਕਾ) ਵਿੱਚ ਪੈਦਾ ਹੋਈ। ਗਿਆਰਾਂ ਸਾਲ ਦੀ ਉਮਰ ਵਿੱਚ ਆਪਣੀ ਅਰਥ ਸ਼ਾਸਤਰ ਦੀ ਪ੍ਰੋਫੈਸਰ ਮਾਂ ਨਾਲ ਭਾਰਤ ਆ ਜਾਂਦੀ ਹੈ। ਆਈ ਆਈ ਟੀ ਕਾਨਪੁਰ ਤੋਂ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਹ ਕੈਰੀਅਰ ਬਣਾਉਣ ਦੀ ਬਜਾਏ ਅਮਰੀਕੀ ਨਾਗਰਿਕਤਾ ਤਿਆਗ ਸਟੇਨ ਸਵਾਮੀ ਨਾਲ ਕਬਾਇਲੀਆਂ ਦੀ ਭਲਾਈ ਲਈ ਜੁਟ ਜਾਂਦੀ ਹੈ। ਸਿੱਟਾ : ਉਸ ਨੂੰ ਵੀ 2018 ਵਿੱਚ ਭੀਮਾ ਕੋਰੇਗਾਂਵ ਕੇਸ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ। ਤਿੰਨ ਸਾਲ ਬਿਨਾਂ ਮੁਕੱਦਮਾ ਚਲਾਏ ਜੇਲ੍ਹ ਵਿੱਚ ਰੱਖਿਆ ਗਿਆ। ਜਦੋਂ ਜ਼ਮਾਨਤ ਹੋਈ ਤਾਂ ਸ਼ਰਤ ਸੀ ਕਿ ਉਹ ਆਪਣੇ ਬਾਕੀ 'ਮੁਜਰਮ' ਸਾਥੀਆਂ ਨਾਲ ਕੋਈ ਸੰਪਰਕ ਨਹੀਂ ਰੱਖੇਗੀ ਅਤੇ ਕਿਸੇ ਸਮਾਜਿਕ ਗਤੀਵਿਧੀ ਵਿੱਚ ਭਾਗ ਨਹੀਂ ਲਵੇਗੀ।

ਆਨੰਦ ਤੇਲਤੁੰਬੜੇ ਇੱਕ ਦਲਿਤ ਪਰਵਾਰ ਵਿੱਚ ਪੈਦਾ ਹੋਇਆ, ਪੀ ਐੱਚ ਡੀ ਤੱਕ ਪੜ੍ਹਾਈ ਕੀਤੀ। ਡਾ. ਬੀ ਆਰ ਅੰਬੇਡਕਰ ਦੀ ਪੜਪੋਤਰੀ ਉਸ ਦੀ ਹਮਸਫ਼ਰ ਹੈ। ਉਸ ਨੇ ਆਈ ਆਈ ਟੀ ਖੜਗਪੁਰ ਅਤੇ ਗੋਆ ਇੰਸਟੀਚਿਊਟ ਆਫ ਮੈਨੇਜਮੈਂਟ ਵਿੱਚ ਬਤੌਰ ਪ੍ਰੋਫੈਸਰ ਪੜ੍ਹਾਇਆ। ਦਲਿਤ ਸਮਾਜ ਬਾਰੇ ਉਸ ਦੀ ਕਿਤਾਬ 'ਰਿਪਬਲਿਕ ਆਫ ਕਾਸਟ' ਕਾਫ਼ੀ ਚਰਚਾ ਵਿੱਚ ਰਹੀ ਹੈ। ਉਹ ਮਾਰਕਸਵਾਦ ਅਤੇ ਅੰਬੇਦਕਰੀ ਸੋਚ ਨੂੰ ਇੱਕ-ਦੂਜੇ ਦੇ ਪੂਰਕ ਸਮਝਦਾ ਹੈ। ਮੋਦੀ ਸਰਕਾਰ ਦੀਆਂ ਨੀਤੀਆਂ ਦਾ ਆਲੋਚਕ ਹੈ, ਜੋ ਹਕੂਮਤ ਨੂੰ ਨਾ-ਪਸੰਦ ਸੀ। ਇਸ ਕਰਕੇ ਪਹਿਲਾਂ ਪੁਲਸ ਉਸ ਦੇ ਘਰ ਛਾਪਾ ਮਾਰਦੀ ਹੈ। ਜਸਟਿਸ ਅਰੁਨ ਮਿਸ਼ਰਾ ਦਾ ਸੁਪਰੀਮ ਕੋਰਟ ਦਾ ਬੈਂਚ ਉਸ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਖਾਰਜ ਕਰ ਦਿੰਦਾ ਹੈ ਅਤੇ ਕੋਵਿਡ ਦੇ ਦੌਰਾਨ ਜਦੋਂ ਕੈਦੀਆਂ ਨੂੰ ਛੱਡਿਆ ਜਾ ਰਿਹਾ ਸੀ, ਆਨੰਦ ਤੇਲਤੁੰਬੜੇ ਨੂੰ ਉਸ ਦੇ ਵਿਚਾਰਾਂ ਕਰਕੇ ਭੀਮਾ ਕੋਰੇਗਾਂਵ ਕੇਸ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ। ਨੌਮ ਚੌਮਸਕੀ ਅਤੇ ਐਮਨੇਸਟੀ ਇੰਟਰਨੈਸ਼ਨਲ ਨੇ ਉਸ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ, ਪਰ ਸੱਤਾ ਦੇ ਕੰਨ 'ਤੇ ਜੂੰ ਨਹੀਂ ਸਰਕੀ। ਜਦੋਂ ਦੋ ਸਾਲਾਂ ਬਾਅਦ ਜ਼ਮਾਨਤ ਦਿੱਤੀ ਗਈ ਤਾਂ ਹਾਈਕੋਰਟ ਦੀ ਟਿੱਪਣੀ ਸੀ ਕਿ ਮੁੱਢਲੇ ਤੌਰ 'ਤੇ ਉਸ ਦੇ ਖਿਲਾਫ਼ ਕੇਸ ਹੀ ਨਹੀਂ ਬਣਦਾ!

ਉਮਰ ਖ਼ਾਲਿਦ ਜੇ ਐੱਨ ਯੂ ਦਾ ਸਾਬਕਾ ਵਿਦਿਆਰਥੀ ਹੈ, ਉਹ ਸਾਲ 2016 ਵਿੱਚ ਉਦੋਂ ਚਰਚਾ ਵਿੱਚ ਆਇਆ, ਜਦੋਂ ਮੋਦੀ ਸਰਕਾਰ ਨੇ ਉਸ ਦੀ ਯੂਨੀਵਰਸਿਟੀ ਉੱਤੇ ਵੱਡਾ ਹੱਲਾ ਬੋਲਿਆ। ਉਸ ਨੂੰ ਅਤੇ ਉਸ ਦੇ ਸਾਥੀਆਂ ਨੂੰ ਗੋਦੀ ਮੀਡੀਆ ਟਰਾਇਲ ਦਾ ਸਾਹਮਣਾ ਕਰਨਾ ਪਿਆ, ਜੋ ਉਹਨਾਂ ਨੂੰ ਕਦੇ ਅੱਤਵਾਦੀ, ਕਦੇ ਪਾਕਿਸਤਾਨੀ, ਕਦੇ ਟੁਕੜੇ-ਟੁਕੜੇ ਗੈਂਗ ਪ੍ਰਚਾਰਦਾ ਰਿਹਾ। ਉਸ ਨੇ ਨਫ਼ਰਤ ਦਾ ਸਾਹਮਣਾ ਕਰਨ ਲਈ 'ਯੂਨਾਈਟਿਡ ਅਗੇਂਸਟ ਹੇਠ' ਨਾਂਅ ਦੀ ਤਨਜ਼ੀਮ ਖੜ੍ਹੀ ਕੀਤੀ। ਵਿਤਕਰੇ ਪੂਰਨ ਨਾਗਰਿਕਤਾ ਸੋਧ ਕਾਨੂੰਨ ਖ਼ਿਲਾਫ਼ ਚੱਲੇ ਸ਼ਾਹੀਨ ਬਾਗ ਅੰਦੋਲਨ ਵਿੱਚ ਉਹ ਆਗੂ ਸਫ਼ਾਂ ਵਿੱਚ ਸੀ। ਉਸ ਦੀ ਪੀ ਐੱਚ ਡੀ ਦਾ ਥੀਸਿਜ਼ 'ਫਰੈਕਚਰਡ ਕਮਿਊਨਿਟੀਜ਼' ਬਹੁਤ ਚਰਚਾ ਵਿੱਚ ਰਿਹਾ, ਜੋ ਕਬਾਇਲੀਆਂ ਦੀ ਜ਼ਿੰਦਗੀ ਬਾਰੇ ਸੀ। ਫਰਵਰੀ 2020 ਦੇ ਦਿੱਲੀ ਦੰਗਿਆਂ (ਜਿਸ ਵਿੱਚ ਅੱਸੀ ਪ੍ਰਤੀਸ਼ਤ ਜਾਨੀ ਨੁਕਸਾਨ ਮੁਸਲਿਮ ਭਾਈਚਾਰੇ ਦਾ ਸੀ) ਦੇ ਝੂਠੇ ਮੁੱਕਦਮੇ ਤਹਿਤ ਉਸ ਨੂੰ ਪਿਛਲੇ ਛੇ ਸਾਲਾਂ ਤੋਂ ਸਲਾਖਾਂ ਪਿੱਛੇ ਡੱਕਿਆ ਹੋਇਆ ਹੈ। ਅਦਾਲਤਾਂ ਵਾਰ-ਵਾਰ ਉਸ ਦੀ ਜ਼ਮਾਨਤ ਦੀ ਅਪੀਲ ਉਸ ਖਿਲਾਫ ਲੱਗੇ 'ਗੰਭੀਰ ਦੋਸ਼ਾਂ' ਦੇ ਪਰਦੇ ਹੇਠ ਖਾਰਜ ਕਰ ਰਹੀਆਂ ਹਨ। ਇਹਨਾਂ 'ਗੰਭੀਰ ਦੋਸ਼ਾਂ' ਨੂੰ ਚਲਾਨ ਦੇ ਰੂਪ ਵਿੱਚ ਦਿੱਲੀ ਪੁਲਸ ਅੱਜ ਤੱਕ ਪੇਸ਼ ਨਹੀਂ ਕਰ ਸਕੀ। ਮੁਕੱਦਮਾ ਸ਼ੁਰੂ ਹੋਣ ਦੇ ਕੋਈ ਆਸਾਰ ਨਹੀਂ ਅਤੇ ਉਮਰ ਜੇਲ੍ਹ ਵਿੱਚ ਆਪਣੀ ਜ਼ਿੰਦਗੀ ਦੇ ਬਿਹਤਰੀਨ ਵਰ੍ਹੇ ਕੱਟਣ ਲਈ ਮਜਬੂਰ ਹੈ।

ਉਪਰੋਕਤ ਸਾਰੇ ਵਿਅਕਤੀ ਜਾਂ ਤਾਂ ਦਲਿਤ ਹਨ, ਈਸਾਈ ਹਨ, ਮੁਸਲਿਮ ਹਨ, ਔਰਤ ਹਨ ਅਤੇ ਕਬਾਇਲੀ ਹਨ। ਇਹਨਾਂ ਦੀ ਸੋਚ ਜਮਹੂਰੀ, ਸੈਕੂਲਰ, ਅਗਾਂਹਵਧੂ ਹੈ। ਉੱਚ ਸਿੱਖਿਆ ਪ੍ਰਾਪਤ ਹਨ, ਜ਼ਹੀਨ ਬੁੱਧੀ ਦੇ ਮਾਲਕ ਹਨ, ਸਮਾਜਿਕ ਸਰੋਕਾਰਾਂ ਨੂੰ ਪ੍ਰਣਾਏ ਹੋਏ ਹਨ/ਸਨ। ਇਹਨਾਂ ਦਾ ਜ਼ਿਕਰ ਬਰਫ ਦੇ ਇੱਕ ਤੋਦੇ (Tip of Iceberg) ਦੀ ਤਰ੍ਹਾਂ ਹੈ। ਬਾਕੀ ਪਤਾ ਨਹੀਂ ਕਿੰਨੇ ਸੈਂਕੜੇ ਬੇਕਸੂਰ ਜੇਲ੍ਹਾਂ ਵਿੱਚ ਸੜਨ ਲਈ ਮਜਬੂਰ ਹਨ। ਇਹ ਉਹ ਵਰਗ ਹਨ, ਜੋ ਆਰ ਆਰ ਐੱਸ ਦੇ ਸਿਧਾਂਤਕਾਰ ਅਤੇ ਦੂਸਰੇ ਸੰਘ ਸਰਚਾਲਕ ਗੋਲਵਾਲਕਰ ਦੇ ਸਿਧਾਂਤ ਤਹਿਤ ਮੁੱਖ ਦੁਸ਼ਮਣ ਹਨ। ਉਹਨਾਂ ਦਾ ਕਸੂਰ ਸਿਰਫ਼ ਐਨਾ ਹੀ ਹੈ ਕਿ ਉਹ ਸੱਤਾ ਦੇ ਅਵਾਮ-ਵਿਰੋਧੀ ਨਜ਼ਰੀਏ ਨੂੰ ਫਿੱਟ ਨਹੀਂ ਬੈਠਦੇ ਸਨ/ਹਨ। ਇਸ ਕਰਕੇ ਜੇਲ੍ਹ ਇਹਨਾਂ ਦਾ ਠਿਕਾਣਾ ਬਣਾ ਦਿੱਤਾ ਗਿਆ, ਜ਼ਮਾਨਤ ਅਸੰਭਵ ਹੈ, ਪੈਰੋਲ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਇਹ ਵਰਤਾਰਾ ਅੱਜ ਦੇ ਸਮਿਆਂ ਦੀ ਸੱਤਾ ਦੀ ਕਰੂਰਤਾ ਨੂੰ ਦਰਸਾਉਂਦਾ ਹੈ।

11.07.2006 ਨੂੰ ਮੁੰਬਈ ਵਿੱਚ ਵੱਖ-ਵੱਖ ਰੇਲ ਗੱਡੀਆਂ ਵਿੱਚ ਬੰਬ ਧਮਾਕੇ ਹੁੰਦੇ ਹਨ। ਮਹਾਂਰਾਸ਼ਟਰ ਦੀ ਐਂਟੀ ਟੈਰੋਰਿਸਟ ਸੁਕੈਡ (ਏ ਟੀ ਐੱਸ) ਜਲਦੀ ਹੀ ਅਠਾਰਾਂ 'ਦੋਸ਼ੀਆਂ' ਨੂੰ ਫੜ ਲੈਂਦੀ ਹੈ, ਜੋ ਸਾਰੇ ਮੁਸਲਿਮ ਭਾਈਚਾਰੇ ਨਾਲ ਸੰਬੰਧਤ ਸਨ। ਸਾਲ 2015 ਵਿੱਚ ਮਹਾਂਰਾਸ਼ਟਰ ਦੀ ਮਕੋਕਾ ਅਦਾਲਤ ਪੰਜ ਨੂੰ ਸਜ਼ਾ-ਏ-ਮੌਤ ਅਤੇ ਬਾਰਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਦਿੰਦੀ ਹੈ। ਇਹਨਾਂ ਨੌਂ ਸਾਲਾਂ ਵਿੱਚ ਕਿਸੇ ਮੁਜਰਮ ਨੂੰ ਵੀ ਜ਼ਮਾਨਤ ਹਾਸਲ ਨਹੀਂ ਹੁੰਦੀ। ਬਰੀ ਹੋਇਆ ਇੱਕ ਨੌਜਵਾਨ ਅਬਦੁਲ ਵਾਹਿਦ ਸ਼ੇਖ ਆਪਣੀ ਕਿਤਾਬ 'ਬੇਗੁਨਾਹ ਕੈਦੀ' ਵਿੱਚ ਉਹਨਾਂ ਨੂੰ ਫਸਾਉਣ ਦੇ ਪੁਲਸੀਆ ਤਰੀਕਿਆਂ ਦਾ ਵਰਣਨ ਕਰਦਾ ਹੈ ਅਤੇ ਉਡੀਸਾ ਹਾਈਕੋਰਟ ਦੇ ਸਾਬਕਾ ਚੀਫ਼ ਜਸਟਿਸ ਐੱਸ ਮੁਰਲੀਧਰਨ ਦੀ ਅਗਵਾਈ ਵਾਲੀ ਕਾਨੂੰਨੀ ਟੀਮ ਨਾਲ ਬਾਕੀ ਕੈਦੀਆਂ ਦੀ ਮੁੰਬਈ ਹਾਈਕੋਰਟ ਵਿੱਚ ਪੈਰਵੀ ਕਰਦਾ ਹੈ। ਪਿਛਲੇ ਸਾਲ ਇੱਕੀ ਜੁਲਾਈ ਨੂੰ ਹਾਈਕੋਰਟ ਸਾਰੇ ਦੋਸ਼ੀਆਂ ਨੂੰ ਬਾਇੱਜ਼ਤ ਬਰੀ ਕਰ ਦਿੰਦੀ ਹੈ। ਆਪਣੇ ਫੈਸਲੇ ਦੇ ਪੈਰਾ 1210 'ਤੇ ਹਾਈਕੋਰਟ ਦਰਜ ਕਰਦੀ ਹੈ ਕਿ ਅਣਮਨੁੱਖੀ ਤਸ਼ੱਦਦ ਨਾਲ ਇਕਬਾਲੀਆ ਬਿਆਨ ਹਾਸਲ ਕੀਤੇ ਗਏ, ਜਿਹਨਾਂ ਦੇ ਆਧਾਰ 'ਤੇ ਮਕੋਕਾ ਅਦਾਲਤ ਨੇ ਸਜ਼ਾ ਸੁਣਾਈ ਸੀ।

ਮਹਾਂਰਾਸ਼ਟਰ ਦੇ ਮਾਲੇਗਾਂਵ ਵਿੱਚ ਮਿਤੀ 29.09.2008 ਨੂੰ ਬੰਬ ਧਮਾਕੇ ਹੁੰਦੇ ਹਨ, ਜਿਨ੍ਹਾਂ ਵਿੱਚ ਛੇ ਲੋਕ ਮਾਰੇ ਜਾਂਦੇ ਹਨ ਅਤੇ 100 ਜ਼ਖ਼ਮੀ ਹੋ ਜਾਂਦੇ ਹਨ। ਇਸ ਦਹਿਸ਼ਤੀ ਕਾਰੇ ਦੀ ਜਾਂਚ ਨਾਸਿਕ ਦੀ ਕ੍ਰਾਈਮ ਬਰਾਂਚ ਨੂੰ ਦੇ ਦਿੱਤੀ ਜਾਂਦੀ ਹੈ। ਪਹਿਲਾਂ ਇਹ ਬੰਬ ਧਮਾਕੇ ਵੀ 'ਮੁਸਲਿਮ ਅੱਤਵਾਦੀਆਂ' ਦੇ ਖਾਤੇ ਪਾ ਦਿੱਤੇ ਜਾਂਦੇ ਹਨ, ਪਰ ਜਿਉਂ ਹੀ ਮੁੰਬਈ ਦੇ 26/11 ਅੱਤਵਾਦੀ ਸਭ ਤੋਂ ਪਹਿਲਾਂ ਸ਼ਹੀਦ ਹੋਣ ਵਾਲੇ ਹੇਮੰਤ ਕਰਕਰੇ ਦੀ ਅਗਵਾਈ ਵਿੱਚ ਮਾਲੇਗਾਂਵ ਬੰਬ ਧਮਾਕਿਆਂ ਦਾ ਕੇਸ ਏ ਟੀ ਐੱਸ ਨੂੰ ਸਪੁਰਦ ਕਰ ਦਿੱਤਾ ਜਾਂਦਾ ਹੈ ਤਾਂ ਹੈਰਾਨੀਜਨਕ ਪਰਤਾਂ ਉਧੜਦੀਆਂ ਹਨ। ਸ਼ਹੀਦ ਹੇਮੰਤ ਕਰਕਰੇ ਦੀ ਟੀਮ ਨੇ ਵਿਗਿਆਨਕ ਅਤੇ ਪੇਸ਼ੇਵਰ ਤਰੀਕਿਆਂ ਨਾਲ ਕੀਤੀ ਜਾਂਚ ਦੌਰਾਨ ਹੀ ਸਾਧਵੀ ਪ੍ਰਗਿਆ, ਫ਼ੌਜ ਦੇ ਅਫ਼ਸਰ ਕਰਨਲ ਪੁਰੋਹਿਤ ਸਮੇਤ ਅਭਿਨਵ ਭਾਰਤ ਦੇ ਅਨੇਕਾਂ ਮੈਂਬਰਾਂ ਨੂੰ ਦਬੋਚ ਲਿਆ, ਪਰ ਇਹ ਕੇਸ 2016 ਵਿੱਚ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐੱਨ ਆਈ ਏ) ਨੂੰ ਦੇ ਦਿੱਤਾ ਗਿਆ। ਚਲਦੇ ਕੇਸ ਵਿੱਚ ਹੀ ਕਈ ਮੁਜਰਮਾਂ ਨੂੰ ਦੋਸ਼ ਮੁਕਤ ਕਰਵਾ ਦਿੱਤਾ ਗਿਆ। ਹਾਲਾਤ ਇਹ ਬਣ ਗਏ ਕਿ ਕ੍ਰਾਈਮ ਬਰਾਂਚ, ਏ ਟੀ ਐੱਸ ਅਤੇ ਐੱਨ ਆਈ ਏ ਦੇ ਸਬੂਤ ਹੀ ਇੱਕ-ਦੂਜੇ ਦੇ ਖਿਲਾਫ਼ ਭੁਗਤਣ ਲੱਗੇ। ਮੁੰਬਈ ਰੇਲ ਧਮਾਕਿਆਂ ਦੇ ਦੋਸ਼ੀਆਂ ਦੀ ਤਰ੍ਹਾਂ ਮਾਲੇਗਾਂਵ ਬੰਬ ਧਮਾਕਿਆਂ ਦੇ ਦੋਸ਼ੀਆਂ ਵਿਰੁੱਧ ਵੀ ਮਹਾਂਰਾਸ਼ਟਰ ਕੰਟਰੋਲ ਆਫ਼ ਆਰਗੇਨਾਈਜ਼ਡ ਕ੍ਰਾਈਮ ਐਕਟ (ਮਕੋਕਾ) ਲਗਾਇਆ ਗਿਆ ਸੀ। ਇਸ ਐਕਟ ਅਧੀਨ ਤਫ਼ਤੀਸ਼ੀ ਅਫ਼ਸਰ ਦੇ ਸਾਹਮਣੇ ਦਿੱਤਾ ਗਿਆ ਇਕਬਾਲੀਆ ਬਿਆਨ ਹੀ ਕਿਸੇ ਮੁਜਰਿਮ ਨੂੰ ਸਜ਼ਾ ਦਿਵਾਉਣ ਲਈ ਕਾਫ਼ੀ ਹੁੰਦਾ ਹੈ, ਜਿਵੇਂ ਮੁੰਬਈ ਰੇਲ ਧਮਾਕਿਆਂ ਦੇ ਮਾਮਲੇ ਵਿੱਚ ਹੇਠਲੀ ਅਦਾਲਤ ਨੇ ਸਜ਼ਾ ਸੁਣਾਈ ਸੀ, ਪਰ ਮਾਲੇਗਾਂਵ ਕੇਸ ਵਿੱਚ ਐੱਨ ਆਈ ਏ ਨੇ ਦੋਸ਼ੀਆਂ ਵਿਰੁੱਧ ਮਕੋਕਾ ਦੀਆਂ ਧਾਰਾਵਾਂ ਹੀ ਹਟਾ ਦਿੱਤੀਆਂ! ਇੱਥੋਂ ਤੱਕ ਕਿ ਜਿਹੜੇ ਗਵਾਹ ਹੇਮੰਤ ਕਰਕਰੇ ਦੀ ਟੀਮ ਨੇ ਰੱਖੇ ਸੀ, ਉਹ ਮੁੱਕਰੇ ਹੋਏ (Hostile) ਐਲਾਨ ਕਰ ਦਿੱਤੇ ਗਏ। ਫੋਰੈਂਸਿਕ ਸਬੂਤ ਬਦਲੇ ਗਏ। ਸਰਕਾਰੀ ਵਕੀਲ ਰੋਹਿਨੀ ਸਾਲਿਆਨ ਨੇ ਜਨਤਕ ਤੌਰ 'ਤੇ ਦੋਸ਼ ਲਗਾਇਆ ਸੀ ਕਿ ਐੱਨ ਆਈ ਏ ਦੇ ਇੱਕ ਅਧਿਕਾਰੀ ਨੇ ਉਸ ਨੂੰ ਮਾਲੇਗਾਂਵ ਕੇਸ ਵਿੱਚ ਹੌਲੀ ਚੱਲਣ ਅਤੇ ਦੋਸ਼ੀਆਂ ਪ੍ਰਤੀ ਨਰਮ ਵਤੀਰਾ (Slow and soft) ਧਾਰਨ ਕਰਨ ਲਈ ਕਿਹਾ ਸੀ, ਕਿਉਂਕਿ ਇਹ ਸਰਕਾਰ ਦੀ ਇੱਛਾ ਸੀ। ਬਾਅਦ ਵਿੱਚ ਰੋਹਿਨੀ ਸਾਲਿਆਨ ਨੂੰ ਇਸ ਕੇਸ ਨਾਲੋਂ ਵੱਖ ਕਰ ਦਿੱਤਾ ਗਿਆ। ਮਾਲੇਗਾਂਵ ਬੰਬ ਧਮਾਕੇ ਦੇ ਕੇਸ ਵਿੱਚ ਐੱਨ ਆਈ ਏ ਕੋਲ ਕੇਸ ਜਾਣ ਤੋਂ ਬਾਅਦ ਚੱਲਦੇ ਅਦਾਲਤੀ ਕੇਸ ਦੌਰਾਨ ਹੀ ਦੋਸ਼ੀਆਂ ਨੂੰ ਜ਼ਮਾਨਤਾਂ ਮਿਲਣ ਲੱਗੀਆਂ, ਜਦਕਿ ਮੁੰਬਈ ਰੇਲ ਧਮਾਕਿਆਂ ਦੇ ਦੋਸ਼ੀ 19 ਸਾਲ ਤੋਂ ਜ਼ਿਆਦਾ ਸਮਾਂ ਓਨੀ ਦੇਰ ਜੇਲ੍ਹਾਂ ਵਿੱਚ ਸੜਦੇ ਰਹੇ, ਜਦੋਂ ਤੱਕ ਮੁੰਬਈ ਹਾਈਕੋਰਟ ਨੇ ਉਨ੍ਹਾਂ ਨੂੰ ਬਰੀ ਨਹੀਂ ਕਰ ਦਿੱਤਾ, ਇੱਥੋਂ ਤੱਕ ਕਿ ਇੱਕ ਮੁਜਰਿਮ ਕਰਨਲ ਪ੍ਰੋਹਿਤ ਪ੍ਰਸ਼ਾਦ ਨੂੰ ਤਾਂ ਜ਼ਮਾਨਤ 'ਤੇ ਆਉਣ ਤੋਂ ਬਾਅਦ ਫ਼ੌਜ ਵਰਗੇ ਸੰਵੇਦਨਸ਼ੀਲ ਅਦਾਰੇ ਵਿੱਚ ਡਿਊਟੀ 'ਤੇ ਵੀ ਹਾਜ਼ਰ ਕਰਵਾ ਲਿਆ ਗਿਆ ਸੀ। ਇੱਕ ਹੋਰ ਮੁਜਰਿਮ ਸਾਧਵੀ ਪ੍ਰਗਿਆ ਸਿੰਘ 2019 ਵਿੱਚ ਮੱਧ ਪ੍ਰਦੇਸ਼ ਦੇ ਭੋਪਾਲ ਲੋਕ ਸਭਾ ਹਲਕੇ ਭਾਜਪਾ ਦੀ ਮੈਂਬਰ ਪਾਰਲੀਮੈਂਟ ਚੁਣੀ ਗਈ। ਉਸ ਨੇ ਸ਼ਰੇਆਮ ਪਾਰਲੀਮੈਂਟ ਵਿੱਚ ਨੱਥੂ ਰਾਮ ਗੋਡਸੇ ਦਾ ਗੁਣਗਾਨ ਕੀਤਾ ਅਤੇ 'ਐਲਾਨ' ਕੀਤਾ ਕਿ ਹੇਮੰਤ ਕਰਕਰੇ ਉਸ ਦੁਆਰਾ ਦਿੱਤੇ ਗਏ ਸਰਾਪ ਕਾਰਨ ਹੀ ਮਾਰਿਆ ਗਿਆ ਸੀ। ਇੱਕ ਹੋਰ ਮੁਜਰਿਮ ਰਮੇਸ਼ ਉਪਾਧਿਆਏ ਨੇ ਉੱਤਰ ਪ੍ਰਦੇਸ਼ ਦੇ ਬਲੀਆ ਵਿਧਾਨ ਸਭਾ ਹਲਕੇ ਤੋਂ ਅਖਿਲ ਭਾਰਤ ਹਿੰਦੂ ਮਹਾਂ ਸਭਾ ਵੱਲੋਂ ਚੋਣ ਲੜੀ, ਭਾਵੇਂ ਕਿ ਉਹ ਕਾਮਯਾਬ ਨਹੀਂ ਹੋ ਸਕਿਆ। ਚੱਲਦੇ ਮੁਕੱਦਮੇ ਵਿੱਚ ਫੌਜ ਦੇ ਕੁੱਝ ਅਫ਼ਸਰ ਕਰਨਲ ਪੁਰੋਹਿਤ ਪ੍ਰਸ਼ਾਦ ਦੇ ਹੱਕ ਵਿੱਚ ਭੁਗਤੇ। ਜਿਹੀ ਉਮੀਦ ਸੀ, ਐੱਨ ਆਈ ਏ ਦੀ ਅਦਾਲਤ ਨੇ ਜੁਲਾਈ 2025 ਵਿੱਚ 'ਸਬੂਤਾਂ ਦੀ ਅਣਹੋਂਦ' ਕਰਕੇ ਸਾਰੇ ਦੋਸ਼ੀਆਂ ਨੂੰ ਬਰੀ ਕਰ ਦਿੱਤਾ।

ਜਿੱਥੇ 7/11 ਦੇ ਰੇਲ ਧਮਾਕਿਆਂ ਦੇ ਬਰੀ ਹੋਣ ਖਿਲਾਫ਼ ਮਹਾਂਰਾਸ਼ਟਰ ਦੀ ਭਾਜਪਾ ਸਰਕਾਰ ਨੇ ਸਿਰਫ਼ ਤਿੰਨ ਦਿਨਾਂ ਵਿੱਚ ਸੁਪਰੀਮ ਕੋਰਟ ਵਿੱਚ ਅਪੀਲ ਦਾਖ਼ਲ ਕਰਕੇ ਸਟੇਅ ਲੈ ਲਿਆ, ਉੱਥੇ ਮਾਲੇਗਾਂਵ ਬੰਬ ਧਮਾਕਿਆਂ ਦੇ ਕੇਸ ਵਿੱਚ ਬਿਲਕੁੱਲ ਉਲਟ ਪੈਂਤੜਾ ਲਿਆ। ਦੋਸ਼ੀਆਂ ਨੂੰ ਬਰੀ ਹੋਣ 'ਤੇ ਵਧਾਈਆਂ ਦਿੱਤੀਆਂ ਗਈਆਂ ਅਤੇ ਇਹ ਪ੍ਰਚਾਰ ਕੀਤਾ ਗਿਆ ਕਿ ਇਨ੍ਹਾਂ ਨੂੰ 'ਹਿੰਦੂ' ਹੋਣ ਕਰਕੇ ਕਾਂਗਰਸ ਸਰਕਾਰ ਨੇ ਫਸਾਇਆ ਸੀ। ਇੱਥੇ ਹੀ ਬੱਸ ਨਹੀਂ, ਬਲਕਿ ਸਮਝੌਤਾ ਐਕਸਪ੍ਰੈੱਸ ਅਤੇ ਹੈਦਰਾਬਾਦ ਦੀ ਮੱਕਾ ਮਸਜਿਦ ਬੰਬ ਧਮਾਕਿਆਂ ਦੇ ਦੋਸ਼ੀਆਂ ਨੂੰ ਬਰੀ ਕਰਨ ਵਿਰੁੱਧ ਕੋਈ ਅਪੀਲ ਨਹੀਂ ਕੀਤੀ ਗਈ।

ਆਮ ਹਾਲਤਾਂ ਵਿੱਚ ਜਿੱਥੇ ਪੈਰੋਲ ਤਕਰੀਬਨ ਨਾਮੁਮਕਿਨ ਹੀ ਹੁੰਦੀ ਹੈ, ਉੱਥੇ ਮਨੁੱਖੀ ਅਧਿਕਾਰ ਕਾਰਕੁੰਨ ਜਸਵੰਤ ਸਿੰਘ ਖਾਲੜਾ ਦੇ ਕਤਲ ਵਿੱਚ ਸਜ਼ਾ ਯਾਫਤਾ ਤਿੰਨ ਦੋਸ਼ੀ ਨਾ ਸਿਰਫ਼ ਪਿਛਲੇ ਕਈ ਸਾਲਾਂ ਤੋਂ ਪੈਰੋਲ 'ਤੇ ਹਨ, ਬਲਕਿ ਉਹਨਾਂ ਦਾ ਕੋਈ ਖੁਰਾ-ਖੋਜ ਵੀ ਨਹੀਂ ਕਿ ਉਹ ਕਿੱਥੇ ਰਹਿ ਰਹੇ ਹਨ, ਜਦਕਿ ਅਨੇਕਾਂ ਹੋਰ ਕੈਦੀ ਵੀ ਸਾਲਾਂ ਤੋਂ ਜੇਲ੍ਹਾਂ ਵਿੱਚ ਬੰਦ ਦੇ ਬਾਵਜੂਦ ਇੱਕ ਵਾਰ ਵੀ ਪੈਰੋਲ ਹਾਸਲ ਨਹੀਂ ਕਰ ਸਕੇ।

ਮਾਰਚ 2002 ਨਰਿੰਦਰ ਮੋਦੀ ਦੇ ਮੁੱਖ ਮੰਤਰੀ ਹੁੰਦਿਆਂ ਹੈਵਾਨੀਅਤ ਦਾ ਖੇਲ ਖੇਲ੍ਹਿਆ ਗਿਆ। ਇਸ ਸਮੇਂ ਦੀ ਸਭ ਤੋਂ ਦਰਦਨਾਕ ਕਹਾਣੀਆਂ ਵਿੱਚੋਂ ਇੱਕੀ ਸਾਲ ਦੀ ਬਲਕਿਸ ਬਾਨੋ ਦੀ ਕਹਾਣੀ ਹੈ। ਉਸ ਦੇ ਪਰਵਾਰ ਦੇ ਗਿਆਰਾਂ ਮੈਂਬਰਾਂ ਨੂੰ ਉਸ ਦੇ ਸਾਹਮਣੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ, ਉਹ ਖ਼ੁਦ ਪੰਜ ਮਹੀਨਿਆਂ ਦੀ ਗਰਭਵਤੀ ਸੀ, ਉਸ ਨਾਲ ਦਰਿੰਦਿਆਂ ਨੇ ਗੈਂਗ ਰੇਪ ਕੀਤਾ, ਬੇਹੋਸ਼ ਹੋਈ ਨੂੰ ਮ੍ਰਿਤਕ ਸਮਝ ਛੱਡ ਗਏ। ਸੁਪਰੀਮ ਕੋਰਟ ਦੇ ਹੁਕਮਾਂ 2004 ਵਿੱਚ ਕੇਸ ਨੂੰ ਮਹਾਂਰਾਸ਼ਟਰ ਤਬਦੀਲ ਕਰ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਅਗਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਦੇ ਹਾਲਾਤ ਅਤੇ ਪੰਜਾਬ ਦੇ ਵੋਟਰਾਂ ਦੀ ਵੱਡੀ ਜ਼ਿੰਮੇਵਾਰੀ

ਲੱਗਦੇ ਅੰਦਾਜ਼ਿਆਂ ਮੁਤਾਬਕ ਜੇ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਮਿਥੇ ਸਮੇਂ ਅਨੁਸਾਰ ਫਰਵਰੀ ਵਿੱਚ ਹੋਈਆਂ ਤਾਂ ਉਨ੍ਹਾਂ ਵਿੱਚ ਮਸਾਂ ਪੰਜ ਮਹੀਨੇ ਸਮਾਂ ਬਾਕੀ ਬਚਦਾ ਹੈ। ਇਹ ਉਹ ਥੋੜ੍ਹਾ ਜਿਹਾ ਸਮਾਂ ਹੈ, ਜਿਸ ਦਾ ਸਭ ਨੂੰ ਪਤਾ ਹੈ ਕਿ ਅਫਸਰਸ਼ਾਹੀ ਕੰਮ ਕਰਨ ਦੀ ਬਜਾਏ ਫਾਈਲਾਂ ਉੱਤੇ ਨਾਗ ਵਰਗੀ ਕੁੰਡਲੀ ਮਾਰ ਬੈਠਦੀ ਤੇ ਇਸ ਰਾਜਸੀ ਮਾਹੌਲ ਵਿੱਚੋਂ ਅਗਲੇ ਹਾਕਮਾਂ ਦੇ ਨਕਸ਼ ਲੱਭਣ ਰੁਝ ਜਾਂਦੀ ਹੈ। ਸਾਡੇ ਪੰਜਾਬ ਵਿੱਚ ਤਾਂ ਚੋਣਾਂ ਨੇੜੇ ਹੀ ਨਹੀਂ, ਅਫਸਰਸ਼ਾਹੀ ਅੱਜਕੱਲ੍ਹ ਅੱਗੋਂ-ਪਿੱਛੋਂ ਵੀ ਕੰਮ ਕਰਨ ਦੀ ਆਦਤ ਛੱਡੀ ਜਾਂਦੀ ਅਤੇ ਹਰ ਫਾਈਲ ਪਾਸ ਕਰਨ ਤੋਂ ਪਹਿਲਾਂ ਕਾਗਜ਼ ਝਾੜ-ਝਾੜ ਕੇ ਵੇਖਣ ਦਾ ਰਿਵਾਜ ਬਣ ਗਿਆ ਹੈ ਕਿ ਕਿਸੇ ਪਾਸੇ ਬਾਪੂ ਗਾਂਧੀ ਦੀ ਫੋਟੋ ਵਾਲਾ ਕੋਈ ਨੋਟ ਕਿਸੇ ਵੱਲੋਂ ਟੰਗਿਆ ਦਿਖਾਈ ਦੇ ਜਾਵੇ। ਕਿਸੇ ਵੀ ਅਫਸਰ ਕੋਲ ਬੈਠ ਜਾਈਏ ਤਾਂ ਉਹ ਮੰਤਰੀਆਂ ਤੇ ਅਫਸਰਾਂ ਅੰਦਰ ਕਾਲੀਆਂ ਭੇਡਾਂ ਅਤੇ ਕੱਪੜੇ ਲਾਹੁਣ ਤੱਕ ਦੇ ਭ੍ਰਿਸ਼ਟਾਚਾਰ ਕਰਨ ਵਾਲਿਆਂ ਦੀ ਲਿਸਟ ਗਿਣਾ ਦੇਂਦਾ ਹੈ, ਪਰ ਜਦੋਂ ਉਸ ਕੋਲੋਂ ਜ਼ਰਾ ਕੁ ਬਾਹਰ ਹੋਈਏ ਤਾਂ ਹੋਰ ਕੋਈ ਬਾਹਰਲਾ ਕੀ, ਉਸ ਦੇ ਆਪਣੇ ਦਫਤਰ ਦਾ ਸਟਾਫ ਹੀ ਖ਼ੁਦ ਉਸ ਦੇ ਸਾਰੇ ਕੱਚੇ ਚਿੱਠੇ ਗਿਣ ਕੇ ਦੱਸਣ ਨੂੰ ਕਾਹਲਾ ਨਜ਼ਰ ਪੈਂਦਾ ਹੈ। ਆਗੂਆਂ ਤੇ ਅਫਸਰਾਂ ਦਾ ਭ੍ਰਿਸ਼ਟਾਚਾਰ ਬੜੇ ਸਹਿਜ ਨਾਲ ਇੱਕ-ਦੂਸਰੇ ਤੋਂ ਜ਼ਿਆਦਾ ਦੱਸਿਆ ਜਾਂਦਾ ਹੈ ਤੇ ਇਹ ਵੀ ਨਜ਼ਰ ਆਉਣ ਲੱਗ ਜਾਂਦਾ ਹੈ ਤੇ ਸ਼ਾਇਦ ਇਸ ਨੂੰ ਗਿਰਾਵਟ ਦੀ ਸਿਖਰ ਕਹਿ ਦਿਉ ਤਾਂ ਕੋਈ ਅੱਤ-ਕਥਨੀ ਨਹੀਂ ਹੋਵੇਗੀ, ਪਰ ਕਮਾਈ ਕਰਨ ਲੱਗਿਆਂ ਆਪਣੇ-ਪਰਾਏ ਕਿਸੇ ਦਾ ਲਿਹਾਜ਼ ਨਹੀਂ ਕੀਤਾ ਜਾ ਰਿਹਾ।

ਤਸਵੀਰ ਦਾ ਦੂਸਰਾ ਪਾਸਾ ਹਮੇਸ਼ਾ ਰਾਜ ਦੀ ਰਾਜਨੀਤੀ ਅਤੇ ਇਸ ਵਿਚਲੇ ਚਿਹਰਿਆਂ ਦੀ ਭਰੋਸੇਯੋਗਤਾ ਅੰਦਰ ਆਪਣੀ ਤੁਲਨਾ ਕਰਨ ਦਾ ਹੁੰਦਾ ਹੈ। ਇਸ ਵਕਤ ਕੋਈ ਨਿੰਦਣ-ਸਲਾਹੁਣ ਵਾਲਾ ਨਹੀਂ ਜਾਪਦਾ। ਪੰਜਾਬੀ ਦਾ ਇੱਕ ਬੜਾ ਢੁਕਵਾਂ ਮੁਹਾਵਰਾ 'ਸੱਭੇ ਭੇਡਾਂ ਮੂੰਹ ਕਾਲੀਆਂ' ਇਸ ਮਾਮਲੇ ਵਿੱਚ ਨਾ ਸਿਰਫ ਸੱਚ ਲੱਗਦਾ ਹੈ, ਸਗੋਂ ਦਫਤਰੀ ਕੰਮਾਂ ਨਾਲ ਬਹੁਤਾ ਵਾਹ ਪੈਣ ਵਾਲੇ ਲੋਕ ਬਿਨਾਂ ਝਿਜਕ ਇਹ ਮੁਹਾਵਰਾ ਵਰਤਦੇ ਸੁਣੇ ਜਾ ਸਕਦੇ ਹਨ। ਅਜੋਕੀ ਸਰਕਾਰ ਚੋਣ ਜਿੱਤਣ ਦੇ ਬਾਅਦ ਰਾਜ ਦੀ ਕਮਾਨ ਸਾਂਭਣ ਲੱਗੀ ਤਾਂ ਪੰਜਾਬ ਦੇ ਲੋਕਾਂ ਦਾ ਫਤਵਾ ਇਸ ਕੋਲ ਏਨਾ ਵੱਡਾ ਸੀ ਕਿ ਕੋਈ ਵਿਰੋਧੀ ਸੁਰ ਕੱਢਣ ਦਾ ਸੋਚ ਵੀ ਨਹੀਂ ਸੀ ਸਕਦਾ, ਪਰ ਹੌਲੀ-ਹੌਲੀ ਇਸ ਅੰਦਰਲੇ ਆਪਣੇ ਆਗੂਆਂ ਤੇ ਉਨ੍ਹਾਂ ਦੇ ਚਮਚਿਆਂ ਦੀ ਕਾਰਗੁਜ਼ਾਰੀ ਏਨੀ ਭਾਰੂ ਹੋ ਗਈ ਕਿ ਇਸ ਦੀ ਆਮਦ ਵੇਲੇ ਦਾ ਇਸ ਦਾ ਅਕਸ ਖਤਰੇ ਵਿੱਚ ਪੈ ਗਿਆ। ਸਰਕਾਰ ਚਲਾ ਰਹੀ ਪਾਰਟੀ ਦੀ ਲੀਡਰਸ਼ਿਪ ਨੂੰ ਉਸ ਵਕਤ ਇਸ ਦੀ ਚਿੰਤਾ ਕਰਨੀ ਚਾਹੀਦੀ ਸੀ ਤੇ ਕਿਹਾ ਜਾਂਦਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਆਪਣੇ ਤੌਰ ਉੱਤੇ ਇਸ ਪੱਖੋਂ ਕੁਝ ਯਤਨ ਵੀ ਕੀਤੇ ਸਨ, ਪਰ ਜਦੋਂ ਇਹ ਕੰਮ ਕੁਝ ਵਜ਼ੀਰਾਂ ਦੇ ਦਫਤਰਾਂ ਤੋਂ ਹੁੰਦਾ ਪਿਆ ਸੀ ਤਾਂ ਇਸ ਨੂੰ ਰੋਕਣ ਦੇ ਕੋਈ ਯਤਨ ਸਫਲ ਸਿੱਧ ਨਹੀਂ ਸਨ ਹੋਣੇ। ਕੁਝ ਮੰਤਰੀਆਂ ਖਿਲਾਫ ਜਦੋਂ ਪਾਰਟੀ ਅਤੇ ਮੁੱਖ ਮੰਤਰੀ ਨੇ ਕਾਰਵਾਈ ਕਰਨ ਵਾਲੇ ਉਪਰਾਲੇ ਕੀਤੇ ਤਾਂ ਉਨ੍ਹਾਂ ਵਿਰੁੱਧ ਕਾਰਵਾਈ ਨੂੰ ਸਿਰੇ ਚੜ੍ਹਨ ਤੋਂ ਰੋਕਣ ਦੇ ਯਤਨ ਉਨ੍ਹਾਂ ਨਾਲ ਮਿਲੀ ਹੋਈ ਵੱਡੀ ਅਫਸਰਸ਼ਾਹੀ ਕਰਦੀ ਰਹੀ। ਨਤੀਜੇ ਵਜੋਂ ਸਫਾਈ ਮੁਹਿੰਮ ਵੀ ਓਦਾਂ ਦੇ ਸਿੱਟੇ ਨਹੀਂ ਕੱਢ ਸਕੀ, ਜਿਹੜੇ ਕੱਢਣ ਦੀ ਮੁੱਖ ਮੰਤਰੀ ਖੁਦ ਆਸ ਕਰਦੇ ਸਨ। ਅਗਲੇ ਮਹੀਨਿਆਂ ਦੌਰਾਨ ਇਹੋ ਜਿਹੇ ਯਤਨ ਕੀਤੇ ਜਾਣ ਦੀ ਇਸ ਪਾਰਟੀ ਨੂੰ ਲੋੜ ਤਾਂ ਬਹੁਤ ਵੱਡੀ ਹੈ, ਪਰ ਚੋਰਾਂ ਦੀ ਧਾੜ ਕਿਸੇ ਨੂੰ ਕੁਝ ਕਰਨ ਹੀ ਨਹੀਂ ਦੇਂਦੀ।

ਤੀਸਰਾ ਪੱਖ ਇਸ ਸਰਕਾਰ ਲਈ ਇਸ ਪੱਖੋਂ ਸੌਖਾ ਹੈ ਕਿ ਮੁੱਖ ਵਿਰੋਧੀ ਧਿਰ ਗਿਣੀ ਜਾਂਦੀ ਕਾਂਗਰਸ ਪਾਰਟੀ ਅੱਜ ਤੱਕ ਆਪਣੇ ਲੀਡਰਾਂ ਦੀ ਖਾਨਾਜੰਗੀ ਨੂੰ ਬਰੇਕਾਂ ਨਹੀਂ ਲਾ ਸਕੀ ਅਤੇ ਜੇ ਇਹੋ ਹਾਲਤ ਬਣੀ ਰਹੀ ਤਾਂ ਉਹ ਵੋਟਰਾਂ ਕੋਲ ਇੱਕਸੁਰਤਾ ਨਾਲ ਨਹੀਂ ਜਾ ਸਕੇਗੀ। ਅਕਾਲੀ ਦਲ ਇੱਕ ਨਹੀਂ ਰਿਹਾ। ਆਪਣੇ ਪਾਟਕ ਪਿੱਛੋਂ ਬੁਰੀ ਤਰ੍ਹਾਂ ਵੰਡੀ ਹੋਈ ਇਹ ਪਾਰਟੀ ਰਾਜਸੀ ਸੁਰ-ਸੇਧ ਤੋਂ ਵੀ ਸੱਖਣੀ ਲੱਭ ਸਕਦੀ ਹੈ ਅਤੇ ਇਸ ਨਾਲੋਂ ਵੱਖ ਹੋਈ ਧਿਰ ਆਪਣੇ ਆਪ ਨੂੰ ਅੱਜ ਤੱਕ ਇੱਕ ਰਾਜਸੀ ਪਾਰਟੀ ਵਜੋਂ ਲੋਕਾਂ ਵਿੱਚ ਪੇਸ਼ ਨਹੀਂ ਕਰ ਸਕੀ ਅਤੇ ਅਜੇ ਵੀ ਅੱਕੀਂ-ਪਲਾਹੀਂ ਹੱਥ ਮਾਰਦੀ ਹੋਈ ਦਿੱਸਦੀ ਹੈ। ਜਿਹੜਾ ਵਿਧਾਇਕ ਅਕਾਲ ਤਖਤ ਸਾਹਿਬ ਵੱਲੋਂ ਇੱਕ ਸਮੇਂ ਇਸ ਧਿਰ ਦੀ ਅਗਵਾਈ ਕਰਨ ਲਈ ਯੋਗ ਸ਼ਖਸੀਅਤ ਵਜੋਂ ਪੇਸ਼ ਕੀਤਾ ਗਿਆ ਸੀ, ਉਹ ਇਸ ਪਾਰਟੀ ਦੇ ਨਾਲ ਨਹੀਂ, ਸਗੋਂ ਉਹ ਨਵੀਂ ਉੱਠ ਰਹੀ ਧਿਰ 'ਵਾਰਿਸ ਪੰਜਾਬ ਦੇ' ਨਾਲ ਜਾ ਖੜੋਤਾ ਹੈ। ਅੱਗੋਂ ਉਹ ਪਾਰਟੀ ਵੀ ਅਜੇ ਤੱਕ ਆਮ ਲੋਕਾਂ ਵਿੱਚ ਆਪਣੀਆਂ ਉੱਚੀਆਂ ਸੁਰਾਂ ਵਰਗੀ ਪਹੁੰਚ ਅਤੇ ਪਕੜ ਬਣਾ ਸਕਣ ਦਾ ਦਾਅਵਾ ਕਰਨ ਜੋਗੀ ਨਹੀਂ ਲੱਭਦੀ। ਸਿਮਰਨਜੀਤ ਸਿੰਘ ਮਾਨ ਇਨ੍ਹਾਂ ਸਭ ਧਿਰਾਂ ਤੋਂ ਵੱਖਰੀ ਪਹੁੰਚ ਵਾਲਾ ਬੰਦਾ ਹੈ ਤੇ ਹਮੇਸ਼ਾ ਵਾਂਗ ਅੱਜ ਵੀ ਨਾ ਸਿਰਫ ਆਪਣੀ ਸੋਚ ਵੱਲੋਂ, ਸਗੋਂ ਉਹ ਪੈਂਤੜੇ ਵੱਲੋਂ ਵੀ ਇਨ੍ਹਾਂ ਸਭ ਨਾਲੋਂ ਕੁਝ ਫਾਸਲਾ ਰੱਖ ਕੇ ਕਈ ਸਾਲਾਂ ਤੋਂ ਨਾਲ ਚਲੇ ਆਉਂਦੇ ਆਪਣੇ ਥੋੜ੍ਹੇ ਜਿਹੇ ਸਾਥੀਆਂ ਤੱਕ ਸੀਮਤ ਰਹਿੰਦਾ ਹੈ। ਬਾਕੀ ਸਭਨਾਂ ਧਿਰਾਂ ਨੂੰ ਕੋਈ ਇਕੱਠਾ ਵੀ ਕਰ ਦੇਵੇ ਤਾਂ ਮਾਨ ਸਾਹਿਬ ਕਿਸੇ ਏਕੇ ਦਾ ਹਿੱਸਾ ਬਣਨ ਵਾਲੇ ਨਹੀਂ।

ਜਿਹੜੀ ਇੱਕ ਧਿਰ ਇਸ ਵੇਲੇ ਚੜ੍ਹਤ ਲਈ ਸਾਰਾ ਤਾਣ ਲਾਈ ਜਾਂਦੀ ਹੈ, ਹੇਠੋਂ ਮਿਲਦੀਆਂ ਰਿਪੋਰਟਾਂ ਬਹੁਤ ਸਾਫ ਪ੍ਰਭਾਵ ਦੇਣ ਲੱਗ ਪਈਆਂ ਹਨ ਕਿ ਇਹ ਪਾਰਟੀ ਅਗਲੀਆਂ ਚੋਣਾਂ ਵਿੱਚ ਨਾ ਸਿਰਫ ਮੁਕਾਬਲੇ ਦੀ ਇੱਕ ਧਿਰ, ਸਗੋਂ ਹੋਰ ਸਭ ਧਿਰਾਂ ਨੂੰ ਪਛਾੜ ਕੇ ਮੁੱਖ ਵਿਰੋਧੀ ਧਿਰ ਬਣਨ ਵਾਸਤੇ ਕੋਈ ਕਸਰ ਬਾਕੀ ਨਹੀਂ ਛੱਡੇਗੀ। ਹਰਿਆਣੇ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਵਿਰੋਧ ਲਈ ਸਾਰੀ ਜ਼ਿੰਮੇਵਾਰੀ ਦਿੱਤੀ ਹੋਣ ਦੇ ਇਲਾਵਾ ਇਸ ਵਕਤ ਭਾਰਤੀ ਜਨਤਾ ਪਾਰਟੀ ਦੇ ਨਵੇਂ ਕੌਮੀ ਪ੍ਰਧਾਨ ਨਿਤਿਨ ਨਬੀਨ ਸਮੇਤ ਸਾਰੀ ਤਾਕਤ ਝੋਕਣ ਦੇ ਲਈ ਹਾਈ ਕਮਾਂਡ ਖੁਦ ਨਿੱਤ ਦਿਨ ਦੀਆਂ ਰਿਪੋਰਟਾਂ ਦੀ ਛਾਣ-ਬੀਣ ਕਰਦੀ ਸੁਣੀ ਜਾਂਦੀ ਹੈ। ਕਿਸ ਪਾਰਟੀ ਦਾ ਕੌਣ ਲੀਡਰ ਆਪਣੀ ਪਹਿਲੀ ਪਾਰਟੀ ਛੱਡਣ ਨੂੰ ਤਿਆਰ ਹੋ ਸਕਦਾ ਹੈ, ਉਸ ਦਾ ਆਮ ਲੋਕਾਂ ਵਿੱਚ ਕਿੰਨਾ ਪ੍ਰਭਾਵ ਹੈ ਅਤੇ ਉਸ ਨੂੰ ਲਿਆ ਤਾਂ ਲਾਭ ਅਤੇ ਜੇ ਕੁਝ ਮਾੜਾ ਵੀ ਹੋਵੇ ਤਾਂ ਨੁਕਸਾਨ ਕਿੰਨਾ ਕੁ ਹੋ ਸਕਦਾ ਹੈ, ਇਹ ਹਿਸਾਬ ਲਾਇਆ ਜਾਂਦਾ ਹੈ। ਤਕਨੀਕ ਦੇ ਮਾਹਰਾਂ ਦੀ ਇੱਕ ਪੂਰੀ ਟੀਮ ਇਸ ਪਾਰਟੀ ਦੇ ਚੋਣ ਦਫਤਰ ਨੂੰ ਅਗੇਤਾ ਹੀ 'ਵਾਰ ਰੂਮ' (ਕਿਸੇ ਜੰਗ ਦੌਰਾਨ ਜੰਗੀ ਨੀਤੀ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਦਾ ਮੁੱਖ ਕੰਟਰੋਲ ਕੇਂਦਰ) ਬਣਾਈ ਬੈਠੀ ਸੁਣੀਂਦੀ ਹੈ। ਇਸ ਤੋਂ ਇਸ ਦੀ ਗੰਭੀਰਤਾ ਦਾ ਪਤਾ ਸਾਫ ਲੱਗ ਜਾਂਦਾ ਹੈ।

ਇਹੋ ਨਹੀਂ, ਇਸ ਵਾਰੀ ਚੋਣ ਜੰਗ ਸਿਰਫ ਵੋਟਰਾਂ ਜਾਂ ਮੁੱਦਿਆਂ ਦੁਆਲੇ ਨਹੀਂ ਘੁੰਮਦੀ ਰਹਿਣੀ, ਬਹੁਤ ਕੁਝ ਹੋਰ ਵੀ ਪੰਜਾਬ ਵਿੱਚ ਹੋਈ ਜਾ ਰਿਹਾ ਹੈ, ਜਿਹੜਾ ਆਮ ਵੋਟਰ ਤਾਂ ਭਾਵੇਂ ਨਾ ਸਮਝ ਸਕਣ, ਚੋਣਾਂ ਦਾ ਪਿਛਲਾ ਤਜਰਬਾ ਰੱਖਣ ਵਾਲੇ ਲੋਕਾਂ ਨੂੰ ਉਸ ਦੀ ਸਮਝ ਨਾਲੋ-ਨਾਲ ਪੈ ਜਾਂਦੀ ਹੈ। ਹਰ ਮੋਰਚੇ ਉੱਤੇ ਸਰਕਾਰ ਦੇ ਵਿਰੋਧ ਲਈ ਹੜਤਾਲ ਤੋਂ ਲੈ ਕੇ ਮੁਕੱਦਮੇਬਾਜ਼ੀ ਤੱਕ ਅਚਾਨਕ ਤੇਜ਼ੀ ਫੜਨ ਲੱਗੀ ਅਤੇ ਇਹ ਗੱਲ ਏਥੇ ਕਿਸੇ ਨੂੰ ਨਹੀਂ ਪਤਾ ਕਿ ਜਿੰਨੀ ਬੇਚੈਨੀ ਪੰਜਾਬ ਦੇ ਕਰਮਚਾਰੀ ਵਰਗ ਵਿੱਚ ਹੈ, ਓਦੋਂ ਵੱਧ ਹਰਿਆਣੇ ਵਿੱਚ ਹੈ। ਪੰਜਾਬ ਦੇ ਮੁਲਾਜ਼ਮਾਂ ਨੇ ਬੀਤੇ ਦਿਨੀਂ ਮਹਿੰਗਾਈ ਭੱਤੇ ਅਤੇ ਪੈਨਸ਼ਨਾਂ ਆਦਿ ਦੇ ਆਪਣੇ ਮੁੱਦਿਆਂ ਉੱਤੇ ਕੁਝ ਦਿਨਾਂ ਲਈ ਹੜਤਾਲ ਕੀਤੀ ਤਾਂ ਹਰ ਪਾਸੇ ਚਰਚਾ ਹੁੰਦੀ ਰਹੀ, ਪਰ ਇਹ ਗੱਲ ਆਮ ਲੋਕਾਂ ਤੱਕ ਨਹੀਂ ਗਈ ਤੇ ਲੀਡਰਾਂ ਦੇ ਭਾਸ਼ਣਾਂ ਦਾ ਹਿੱਸਾ ਵੀ ਬਣਦੀ ਨਹੀਂ ਦਿੱਸੀ ਕਿ ਗਵਾਂਢੀ ਰਾਜ ਹਰਿਆਣਾ ਵਿੱਚ ਟਕਰਾਅ ਦੀ ਹਾਲਤ ਓਦੋਂ ਵੀ ਭੈੜੀ ਹੈ। ਪੰਜ ਅਗਸਤ ਨੂੰ ਸ਼ੁਰੂ ਹੋਈ ਸਫਾਈ ਮਜ਼ਦੂਰਾਂ ਦੀ ਹੜਤਾਲ ਸਤੰਬਰ ਦੀ ਗਿਆਰਾਂ ਤਰੀਕ ਨੂੰ ਸਮਝੌਤੇ ਨਾਲ ਸਿਰੇ ਲੱਗਣ ਵਾਲੀ ਖਬਰ ਆਈ ਹੈ, ਜਿਸ ਦਾ ਭਾਵ ਹੈ ਕਿ ਸਫਾਈ ਕਰਮਚਾਰੀਆਂ ਦੀ ਹੜਤਾਲ ਓਥੇ ਅਠੱਤੀ ਦਿਨ ਚੱਲਦੀ ਰਹੀ ਅਤੇ ਸਰਕਾਰ ਦੀ ਪੇਸ਼ ਹੀ ਨਹੀਂ ਗਈ। ਹੜਤਾਲ ਵਿੱਚ ਹਾਲਾਤ ਇਸ ਹੱਦ ਤੱਕ ਚਲੇ ਗਏ ਕਿ ਵਿਧਾਇਕਾਂ ਅਤੇ ਮੰਤਰੀਆਂ ਨਾਲ ਏਦਾਂ ਦਾ ਵਿਹਾਰ ਵੀ ਕੀਤਾ ਗਿਆ, ਜਿਸ ਬਾਰੇ ਜ਼ਿੰਦਗੀ ਦੇ ਪਿਛਲੇ ਸਾਰੇ ਸਾਲਾਂ ਵਿੱਚ ਉਨ੍ਹਾਂ ਨੇ ਕਦੀ ਸੁਫਨਾ ਤੱਕ ਨਹੀਂ ਲਿਆ ਹੋਣਾ, ਪਰ ਪੰਜਾਬ ਦੇ ਲੋਕਾਂ ਨੂੰ ਇਸ ਦਾ ਪਤਾ ਹੀ ਨਹੀਂ।

ਜਿੱਦਾਂ ਇਨ੍ਹਾਂ ਗੱਲਾਂ ਬਾਰੇ ਆਮ ਲੋਕ ਨਹੀਂ ਜਾਣਦੇ, ਉਸੇ ਤਰ੍ਹਾਂ ਇਹ ਪਤਾ ਵੀ ਨਹੀਂ ਕਿ ਕੇਂਦਰ ਵਿਚਲੇ ਵੱਖ-ਵੱਖ ਅਦਾਰਿਆਂ ਵਿੱਚ ਪੰਜਾਬ ਦੇ ਲੋਕਾਂ ਨੂੰ ਚੇਅਰਮੈਨੀਆਂ ਅਤੇ ਮੈਂਬਰੀਆਂ ਦੇਣ ਨਾਲ ਪੰਜਾਬ ਵਿੱਚ ਰਾਜਸੀ ਪੱਖੋਂ ਬੜੇ ਅਹਿਮ ਮੁੱਦਿਆਂ ਦੀ ਜਾਂਚ ਦੀਆਂ ਖ਼ਬਰਾਂ ਵਧਣ ਲੱਗ ਪਈਆਂ ਹਨ। ਹਰ ਕੇਂਦਰੀ ਅਦਾਰੇ ਦੀਆਂ ਟੀਮਾਂ ਪੰਜਾਬ ਸਰਕਾਰ ਦੇ ਇੱਕ ਜਾਂ ਦੂਸਰੇ ਵਿਭਾਗ ਵਿਰੁੱਧ ਸੁਣਵਾਈ ਤੇ ਇੱਕ ਜਾਂ ਦੂਜੇ ਅਫਸਰ ਨੂੰ ਪੇਸ਼ੀ ਵਾਲੇ ਭੁਗਤਣ ਦੇ ਹੁਕਮ ਭੇਜੀ ਜਾਂਦੀਆਂ ਹਨ। ਪੱਛਮੀ ਬੰਗਾਲ ਵਿੱਚ ਮਮਤਾ ਸਰਕਾਰ ਦੇ ਆਖਰੀ ਦਿਨਾਂ ਵਿੱਚ ਜਿੱਦਾਂ ਨਿਆਂ ਪਾਲਿਕਾ ਵੀ ਅਚਾਨਕ ਹੱਦੋਂ ਵੱਧ ਸਰਗਰਮੀ ਕਰਨ ਲੱਗ ਪਈ ਸੀ, ਇਹ ਪ੍ਰਭਾਵ ਅੱਜਕੱਲ੍ਹ ਪੰਜਾਬ ਵਿੱਚ ਵੀ ਸ਼ੁਰੂ ਹੋ ਗਿਆ ਹੈ ਤੇ ਪੰਜਾਬ/ ਹਰਿਆਣਾ ਹਾਈ ਕੋਰਟ ਦੇ ਮੁਖੀ ਜੱਜ ਦੀ ਨਵੀਂ ਨਿਯੁਕਤੀ ਦਾ ਜਿਵੇਂ ਪੰਜਾਬ ਸਰਕਾਰ ਨੇ ਵਿਰੋਧ ਕੀਤਾ ਸੀ, ਉਸ ਨਾਲ ਨਿਆਂ ਵਾਲੇ ਖੇਤਰ ਦੀ ਇਹ ਸਰਗਰਮੀ ਹੋਰ ਵੀ ਵਧੀ ਮਹਿਸੂਸ ਕੀਤੀ ਜਾਣ ਲੱਗ ਪਈ ਹੈ। ਮੁੱਖ ਜੱਜ ਸਾਹਿਬ ਦੀਆਂ ਪਹਿਲੇ ਦਿਨਾਂ ਦੀਆਂ ਟਿੱਪਣੀਆਂ ਤੋਂ ਜਿੱਦਾਂ ਦੀ ਸਖਤੀ ਦਾ ਪ੍ਰਭਾਵ ਹਰ ਕਿਸੇ ਨੇ ਨੋਟ ਕੀਤਾ ਹੈ, ਉਹ ਇਹ ਦੱਸਣ ਨੂੰ ਕਾਫੀ ਹੈ ਕਿ ਅੱਗੋਂ ਪੰਜਾਬ ਸਰਕਾਰ, ਇਸ ਦੇ ਵਿਭਾਗਾਂ ਦੇ ਮੁਖੀਆਂ ਅਤੇ ਹੋਰ ਅਧਿਕਾਰੀਆਂ ਨਾਲ ਕਈ ਕੁਝ ਹੋਣ ਦੀਆਂ ਸੰਭਾਵਨਾਵਾਂ ਹਨ।

ਚੰਗੀ ਗੱਲ ਇਸ ਰਾਜ ਵਿੱਚ ਇਹ ਹੈ ਕਿ ਵੋਟਾਂ ਦੀ ਨਿਰੀਖਣ ਪ੍ਰਕਿਰਿਆ, ਸਪੈਸ਼ਲ ਇਨਟੈਂਸਿਵ ਰਿਵੀਜ਼ਨ ਆਫ ਵੋਟਰਜ਼ (ਐੱਸ ਆਈ ਆਰ) ਵਾਲਾ ਜਿਹੜਾ ਕੰਮ ਹਰ ਰਾਜ ਵਿੱਚ ਤਿੱਖੀ ਵਿਰੋਧਤਾ ਅਤੇ ਦੂਸ਼ਣਬਾਜ਼ੀ ਤੱਕ ਚਲਾ ਜਾਂਦਾ ਰਿਹਾ, ਉਹ ਪੰਜਾਬ ਵਿੱਚ ਅਮਨ-ਅਮਾਨ ਨਾਲ ਚਲਦਾ ਪਿਆ ਹੈ। ਕੋਈ ਇੱਕਾ-ਦੁੱਕਾ ਕੇਸ ਭਾਵੇਂ ਕਿਸੇ ਵੱਲੋਂ ਉੱਭਰਿਆ ਹੋਵੇ, ਪਰ ਪੰਜਾਬ ਦੀ ਇੱਕ ਵੀ ਸਿਆਸੀ ਪਾਰਟੀ ਦੇ ਇੱਕ ਵੀ ਲੀਡਰ ਦਾ ਏਦਾਂ ਦਾ ਬਿਆਨ ਪੜ੍ਹਨ ਜਾਂ ਸੁਣਨ ਨੂੰ ਨਹੀਂ ਮਿਲਿਆ ਕਿ ਐੱਸ ਆਈ ਆਰ ਕੀਤੇ ਜਾਣ ਮੌਕੇ ਪੱਖਪਾਤ ਹੁੰਦਾ ਹੈ। ਪਾਰਲੀਮੈਂਟ ਮੈਂਬਰ ਰਾਘਵ ਚੱਢਾ ਸਣੇ ਥੋੜ੍ਹੇ ਜਿਹੇ ਆਪਣੇ ਆਪ ਨੂੰ ਵੀ ਆਈ ਪੀ ਸਮਝਣ ਵਾਲੇ ਲੋਕਾਂ ਤੋਂ ਸਿਵਾ ਆਮ ਲੋਕਾਂ ਵਿੱਚੋਂ ਕਿਸੇ ਨੇ ਕੋਈ ਖਾਸ ਇਤਰਾਜ਼ ਇਸ ਬਾਰੇ ਨਹੀਂ ਕੀਤਾ। ਪੱਛਮੀ ਬੰਗਾਲ ਤੇ ਕੁਝ ਹੋਰ ਰਾਜਾਂ ਵਿੱਚ ਇਸ ਪ੍ਰਕਿਰਿਆ ਦੌਰਾਨ ਖਹਿਬਾਜ਼ੀ ਤੋਂ ਚੱਲਦੀ ਗੱਲ ਹਾਈ ਕੋਰਟਾਂ ਤੇ ਫਿਰ ਸੁਪਰੀਮ ਕੋਰਟ ਤੱਕ ਵੀ ਜਾਂਦੀ ਰਹੀ। ਪੰਜਾਬ ਵਿੱਚ ਏਦਾਂ ਦਾ ਕੁਝ ਨਹੀਂ ਹੋਇਆ ਅਤੇ ਇਹ ਪ੍ਰਕਿਰਿਆ ਜਿੱਦਾਂ ਸਹਿਜ ਭਾਵ ਨਾਲ ਚੱਲ ਰਹੀ ਹੈ, ਇਸ ਕਾਰਨ ਅਗਲੀਆਂ ਵਿਧਾਨ ਸਭਾ ਚੋਣ ਦੌਰਾਨ ਵੋਟਾਂ ਦੇ ਕੱਟੇ ਜਾਣ ਵਰਗੀ ਬਹੁਤੀ ਖੱਪ ਨਹੀਂ ਪਵੇਗੀ, ਜਦ ਕਿ ਪਹਿਲਾਂ ਲਗਾਤਾਰ ਪੈਂਦੀ ਰਹੀ ਹੈ। ਸਮੁੱਚੇ ਭਾਰਤ ਵਿੱਚ ਵੋਟਾਂ ਕੱਟੇ ਜਾਣ ਦੀ ਗਿਣਤੀ ਜਿੱਦਾਂ ਲੱਖਾਂ ਵਿੱਚ ਹੁੰਦੀ ਰਹੀ ਹੈ, ਪੰਜਾਬ ਵਿੱਚ ਲੱਖਾਂ ਵੋਟਾਂ ਕੱਟੇ ਜਾਣ ਦੀ ਨੌਬਤ ਆਈ, ਪਰ ਉਹ ਵੋਟਾਂ ਪ੍ਰਾਣ ਤਿਆਗ ਚੁੱਕੇ ਉਨ੍ਹਾਂ ਲੋਕਾਂ ਦੀਆਂ ਹਨ, ਜਿਨ੍ਹਾਂ ਦੇ ਪਰਵਾਰ ਵਾਲੇ ਇਹ ਗੱਲ ਖੁਦ ਮੰਨਦੇ ਹਨ ਕਿ ਉਹ ਜ਼ਿੰਦਾ ਨਹੀਂ ਰਿਹਾ। ਫੀਸਦੀ ਦਾ ਹਿਸਾਬ ਲਾਇਆ ਜਾਵੇ ਤਾਂ ਪੰਜਾਬ ਵਿੱਚ ਵੋਟਾਂ ਕੱਟਣ ਵਾਲਾ ਕੰਮ ਸਭ ਤੋਂ ਘੱਟ ਹੋਇਆ ਹੈ ਅਤੇ ਸਾਧਾਰਨ ਲੋਕ ਹੀ ਨਹੀਂ, ਹੇਠੋਂ-ਉੱਪਰ ਤੱਕ ਆਮ ਤੌਰ ਉੱਤੇ ਸਾਰੀਆਂ ਧਿਰਾਂ ਨੂੰ ਇਸ ਤੋਂ ਤਸੱਲੀ ਜਾਪਦੀ ਹੈ।

ਇਹੋ ਤਸੱਲੀ ਅਜੇ ਤੱਕ ਇਹ ਆਸ ਬੰਨ੍ਹਾ ਰਹੀ ਹੈ ਕਿ ਜੋ ਕੁਝ ਦੂਸਰੇ ਰਾਜਾਂ ਵਿੱਚ ਅਸੈਂਬਲੀ ਚੋਣਾਂ ਦੌਰਾਨ ਹੁੰਦਾ ਰਿਹਾ ਹੈ, ਉਹ ਸ਼ਾਇਦ ਏਥੇ ਨਹੀਂ ਹੋਵੇਗਾ। ਜੋ ਕੁਝ ਹੋਣ ਤੋਂ ਹਰ ਕੋਈ ਮਿਸਾਲਾਂ ਦੇ ਕੇ ਡਰਦਾ ਅਤੇ ਡਰਾਉਂਦਾ ਵੇਖਿਆ ਜਾਂਦਾ ਹੈ, ਉਸ ਦੀ ਸਭ ਤੋਂ ਭੈੜੀ ਵੰਨਗੀ ਲੋਕਾਂ ਨੇ ਪੱਛਮੀ ਬੰਗਾਲ ਵਿੱਚ ਵੇਖੀ ਸੀ, ਜਿੱਥੇ ਪੁਣ-ਛਾਣ ਵਿੱਚ ਦੇਰੀ ਕਰਨ ਦਾ ਨਵਾਂ ਰਿਕਾਰਡ ਕਾਇਮ ਹੋ ਗਿਆ ਸੀ। ਲੱਖਾਂ ਲੋਕਾਂ ਦੀਆਂ ਵੋਟਾਂ ਨਾ ਕੱਟੀਆਂ ਗਈਆਂ ਤੇ ਨਾ ਪਾਸ ਕਰਨ ਦਾ ਸੁਨੇਹਾ ਜਾਰੀ ਹੋਣ ਕਾਰਨ ਉਹ ਵੋਟ ਨਹੀਂ ਸਨ ਪਾ ਸਕੇ। ਗੱਲ ਸੁਪਰੀਮ ਕੋਰਟ ਵਿੱਚ ਗਈ ਕਿ ਜਿਨ੍ਹਾਂ ਲੋਕਾਂ ਦੀਆਂ ਵੋਟਾਂ ਕੱਟੀਆਂ ਵੀ ਨਹੀਂ ਤੇ ਜਾਰੀ ਵੀ ਨਹੀਂ ਹੋ ਰਹੀਆਂ, ਉਹ ਵਿਚਾਲੇ ਫਸ ਗਏ ਹਨ ਅਤੇ ਵੋਟ ਪਾਉਣ ਦਾ ਉਨ੍ਹਾਂ ਦਾ ਹੱਕ ਪ੍ਰਭਾਵਤ ਹੋ ਰਿਹਾ ਹੈ ਤਾਂ ਕੋਰਟ ਵਿੱਚੋਂ ਜੱਜ ਸਾਹਿਬ ਨੇ ਇਹ ਆਖ ਕੇ ਗਲੋਂ ਲਾਹ ਛੱਡਿਆ ਕਿ ਉਹ ਅਗਲੀ ਵਾਰ ਵੀ ਵੋਟ ਪਾ ਸਕਦੇ ਹਨ, ਇੱਕ ਵਾਰੀ ਵੋਟ ਨਹੀਂ ਪਾਉਣਗੇ ਤਾਂ ਫਰਕ ਨਹੀਂ ਪੈਂਦਾ। ਇਹ ਉੱਚੇ ਪੱਧਰ ਦੀ ਕੁਰਸੀ ਉੱਤੇ ਬੈਠੇ ਕਿਸੇ ਜੱਜ ਦੀ ਬੇਹੱਦ ਨੀਵੇਂ ਪੱਧਰ ਦੀ ਟਿਪਣੀ ਸੀ ਅਤੇ ਜਦੋਂ ਵੋਟਾਂ ਪੈਣ ਪਿੱਛੋਂ ਪਤਾ ਲੱਗਾ ਕਿ ਚੋਣਾਂ ਦੌਰਾਨ ਲੱਖਾਂ ਜਾਇਜ਼ ਵੋਟਰ ਵੋਟ ਪਾਉਣ ਤੋਂ ਵਾਂਝੇ ਕਰ ਦਿੱਤੇ ਗਏ ਸਨ ਤਾਂ ਉਹ ਜੱਜ ਆਪਣੇ ਉਸ ਫੈਸਲੇ ਉੱਤੇ ਸ਼ਰਮਿੰਦਾ ਹੋਇਆ ਵੀ ਨਹੀਂ ਸੁਣਿਆ ਗਿਆ। ਉਸ ਵਕਤ ਦੇ ਅਦਾਲਤੀ ਫੈਸਲੇ ਨੇ ਲੋਕਤੰਤਰੀ ਪ੍ਰਕਿਰਿਆ ਨੂੰ ਏਥੋਂ ਤੱਕ ਢਾਹ ਲਾਈ ਰੱਖੀ ਕਿ ਤੀਹ ਨਾਲੋਂ ਵੱਧ ਸੀਟਾਂ ਉੱਤੇ ਰੋਕੀਆਂ ਗਈਆਂ ਵੋਟਾਂ ਦੀ ਗਿਣਤੀ ਉਨ੍ਹਾਂ ਸੀਟਾਂ ਦੇ ਹਾਰ-ਜਿੱਤ ਦੇ ਫਰਕ ਤੋਂ ਵੱਧ ਨਿਕਲੀ ਸੀ।

ਪੰਜਾਬ ਵਿੱਚ ਏਦਾਂ ਦੀ ਕੋਈ ਗੱਲ ਹੋਈ ਹੋਣ ਬਾਰੇ ਹਾਲੇ ਤੱਕ ਕਿਸੇ ਪਾਸੇ ਤੋਂ ਨਹੀਂ ਸੁਣਿਆ ਤੇ ਜਾਪਦਾ ਇਹੋ ਹੈ ਕਿ ਏਦਾਂ ਦੀ ਕੋਈ ਗੱਲ ਵਾਪਰੇਗੀ ਨਹੀਂ। ਫਿਰ ਵੀ ਜਿੱਦਾਂ ਹਾਈ ਕੋਰਟ ਦੇ ਮੁੱਖ ਜੱਜ ਦੀ ਨਿਯੁਕਤੀ ਇੱਕ ਮੰਤਵ ਨਾਲ ਕੀਤੀ ਗਈ ਹੋਣ ਦੀ ਚਰਚਾ ਹੈ, ਉਸ ਤੋਂ ਪੰਜਾਬ ਦੇ ਲੋਕ ਚਿੰਤਾ ਵਿੱਚ ਹਨ। ਏਦਾਂ ਦੇ ਹਾਲਾਤ ਮੌਕੇ ਸਭ ਤੋਂ ਵੱਡੀ ਆਸ ਭਾਰਤ ਦੇ ਚੋਣ ਕਮਿਸ਼ਨ ਤੋਂ ਹੀ ਕੀਤੀ ਜਾ ਸਕਦੀ ਹੈ, ਪਰ ਬਦਕਿਸਮਤੀ ਨਾਲ ਚੋਣ ਕਮਿਸ਼ਨ ਦਾ ਆਪਣਾ ਅਕਸ ਏਨੀ ਬੁਰੀ ਤਰ੍ਹਾਂ ਦਾਗੀ ਹੋ ਚੁੱਕਾ ਹੈ ਕਿ ਓਥੋਂ ਭਲੇ ਦੀ ਆਸ ਕਰਨਾ ਫਜ਼ੂਲ ਹੋਵੇਗਾ। ਪੰਜਾਬ ਦੇ ਲੋਕ ਖੁਦ ਹੀ ਇਸ ਮੰਝਧਾਰ ਵਿੱਚੋਂ ਬੇੜੀ ਕੱਢਣ ਦਾ ਉਪਰਾਲਾ ਸੋਚ ਲੈਣ ਤਾਂ ਭਲਾ ਹੋਵੇਗਾ, ਨਹੀਂ ਤਾਂ ਪਤਾ ਨਹੀਂ ਕੀ ਕੁਝ ਹੋਵੇਗਾ।

# ਜ਼ਿੱਦ ਨਾਲ਼ ਮਸਲੇ ਵਿਗੜ ਜਾਂਦੇ ਨੇ

ਜ਼ਿੱਦ ਕੋਈ ਬਹੁਤੀ ਚੰਗੀ ਚੀਜ਼ ਨਹੀਂ ਹੁੰਦੀ। ਲੋਕ ਹਿੱਤਾਂ ਲਈ ਕੀਤੀ ਜ਼ਿੱਦ ਬੰਦੇ ਨੂੰ ਹੀਰੋ ਬਣਾ ਦਿੰਦੀ ਹੈ ਤੇ ਬੇਮਤਲਬ ਕੀਤੀ ਜ਼ਿੱਦ ਬੰਦੇ ਨੂੰ ਡੋਬ ਦਿੰਦੀ ਹੈ। ਬਰਬਾਦ ਕਰ ਦਿੰਦੀ ਹੈ। ਪੰਚਾਇਤ ਵਿੱਚ ਬੈਠਾ ਬੰਦਾ ਜੇਕਰ ਆਪਣੀ ਗਲਤ ਗੱਲ ਮੰਨਵਾਉਣ ਲਈ ਜ਼ਿੱਦ ਕਰੀ ਜਾਵੇ ਤਾਂ ਪਤਵੰਤਿਆਂ ਦੇ ਦਿਲੋਂ ਉਤਰ ਜਾਂਦਾ ਹੈ। ਸਿਆਣੇ ਆਖਦੇ ਨੇ 'ਜੇ ਸਾਰਾ ਜਾਂਦਾ ਦੇਖੀਏ ਤਾਂ ਅੱਧਾ ਦੇਈਏ ਵੰਡ।' ਮਹਾਂਭਾਰਤ ਤੋਂ ਪਹਿਲਾਂ ਕ੍ਰਿਸ਼ਨ ਨੇ ਕੌਰਵ ਸਭਾ ਵਿੱਚ ਬੈਠ ਆਪਣੀ ਭੂਆ ਕੁੰਤੀ ਦੇ ਪੁੱਤਰਾਂ ਲਈ ਪੰਜ ਪਿੰਡ ਹੀ ਤਾਂ ਮੰਗੇ ਸਨ? ਬਈ ਚਲੋ ਹੋਰ ਨਈਂ ਤਾਂ ਇਨ੍ਹਾਂ ਪੰਜੇ ਪਾਂਡਵਾਂ ਨੂੰ ਪੰਜ ਪਿੰਡ ਈ ਦੇ ਦਿਓ। ਆਖਿਰ ਇਹ ਵੀ ਹਸਤਨਾਪੁਰ ਦੇ ਰਾਜਕੁਮਾਰ ਹਨ। ਕੀ ਹੋਇਆ ਜੇ ਇਹ ਪਿਓ ਬਾਹਰੇ ਹੋ ਗਏ? ਦੂਜੇ ਪਾਸੇ ਇਹ ਦੁਰਯੋਧਨ ਦੀ ਜ਼ਿੱਦ ਹੀ ਸੀ, ਬਈ ਮੈਂ ਇਨ੍ਹਾਂ ਨੂੰ ਫੁੱਟੀ ਕੌਡੀ ਨਈਂ ਦਿੰਦਾ। ਪੰਜ ਪਿੰਡ ਤਾਂ ਦੂਰ ਦੀ ਗੱਲ ਐ। ਇਹ ਇੱਕੋ ਇੱਕ ਜ਼ਿੱਦ ਨਹੀਂ ਸੀ, ਜਿਸ ਨੇ ਕੌਰਵ ਧਿਰ ਦਾ ਨਾਸ਼ ਕਰਵਾ ਕੇ ਰੱਖ ਦਿੱਤਾ? ਹੋਰ ਵਿਰਾਟ ਪਾਤਰਾਂ ਦੀ ਜ਼ਿੱਦ ਵੀ ਇਹਦੇ ਵਿੱਚ ਸ਼ਾਮਿਲ ਸੀ। ਦੂਜੇ ਪਾਸੇ ਇਹ ਭੀਸ਼ਮ ਪਿਤਾਮਾ ਦੀ ਜ਼ਿੱਦ ਹੀ ਸੀ, ਬਈ ਕੁਝ ਵੀ ਹੋਵੇ ਰਾਜ ਦਰਬਾਰ ਪ੍ਰਤੀ ਸਮਰਪਿਤ ਰਹਿਣ ਦੀ ਕਸਮ ਨਹੀਂ ਤੋੜਨੀ, ਓਹਦੇ ਲਈ ਬੇਸ਼ੱਕ ਰਾਜ ਧਰਮ ਦੀ ਰੱਜ ਕੇ ਦੁਰਵਰਤੋਂ ਹੁੰਦੀ ਰਹੇ। ਮਰਿਆਦਾਵਾਂ ਦੀਆਂ ਧੱਜੀਆਂ ਉੱਡਦੀਆਂ ਰਹਿਣ। ਆਮ ਮਨੁੱਖ ਦਾ ਲਹੂ ਵਹਿੰਦਾ ਹੈ ਤਾਂ ਵਹੇ, ਰਾਜੇ-ਮਹਾਰਾਜਿਆਂ ਨੂੰ ਕੀ ਫਰਕ ਪੈਂਦੈ? ਆਪਹੁਦਰੀ ਔਲਾਦ ਜ਼ਿੱਦ ਕਰੇ, ਕੁਝ ਵੀ ਮਨਵਾਏ, ਕੋਈ ਫਰਕ ਨਈਂ? ਪੈਂਦਾ।

ਦੂਜੇ ਪਾਸੇ, ਸੋਚਦਾ ਹਾਂ ਇਹ ਦਰੋਣ ਦੀ ਜ਼ਿੱਦ ਹੀ ਸੀ, ਜਿਸ ਵਰਗਾ ਗਿਆਨਵਾਨ ਸਿੱਖਿਆ ਸ਼ਾਸਤਰੀ ਰਾਜ ਸੱਤ੍ਹਾ ਕੋਲ਼ ਵਿਕਾਊ ਮਾਲ ਹੋ ਨਿਬੜਿਆ। ਉਹ ਆਪਣੀ ਗਿਆਨ ਚਾਸ਼ਨੀ ਨਾਲ਼ ਕੌਰਵ-ਪਾਂਡਵਾਂ ਵਿੱਚ ਮਿਠਾਸ ਘੋਲ਼ ਸਕਦਾ ਸੀ। ਜਿਵੇਂ ਵਿਰੋਧੀ ਨੂੰ ਚਿੱਤ ਕਰਨ ਲਈ ਹਰ ਤਰ੍ਹਾਂ ਦੇ ਹਥਿਆਰ ਚਲਾਉਣੇ ਸਿਖਾਉਂਦਾ ਸੀ, ਉਵੇਂ ਹੀ ਸਦਭਾਵਨਾ ਨਾਲ਼ ਰਹਿਣ ਦੀ ਸਿੱਖਿਆ ਵੀ ਤਾਂ ਦੇ ਸਕਦਾ ਸੀ? ਇੱਥੇ ਹੀ ਇਹ ਨੁਕਤਾ ਹਾਜ਼ਰ ਹੁੰਦਾ ਹੈ। ਜ਼ਿੱਦ ਵਾਲ਼ਾ ਨੁਕਤਾ। ਉਹ ਖੁਦ ਸਾਰੀ ਜ਼ਿੰਦਗੀ ਇਸੇ ਜ਼ਿੱਦ ਦਾ ਪਾਣੀ ਭਰਦਾ ਰਿਹਾ। ਇਸ ਜ਼ਿੱਦ ਦਾ ਗੁਲਾਮ ਰਿਹਾ। ਇਹ ਦਰੋਣ ਦੀ ਜ਼ਿੱਦ ਹੀ ਸੀ, ਜਿਸ ਨੇ ਕਿਸੇ ਵੇਲ਼ੇ ਆਪਣੇ ਸਹਿਪਾਠੀ ਮਿੱਤਰ ਰਹੇ ਧਰੁਪਦ ਨੂੰ ਸੱਤ੍ਹਾਹੀਣ ਕਰਨ ਲਈ ਖਾਧੀ ਸਹੁੰ ਨੇ ਆਖਿਰ ਉਸ ਨੂੰ ਕਿੱਥੋਂ ਕਿੱਥੇ ਪਹੁੰਚਾ ਦਿੱਤਾ। ਇਹ ਦਰੋਣ ਦੀ ਜ਼ਿੱਦ ਹੀ ਸੀ ਜੋ ਆਖਰਕਾਰ ਸਦਾ ਲਈ ਓਹਦੇ ਪੁੱਤਰ ਅਸ਼ਵਥਾਮਾ ਦੇ ਮੱਥੇ ਦਾ ਜ਼ਖ਼ਮ ਬਣ ਕੇ ਰਹਿ ਗਈ। ਕਹਿੰਦੇ ਨੇ ਕਿ ਇਹ ਦਰੋਣ ਦੀ ਜ਼ਿੱਦ ਹੀ ਸੀ ਜੋ ਅੱਜ ਵੀ ਓਹਦੇ ਪੁੱਤ ਦੇ ਮੱਥੇ 'ਚ ਖੂਨ ਦੀ ਤਤੀਰੀ ਬਣ ਫੁੱਟ ਰਹੀ ਹੈ। ਕਈ ਵਾਰ ਇੱਕ ਪੀੜ੍ਹੀ ਦੀ ਕੀਤੀ ਜ਼ਿੱਦ ਦਾ ਫਲ਼ ਓਹਦੀਆਂ ਅਗਲੀਆਂ ਪੀੜ੍ਹੀਆਂ ਭੁਗਤਦੀਆਂ ਹਨ।

ਮੈਂ ਜਦੋਂ ਕਦੀ ਅੱਜ ਦੀ ਸੱਤ੍ਹਾ ਦੇ ਵਰਤਾਰਿਆਂ ਨੂੰ ਦੇਖਦਾ ਹਾਂ ਤਾਂ ਪਤਾ ਨਹੀਂ ਕਿਉਂ ਮੇਰੇ ਮਨ ਦਾ ਪੰਛੀ ਉੱਡ ਕੇ ਮਹਾਂਭਾਰਤ ਦੀ ਤਾਰ 'ਤੇ ਜਾ ਬਹਿੰਦਾ ਹੈ। ਐਨ ਉਸੇ ਵੇਲ਼ੇ ਮੈਨੂੰ ਤਾਇਆ ਆਤਮਾ ਸਿੰਘ ਵੱਲੋਂ ਸੁਣਾਈਆਂ ਕਹਾਣੀਆਂ ਚੇਤੇ ਆਉਣ ਲਗਦੀਆਂ ਹਨ। ਮਨ ਦਾ ਗਲੋਟਾ ਉਧੜਨ ਲਗਦਾ ਹੈ। ਸਿਆਣੇ ਸਹੀ ਆਖਦੇ ਨੇ, ਬਈ ਪੜ੍ਹਿਆ ਓਨਾ ਯਾਦ ਰਹੇ ਨਾ ਰਹੇ, ਪਰ ਸੁਣਿਆ ਹਮੇਸ਼ਾ ਹਮੇਸ਼ਾ ਲਈ ਯਾਦਾਂ ਵਿੱਚ ਪਰੋਇਆ ਜਾਂਦਾ ਹੈ, ਜੋ ਸਮਾਂ ਆਉਣ 'ਤੇ ਆਪਣੇ ਆਪ ਪ੍ਰਗਟ ਹੋਣ ਲਗਦਾ ਹੈ। ਮਨ ਦੀਆਂ ਝੀਤਾਂ ਵਿੱਚੋਂ ਝੜਨ ਲਗਦਾ ਹੈ। ਹਨ੍ਹੇਰੇ ਨੂੰ ਚੀਰਦਾ ਹੋਇਆ ਚਾਨਣ ਬਣ ਫੁੱਟਣ ਲਗਦਾ ਹੈ। ਇਹ ਚਿੰਤਨ ਅਤੇ ਚੇਤਨਾ ਵਿੱਚ ਇਸ ਕਦਰ ਸਮੋਅ ਜਾਂਦਾ ਹੈ, ਜਿਵੇਂ ਬਰਫ ਦੇ ਤੋਦੇ ਵਿੱਚ ਪਾਣੀ। ਗਹੁ ਨਾਲ਼ ਵਾਚਿਆ ਜਾਵੇ ਤਾਂ ਕੁੰਤੀ ਦੇ ਡਰ ਵਿੱਚੋਂ ਨਿਕਲੀ ਜ਼ਿੱਦ ਨੇ ਕਰਣ ਨੂੰ ਰੁਲ਼ਣ ਲਈ ਛੱਡ ਦਿੱਤਾ। ਪਾਂਡਵਾਂ ਦੀ ਜ਼ਿੱਦ ਨੇ ਓਸੇ ਕਰਣ ਨੂੰ ਦੁਰਯੋਧਨ ਦੇ ਪਾਲੇ ਵਿੱਚ ਲਿਆ ਖੜ੍ਹਾ ਕੀਤਾ। ਕੁੰਤੀ ਦੀ ਜ਼ਿੱਦ ਨੂੰ ਅਰਜੁਨ ਵੱਲੋਂ ਜਿੱਤ ਕੇ ਲਿਆਂਦੀ ਦਰੋਪਦੀ ਨੂੰ

**ਸ਼ੀਸ਼ੇ ਦੇ ਫੁੱਲ ਦੇਖ ਨਾ ਹੋਵੇ-81**

**ਸੁਰਜੀਤ ਸੁਮਨ**

ਪੰਜਾਂ ਪਾਂਡਵਾਂ ਦੀ ਰਖੇਲ ਬਣਾ ਕੇ ਰੱਖ ਦਿੱਤਾ। ਸੋਚਦਾ ਹਾਂ, ਕੀ ਔਰਤ ਹੁੰਦਿਆਂ ਹੋਇਆਂ ਵੀ ਕੁੰਤੀ ਆਪਣੇ ਮੂੰਹੋਂ ਸਹਿਜ-ਸੁਭਾਅ ਨਿਕਲ਼ੀ ਗੱਲ ਉੱਤੇ ਮੁੜ ਵਿਚਾਰ ਨਹੀਂ ਸੀ ਕਰ ਸਕਦੀ? ਕੁਝ ਵੀ ਹੋਵੇ ਦਰੋਪਦੀ ਦੇ ਰੂਪ ਵਿੱਚ ਔਰਤ ਜ਼ਾਤ ਨਾਲ਼ ਔਰਤ ਵੱਲੋਂ ਹੀ ਕੀਤਾ ਗਿਆ ਇਹ ਪਾਖੰਡ ਕੁੰਤੀ ਦੀਆਂ ਕਰੂਰ ਅਕਾਂਖਿਆਵਾਂ ਦਾ ਹੀ ਨਤੀਜਾ ਸੀ, ਜੋ ਰਹਿ ਰਹਿ ਕੇ ਪਾਂਡਵਾਂ-ਕੌਰਵਾਂ ਖਾਸ ਕਰਕੇ ਉਸ ਸਮੇਂ ਦੇ ਆਮ ਜਨ-ਮਾਨਸ ਨੂੰ ਭੁਗਤਣਾ ਪਿਆ। ਬਾਅਦ ਵਿੱਚ ਇਹੋ ਭਾਰਤੀ ਸੰਸਕ੍ਰਿਤੀ ਦਾ ਹਿੱਸਾ ਹੋ ਨਿਬੜਿਆ ਜੋ ਨਿੱਤ ਦਿਨ ਅੱਜ ਵੀ ਕਿਤੇ ਨਾ ਕਿਤੇ ਘਟਿਤ ਹੁੰਦਾ ਦਿਖਾਈ ਦਿੰਦਾ ਹੈ।

ਇੱਥੇ ਮੈਨੂੰ ਤਾਇਆ ਆਤਮਾ ਸਿੰਘ ਨਾਲ਼ ਹੋਈ ਬੀਤੀ ਇੱਕ ਘਟਨਾ ਚੇਤੇ ਆਉਣ ਲਗਦੀ ਹੈ। ਬਹੁਤ ਪੁਰਾਣੀ ਗੱਲ ਹੈ। ਨੱਬੇਵਿਆਂ ਵਿੱਚ ਬਹੁਤੇ ਪਿੰਡ ਹਾਲੇ ਵੀ ਮਿੱਟੀ ਦੇ ਕੱਚੇ ਮਕਾਨਾਂ ਦੀ ਵਿੱਚ ਜਿਊਂਦੇ ਸਨ। ਤਾਇਆ ਆਤਮਾ ਸਿੰਘ ਦਾ ਦਾ ਕੱਚਾ ਘਰ ਡਿੱਗਦਾ ਡਿੱਗਦਾ ਡਿੱਗ ਪਿਆ। ਓਹਦੇ ਭਤੀਜੇ ਨੇ ਸੋਚਿਆ ਚਲੋ ਬਈ ਤਾਏ ਨੂੰ ਇੱਟ-ਬਾਲਿਆਂ ਦਾ ਇੱਕ ਕੋਠੜਾ ਛੱਤ ਦਿੰਦੇ ਆਂ। ਕਮਾਲ ਦੀ ਗੱਲ ਇਹ ਕਿ ਉਦੋਂ ਇਨ੍ਹਾਂ ਕੱਚੇ ਘਰਾਂ ਦੀਆਂ ਕੰਧਾਂ ਤਿੰਨ-ਚਾਰ ਫੁੱਟ ਤੱਕ ਚੌੜੀਆਂ ਹੁੰਦੀਆਂ ਸਨ। ਨਾਲ਼ ਵਾਲ਼ੇ ਘਰ ਬੰਤਾ ਸਿੰਘ ਦੇ ਕੋਠੇ ਦੇ ਇੱਕ ਸ਼ਤੀਰ ਦਾ ਦੋ ਕੁ ਫੁੱਟ ਵਧਵਾਂ ਹਿੱਸਾ ਤਾਏ ਵਾਲ਼ੇ ਪਾਸੇ ਦਿਖਾਈ ਦੇਣ ਲੱਗ ਪਿਆ। ਜ਼ਿੱਦ ਕਰਕੇ ਓਹਦੇ ਭਤੀਜੇ ਨੇ ਇਹ ਟੁਕੜਾ ਵੱਢ ਦਿੱਤਾ। ਬੰਤਾ ਸਿੰਘ ਤੇ ਤਾਇਆ ਆਤਮਾ ਸਿੰਘ ਦਾ ਰੋਜ਼ ਦਾ ਉੱਠਣ-ਬੈਠਣ ਸੀ, ਪਰ ਜ਼ਿੱਦ। ਬੰਤਾ ਸ਼ਿੰਘ ਜ਼ਿੱਦ ਕਰ ਗਿਆ। ਬਈ ਮੇਰਾ ਸ਼ਤੀਰ ਵੱਢਿਆ ਕਿਉਂ? ਰੱਬ ਦੀ ਮਰਜ਼ੀ ਹੁਣ ਇਹ ਜੋੜਿਆ ਨਈਂ ਸੀ ਜਾ ਸਕਦਾ। ਤਾਏ ਨੇ ਆਪਣੇ ਸਹਿਚਾਰ ਦਾ ਵਾਸਤਾ ਪਾਇਆ। ਉਸ ਵੱਢੇ ਹੋਏ ਸ਼ਤੀਰ ਦੇ ਟੁਕੜੇ ਬਦਲੇ ਗਾਡਰ ਦੇਣਾ ਕਬੂਲਿਆ। ਪਰ ਕਿੱਥੇ? ਬੰਤਾ ਸਿੰਘ ਇਸ ਮਸਲੇ ਨੂੰ ਪੰਚਾਇਤ ਵਿੱਚ ਲੈ ਗਿਆ। ਪੰਚਾਇਤ ਦਾ ਫੈਸਲਾ ਵੀ ਇਹੋ ਸੀ। ਬਈ ਜੋ ਹੋਇਆ ਸੋ ਹੋਇਆ। ਸ਼ਤੀਰ ਵੀ ਰੱਖ ਤੇ ਤੈਨੂੰ ਗਾਡਰ ਵੀ ਦੁਆ ਦਿੰਦੇ ਆਂ। ਗੁੱਸੇਖੋਰ ਬੰਤਾ ਸਿੰਘ ਨੇ ਪੰਚਾਇਤ ਦੀ ਵੀ ਨਾ ਮੰਨੀ। ਦਿਨ ਲੰਘਦੇ ਗਏ। ਏਸ ਨਿੱਕੀ ਜਿਹੀ ਜ਼ਿੱਦ ਕਰਕੇ ਤਾਏ ਤੇ ਬੰਤਾ ਸਿੰਘ ਦਾ ਦਿਲ ਸਦਾ ਸਦਾ ਫਟ ਗਿਆ।

ਅਜਿਹੇ ਸਮੇਂ ਤਾਇਆ ਆਤਮਾ ਸਿੰਘ ਜ਼ਿੰਦਗੀ ਦੇ ਤਜਰਬੇ ਛੋਹ ਲੈਂਦਾ ਸੀ। ਗਿਆਨ ਬਾਣੀ ਦੀਆਂ ਗੱਲਾਂ ਸੁਣਾਉਣ ਲੱਗ ਪੈਂਦਾ। 'ਭਤੀਜ ਜਦੋਂ ਹੋਣੀ ਵਾਰਦ ਹੁੰਦੀ ਆ ਨਾ ਤਾਂ ਇਹ ਕੁਸ਼ ਪੱਲੇ ਨਈਂ ਰਹਿਣ ਦਿੰਦੀ। ਪੰਡਤ-ਪਰੋਹਤਾਂ ਦੇ ਛੜਯੰਤਰਾਂ ਨੇ ਰਾਜ-ਸੱਤ੍ਹਾ ਹਥਿਆਉਣ ਲਈ ਸੱਚੇ-ਪੱਕੇ ਰਾਜਾ ਹਰੀ ਚੰਦ ਨੂੰ ਵੀ ਫਾਹ ਲਿਆ ਸੀ। ਜਿਵੇਂ ਰਾਜਾ ਬਲੀ ਨੂੰ ÷ਛਲਿਓ ਬਲਿ ਬਾਵਨ ਰੂਪੁ ਰਚਾ॥÷ ਫਿਰ ਦੇਖਿਆ? ਇਹ ਰਾਜਾ ਹਰੀ ਚੰਦ ਦੀ ਜ਼ਿੱਦ ਹੀ ਸੀ। ਬਈ ਆਪਣੇ ਕੀਤੇ ਹੋਏ ਕੌਲ-ਕਰਾਰਾਂ ਤੋਂ ਨਈਂ ਫਿਰਨਾ। ਇਹ ਰਾਜਾ ਭਰਥਰੀ ਦੀ ਜ਼ਿੱਦ ਹੀ ਸੀ, ਜੋ ਬਾਅਦ ਵਿੱਚ ਉਸ ਨੂੰ ਭਰਥਰੀ ਬਣਾਉਂਦੀ ਆ। ਪਿੰਗਲਾ ਨਾਲ਼ ਹੋਈ-ਬੀਤੀ ਉਹਨੂੰ ਕਿੱਥੋਂ ਕਿੱਥੇ ਲੈ ਆਉਂਦੀ ਹੈ। ਜ਼ਿੱਦ ਦੇ ਬੜੇ ਗਹਿਰੇ ਅਰਥ ਹੁੰਦੇ ਨੇ। ਮਾੜੇ ਕੰਮਾਂ ਲਈ ਕੀਤੀ ਗਈ ਜ਼ਿੱਦ ਤੇ ਚੰਗੇ ਕੰਮਾਂ ਲਈ ਕੀਤੀ ਗਈ ਜ਼ਿੱਦ, ਦੋਵਾਂ ਵਿੱਚ ਜ਼ਿਮੀਂ-ਅਸਮਾਨ ਦਾ ਫਰਕ ਹੁੰਦੈ ਪੁੱਤਰਾ।'

ਸੋਚਾਂ ਦੇ ਸਮੁੰਦਰ ਵਿੱਚੋਂ ਥੋੜ੍ਹਾ ਜਿਹਾ ਨਿਕਲ਼ ਮੈਂ ਪਾਰਕ ਵੱਲ ਹੋ ਤੁਰਦਾ ਹਾਂ। ਪਾਰਕ ਦੇ ਓਪਨ ਜਿੰਮ ਵਿੱਚ ਔਰਤਾਂ ਤੇ ਬੱਚੇ ਮਜ਼ੇ ਲੈ ਰਹੇ ਹਨ। ਬੱਚਿਆਂ ਦਾ ਇਸ ਉਮਰ ਵਿੱਚ ਚੰਗੀਆਂ ਆਦਤਾਂ ਗ੍ਰਹਿਣ ਕਰ ਲੈਣਾ ਮਾਪਿਆਂ ਦੀ ਜ਼ਿੱਦ ਵਿੱਚ ਛੁਪਿਆ ਹੁੰਦਾ ਹੈ। ਪਹਿਲੀ ਉਮਰੇ ਵਿਹਲੇ ਰਹਿਣ ਦੀ ਜ਼ਿੱਦ ਬੱਚਿਆਂ ਨੂੰ ਸਾਰੀ ਉਮਰ ਨਿਕੰਮਾ ਬਣਾਈ ਰੱਖਦੀ ਐ। ਪਾਰਕ ਵਿੱਚ ਬੈਂਚਾਂ 'ਤੇ ਬੈਠੇ ਬਜ਼ੁਰਗ ਬਾਬਿਆਂ ਵਿੱਚ ਜਾ ਬਹਿੰਦਾ ਹਾਂ। ਇਨ੍ਹਾਂ ਦੀਆਂ ਗੱਲਾਂ ਸੁਣਨ ਦਾ ਵੀ ਆਪਣਾ ਈ ਸੁਆਦ ਹੁੰਦੈ। ਰਾਜਨੀਤੀ ਸ਼ਾਸਤਰ ਦੇ ਪ੍ਰੋਫੈਸਰ ਰਹੇ ਅਵਤਾਰ ਸਿੰਘ ਦਾ ਤਬਸਰਾ ਚੱਲ ਰਿਹੈ। ਮੈਂ ਵੀ ਮਾਸਟਰ ਪਿਆਰਾ ਸਿੰਘ ਕੋਲ਼ ਖਾਲੀ ਪਏ ਬੈਂਚ 'ਤੇ ਬੈਠ ਸੁਣਨ ਲਗਦਾ ਹਾਂ। 'ਭਾਅ ਜੀ ! ਕੌਣ ਚਾਹੁੰਦੈ ਬਈ ਸਾਡੇ ਘਰ ਕਲੇਸ਼ ਰਹੇ? ਸਿਆਣੇ ਕਹਿੰਦੇ ਨੇ ਬਈ ਕਲ੍ਹਾ ਕਲੰਦਰ ਵੱਸੇ ਤੇ ਘੜਿਉਂ ਪਾਣੀ ਨੱਸੇ।' ਹੁਣ ਤੁਸੀਂ ਦੇਖ ਲਓ ਸਰਕਾਰਾਂ ਕੀ ਕੀ ਕਰਦੀਆਂ। ਨਾ ਇਹ ਸਾਡੇ ਸਮਾਜ ਦੇ ਅੰਗ ਬਚਨ ਬਾਰੇ ਸੋਚਦੀਆਂ, ਨਾ ਜੁਆਨੀ ਬਾਰੇ ਤੇ ਨਾ ਹੀ ਬੁਢਾਪੇ ਬਾਰੇ। ਹੁਣ ਜੇ ਸਾਡੀ ਪੈਨਸ਼ਨ ਨਾ ਹੁੰਦੀ ਤਾਂ ਅਸੀਂ ਵੀ ਰੁਲ਼ ਜਾਣਾ ਸੀ। ਬੁੱਢੇ-ਵਾਰੇ ਪੋਤੇ-ਪੋਤੀਆਂ ਦੀਆਂ ਲੋੜਾਂ ਪੂਰੀਆਂ ਕਰਦੇ ਰਹੀਏ, ਆਪਣੀ ਦਵਾਈ-ਬੂਟੀ ਦਾ ਜੁਗਾੜ ਹੁੰਦਾ ਰਹੇ, ਬੁਢਾਪਾ ਸੁਖਾਲ਼ਾ ਹੋ ਜਾਂਦੈ। ਸਰਕਾਰਾਂ ਨੂੰ ਇਹ ਸੋਚਣਾ ਚਾਹੀਦੈ ਬਈ ਘੱਟੋ ਘੱਟ ਲੰਮੀ ਮੁਲਾਜ਼ਮਤ ਹੰਢਾ ਚੁੱਕੇ ਬੰਦੇ ਨੂੰ ਪੈਨਸ਼ਨ ਜ਼ਰੂਰ ਮਿਲ਼ਦੀ ਰਹੇ। ਸਰਕਾਰ ਚਾਹੇ ਕੇਂਦਰ ਦੀ ਹੋਵੇ ਚਾਹੇ ਰਾਜ ਸਰਕਾਰ। ਹੁਣ ਦੇਖ ਲਓ ਜੈਂਨ ਜੀ ਨੇ ਸਰਕਾਰਾਂ ਦੇ ਨਾਸੀਂ ਧੂਆਂ ਲਿਆਂਦਾ ਪਿਐ। ਜਿੱਤ ਲੜਦੇ ਲੋਕਾਂ ਦੀ ਹੁੰਦੀ ਆ। ਹਾਲ ਦੀ ਘੜੀ ਤਾਂ ਸਤਾਈ ਸਤਾਈ ਹੋਈ ਪਈ ਆ।' ਮੱਖਣ ਸਿੰਘ ਸਾਡੇ ਕੋਲ਼ ਆ ਬੈਠਾ ਤਾਂ ਉਸ ਨੇ ਹੋਰ ਈ ਮਾਘਾ ਪਾ ਲਿਆ। ਪ੍ਰੋ. ਅਵਤਾਰ ਦੀ ਗੱਲਬਾਤ ਲੜੀ ਟੁੱਟ ਗਈ। ਨ੍ਹੇਰਾ ਹੁੰਦਾ ਦੇਖ ਸਾਰੇ ਉੱਠ ਪਏ। ਮੈਂ ਵੀ ਘਰ ਵੱਲ ਤੁਰ ਪੈਂਦਾ ਹਾਂ। ਮੇਰੇ ਮਨ ਦੀ ਤਾਰ ਉੱਤੇ ਫਿਰ ਮਹਾਂਭਾਰਤ ਦੇ ਵਿਰਾਟ ਪਾਤਰ ਆ ਬਹਿੰਦੇ ਹਨ। ਅਸ਼ਵਥਾਮਾ ਦੇ ਮੱਥਿਉਂ ਖੂਨ ਦੀ ਤਤੀਰੀ ਫੁੱਟੀ ਹੈ। ਤੁਰੇ ਜਾਂਦਿਆਂ ਮੇਰੇ ਕੰਨਾਂ ਵਿੱਚ ਹੰਸ ਰਾਜ ਹੰਸ ਦੇ ਬੋਲ ਉੱਭਰਨ ਲਗਦੇ ਹਨ, 'ਜ਼ਿੱਦ ਨਾਲ਼ ਮਸਲੇ ਵਿਗੜ ਜਾਂਦੇ ਨੇ/ ਰਜ਼ਾਮੰਦੀ ਕਰ ਲਓ ਨਿਬੜ ਜਾਂਦੇ ਨੇ ।'

**ਸੰਪਰਕ : 98144-30874**

# ਬੱਬਰ ਕਰਮ ਸਿੰਘ ਦੌਲਤਪੁਰ ਦਾ ਜੀਵਨ ਅਧਿਆਇ

ਬੱਬਰ ਅਕਾਲੀ ਲਹਿਰ ਦੇ ਮਹਾਨ ਸੂਰਬੀਰਾਂ ਵਿੱਚੋਂ ਇੱਕ ਸੀ ਸ਼ਹੀਦ ਕਰਮ ਸਿੰਘ ਦੌਲਤਪੁਰ, ਜੋ ਇੱਕ ਸਤੰਬਰ 1923 ਨੂੰ ਪੁਲਸ ਮੁਕਾਬਲੇ ਦੌਰਾਨ ਆਪਣੇ ਸਾਥੀਆਂ ਨਾਲ ਸ਼ਹੀਦ ਹੋ ਗਿਆ ਸੀ। ਸੀ ਪੀ ਆਈ ਐੱਮ ਵੱਲੋਂ ਪਿੰਡ ਦੌਲਤਪੁਰ ਵਿਖੇ 13 ਸਤੰਬਰ ਨੂੰ ਬੱਬਰ ਕਰਮ ਸਿੰਘ ਤੇ ਦੂਜੇ ਸ਼ਹੀਦਾਂ ਦੀ ਯਾਦ ਵਿੱਚ ਸਮਾਗਮ ਕਰਾਇਆ ਜਾ ਰਿਹਾ ਹੈ।

ਦੇਸ਼ ਭਗਤ ਕਰਮ ਸਿੰਘ ਦਾ ਜਨਮ 1880 ਵਿੱਚ ਦੁਆਬੇ ਦੇ ਪਿੰਡ ਦੌਲਤਪੁਰ, ਜ਼ਿਲ੍ਹਾ ਨਵਾਂਸ਼ਹਿਰ ਵਿੱਚ ਪਿਤਾ ਨੱਥਾ ਸਿੰਘ ਥਾਂਦੀ ਅਤੇ ਮਾਤਾ ਮਾਈ ਦੁੱਲੀ ਦੇ ਘਰ ਹੋਇਆ। ਵਿੱਦਿਆ ਗ੍ਰਹਿਣ ਕਰਨ ਤੋਂ ਬਾਅਦ ਆਪ ਨੇ 8 ਸਾਲ ਫੌਜ ਵਿੱਚ ਨੌਕਰੀ ਕੀਤੀ। ਕਰਮ ਸਿੰਘ ਨੌਕਰੀ ਛੱਡ ਕੇ ਕੈਨੇਡਾ ਚਲੇ ਗਿਆ। ਕੈਨੇਡਾ ਵਿੱਚ ਕਰਮ ਸਿੰਘ ਦੌਲਤਪੁਰ ਦੀ ਕਰਮ ਸਿੰਘ ਝਿੰਗੜ


**ਪਿਰਥੀਪਾਲ ਸਿੰਘ ਮਾੜੀਮੇਘਾ**

ਅਤੇ ਆਸਾ ਸਿੰਘ ਭਕਜੁੱਦੀ ਨਾਲ ਦੋਸਤੀ ਹੋ ਗਈ। ਕੈਨੇਡਾ ਵਿਖੇ ਤਿੰਨਾਂ ਦੋਸਤਾਂ ਦਾ ਉਨ੍ਹਾਂ ਨੌਜਵਾਨਾਂ ਨਾਲ ਮਿਲਾਪ ਹੋ ਗਿਆ, ਜੋ ਹਿੰਦੁਸਤਾਨ ਨੂੰ ਆਜ਼ਾਦ ਵੇਖਣਾ ਚਾਹੁੰਦੇ ਸਨ। ਉਨ੍ਹਾਂ ਨੌਜਵਾਨਾਂ ਤੋਂ ਹੀ ਇਨ੍ਹਾਂ ਤਿੰਨਾਂ ਨੌਜਵਾਨ ਪੰਜਾਬੀਆਂ ਨੂੰ ਇਨਕਲਾਬੀ ਚੇਟਕ ਲੱਗੀ ਸੀ। ਗਦਰ ਪਾਰਟੀ ਹੋਂਦ ਵਿੱਚ ਆਉਣ ਉਪਰੰਤ ਆਪ ਤਿੰਨੇ ਹੀ ਗ਼ਦਰ ਪਾਰਟੀ ਵਿੱਚ ਸ਼ਾਮਲ ਹੋ ਗਏ।

ਕਰਮ ਸਿੰਘ ਗਦਰ ਪਾਰਟੀ ਦੇ ਨਿਰਣੇ ਆਧਾਰਤ 1914 ਵਿੱਚ ਦੇਸ਼ ਨੂੰ ਆਜ਼ਾਦ ਕਰਾਉਣ ਲਈ ਹਿੰਦ ਆ ਗਏ। ਕੈਨੇਡਾ ਵਿਚਲੀ ਸਾਰੀ ਜ਼ਮੀਨ-ਜਾਇਦਾਦ ਗੁਰਦੁਆਰਾ ਸਾਹਿਬ ਨੂੰ ਦਾਨ ਕਰ ਆਏ। ਹਿੰਦੁਸਤਾਨ ਦੀ ਅੰਗਰੇਜ਼ੀ ਹਕੂਮਤ ਨੇ ਉਨ੍ਹਾਂ ਨੂੰ ਹਿੰਦ ਦੀ ਧਰਤੀ ਤੋਂ ਗ੍ਰਿਫਤਾਰ ਕਰ ਲਿਆ ਅਤੇ ਪਿੰਡ ਵਿੱਚ ਜੂਹਬੰਦ ਕਰ ਦਿੱਤਾ। ਇਹ ਜੂਹਬੰਦੀ 1918 ਤੱਕ ਰਹੀ।

ਜੂਹਬੰਦੀ ਖਤਮ ਹੋਣ ਤੋਂ ਬਾਅਦ ਕਰਮ ਸਿੰਘ ਨੇ ਕਾਂਗਰਸ ਦੀਆਂ ਸਰਗਰਮੀਆਂ ਤੋਂ ਪ੍ਰਭਾਵਿਤ ਹੋ ਕੇ ਪਿੰਡ ਦੌਲਤਪੁਰ ਵਿਖੇ ਕਾਂਗਰਸ ਦੀ ਸਿਆਸੀ ਕਾਨਫਰੰਸ ਰੱਖ ਲਈ।ਅੰਗਰੇਜ਼ੀ ਹਕੂਮਤ ਨੇ ਕਾਨਫਰੰਸ ਨੂੰ ਰੋਕਣ ਲਈ ਪਿੰਡ ਦੇ ਇਰਦ-ਗਿਰਦ ਦਫਾ 144 ਲਾ ਦਿੱਤੀ। ਇਸ ਪ੍ਰਸਥਿਤੀ ਵਿੱਚ ਬੱਬਰ ਕਰਮ ਸਿੰਘ ਨੇ ਦੌਲਤਪੁਰ ਦੀ ਜਗ੍ਹਾ 'ਤੇ ਪਿੰਡ ਮਹਿਤਪੁਰ ਵਿਖੇ ਕਾਨਫਰੰਸ ਕਰਾ ਦਿੱਤੀ।

ਗੁਰਦੁਆਰਿਆਂ ਦੀ ਆਜ਼ਾਦੀ ਦੀ ਲਹਿਰ ਵਿੱਚ ਬੱਬਰ ਕਰਮ ਸਿੰਘ ਨੇ ਗੁਰਦਾਸਪੁਰ ਜ਼ਿਲ੍ਹੇ ਦਾ ਇੱਕ ਗੁਰਦੁਆਰਾ ਬਦਨਾਮ ਮਹੰਤ ਤੋਂ ਆਜ਼ਾਦ ਕਰਾਉਣ ਲਈ 50 ਸਿੰਘਾਂ ਦਾ ਜਥਾ ਖੜਿਆ। ਕਰਮ ਸਿੰਘ ਨੇ 21 ਫਰਵਰੀ 1921 ਨੂੰ ਨਨਕਾਣਾ ਸਾਹਿਬ ਦੇ ਸਾਕੇ ਦੌਰਾਨ ਬਾਕੀ ਬੱਬਰਾਂ ਨਾਲ ਅੰਮ੍ਰਿਤ ਛਕ ਲਿਆ। ਉਨ੍ਹਾਂ ਦਾ ਨਾਂਅ ਨਰੈਣ ਸਿੰਘ ਤੋਂ ਕਰਮ ਸਿੰਘ ਰੱਖਿਆ ਗਿਆ। ਕਰਮ ਸਿੰਘ ਅਕਾਲੀ ਪਾਰਟੀ ਦੀ ਨਰਮ ਨੀਤੀ ਨੂੰ ਵੇਖ ਕੇ ਪਿੱਛੇ ਹਟ ਗਏ ਅਤੇ ਬੱਬਰ ਅਕਾਲੀਆਂ ਦੇ ਜੁਸ਼ੀਲੇ ਵਿਚਾਰ ਸੁਣ ਕੇ ਬੱਬਰ ਲਹਿਰ ਵਿੱਚ ਸ਼ਾਮਲ ਹੋ ਗਏ।



ਅੰਗਰੇਜ਼ਾਂ ਦੇ ਟਾਊਟਾਂ ਦਾ ਸਫਾਇਆ ਕਰਨ ਲਈ ਕਰਮ ਸਿੰਘ ਨੇ ਨਵਾਂ ਸ਼ਹਿਰ ਇਲਾਕੇ ਵਿੱਚ ਆਪਣਾ ਇੱਕ 'ਚੱਕਰਵਰਤੀ ਜਥਾ' ਬਣਾ ਲਿਆ। ਇਸ ਜਥੇ ਵਿੱਚ ਆਸਾ ਸਿੰਘ ਭਕਜੁੱਦੀ, ਹਰੀ ਸਿੰਘ ਸੂੰਢ ਅਤੇ ਕਰਮ ਸਿੰਘ ਝਿੰਗੜ ਗਦਰੀ ਸਨ। ਇਨ੍ਹਾਂ ਬੱਬਰਾਂ ਦੀ ਸੋਚ ਇਹ ਸੀ ਕਿ ਫੌਜਾਂ ਦੀ ਮਦਦ ਨਾਲ 1857 ਵਾਂਗ ਗਦਰ ਕਰਕੇ ਹਿੰਦੁਸਤਾਨ ਨੂੰ ਆਜ਼ਾਦ ਕਰਾਇਆ ਜਾਵੇ।

ਕਰਮ ਸਿੰਘ ਨੇ ਪਿੰਡ 'ਬਿਛੌੜੀ' ਦੇ ਨੰਬਰਦਾਰ 'ਕਾਕੇ' ਤੋਂ ਇਕੱਠੇ ਹੋਏ ਮਾਮਲੇ ਦੇ 575 ਰੁਪਏ ਲੁੱਟੇ ਤੇ ਇੱਕ ਸਾਈਕਲੋ ਸਟਾਈਲ ਮਸ਼ੀਨ ਲਾਹੌਰ ਤੋਂ ਖ਼ਰੀਦ ਕੇ 22 ਅਗਸਤ 1922 ਨੂੰ 'ਬੱਬਰ ਅਕਾਲੀ ਦੁਆਬਾ' ਅਖ਼ਬਾਰ ਪ੍ਰਕਾਸ਼ਿਤ ਕਰ ਦਿੱਤਾ। ਅਖ਼ਬਾਰ ਦੇ 15 ਅੰਕ ਪ੍ਰਕਾਸ਼ਿਤ ਹੋਏ। ਕਰਮ ਸਿੰਘ ਅਖ਼ਬਾਰ ਦੇ ਮੁੱਖ ਸੰਪਾਦਕ ਸਨ।ਪ੍ਰੈੱਸ ਦਾ ਨਾਂਅ ਪਹਿਲਾਂ ਉਡਾਰੂ ਪ੍ਰੈੱਸ ਅਤੇ ਫਿਰ ਸਫਰੀ ਪ੍ਰੈੱਸ ਰੱਖਿਆ।

ਬੱਬਰ ਕਰਮ ਸਿੰਘ ਝਿੰਗੜ ਨੇ ਚੱਕਰਵਰਤੀ ਜਥਿਆਂ ਨੂੰ ਇਕੱਠਿਆਂ ਕਰਨ ਵਾਸਤੇ ਆਪਣੇ ਪਿੰਡ ਮੀਟਿੰਗ ਰੱਖ ਲਈ। ਬੱਬਰ ਕਿਸ਼ਨ ਸਿੰਘ ਤੇ ਬੱਬਰ ਕਰਮ ਸਿੰਘ ਦੌਲਤਪੁਰ ਦੀ ਦੋਹਾਂ ਜਥਿਆਂ ਤੋਂ ਇੱਕ ਜਥਾ ਬਣਾਉਣ 'ਤੇ ਸਹਿਮਤੀ ਹੋ ਗਈ। ਸਾਰਿਆਂ ਨੇ ਸਰਬਸੰਮਤੀ ਨਾਲ ਨਵੇਂ ਜਥੇ ਦਾ ਮੁਖੀ ਬੱਬਰ ਕਰਮ ਸਿੰਘ ਦੌਲਤਪੁਰ ਨੂੰ ਚੁਣ ਲਿਆ।

ਬੱਬਰਾਂ ਦੀ ਅੰਗਰੇਜ਼ੀ ਹਕੂਮਤ 'ਤੇ ਇੰਨੀ ਜ਼ਿਆਦਾ ਦਹਿਸ਼ਤ ਵਧ ਗਈ ਸੀ ਕਿ ਇੱਕ ਵਾਰ ਸੰਨ 1922-23 ਵਿੱਚ ਬੱਬਰਾਂ ਨੇ ਹੁਸ਼ਿਆਰਪੁਰ ਅਤੇ ਜਲੰਧਰ ਜ਼ਿਲ੍ਹੇ ਅੰਦਰ ਸੜਕਾਂ ਦੇ ਕੰਢਿਆਂ 'ਤੇ ਲੱਗੇ ਅੰਬਾਂ ਦੇ ਰੁੱਖਾਂ ਦੀ ਬੋਲੀ ਨਾ ਹੋਣ ਦਿੱਤੀ। ਅੰਬ ਪੱਕਣ ਉਪਰੰਤ ਲੋਕ ਮੁਫ਼ਤ ਹੀ ਅੰਬ ਚੂਪ-ਚੂਪ ਕੇ ਰੱਜਦੇ ਰਹੇ।ਇਸ ਲੋਕ ਭਲਾਈ ਦੇ ਕੰਮ ਨਾਲ ਬੱਬਰਾਂ ਦੀ ਇਲਾਕੇ ਵਿੱਚ ਬਹੁਤ ਸ਼ਲਾਘਾ ਹੋਈ।

ਬੱਬਰਾਂ ਦੀ ਦਹਿਸ਼ਤ, ਅੰਗਰੇਜ਼ਾਂ ਅਤੇ ਉਨ੍ਹਾਂ ਦੇ ਟਾਊਟਾਂ 'ਤੇ ਵਧਣ ਦੀਆਂ ਖਬਰਾਂ ਬਰਤਾਨੀਆ ਦੀ ਪਾਰਲੀਮੈਂਟ ਤੱਕ ਪਹੁੰਚ ਗਈਆਂ। ਅੰਗਰੇਜ਼ ਅਧਿਕਾਰੀਆਂ ਨੂੰ ਬੱਬਰਾਂ 'ਤੇ ਪੂਰੀ ਸਖਤੀ ਕਰਨ ਦੇ ਹੁਕਮ ਮਿਲ ਗਏ। ਬੱਬਰ ਜ਼ਿਆਦਾਤਰ ਭਗੌੜੇ ਹੋ ਕੇ ਅੰਡਰਗਰਾਊਂਡ ਢੰਗ ਨਾਲ ਦੇਸ਼ ਦੀ ਆਜ਼ਾਦੀ ਦਾ ਸੰਘਰਸ਼ ਲੜ ਰਹੇ ਸਨ। ਇੱਕ ਗਦਾਰ ਅਨੂਪ ਸਿੰਘ ਪਿੰਡ ਮਾਣੋਕੇ ਜੋ ਕਰਮ ਸਿੰਘ ਦੌਲਤਪੁਰ ਦਾ ਧਰਮ ਦਾ ਪੁੱਤਰ ਬਣਿਆ ਸੀ, ਇੱਕ ਦਿਨ ਉਹ ਹੀ ਬੱਬਰਾਂ ਦਾ ਕਿਲ੍ਹਾ ਢਾਹੁਣ ਵਿੱਚ ਕਾਮਯਾਬ ਹੋ ਗਿਆ।

ਪਿੰਡ ਭੁਮੇਲੀ ਰਿਆਸਤ ਕਪੂਰਥਲਾ ਵਿਖੇ 30 ਅਗਸਤ 1923 ਨੂੰ ਬੱਬਰ ਕਰਮ ਸਿੰਘ, ਉਦੈ ਸਿੰਘ ਰਾਮਗੜ੍ਹ ਝੁੰਗੀਆਂ, ਬਿਸ਼ਨ ਸਿੰਘ ਮਾਂਗਟ, ਧੰਨਾ ਸਿੰਘ ਬਹਿਬਲਪੁਰ, ਦਲੀਪ ਸਿੰਘ ਧਾਮੀਆਂ ਅਤੇ ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ ਪਿੰਡ ਮਾਣੋਕੇ ਵਿਖੇ ਰਾਮਗੜ੍ਹੀਆਂ ਦੀ ਕੋਠੀ, ਜੋ ਪਿੰਡੋਂ ਬਾਹਰਵਾਰ ਸੀ, ਉਥੇ ਠਹਿਰੇ ਹੋਏ ਸਨ। ਬੱਬਰ ਧੰਨਾ ਸਿੰਘ ਬਹਿਬਲਪੁਰ ਨੂੰ ਗਦਾਰ ਅਨੂਪ ਸਿੰਘ ਦਾ ਰੰਗ ਉੱਡਿਆ ਹੋਇਆ ਵੇਖ ਕੇ ਉਸ 'ਤੇ ਸ਼ੱਕ ਹੋ ਗਿਆ। ਉਸ ਨੇ ਕਰਮ ਸਿੰਘ ਨੂੰ ਕਿਹਾ ਕਿ ਮੈਨੂੰ ਅਨੂਪ ਸਿੰਘ ਦੀ ਨੀਅਤ ਖਰਾਬ ਲੱਗਦੀ ਹੈ। ਕਰਮ ਸਿੰਘ ਨੇ ਕਿਹਾ, ਤੂੰ ਐਵੇਂ ਹੀ ਸ਼ੱਕ ਕਰਦਾ ਹੈਂ, ਉਸ ਨੂੰ ਤੇ ਮਰੋੜ ਲੱਗੇ ਹੋਏ ਹਨ, ਇਸ ਲਈ ਉਹ ਵਾਰ-ਵਾਰ ਖੇਤਾਂ ਨੂੰ ਜਾ ਰਿਹਾ ਹੈ।

ਧੰਨਾ ਸਿੰਘ ਬਹਿਬਲਪੁਰ ਨੇ ਬੱਬਰ ਕਰਮ ਸਿੰਘ ਨੂੰ ਕਿਹਾ ਕਿ ਸਾਨੂੰ ਟਿਕਾਣਾ ਬਦਲ ਲੈਣਾ ਚਾਹੀਦਾ ਹੈ, ਪਰ ਕਰਮ ਸਿੰਘ ਨਾ ਮੰਨਿਆ। ਬੱਬਰ ਧੰਨਾ ਸਿੰਘ ਤੇ ਦਲੀਪ ਸਿੰਘ ਟਿਕਾਣੇ ਤੋਂ ਪਾਸੇ ਹੋਣ ਲਈ ਪਾਂਛਟੇ ਨੂੰ ਤੁਰ ਪਏ। ਦੂਜੇ ਪਾਸੇ ਗਦਾਰ ਅਨੂਪ ਸਿੰਘ ਨੇ ਕਿਸੇ ਦੇ ਰਾਹੀਂ ਬੱਬਰ ਕਰਮ ਸਿੰਘ ਦੀ ਖਬਰ ਪੁਲਸ ਤੱਕ ਪਹੁੰਚਾ ਦਿੱਤੀ। ਪੁਲਸ ਨੇ 1 ਸਤੰਬਰ 1923 ਨੂੰ ਪਿੰਡ ਨੂੰ ਘੇਰਾ ਪਾ ਲਿਆ। ਜਦੋਂ ਚਾਰੇ ਬੱਬਰ ਸੁੱਤੇ ਪਏ ਸਨ ਤੇ ਗਦਾਰ ਅਨੂਪ ਸਿੰਘ ਨੇ ਬੱਬਰਾਂ ਦੇ ਬੰਬ ਤੇ ਹਥਿਆਰ ਲੁਕਾ ਦਿੱਤੇ। ਇਹੋ ਜਿਹੀ ਹਾਲਤ ਵਿੱਚ ਵੀ ਬੱਬਰ ਲਲਕਾਰੇ ਮਾਰਦੇ ਹੋਏ ਬਾਹਰ ਰੋਈ ਵੱਲ ਨਿਕਲੇ। ਰੋਈ ਵਰਖਾ ਦੇ ਪਾਣੀ ਨਾਲ ਭਰੀ ਹੋਈ ਵਗ ਰਹੀ ਸੀ। ਦੋ ਬੱਬਰ ਉਦੈ ਸਿੰਘ ਰਾਮਗੜ੍ਹ ਝੁੰਗੀਆਂ ਤੇ ਮੁਹਿੰਦਰ ਸਿੰਘ ਸਾਕਨ ਪੰਡੋਰੀ ਗੰਗਾ ਸਿੰਘ ਰੋਈ ਪਾਰ ਕਰਦੇ ਹੋਏ ਗੋਲੀਆਂ ਨਾਲ ਸ਼ਹੀਦ ਹੋ ਗਏ। ਬੱਬਰ ਬਿਸ਼ਨ ਸਿੰਘ ਮਾਂਗਟ ਰੋਈ ਦੇ ਦੂਜੇ ਕੰਢੇ 'ਤੇ ਸ਼ਹੀਦ ਹੋ ਗਿਆ। ਬੱਬਰ ਕਰਮ ਸਿੰਘ ਵੀ ਪੁਲਸ ਦਾ ਮੁਕਾਬਲਾ ਕਰਦਾ ਹੋਇਆ ਸ਼ਹਾਦਤ ਦਾ ਜਾਮ ਪੀ ਗਿਆ।

**ਫੋਨ-98760-78731**

# ਖੇਤ, ਘਰ, ਰਹਿਤਲ ਅਤੇ ਪਿੰਡ ਦੀ ਮੌਤ

"ਵਿਕਾਸ" ਦੇ ਨਾਂਓ, ਕਿਸੇ ਵੀ ਢੰਗ, ਜ਼ਰਖੇਜ਼ ਜ਼ਮੀਨਾਂ ਨੱਪ ਲੈਣ ਦੇ ਅਮਲ ਨੇ ਸਮਾਜ ਅਤੇ ਪਿੰਡਾਂ ਦੀ ਸਹਿਜ ਤੋਰ ਨੂੰ ਜਿਵੇਂ ਡਗਮਗਾ ਤੇ ਬੁਰੀ ਤਰ੍ਹਾਂ ਭੰਨ-ਤੋੜ ਦਿੱਤਾ ਹੈ, ਇਸ ਮੂਕ-ਦੁਖਾਂਤ ਦੀਆਂ ਕੁੱਝ ਮਿਸਾਲਾਂ ਦਾ ਜ਼ਮੀਨੀ ਚਿਤਰਣ ਮੈਂ ਭਾਵੁਕ ਸ਼ਬਦਾਂ 'ਚ ਕਲਮਬੱਧ ਕਰਨ ਦੀ ਕੋਸ਼ਿਸ਼ ਕੀਤੀ ਸੀ। ਤੁਹਾਨੂੰ ਸਿਰਫ ਦੋ ਸੁਣਾਵਾਂਗਾ:

**ਪਹਿਲੀ**

ਇਹ ਦੁਖਦਾਈ ਕਥਾ ਉਸ ਅੱਧਖੜ ਜੋੜੇ ਦੀ ਹੈ, ਜਿਸ ਲਾਡਰਾਂ ਤੋਂ ਮਾਹਿਲਪੁਰ ਖਿੱਤੇ 'ਚ ਆਣ ਡੇਰੇ ਲਾਏ ਸਨ। ਇੱਥੇ ਆ ਵੱਸਣ ਦਾ ਸਬੱਬ ਉਹਨਾਂ ਦੀ ਖਰੜ-ਮੋਹਾਲੀ ਦੀ ਜੂਹ ਨਾਲ ਲੱਗਦੀ ਢਾਈ ਕੁ ਏਕੜ, ਕਿਸੇ ਰੀਅਲ-ਅਸਟੇਟਰ ਨੂੰ, ਮਣਾਂ-ਮੂੰਹੀਂ ਪੈਸੇ ਲੈ ਕੇ ਵੇਚੀ ਭੋਇੰ ਬਣੀ। ਮੇਰਾ ਉਹਨਾਂ ਨਾਲ ਮੇਲ-ਮਿਲਾਪ ਦਾ ਵੱਡਾ ਕਾਰਨ ਸਵਾਲ ਪੁੱਛਣ ਦੀ ਜਗਿਆਸਾ ਸੀ।

ਉਹਨਾਂ ਮੁਤਾਬਿਕ, 'ਚਲੋ! ਸਾਡਾ ਤਾਂ ਰਕਬਾ ਹੀ ਘੱਟ ਸੀ, ਪਰ ਵੱਡਿਆਂ ਨੇ ਬੋਰੀਆਂ ਭਰ ਵੱਟਿਆ।'

'ਕੀ ਇਹ ਪੈਸਾ ਅਸੀਂ ਸਾਂਭ-ਵਧਾ ਸਕਾਂਗੇ? ਇਸ ਦਾ ਮੈਨੂੰ ਸ਼ੱਕ ਹੈ'। ਇੱਕ ਦਫਾ ਉਸ ਬੇਹੱਦ ਉਦਾਸ ਸੁਰ ਵਿੱਚ ਕਿਹਾ ਸੀ।

-'ਸ਼ੱਕ ਕਿਵੇਂ?' ਮੈਂ ਪੁੱਛਿਆ।

'ਨਵੀਂ ਪੌਦ ਦੇ ਲੱਛਣ ਦੱਸਦੇ। ਪੈਸੇ ਦੀ ਚਕਾਚੌਂਧ ਨੇ ਛੋਕਰਿਆਂ ਦੀਆਂ ਆਦਤਾਂ ਵਿਗਾੜ ਦਿੱਤੀਆਂ ਹਨ। ਬਹੁਤੇ ਕੁਰਾਹੇ ਪੈ ਗਏ ਹਨ।'

'ਬਹੁਤਾ ਪੈਸਾ ਤਾਂ ਵੱਡੀਆਂ ਦੁਕਾਨਾਂ ਨੇ ਈ ਮੁੜ-ਹੂੰਝ ਲਿਆ' ਬੀਬੀ ਨੇ ਕਿਹਾ। ਉਹਨਾਂ ਲੋਕਾਂ ਦਾ ਧੰਨ, ਉਹਨਾਂ ਵਰਗੇ ਲੋਕਾਂ ਨੇ ਈ ਮੁੜ ਵੱਟ ਲਿਆ। ਵੱਡੀਆਂ ਮੋਟਰਾਂ, ਮਹਿੰਗੇ ਘਰਾਂ ਅਤੇ ਟੱਬਰਾਂ ਦੀ ਸੈਰ-ਫਲੂਸੀ ਨੇ ਸਭ ਨਿਗਲ ਜਾਣਾ।

-'ਸੁਣਨ 'ਚ ਆਇਆ, ਜ਼ਮੀਨਾਂ ਦੀ ਅਦਾਇਗੀ ਗਿਣਨ ਨੂੰ ਤਹਿਸੀਲਾਂ 'ਚ ਪੈਸੇ ਗਿਣਨ ਵਾਲੀਆਂ ਮਸ਼ੀਨਾਂ ਲਿਜਾਉਣੀਆਂ ਪੈਂਦੀਆਂ।' ਇਹ ਜਗਿਆਸਾ ਮੇਰੇ ਵੱਲੋਂ ਸੀ।

'ਇਹ ਤਾਂ ਨ੍ਹੀਂ ਵੇਖਿਆ, ਸ਼ਾਇਦ; ਬਹੁਤਾ ਪੈਸਾ ਦੋ ਨੰਬਰ ਦਾ ਹੁੰਦਾ। ਹਾਂ; ਕਾਰਾਂ ਦੀਆਂ ਡਿੱਕੀਆਂ 'ਚ ਪੈਸੇ ਮੈਂ ਜ਼ਰੂਰ ਆਂਦੇ-ਜਾਂਦੇ ਵੇਖੇ', ਭੇਦ ਭਰੀ ਇਹ ਗੱਲ ਉਹ ਐਨੀ ਹੌਲੀ ਬੋਲਿਆ ਸੀ ਕਿ ਮੈਂ ਵੀ ਮਸਾਂ ਸੁਣੀ।

ਉਹਨਾਂ ਮੁਤਾਬਿਕ, 'ਛੱਪਰ ਪਾੜ ਕੇ ਮਿਲੇ ਮਣਾਂ-ਮੂੰਹੀਂ ਧੰਨ ਨੇ ਸਭ ਵਿਗਾੜ ਪਾ ਦਿੱਤੇ। ਕਿਰਤ ਤੇ ਸਾਦ-ਮੁਰਾਦੀ ਰਹਿਤਲ ਜਾਂਦੀ ਰਹੀ। ਘਰਾਂ 'ਚ ਫੁੱਟ ਪੈ ਗਈ। ਇੱਕ-ਦੂਜੇ ਦੇ ਪੈਰ 'ਚ ਬੋਚ ਕੇ ਪੈਰ ਧਰਨ ਵਾਲੇ ਵੀ ਇੱਕ-ਦੂਜੇ ਦੇ ਪੈਰ ਮਿੱਧਣ ਲੱਗ ਪਏ ਹਨ। ਟੱਬਰਾਂ ਦੇ ਸਾਂਝੇ ਮੂੰਹ, ਵੱਖ-ਵੱਖ ਰਾਹਾਂ ਨੂੰ ਹੋ ਗਏ ਹਨ।'

'ਜ਼ਮੀਨ ਟਿਕੀ ਰਹਿੰਦੀ ਤਾਂ ਅਸੀਂ ਵੀ ਟਿਕੇ ਰਹਿਣਾ ਸੀ। ਆਪਣੀ ਭੋਇੰ ਸਦੀਆਂ ਤੋਂ, ਪੁਰਖਿਆਂ ਵੇਲੇ ਤੋਂ, ਸਾਨੂੰ ਬੰਨ੍ਹ ਕੇ ਰੱਖਦੀ ਆ ਰਹੀ ਹੈ। ਆਪਣੀ ਮਿੱਟੀ ਨਾਲ ਵੀ ਅਤੇ ਆਪਣਿਆਂ ਨਾਲ ਵੀ ਅਤੇ ਆਪਣੇ ਪਿਤਾ-ਪੁਰਖੀ ਪਿੰਡ ਨਾਲ ਵੀ।' 'ਅਚਨਚੇਤ ਹੱਥ ਆਏ ਦੌਲਤਾਂ ਦੇ ਅੰਬਾਰ ਵਿਹਲਪੁਣੇ ਨੇ ਉਜਾੜ ਦੇਣੇ ਹਨ', ਉਹ ਚੀਕ ਉੱਠਿਆ।

ਪਰ ਤੁਸੀਂ ਤਾਂ ਫਿਰ ਵੀ ਪੈਸਾ ਸਾਂਭ ਲਿਆ। ਥੋੜ੍ਹੀ ਗਵਾਈ "ਬਹੁਤੀ" ਖ਼ੀਦੀ।

'ਭਲਾ! ਇਹਦਾ ਕੀ ਮੁਕਾਬਲਾ, ਸਾਡੇ ਪਿੰਡ ਅਤੇ ਸਾਡੀ ਮਿੱਟੀ ਦੀ ਤਾਸੀਰ ਨਾਲ?' ਮੇਰੀ ਗੱਲ ਸੁਣ ਕੇ ਤ੍ਰੀਮਤ ਤਲਖ ਹੋ ਉੱਠੀ।

'ਹਾਂ; ਪੈਸਾ ਤਾਂ ਸਾਂਭਣ ਦੀ ਕੋਸ਼ਿਸ਼ ਕੀਤੀ, ਪਰ ਬੜਾ ਕੁੱਝ ਗੁਆ ਵੀ ਲਿਆ।'

'ਬੜਾ ਕੁੱਝ ਗੁਆ ਵੀ ਲਿਆ', ਸੁਣਦਿਆਂ ਐਂ ਲੱਗਿਆ, ਜਿਵੇਂ ਉਹ ਮਣਾਂ-ਮੂੰਹੀਂ ਬੋਝ ਥੱਲੇ ਦੱਬਿਆ ਗਿਆ ਹੋਵੇ।

'ਕੀ ਸਾਂਭ ਲਿਆ, ਮਸਾਂ ਆਹ ਬਾਂਝ ਜ਼ਮੀਨ ਦੀ ਛੋਟੀ ਜਿਹੀ ਢੇਰੀ', ਬੀਬੀ ਉਦਾਸ ਸੁਰ 'ਚ ਫਿਰ ਬੋਲੀ। 'ਕਦ ਕੁ ਤਾਈਂ ਸਾਡੀਆਂ ਜੜ੍ਹਾਂ ਇੱਥੇ ਲੱਗਣਗੀਆਂ? ਲੱਗਣਗੀਆਂ ਜਾਂ ਨਹੀਂ ਲੱਗਣਗੀਆਂ, ਕੀ ਭਰੋਸਾ। ਸਦੀਆਂ ਤੋਂ ਵੱਸਦੇ ਆ ਰਹੀ ਥਾਂ ਦਾ ਉਦਰੇਵਾਂ ਸਾਨੂੰ ਟਿਕਣ ਨਹੀਂ ਦਿੰਦਾ। ਸਾਡਾ ਇੱਥੇ ਜੀਅ ਨਹੀਂ ਲੱਗਦਾ, ਇੱਥੇ ਉਹ ਰੰਗ ਨਹੀਂ। ਮੁੰਡੇ ਆਪਣਾ ਹਿੱਸਾ ਲੈ ਕੇ ਹੋਰ ਦਿਸ਼ਾਵਾਂ ਨੂੰ 'ਉੱਡ ਗਏ', ਮਾਤਾ ਨੇ ਹੌਕਾ ਭਰਿਆ।

'ਜੜ੍ਹਾਂ ਉੱਖੜ ਗਈਆਂ, ਪਿਤਾ-ਪੁਰਖੀ ਪਿੰਡ ਹੀ ਕਲਾਵੇ 'ਚ ਲੈਂਦਾ ਹੈ, ਬੇਗਾਨਾ ਨਹੀਂ', ਉਸ ਬਜ਼ੁਰਗ ਦੀ ਇਸ ਗੱਲ ਨੇ ਮੈਨੂੰ ਪੀੜੋ-ਪੀੜ ਕਰ ਦਿੱਤਾ।

-ਹਾਂ; ਉੱਖੜੀਆਂ ਜੜ੍ਹਾਂ ਵਾਲਾ ਦਰੱਖਤ, ਸਹਿਜੇ ਕੀਤੇ, ਮੁੜ ਨਹੀਂ ਮੌਲਦਾ। ਅਕਸਰ ਇਹ ਸੁੱਕ-ਸੜ ਜਾਂਦਾ ਹੈ।

**ਕਥਾ ਦੂਜੀ**

ਪਿੱਛਿਓਂ ਉਹ ਖੰਨੇ ਨਾਲ ਜੁੜਵੇਂ ਖੇਤਰ ਤੋਂ ਸੀ। ਉਸ ਦੇ ਦੱਸਣ ਅਨੁਸਾਰ ਜ਼ਮੀਨ ਘੱਟ ਸੀ, ਐਵੇਂ ਨਾ-ਮਾਤਰ। ਫਿਰ ਵੀ ਦੋਵਾਂ ਜੀਆਂ ਦੀ ਜੁਗਲਬੰਦੀ ਅਜਿਹੀ ਕਿ ਮਿੱਟੀ ਸੋਨਾ ਉਗਲਦੀ, ਵਧੀਆ ਗੁਜ਼ਰ-ਵਸੇਰ। ਦੋ-ਚਾਰ ਦੁਧਾਰੂ ਓਪਰੀਆਂ ਗਰਜ਼ਾਂ ਨਾ ਰੁਕਣ ਦਿੰਦੇ। ਫਿਰ ਉਸ ਨਾਲ ਵੀ ਅਚੇਤ-ਸੁਚੇਤ ਉਹੀ ਹੋਇਆ, ਜੋ ਉਸ ਦੇ ਪਿੰਡ ਦੇ ਹੋਰਾਂ ਨਾਲ ਹੋਇਆ, ਉਹ ਵੀ ਉਸੇ ਵਹਿਣ 'ਚ ਵਗ ਤੁਰਿਆ। ਖੰਨਾ ਮੂੰਹ ਅੱਡੀ ਚੁਫੇਰਾ ਨਿਗਲੀ ਜਾ ਰਿਹਾ ਸੀ। ਪਿੰਡ ਬੋਅ-ਪਿੰਡ ਬੋਅ ਕਰਦਾ, ਇਹ

**ਪਿੰਡ ਵਸਿਆ-92**

**ਵਿਜੈ ਬੰਬੇਲੀ**

ਉਸ ਦੇ ਪਿੰਡ ਵੀ ਆ ਉੱਪੜਿਆ। "ਥੋੜ੍ਹੀ ਵੇਚੋ, ਵੱਧ ਖ਼ੀਦੋ" ਦੇ ਮੱਕੜਜਾਲ ਵਿੱਚ ਉਹ ਅਜਿਹਾ ਉਲਝਿਆ ਕਿ ਵੱਡੀ ਢੇਰੀ ਦੇ ਸੁਪਨਿਆਂ ਉਸ ਦੀ ਨੀਂਦ ਖੋਹ ਲਈ।

ਦਲਾਲਾਂ ਰਾਹੀਂ ਉਸ ਮੇਰੇ ਪਿੰਡ ਜ਼ਮੀਨ ਖ਼ੀਦੀ। ਉਸ ਮੁਤਾਬਿਕ ਜੱਦੀ ਨਾਲੋਂ ਤਿੰਨ ਕੁ ਗੁਣਾਂ ਵੱਧ। ਬੱਚੇ ਹਾਲੇ ਗਭਰੂਟ ਨਹੀਂ ਸੀ ਹੋਏ। ਉਸ ਪੁਰਖਾ ਪਿੰਡ ਨਾ ਛੱਡਿਆ। ਹਿੰਮਤੀ ਐਨਾ ਕਿ ਉਹ ਵਿਸ਼ੇਸ਼ ਲੋੜ ਤੋਂ ਬਿਨਾਂ ਵੀ, ਹਫ਼ਤੀਂ-ਦਸੀਂ ਦਿਨੀਂ ਉਚੇਚਾ ਗੇੜਾ ਮਾਰਦਾ। ਮੇਰਾ ਪਿੰਡ ਉਸ ਦੇ ਪਿੰਡੋਂ ਕਰੀਬ 70-80 ਮੀਲ ਦੂਰ ਸੀ। ਸਮਾਂ ਬਚਾਉਣ ਅਤੇ ਵੇਲੇ-ਕੁਵੇਲੇ ਦੀ ਨਿਆਂਈ ਉਹ ਸਕੂਟਰ 'ਤੇ ਆਉਂਦਾ, ਹਫ ਜਾਂਦਾ। ਪਹਿਲਾਂ-ਪਹਿਲ ਉਸ ਦੇ ਬੱਚੇ ਵੀ ਆਏ ਅਤੇ ਘਰ ਵਾਲੀ ਵੀ ਜਿਹੜੀ ਕਦੇ-ਕਦੰਤ ਫਿਰ ਵੀ ਆ ਜਾਂਦੀ। ਜਦ ਵੀ ਆਵੇ, ਰਾਹ-ਵਾਟੀਂ ਜਾਂ ਖੇਤੀਂ-ਬੰਨੀਂ ਉਹ ਮੈਨੂੰ ਅਕਸਰ ਮਿਲ ਪੈਂਦਾ। ਨਾ ਮਿਲਾਂ ਤਾਂ ਫੋਨ ਮਾਰਦਾ। ਵੱਡਾ ਕਾਰਨ ਇਹ ਸੀ ਕਿ ਸਾਡਾ ਖੇਤ-ਬੰਨਾ ਸਾਂਝਾ ਸੀ। ਜੰਗਲੀ ਜਿਹਾ ਉਹ ਖਿੱਤਾ ਮੇਰੀ ਸੈਰ-ਗਾਹ ਸੀ। ਉਂਜ ਵੀ ਸਾਡਾ ਘਰ ਵੀ ਉਸੇ ਰਾਹੇ ਪੈਂਦਾ ਸੀ।

ਬੰਦਾ ਸਿਰੜੀ ਸੀ, ਕਈ ਕਾਰਨੀਂ ਢਹਿ-ਢੇਰੀ ਹੋ ਚੁੱਕੇ ਉਹਨਾਂ ਖੇਤਾਂ ਨੂੰ ਖੜ੍ਹਾ ਕਰਨ ਲਈ ਉਸ ਸਖਤ ਘਾਲਣਾ ਘਾਲੀ, ਪੈਸਾ ਖਰਚਿਆ। ਫੇਲ੍ਹ ਹੋ ਚੁੱਕਾ ਡੂੰਘਾ ਟਿਊਬਵੈੱਲ ਮੁੜ ਕਾਰ-ਆਮਦ ਕੀਤਾ, ਪਰ ਲੱਖ ਤਰੱਦਦ ਦੇ ਬਾਵਜੂਦ ਉਸ ਨੂੰ ਬਿਜਲਈ ਕੁਨੈਕਸ਼ਨ ਨਾ ਮਿਲਿਆ। ਜਰਨੇਟਰ ਮਹਿੰਗਾ ਪੈਂਦਾ ਸੀ, ਉਹ ਉਪਰਾਮ ਹੋ ਉੱਠਦਾ। ਉਸ ਦੀ ਬੁੜਬੁੜਾਹਟ ਨਾਲ ਮੈਂ ਸਹਿਮਤ ਸੀ, 'ਬਿਜਲੀ ਵਾਲੇ ਮੁਫ਼ਤ ਤੇ ਅਸੀਂ ਮੁੱਲ ਦਾ ਤੇਲ।' ਉਹ ਹਰਖਦਾ, 'ਇੰਜਣ 'ਚ ਤੇਲ ਨਹੀਂ, ਮਾੜੇ-ਧੀੜੇ ਕਿਸਾਨ ਦਾ ਲਹੂ ਮਚਦਾ।' ਅਫਸੋਸ! ਇਹ ਲਹੂ ਕਿਸੇ ਵੀ ਹਾਕਮ ਦੇ ਚਿੱਤ-ਚੇਤੇ ਨਾ ਆਇਆ।

ਖੰਨੇ ਦੀ ਥੋੜ੍ਹੀ ਭੋਇੰ ਦੇ ਮੁਕਾਬਲੇ ਇਸ "ਵੱਡੀ ਢੇਰੀ" ਦੀ ਆਮਦਨ ਕਿਤੇ ਘੱਟ, ਪਰ ਵਾਹੀ-ਬੀਜੀ ਦਾ ਖਰਚਾ ਕਿਤੇ ਸੁਵੱਲਾ। ਅੱਕ ਕੇ ਉਸ ਨੇ ਜ਼ਮੀਨ ਮਾਮਲੇ 'ਤੇ ਦੇ ਦਿੱਤੀ। ਇੱਥੇ ਵੀ ਹਰਜ਼ਾ ਪੱਲੇ ਪਿਆ। ਉਂ ਖਰੀ ਗੱਲ ਇਹ ਸੀ ਕਿ ਹੁਣ ਸ਼ਹਿਰਨੁਮਾ ਜੱਦੀ ਪਿੰਡ ਉਸ ਇੱਕ ਲਘੂ-ਡੇਅਰੀ ਖੋਹਲ ਲਈ ਸੀ। ਉਸ ਦੀ ਗੈਰ-ਹਾਜ਼ਰੀ ਵਿੱਚ ਉਸ ਨੂੰ ਤ੍ਰੀਮਤ ਸਾਂਭਦੀ, ਕੁੱਝ ਹੱਥ ਪਾੜ੍ਹ ਮੁੰਡਾ ਵਟਾਉਂਦਾ। ਜ਼ਮੀਨ ਹਾਲੇ 'ਤੇ ਦੇਣ ਕਾਰਨ ਉਸ ਦੀ ਆਮਦ ਬਹੁਤ ਘਟ ਗਈ ਸੀ। ਕਦੇ-ਕਦੇ, ਖਾਸ ਕਰਕੇ ਮਾਮਲਾ ਲੈਣ ਵੇਲੇ ਉਹ ਗੇੜਾ ਮਾਰਦਾ। ਰਾਤੀਂ ਟਿਊਬਵੈੱਲ 'ਤੇ ਰੁਕਦਾ, ਮੇਰੇ ਲਈ ਉਚੇਚ ਕੱਢਦਾ। ਉਮਰ ਦਾ ਤਕਾਜ਼ਾ ਤਾਂ ਐਨਾ ਨਹੀਂ ਸੀ, ਪਰ ਹੁਣ ਉਹ ਪਹਿਲਾਂ ਵਾਂਗ ਚੁਸਤ-ਦਰੁਸਤ ਨਾ ਜਾਪਦਾ। ਫਿਰ ਉਸ ਨੇ ਜ਼ਮੀਨ ਵੇਚਣ 'ਤੇ ਲਾ ਦਿੱਤੀ। ਢੁਕਵਾਂ ਮੁੱਲ ਨਾ ਮਿਲੇ। ਅਖੀਰ ਉਸ ਉਸੇ ਭਾਅ ਵੇਚ ਦਿੱਤੀ, ਜਿਸ ਭਾਅ ਖ਼ੀਦੀ ਸੀ। ਹੋਏ ਖਰਚੇ ਨਾ ਮਿਲਣ ਦਾ ਉਸ ਨੂੰ ਬੜਾ ਰੰਜ ਹੋਇਆ। ਜ਼ਮੀਂ ਨੂੰ ਮੱਥਾ ਟੇਕ, ਉਹ ਨਮ ਅੱਖਾਂ ਨਾਲ ਗਲੇ ਮਿਲ, ਪੱਕਾ ਰੁਖਸਤ ਹੋ ਗਿਆ।

ਇਹਨਾਂ ਉਦਾਸ ਸਮਿਆਂ 'ਚ ਉਹ ਸਾਊ ਬੰਦਾ ਕੁੱਝ ਉੱਖੜੀਆਂ-ਉੱਖੜੀਆਂ ਗੱਲਾਂ ਵੀ ਕਰਦਾ ਸੀ। ਕਿਸੇ ਹੋਰ ਦਾ ਤਾਂ ਪਤਾ ਨਹੀਂ, ਉਹਨਾਂ 'ਚੋਂ ਬਹੁਤੀਆਂ ਮੇਰੇ ਲਈ, ਬਹੁਤੀਆਂ ਨਿਰਾਰਥਕ ਨਹੀਂ, ਯਥਾਰਥਕ ਸਨ। ਕਹਿੰਦਾ, 'ਸ਼ਹਿਰ ਅਤੇ ਧੰਨ-ਕੁਬੇਰਾਂ ਨੇ ਉਸ ਦਾ ਪਿੰਡ ਨਿਗਲ ਲਿਆ ਹੈ। ਖੇਤਾਂ 'ਚ ਹੁਣ ਕੰਕਰੀਟ ਦੇ ਦਿਓ ਖੜ੍ਹੇ ਹਨ। ਮੁੱਢ-ਕਦੀਮੀਂ ਲੋਕਾਂ 'ਚ ਪਹਿਲਾਂ ਵਰਗਾ ਮੋਹ ਨਹੀਂ ਰਿਹਾ। ਪਿੰਡ ਦੀਆਂ ਕੁੜੀਆਂ ਵੀ ਹੁਣ ਭੀੜੀਆਂ ਪੈਂਟਾਂ ਪਾਉਣ ਲੱਗ ਪਈਆਂ ਹਨ। ਟਾਵਰਾਂ 'ਚ ਤਾਂ ਪਤਾ ਨ੍ਹੀਂ, ਪਿੰਡ ਦੀ ਫਿਜ਼ਾ ਵਿੱਚ ਹੁਣ ਸੰਥੇਟਿਕ ਆ ਵੜਿਆ ਹੈ। ਪੈਸੇ ਦੀ ਚਕਾ-ਚੌਂਧ 'ਚ ਖਰੀਦੀਆਂ ਖੋਰੂ ਪਾਉਂਦੀਆਂ ਥਾਰਾਂ 'ਚ ਤੇਲ ਪਾਉਣ ਨੂੰ ਹੁਣ ਬਹੁਤਿਆਂ ਕੋਲ ਪੈਸੇ ਨਹੀਂ।'

ਉਹ ਅਨੰਤ ਬੋਝ ਥੱਲਿਓਂ ਬੋਲਦਾ, 'ਪਿੰਡ ਦਾ ਚੈਨ, ਕਦੋਂ ਦਾ ਉਡਾਰੀ ਮਾਰ ਚੁੱਕਾ ਹੈ। ਪਿੰਡ ਦੇ ਟੋਭੇ, ਤ੍ਰਿਵੈਣੀਆਂ, ਆਬੋ-ਹਵਾ, ਸੱਥਾਂ, ਸਭ ਓਪਰੇ ਪੈਸੇ ਨੇ ਨਿਗਲ ਲਏ ਹਨ।' ਕਈ ਵਾਰ ਉਹ ਲੜੀ ਨਾ ਟੁੱਟਣ ਦਿੰਦਾ। ਦਰ-ਹਕੀਕਤ; ਕਸੂਰ ਉਸ ਦਾ ਨਹੀਂ, ਮੇਰਾ ਸੀ, ਮੈਂ ਹੀ ਉਸ ਨੂੰ ਸਵਾਲ-ਦਰ-ਸਵਾਲ ਪਾਉਂਦਾ ਰਹਿੰਦਾ। ਦਰਅਸਲ; ਮੈਂ ਅਜਿਹੀ ਹੋਣੀ ਹੰਢਾਅ ਰਹੇ ਲੋਕਾਂ ਦੇ ਦਰਦ ਦੀ ਹਾਥ ਪਾਉਣੀ ਅਤੇ ਆ ਰਹੇ ਸਮੇਂ ਦੇ ਖ਼ਤਰੇ ਬੁੱਝਣਾ ਚਾਹੁੰਦਾ ਸੀ। ਉਹ ਕਰਾਹੁੰਦਾ, 'ਹੁਣ ਉਥੇ ਰਵਾਇਤੀ ਬ੍ਰਿਛ ਨਹੀਂ, ਬਨਾਉਟੀ ਪਾਰਕਾਂ ਹਨ, ਵਿਖਾਵਿਆਂ ਅਤੇ ਕਰਜ਼ੇ ਦੇ ਅੰਬਾਰ।'

ਇੱਕ ਵਾਰ, ਉਸ ਮੈਨੂੰ ਕਿਹਾ, 'ਨਾ-ਪੁੱਛ, ਚੰਦਰਿਆਂ ਨੇ ਥੋੜ੍ਹੇ ਜਿਹੇ ਸਾਲਾਂ 'ਚ ਹੀ ਸਭ ਕੁੱਝ ਉਹਨਾਂ ਵਰਗਿਆਂ ਨੂੰ ਹੀ ਮੁੜ ਵਟਾਅ-ਲੁਟਾਅ ਦਿੱਤਾ, ਜਿਹਨਾਂ ਕੋਲੋਂ ਢੇਰਾਂ ਨਿਆਮਤਾਂ ਬਖਸ਼ਦੀ ਧਰਤ ਨੂੰ ਵੇਚ ਕੇ "ਵੱਟਿਆ" ਸੀ।' ਉਸ ਉੱਚੀ ਸੁਰ ਵਿੱਚ ਆਖਿਆ, 'ਵਾਹ ਲੱਗਦੀ, ਨਾ ਵੇਚੋ। ਖੋਹਵੋ, ਤਾਂ, ਬਿੱਲਕੁਲ ਨਾ। ਸਰਾਪੇ ਜਾਵੋਂਗੇ।'

"ਵੱਟਿਆ" ਸ਼ਬਦ ਬੋਲਦਿਆਂ ਉਸ ਦਾ ਗੱਚ ਭਰ ਆਇਆ ਸੀ।

ਇੱਕ ਵਾਰ ਉਸ ਪੁੱਛਿਆ, 'ਭਲਾ! ਕੋਈ ਮਾਂ ਨੂੰ ਵੀ ਵੇਚਦਾ? ਆਪਣੀ ਜੰਮਣ-ਭੋਇੰ ਛੱਡਦਾ?'

ਲਰਜਦੇ ਬੁੱਲ੍ਹਾਂ ਨਾਲ ਪੁੱਛਿਆ, ਉਸ ਦਾ ਸਵਾਲ ਸੁਣ ਮੇਰੇ ਕੋਏ ਸਿੰਮ ਪਏ ਸਨ।

ਇਸ ਸਵਾਲ ਦਾ ਜਵਾਬ ਮੈਂ ਉਸ ਦੇ ਜਿਉਂਦੇ ਜੀਅ ਉਸ ਨੂੰ ਨਾ ਦੇ ਸਕਿਆ।

ਇਹ ਸਵਾਲ ਅਜੇ ਵੀ ਫ਼ਿਜ਼ਾ ਵਿੱਚ ਹੈ।

ਇਹ ਸਵਾਲ ਸਾਡੇ ਸਭਨਾਂ ਨੂੰ ਹੈ। ਹਾਕਮ ਜਮਾਤਾਂ ਨੂੰ ਵੀ।

**ਸੰਪਰਕ-94634-39075**

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਨਾਰੀ ਅੰਤਰ-ਮਨ ਦੀਆਂ ਮਾਨਸਿਕ ਗੁੰਝਲਾਂ ਦਾ ਬਿਰਤਾਂਤ




ਚੌ ਕ ਸ



**ਚਰਚਾ ਇੱਕ ਪੁਸਤਕ ਦੀ**

**ਡਾ. ਅਨੁਰਾਗ ਸ਼ਰਮਾ**

**ਪੰਜਪੀਰ ਚੌਂਕ**
**ਨਿਗਹਤ ਗਾਂਧੀ**
**ਅਨੁ. ਪ੍ਰਕਾਸ਼ ਕੌਰ ਸੰਧੂ**
**ਸਫੇ-141, ਮੁੱਲ-250 ਰੁਪਏ**
**ਲੋਕਗੀਤ ਪ੍ਰਕਾਸ਼ਨ, ਮੁਹਾਲੀ**

ਨਾਰੀ ਮਨ ਦੀਆਂ ਸਮੱਸਿਆਵਾਂ ਨਾਲ ਜੂਝਦਾ ਨਿਗਹਤ ਗਾਂਧੀ ਦੁਆਰਾ ਰਚਿਤ 'ਪੰਜ ਪੀਰ ਚੌਂਕ' ਕਹਾਣੀ ਸੰਗ੍ਰਹਿ ਮੂਲ ਰੂਪ ਵਿੱਚ ਅੰਗਰੇਜ਼ੀ ਭਾਸ਼ਾ ਵਿੱਚ ਹੈ, ਜਿਸ ਦਾ ਤਰਜਮਾ ਪ੍ਰਕਾਸ਼ ਕੌਰ ਸੰਧੂ ਦੁਆਰਾ ਕੀਤਾ ਗਿਆ ਹੈ। ਬਹੁਤਾ ਕਰਕੇ ਇਹ ਕਹਾਣੀਆਂ ਔਰਤਾਂ ਅਤੇ ਇਕ ਖਾਸ ਵਰਗ ਨਾਲ ਸੰਬੰਧਤ ਔਰਤਾਂ ਦੀਆਂ ਨਿੱਜੀ, ਨਫਸਿਆਤੀ ਅਤੇ ਜਿਨਸੀ ਸਮੱਸਿਆਵਾਂ ਨੂੰ ਕੇਂਦਰ ਵਿੱਚ ਰੱਖਦੀਆਂ ਹਨ। ਨਿਗਹਤ ਗਾਂਧੀ ਲੇਖਿਕਾ ਦੇ ਨਾਲ-ਨਾਲ ਮਨੋਵਿਗਿਆਨਕ ਡਾਕਟਰ ਹੈ, ਜਿਸ ਦੀ ਝਲਕ ਸਾਨੂੰ ਉਹਨਾਂ ਦੀਆਂ ਕਹਾਣੀਆਂ ਵਿੱਚ ਵੀ ਮਿਲਦੀ ਹੈ। ਇਹ ਉਹਨਾਂ ਦਾ ਚੌਥਾ ਕਹਾਣੀ ਸੰਗ੍ਰਹਿ ਹੈ। ਇਸ ਵਿੱਚ ਕੁੱਲ 12 ਕਹਾਣੀਆਂ ਹਨ, ਜਿਹੜੀਆਂ ਨਾਰੀ ਸਰੀਰ ਅਤੇ ਮਨ ਦੀ ਅੰਤਰ ਵਿਅਥਾ ਨੂੰ ਸੁਲਝੇ ਹੋਏ ਅੰਦਾਜ਼ ਵਿੱਚ ਸਾਡੇ ਸਾਹਮਣੇ ਪੇਸ਼ ਕਰਦੀਆਂ ਹਨ। ਨੌਜਵਾਨ ਮੁਟਿਆਰਾਂ ਧਰਮ ਅਤੇ ਸਮਾਜ ਵੱਲੋਂ ਆਯਦ ਸਰੀਰਕ ਪਵਿੱਤਰਤਾ ਲਈ ਜੱਦੋ-ਜਹਿਦ ਕਰਦੀਆਂ ਹਨ। ਨਿੱਕੇ ਬਾਲਾਂ ਦੀਆਂ ਮਾਵਾਂ ਸਰੀਰ ਦੀ ਖੀਨ ਹੋ ਗਈ ਕਾਮ ਸ਼ਕਤੀ ਬਾਰੇ ਝੂਰਦੀਆਂ ਹਨ।ਉਮਰ ਦੇ ਵਧਣ ਨਾਲ ਆਉਂਦੇ ਸਰੀਰਕ ਪਰਿਵਰਤਨ ਅਤੇ ਸਮਾਜਿਕ ਦੁਸ਼ਵਾਰੀਆਂ ਨੂੰ ਹਰ ਔਰਤ ਮਨ ਬਹੁਤ ਚੰਗੀ ਤਰ੍ਹਾਂ ਸਮਝਦਾ ਹੈ ।ਅੰਤਲੇ ਸਫੇ ਉੱਪਰ ਦਿੱਤੀ ਇਹ ਟਿੱਪਣੀ ਸਾਡੀ ਉਪਰੋਕਤ ਗੱਲ ਦੀ ਗਵਾਹੀ ਭਰਦੀ ਹੈ।ਇਸ ਕਿਤਾਬ ਦੀ ਪਹਿਲੀ ਕਹਾਣੀ 'ਅੰਡਰਵੀਅਰ' ਹੈ। ਇਹ ਕਹਾਣੀ ਅੱਧਖੜ ਔਰਤ ਪਾਤਰ ਨਾਲ ਸੰਬੰਧਤ ਇੱਕ ਸੁਭਾਵਿਕ ਸਮੱਸਿਆ, ਮੀਨੋਪਾਜ਼ ਤੋਂ ਬਾਅਦ ਉਸ ਦੇ ਸੈਕਸ ਦੀ ਇੱਛਾ ਦੇ ਖਤਮ ਹੋ ਜਾਣ ਉੱਪਰ ਕੇਂਦਰਤ ਹੈ।ਇਸ ਇੱਛਾ ਦੇ ਮਰਨ ਦਾ ਕਾਰਨ ਇਲੈਕਟਰਾ ਗ੍ਰੰਥੀ ਹੈ। ਕਠੋਰ ਪਿਤਰ ਸ਼ਕਤੀ ਦੁਆਰਾ ਦਮਿਤ ਵਰਗ ਵਿਸ਼ੇਸ਼ ਦੀ ਔਰਤ ਵਿੱਚ ਪਿਤਾ ਪ੍ਰਤੀ ਆਕਰਸ਼ਣ ਸਮੇਂ ਮੁਤਾਬਕ ਪਰ ਪੁਰਖ ਪ੍ਰਤੀ ਨਹੀਂ ਢਲ ਸਕਿਆ ਹੈ। ਇਸੇ ਲਈ ਉਹ ਕਹਿੰਦੀ ਹੈ, 'ਬੇਹੱਦ ਧਾਰਮਿਕ ਮੱਧ ਸ਼੍ਰੇਣੀ ਦੇ ਮੁਸਲਮਾਨ ਪਰਵਾਰ ਵਿੱਚ ਜੋ ਰੂੜੀਵਾਦੀ ਗਤੀਵਿਧੀਆਂ ਵਿੱਚ ਜਕੜਿਆ ਹੋਇਆ ਸੀ, ਇੱਕ ਕੁੜੀ ਦੇ ਵੱਡੇ ਹੋਣਾ ਕਿਸ ਤਰ੍ਹਾਂ ਦਾ ਸੀ ।(ਸਫਾ-9) ਉਸ ਦਾ ਇਲਾਜ ਕਰਦਿਆਂ ਮਨੋਵਿਗਿਆਨਕ ਬਰੂਸ ਕਹਿੰਦਾ ਹੈ ਤੂੰ ਭਾਵਨਾਤਮਕ ਸ਼ੋਸ਼ਣ ਦੀ ਸ਼ਿਕਾਰ ਹੈ। ਉਸ ਨੇ ਕਿਹਾ, ਤੂੰ ਆਪਣੇ ਪਿਤਾ ਦੀ ਪਿਆਰੀ ਬੇਟੀ ਸੀ——— ਪਰ ਉਸ ਖਾਲੀਪਨ ਨੂੰ ਹਮੇਸ਼ਾ ਲਈ ਨਹੀਂ ਭਰ ਸਕੀ ।(ਸਫਾ-10) ਸਖਤ ਸਮਾਜਿਕ ਨਿਯਮ ਅਤੇ ਪਿਤਾ ਪ੍ਰਤੀ ਉਸ ਦਾ ਛਿਪਿਆ ਹੋਇਆ ਆਕਰਸ਼ਣ ਉਸ ਨੂੰ ਆਪਣੀ ਨਿੱਜੀ ਜਿਨਸੀ ਜੀਵਨ ਵਿੱਚ ਆਪਣੇ ਪਤੀ ਨਾਲ ਸਾਵਾਂ ਨਹੀਂ ਹੋਣ ਦਿੰਦਾ। ਇੰਜ ਇਹ ਕਹਾਣੀ ਫ੍ਰਾਇਡ ਦੁਆਰਾ ਦੱਸੀ ਇਲੈਕਟ੍ਰਾ ਗ੍ਰੰਥੀ ਨੂੰ ਮੱਧ ਵਿੱਚ ਰੱਖ ਕੇ ਇਕ ਔਰਤ ਦੇ ਜਿਨਸੀ ਸਬੰਧਾਂ ਵਿੱਚ ਆਏ ਤਨਾਓ ਨੂੰ ਸਾਡੇ ਸਾਹਮਣੇ ਰੱਖਦੀ ਹੈ। 'ਪਾਕ ਇਸ਼ਨਾਨ' ਅਲਪ ਸੰਖਿਅਕ ਵਰਗ ਦੇ ਧਰਮ ਵਿੱਚ ਪ੍ਰਚਲਤ ਪਾਕ ਹੋਣ ਦੇ ਪੰਜ ਨਿਯਮਾਂ ਜਿਸ ਨੂੰ ਕਿ ਫਿਤਰਾ ਕਿਹਾ ਜਾਂਦਾ ਹੈ, ਉੱਪਰ ਆਧਾਰਤ ਹੈ। ਇਹ ਕਹਾਣੀ ਧਾਰਮਿਕ ਮਨਾਹੀਆਂ ਕਿਵੇਂ ਉਲਝਣਾਂ ਖੜੀਆਂ ਕਰਦੀਆਂ ਹਨ, ਉਸ ਉੱਪਰ ਅਧਾਰਤ ਹੈ। ਇਹਨਾਂ ਮਨਾਹੀਆਂ ਦਾ ਮੱਕੜ ਜਾਲ ਇੰਨਾ ਸਖਤ ਹੈ ਕਿ ਇਕ ਧੀ ਵੀ ਆਪਣੇ ਸਰੀਰ ਦੀ ਸਫਾਈ ਨਾਲ ਸੰਬੰਧਤ ਸਵਾਲ ਮਾਂ ਤੋਂ ਨਹੀਂ ਪੁੱਛ ਸਕਦੀ। ਮਾਂ ਧੀ ਵਿਚਕਾਰ ਇਹੋ ਜਿਹਾ ਰਿਸ਼ਤਾ ਕਦੇ ਨਹੀਂ ਰਿਹਾ ਕਿ ਇਸ ਤਰ੍ਹਾਂ ਦੇ ਸਵਾਲ ਪੁੱਛੇ ਜਾ ਸਕਣ ।(ਸਫਾ-29) ਆਪਣੀ ਮਾਂ ਨੂੰ ਸਰੀਰਕ ਸਫਾਈ ਵੇਲੇ ਆਉਂਦੀ ਹੋਈ ਔਕੜ ਨੂੰ ਵੇਖ ਕੇ ਉਹ ਕਹਿੰਦੀ ਹੈ ਕਿ ਸਿਹਤ ਤੇ ਅਕੀਦੇ ਵਿੱਚੋਂ ਸਿਹਤ ਪਹਿਲਾਂ ਹੈ। ਜਦੋਂ ਉਸ ਦੀ ਮਾਂ ਕਹਿੰਦੀ ਹੈ ਕਿ ਜੇਕਰ ਮੈਂ ਇਹ ਵਾਲ ਸਾਫ ਨਹੀਂ ਕਰਾਂਗੀ ਤਾਂ ਫਿਰ ਨਮਾਜ਼ ਕਿਵੇਂ ਪੜ੍ਹਾਂਗੀ! (ਸਫਾ-29) ਤਾਂ ਉਸ ਦੀ ਧੀ ਕਹਿੰਦੀ ਹੈ ਕਿ ਸਰੀਰਕ ਤੌਰ 'ਤੇ ਪਾਕ ਹੋਣ ਦੀ ਬਜਾਏ ਅਧਿਆਤਮਿਕ ਤੌਰ 'ਤੇ ਪਾਕ ਹੋਣਾ ਜ਼ਿਆਦਾ ਉੱਤਮ ਹੈ। ਸਰੀਰਕ ਸਫਾਈ ਦੇ ਧਾਰਮਿਕ ਨਿਯਮਾਂ ਨਾਲ-ਨਾਲ ਜੁੜੀ ਹੋਈ ਸੁਆਲ ਜਵਾਬ ਦੀ ਵਿਧੀ ਨਾਲ ਮਾਂ ਅਤੇ ਧੀ ਦੇ ਪਰੰਪਰਿਕ ਅਤੇ ਆਧੁਨਿਕ ਦ੍ਰਿਸ਼ਟੀਕੋਣ ਦੇ ਟਕਰਾਓ ਵਿੱਚੋਂ ਉਤਪੰਨ ਤਨਾਓ ਨੂੰ ਇਹ ਕਹਾਣੀ ਉਭਾਰਦੀ ਹੈ। ਪਰੰਪਰਿਕ ਬੰਦ ਸਮਾਜ ਵਿੱਚ ਔਰਤ ਦੇ ਨਾਲ ਸੰਬੰਧਤ ਸਰੀਰਕ ਦੁਸ਼ਵਾਰੀਆਂ ਅਤੇ ਜਿਨਸੀ ਸੰਬੰਧਾਂ ਨਾਲ ਸੰਬੰਧਤ ਸਵਾਲਾਂ 'ਤੇ ਨਵੀਂ ਪੀੜ੍ਹੀ ਦੇ ਨਵੀਂ ਚੇਤਨਾ ਕਾਰਨ ਉੱਭਰਦੇ ਸਵਾਲ ਪਾਠਕਾਂ ਅੱਗੇ ਕਈ ਹੋਰ ਸਵਾਲ ਛੱਡ ਜਾਂਦੇ ਹਨ। ਉਹ ਪ੍ਰਸ਼ਨਾਂ ਦੇ ਹੇਠ ਆਪਣੀ ਮਾਂ ਦੀਆਂ ਪੁਰਾਣੀਆਂ ਕਹਾਣੀਆਂ ਦਾ ਅੰਦਾਜ਼ਾ ਲਾਉਂਦੀ ਹੈ ।ਉਹ ਚੁੱਪ ਕਰਕੇ ਆਪਣੀ ਮਾਂ ਕੋਲ ਬੈਠ ਜਾਂਦੀ ਹੈ ।ਉਸ ਨੂੰ ਪਤਾ ਨਹੀਂ ਕਿ ਉਸ ਦਾ ਦੁੱਖ ਸਾਂਝਾ ਕਰਨ ਲਈ ਉਸ ਦੇ ਕੋਲ ਸਹੀ ਸ਼ਬਦ ਹੈਨ ਕਿ ਨਹੀਂ ।(ਸਫਾ-31) ਨਿੱਜੀ ਤੌਰ 'ਤੇ ਧੀ ਕੋਲ ਮਾਂ ਨੂੰ ਸ਼ਾਬਦਿਕ ਲਬਾਦੇ ਦੇ ਪਰਦੇ ਵਿੱਚ ਜਗਿਆਸਾਵਾਂ ਨੂੰ ਪ੍ਰਗਟਾਉਣ ਦਾ ਬਲ ਤਾਂ ਹੈ, ਪਰ ਸਮਾਜ ਵਿਰੁੱਧ ਜਾਣ ਦੀ ਹਿੰਮਤ ਉਹਨਾਂ ਦੋਹਾਂ ਵਿੱਚ ਨਹੀਂ ਹੈ।

'ਵੇਸਵਾਵਾਂ ਦੀ ਲੜੀ' ਇਕ ਲੰਮੀ ਕਹਾਣੀ ਹੈ, ਜਿਸ ਵਿੱਚ ਤਿੰਨ ਨਿੱਕੀਆਂ ਕਹਾਣੀਆਂ ਜਿਨ੍ਹਾਂ ਦਾ ਸੰਬੰਧ ਹਾਸ਼ੀਆਕ੍ਰਿਤ ਔਰਤਾਂ ਭਾਵ ਵੇਸਵਾਵਾਂ ਦੇ ਜੀਵਨ ਨਾਲ ਹੈ, ਸ਼ਾਮਲ ਹਨ। ਇਹ ਕਹਾਣੀਆਂ ਸਵੈ ਜੀਵਨੀ ਮੂਲਕ ਵਿਧੀ ਰਾਹੀਂ ਨਾਇਕਾਵਾਂ ਰਾਹੀਂ ਪਾਠਕਾਂ ਨੂੰ ਸੰਬੋਧਿਤ ਹੁੰਦੀਆਂ ਹਨ ।ਇਹਨਾਂ ਕਹਾਣੀਆਂ ਵਿੱਚ ਮਹੱਤਵਪੂਰਨ ਕੇਂਦਰੀ ਨੁਕਤਾ ਬਾਲ ਯੌਨ ਸ਼ੋਸ਼ਣ ਹੈ। ਇਹਨਾਂ ਔਰਤਾਂ ਦਾ ਆਪਣੇ ਨਜ਼ਦੀਕੀ ਸੰਬੰਧੀਆਂ, ਦੋਸਤ, ਇੱਥੋਂ ਤੱਕ ਕਿ ਪਿਤਾ ਰਾਹੀਂ ਸਰੀਰਕ ਸ਼ੋਸ਼ਣ ਕਾਰਨ ਵੇਸਵਾ ਜੀਵਨ ਨੂੰ ਅਪਣਾਉਣ ਨਾਲ ਜਾਂ ਅਜਿਹੇ ਘ੍ਰਿਣਤ ਕ੍ਰਿਤ ਕਾਰਨ ਆਪਣੇ-ਆਪ ਨੂੰ ਅਜਿਹਾ ਸਮਝਣ ਨਾਲ ਸੰਬੰਧਤ ਹੈ। ਕਹਾਣੀਆਂ ਦੀ ਪਹਿਲੀ ਲੜੀ ਵਿੱਚ ਉਸ ਔਰਤ ਨਾਲ ਸੰਬੰਧਤ ਕਹਾਣੀ ਹੈ, ਜਿਹੜੀ ਆਪਣੇ ਪਤੀ ਦੁਆਰਾ ਛੱਡ ਦਿੱਤੀ ਗਈ ਹੈ ਤੇ ਜਿਸ ਨੇ ਇੱਕ ਫਕੀਰ ਨੂੰ ਆਪਣੇ ਘਰ ਜਗ੍ਹਾ ਦੇ ਦਿੱਤੀ ਹੈ। ਲੋਕਾਂ ਦੀਆਂ ਨਜ਼ਰਾਂ ਵਿੱਚ ਹੁਣ ਉਹ ਬਾਜ਼ਾਰੂ ਔਰਤ ਬਣ ਕੇ ਰਹਿ ਗਈ ਸੁਲਤਾਨਾ ਕਹਿੰਦੀ ਹੈ ਕਿ ਇੰਜ ਕਰਨ ਨਾਲ ਲੋਕ ਉਸ ਨੂੰ ਬਾਜ਼ਾਰੂ ਔਰਤ ਸਮਝਦੇ ਹਨ ।ਲੋਕੀਂ ਕਹਿੰਦੇ ਹਨ ਕਿ ਤੂੰ ਇੱਕ ਘਟੀਆ ਬਾਜ਼ਾਰੂ ਔਰਤ ਵਾਂਗ ਰਹਿ ਰਹੀ ਹੈਂ। ਅੱਗਿਓਂ ਉਹ ਕਹਿੰਦੀ ਹੈ, 'ਤੈਨੂੰ ਪਤਾ ਹੈ ਕਿ ਮੈਂ ਆਪਣੇ ਪਤੀ ਨੂੰ 30 ਸਾਲ ਪਹਿਲਾਂ ਛੱਡ ਦਿੱਤਾ ਸੀ, ਉਹ ਮੇਰੀਆਂ ਅੱਖਾਂ ਦੇ ਸਾਹਮਣੇ ਦੂਸਰੀ ਔਰਤ ਨਾਲ ਰਹਿ ਰਿਹਾ। ਉਸ ਨੂੰ ਤਾਂ ਕੋਈ ਬਾਜ਼ਾਰੂ ਨਹੀਂ ਆਖਦਾ।' (ਸਫਾ-34) ਇਹ ਕਹਾਣੀ ਪਤੀ ਵੱਲੋਂ ਛੱਡੀਆਂ ਉਹਨਾਂ ਔਰਤਾਂ ਦੀ ਗੱਲ ਕਰਦੀ ਹੈ, ਜਿਨ੍ਹਾਂ ਨੂੰ ਸਮਾਜ ਵਿੱਚ ਅੱਜ ਵੀ ਆਪਣੀ ਮਰਜ਼ੀ ਨਾਲ ਜੀਣ ਦਾ ਹੁਕਮ ਨਹੀਂ ਹੈ। ਦੂਸਰੀ ਤੇ ਤੀਸਰੀ ਕਹਾਣੀ ਵਿਚ ਔਰਤ ਦੇ ਵੇਸਵਾ ਜੀਵਨ ਨੂੰ ਅਪਨਾਉਣ ਪਿੱਛੇ ਉਹਨਾਂ ਦੇ ਆਪਣਿਆਂ ਵੱਲੋਂ ਕੀਤੇ ਸਰੀਰਕ ਸ਼ੋਸ਼ਣ ਦਾ ਜ਼ਿਕਰ ਕਹਾਣੀਕਾਰਾ ਨੇ ਕੀਤਾ ਹੈ। 'ਵੇਸਵਾ ਨੰਬਰ ਦੋ' ਵਿੱਚ ਔਰਤ ਕਹਿੰਦੀ ਹੈ। ਮੈਂ ਉਹ ਵੇਸਵਾ ਹਾਂ, ਜਿਸ ਦਾ ਬਾਪ ਬਚਪਨ ਵਿੱਚ ਉਸ ਦੇ ਸਰੀਰਕ ਸ਼ੋਸ਼ਣ ਦਾ ਕਸੂਰਵਾਰ ਹੈ ।ਪਿੰਡ ਦੇ ਸਕੂਲ ਵਿੱਚ ਮੇਰਾ ਬਾਪ ਹੈੱਡ ਟੀਚਰ ਸੀ। ਮੇਰਾ ਬਾਪ ਮੇਰਾ ਪਹਿਲਾ ਗਾਹਕ ਸੀ। ਮੇਰਾ ਇੱਕੋ-ਇਕ ਗਾਹਕ ਜਦੋਂ ਤੱਕ ਮੈਂ ਉਸ ਦਾ ਕਤਲ ਨਹੀਂ ਕਰ ਦਿੱਤਾ। (ਸਫਾ-37) ਰੋਟੀ ਖਾਤਰ ਅਪਣਾਈ ਗਈ ਸਰੀਰ ਵੇਚਣ ਦੀ ਮਜਬੂਰੀ ਵਿੱਚ ਵੀ ਉਹ ਔਰਤ ਆਪਣੇ ਸਰੀਰ ਅਤੇ ਅਸੂਲਾਂ ਪ੍ਰਤੀ ਚੇਤਨ ਹੈ ਤੇ ਇੱਕ ਪਰਵਾਰਕ ਜ਼ਿੰਦਗੀ ਨੂੰ ਖੂਬਸੂਰਤੀ ਨਾਲ ਨਿਭਾਅ ਵੀ ਰਹੀ ਹੈ।ਵੇਸਵਾ ਦੀ ਲੜੀ ਵਿੱਚ ਤੀਸਰੀ ਕਹਾਣੀ ਵਿੱਚ ਔਰਤ ਦਾ ਮਰਜ਼ੀ ਵਿਰੁੱਧ ਕੀਤਾ ਸ਼ੋਸ਼ਣ ਉਸ ਨੂੰ ਬਾਜ਼ਾਰੂ ਔਰਤ ਹੋਣ ਦਾ ਅਹਿਸਾਸ ਦਿਵਾਉਂਦਾ ਹੈ। ਬੁਆਏ ਫਰੈਂਡ ਨਾਲ ਗੱਲ ਕਰਨ 'ਤੇ ਪਿਓ ਵੱਲੋਂ ਗਸ਼ਤੀ ਦਾ ਸੰਬੋਧਨ ਅਤੇ ਫੇਰ ਪਿਓ ਦੇ ਪੱਕੇ ਦੋਸਤ ਤੇ ਦੁਕਾਨਦਾਰ ਵੱਲੋਂ ਕੀਤਾ ਗਿਆ ਜਿਨਸੀ ਸ਼ੋਸ਼ਣ ਉਸ ਦੇ ਮਨ ਵਿੱਚ ਬਜ਼ਾਰੂ ਔਰਤ ਹੋਣ ਦੇ ਗੁਨਾਹ ਦੇ ਅਹਿਸਾਸ ਨੂੰ ਹੋਰ ਤੀਬਰ ਕਰ ਦਿੰਦਾ ਹੈ। ਰੂੜੀਵਾਦੀ ਪਰੰਪਰਾ ਵਿੱਚ ਔਰਤ ਵੱਲੋਂ ਸਮਾਜਿਕ ਤੌਰ 'ਤੇ ਇੱਕ ਤੋਂ ਵੱਧ ਮਰਦਾਂ ਨਾਲ ਬਣਾਏ ਸੰਬੰਧ ਭਾਵੇਂ ਮਰਜ਼ੀ ਦੇ ਵਿਰੋਧੀ ਹੋਣ, ਔਰਤ ਨੂੰ ਹੀ ਗੁਨਾਹਗਾਰੀ ਦਾ ਅਹਿਸਾਸ ਕਰਾ ਦਿੰਦੇ ਹਨ।

'ਸਟਿਚ ਇਨ ਟਾਈਮ' ਭਾਵ ਵਕਤ ਸਿਰ ਪਾਟੇ ਨੂੰ ਸਿਓਣਾ ਇਕ ਅਜਿਹੇ ਅੰਗਰੇਜ਼ੀ ਮੁਹਾਵਰੇ 'ਤੇ ਅਧਾਰਤ ਹੈ, ਜਿਸ ਤੋਂ ਭਾਵ ਸਹੀ ਸਮੇਂ ਸਹੀ ਨਤੀਜਾ ਹੁੰਦਾ ਹੈ। ਇਹ ਅਜਿਹੀ ਔਰਤ ਦੀ ਕਹਾਣੀ ਹੈ, ਜਿਹੜੀ ਮਨਪਸੰਦ ਪ੍ਰੇਮੀ ਨਾਲ ਵਿਆਹ ਨਾ ਕਰਾਉਣ ਕਰਕੇ ਟੁੱਟੀ-ਭੱਜੀ ਜ਼ਿੰਦਗੀ ਜੀ ਰਹੀ ਹੈ। ਉਸ ਨੂੰ ਨਾ ਚਾਹੁੰਦਿਆਂ ਹੋਇਆਂ ਵੀ ਆਪਣਾ ਨਾ ਪਸੰਦ ਪਤੀ ਤੇ ਸਹੁਰੇ ਨਾਲ ਜ਼ਿੰਦਗੀ ਕੱਟਣੀ ਪੈ ਰਹੀ ਹੈ। ਕਹਾਣੀ ਦੇ ਮੈਂ ਪਾਤਰ ਤੇ ਨਾਇਕਾ ਅੰਮ੍ਰਿਤਾ ਵਿਚਲੇ ਸਧਾਰਨ ਸੰਵਾਦਾਤਮਕ ਦੀ ਵਿਧੀ ਰਾਹੀਂ ਕਹਾਣੀ ਨੂੰ ਉਸਾਰਿਆ ਗਿਆ ਹੈ। ਇਹ ਕਹਾਣੀ ਦੋ ਕੇਂਦਰੀ ਪਾਤਰਾਂ ਦੀ ਸਾਂਝੀ ਸਮੱਸਿਆ ਭਾਵ ਆਪਣੀ ਪਤੀਆਂ ਕਾਰਨ ਪੈਦਾ ਚਿੜਚਿੜੇਪਨ ਨੂੰ ਕੇਂਦਰ ਵਿੱਚ ਰੱਖਦੀ ਹੈ। ਅੰਮ੍ਰਿਤਾ ਦੇ ਪਤੀ ਦਾ ਆਪਣੇ ਪਿਤਾ ਪ੍ਰਤੀ ਪਿਆਰ ਤੇ ਬਿਰਤਾਂਤਕਾਰਾ ਦਾ ਆਪਣੇ ਪਤੀ ਦੀ ਲਾਪਰਵਾਹੀ ਉਹਨਾਂ ਦੇ ਚਿੜਚਿੜੇ ਹੋਣ ਕਾਰਨ ਹੈ ।ਕਹਾਣੀ ਦ੍ਰਿਸ਼ਆਤਮਕ ਵਰਨਣ ਭਾਵ ਗਤੀਹੀਨ ਮੋਟਿਫਾਂ ਰਾਹੀਂ ਹੌਲੀ-ਹੌਲੀ ਤੁਰਦੀ ਹੈ। 'ਚੌਂਕ ਪੰਜ ਪੀਰ' ਕਹਾਣੀ ਕੁਇਰ (queer) ਲੋਕਾਂ ਦੀ ਗੱਲ ਕਰਦੀ ਹੈ। ਬੰਦ ਸਮਾਜ ਵਿੱਚ ਦੋ ਹਮ-ਜਿਨਸੀ ਜਾਂ ਸਮ-ਲੈਂਗਿਕ ਸਹੇਲੀਆਂ ਦੀ ਆਪਸੀ ਸਾਂਝ, ਇਕੱਠੇ ਰਹਿਣ, ਚਿੰਤਨ ਅਤੇ ਜੀਵਨ ਦੇ ਖੁੱਲ੍ਹੇ ਢੰਗ ਨਾਲ ਜਿਊਣ ਦੇ ਫਲਸਫੇ ਉੱਪਰ ਅਧਾਰਤ ਹੈ। ਇਹ ਕਹਾਣੀ ਮਨ ਦੀਆਂ ਉਲਝਣਾਂ ਦਾ ਇੱਕ ਮੌਜ਼ੈਕ ਹੈ। ਮੌਜ਼ੈਕ ਵਾਂਗ ਇਹਨਾਂ ਵਿੱਚ ਭਾਵੇਂ ਕੋਈ ਆਪਸੀ ਸੰਬੰਧ ਨਹੀਂ, ਪਰ ਫਿਰ ਵੀ ਇੱਕ ਪੈਟਰਨ ਉੱਭਰਦਾ ਹੈ। ਰਹਿਮਾਨ ਬਾਬਾ ਦੀ ਸ਼ਾਇਰੀ ਅਤੇ ਪੰਜ ਪੀਰਾਂ ਦੇ ਪਿਛੋਕੜ ਵਿੱਚ ਦੋਵੇਂ ਸਹੇਲੀਆਂ ਆਪਣੇ ਸੰਬੰਧਾਂ ਨੂੰ ਸ਼ਾਹ ਹੁਸੈਨ ਅਤੇ ਮਾਧੋ ਲਾਲ ਵਿਚਲੇ ਇਸ਼ਕ ਵਾਂਗ ਸੂਫੀਆਨਾ ਪ੍ਰੇਮ ਦੀ ਰੰਗਤ ਦਿੰਦੀਆਂ ਮਰਦ ਅਤੇ ਔਰਤ ਦੇ ਫਰਕ ਨੂੰ ਮੇਟਦੀਆਂ ਉਸ ਰੂਹਾਨੀਅਤ ਦੀ ਗੱਲ ਕਰਦੀਆਂ ਹਨ, ਜਿੱਥੇ ਪ੍ਰੇਮੀਆਂ ਦਾ ਕੋਈ ਜੈਂਡਰ ਨਹੀਂ ਹੁੰਦਾ। ਵੇਖ ਰਹਿਮਾਨ ਬਾਬਾ ਆਪਣੇ ਪਿਆਰ ਬਾਰੇ ਕੀ ਆਖਦਾ ਹੈ, ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਹ ਪਿਆਰਾ ਔਰਤ ਹੈ ਜਾਂ ਮਰਦ, ਮਨੁੱਖ ਹੈ ਜਾਂ ਦੈਵੀ, ਉਹ ਬਹੁਤ ਮੁਸ਼ਕਲ ਸਮੇਂ ਵਿੱਚ ਰਿਹਾ।(ਸਫਾ-62) ਇਸ ਖੁੱਲ੍ਹੇ ਵਾਤਾਵਰਨ ਵਿੱਚ ਜਿਉਣ ਦੀ ਇੱਛਾ ਨੂੰ ਕਹਾਣੀਕਾਰਾ ਇੰਜ ਬਿਆਨ ਕਰਦੀ ਹੈ, ਇਸ ਤਨਹਾਈ ਵਿੱਚ ਮੇਰੇ ਅੰਦਰ ਨਵਾਂ ਪਿਆਰ ਜਾਗ ਜਾਂਦਾ ਹੈ। ਮੈਨੂੰ ਚਾਹੀਦਾ ਹੈ ਕਿ ਇਸ ਨੂੰ ਸੰਭਾਲ ਕੇ ਰੱਖਾਂ। ਮੈਨੂੰ ਅਮਰੀਕਨਾਂ, ਤਾਲਿਬਾਨਾਂ ਤੇ ਅਲਕਾਇਦਿਆਂ ਦੀ ਵੀ ਪਰਵਾਹ ਨਹੀਂ ਕਰਨੀ ਚਾਹੀਦੀ ।(ਸਫਾ-66) ਉਸਾਮਾ-ਬਿਨ ਲਾਦੇਨ ਦੀ ਕੱਟੜਤਾ ਦੇ ਪ੍ਰਤੀਕ ਅਤੇ ਪੰਜ ਪੀਰ ਚੌਂਕ ਦੇ ਹਮ-ਜਿਨਸੀ ਪ੍ਰੇਮ ਦੇ ਪ੍ਰਤੀਕ ਦੇ ਟਕਰਾਓ ਵਿੱਚੋਂ ਇਹ ਕਹਾਣੀ ਬੰਦ ਸੁਸਾਇਟੀ ਦੀਆਂ ਹਮ ਜਿਨਸੀ ਔਰਤਾਂ ਵਿਚਲੇ ਦਵੰਧ ਨੂੰ ਬੜੀ ਖੂਬਸੂਰਤੀ ਨਾਲ ਪੇਸ਼ ਕਰਦੀ ਹੈ। ਇਹ ਔਰਤਾਂ ਅਜੇ ਸਿਰਫ ਆਪਣੇ ਲੀਵਿੰਗ ਰੂਮ ਤੱਕ ਹੀ ਸੀਮਤ ਹਨ, ਬਾਹਰ ਸਮਾਜ ਵਿੱਚ ਇਹਨਾਂ ਨੂੰ ਪ੍ਰਵਾਨਗੀ ਨਹੀਂ।

ਸ਼ਰਮਾ ਜੀ ਦੇ ਜੁੱਤੇ, ਕਹਾਣੀ ਇਡ, ਈਗੋ ਅਤੇ ਸੁਪਰ ਈਗੋ ਦੀ ਕਸ਼ਮਕਸ਼ ਰਾਹੀਂ ਉਸਰਦੀ ਹੈ। ਇਹ ਕਹਾਣੀ ਪਕੇਰੀ ਉਮਰ ਦੇ ਫੌਜੀ ਮਰਦ ਸ਼ਰਮਾ ਜੀ ਦੇ ਜ਼ਿੱਦੀ, ਅੱਖੜ ਸੁਭਾਅ ਅਤੇ ਹਉਮੈ ਤੋਂ ਉਤਪੰਨ ਫਰਸਟਰੇਸ਼ਨ ਨੂੰ ਸਾਡੇ ਸਾਹਮਣੇ ਲਿਆਉਂਦੀ ਹੈ। ਸ਼ਰਮਾ ਜੀ ਦੀ ਸੁਪਰੀਗੋ ਵਾਰ-ਵਾਰ ਉਨ੍ਹਾਂ ਨੂੰ ਪ੍ਰਤਾੜਦੀ ਹੈ ਕਿ ਉਸ ਕੋਲੋਂ ਉਸ ਦੀਆਂ ਪਿਆਰੀਆਂ ਚੀਜ਼ਾਂ ਕਿਉਂ ਗਵਾਚ ਜਾਂਦੀਆਂ ਹਨ। ਪਹਿਲੀ ਪਤਨੀ ਦਾ ਸਵਰਗਵਾਸ, ਦੂਜੀ ਪਤਨੀ ਦਾ ਆਪਣੀ ਧੀ ਕੋਲ ਬਾਹਰ ਚਲੇ ਜਾਣਾ, ਅਤੇ ਮੁੜ ਕੇ ਉਸ ਦੇ ਬੂਟ ਗਵਾਚ ਜਾਣਾ। ਸ਼ਰਮਾ ਜੀ ਦੀ ਖਿਝ ਜਾਂ ਝੁੰਜਲਾਹਟ ਦਾ ਸਮਾਧਾਨ ਉਸ ਵੇਲੇ ਹੁੰਦਾ ਹੈ, ਜਦੋਂ ਉਹ ਰੂਹਾਨੀ ਮਾਰਗ ਦਰਸ਼ਕ ਦੇ ਪਿੱਛੇ ਲੱਗ ਕੇ ਚੁੱਪ-ਚਾਪ ਸ਼ਾਂਤ ਨਦੀ ਦੇ ਕਿਨਾਰੇ ਧਿਆਨ ਮਗਨ ਹੁੰਦੇ ਹਨ। ਇਹਨਾਂ ਪਲਾਂ ਦੀ ਜਾਦੂਈ ਅਤੇ ਸੁਪਨਈ ਅਵਸਥਾ ਵਿੱਚ ਉਨ੍ਹਾਂ ਦੀ ਜੰਗਲੀ ਇੱਛਾ ਪੂਰਨ ਰੂਪ ਵਿੱਚ ਫੈਲਦੀ ਹੈ ਤੇ ਉਸ ਤੋਂ ਸੰਤੁਸ਼ਟਤਾ ਦਾ ਅਨੁਭਵ ਕਰਕੇ ਉਹ ਸ਼ਾਂਤ ਹੁੰਦੇ ਹਨ। ਉਹ ਨਹੀਂ ਦੱਸ ਸਕਦੇ ਸਨ ਕਿ ਉਹ ਕੌਣ ਸਨ ਤੇ ਉਹ ਕੌਣ ਸੀ। ਉਹਨਾਂ ਦੇ ਸਰੀਰ ਇੱਕ-ਦੂਸਰੇ ਦੇ ਦੁਆਲੇ ਲਪੇਟੇ ਹੋਏ ਸਨ। ਉਸ ਦੇ ਜਾਦੂ ਦੇ ਅਸਰ ਹੇਠ ਉਹ ਉਸ ਤੋਂ ਉਪਰ ਹੋ ਕੇ ਅਸੀਮਤ ਹੋ ਗਏ। ਨਦੀ ਉਪਰ ਚੰਦਰਮਾ ਰਾਤ ਦੇ ਆਕਾਸ਼ ਵਿੱਚ ਝੂਲਦਾ ਹੋਇਆ (ਸਫਾ-80) ਇਸ ਕੈਥਾਰਸਿਸ ਤੋਂ ਬਾਅਦ ਸ਼ਰਮਾ ਜੀ ਨੂੰ ਸਭ ਕੁਝ ਚੰਗਾ-ਚੰਗਾ ਲੱਗਦਾ ਹੈ। ਚੇਤਨ-ਅਵਚੇਤਨ ਅਤੇ ਅਰਧ ਚੇਤਨ ਮਨ ਵਿਚਲੇ ਹਨੇਰੇ ਉਜਾਲੇ ਨੂੰ ਸਿਰਜਦੀ ਕਹਾਣੀ ਆਬੇ ਹਯਾਤ ਹੈ । ਇਸ ਪਰੇਸ਼ਾਨ ਕਰਨ ਵਾਲੇ ਵਿਚਾਰ ਨਾਲ ਹੋਰ ਡਰਾਉਣੀਆਂ ਸੋਚਾਂ ਉੱਭਰ ਆਉਂਦੀਆਂ ਨੇ। ਮੇਰਾ ਆਉਣ ਨਾਲ ਕੋਈ ਸੰਬੰਧ ਨਹੀਂ। (ਸਫਾ-85) ਇਹਨਾਂ ਪਰੇਸ਼ਾਨੀਆਂ ਤੋਂ ਨਿਜਾਤ ਉਹ ਆਨਲਾਈਨ ਮੈਡੀਟੇਸ਼ਨ ਤੋਂ ਪ੍ਰਾਪਤ ਕਰਦੀ ਹੈ ।ਸੈਲਫ ਹੈਲਪ ਗੁਰੂ ਦੇ ਇਹ ਵਚਨ ਗਹਿਨ ਧਿਆਨ ਦੀ ਅਵਸਥਾ ਵਿੱਚ ਤੁਸੀਂ ਜਿਹੋ ਜਿਹੀ ਕਲਪਨਾ ਕਰਦੇ ਹੋ, ਤੁਸੀਂ ਉਸੇ ਤਰ੍ਹਾਂ ਬਾਹਰੀ ਜੀਵਨ ਵਿੱਚ ਵੀ ਅਨੁਭਵ ਕਰਦੇ ਹੋ। (ਸਫਾ-91) ਉਹ ਇਸ ਉੱਪਰ ਅਮਲ ਕਰਦੀ ਆਪਣੇ-ਆਪ ਨੂੰ ਸ਼ਾਂਤ ਅਤੇ ਠੰਢਕ ਦੇਣ ਵਾਲੇ ਵਾਤਾਵਰਨ ਵਿੱਚ ਮਹਿਸੂਸ ਕਰਦੀ ਹੈ। ਕਲਪਿਤ ਸਵਰਗ ਜਿੱਥੇ ਅੰਮ੍ਰਿਤ/ਆਬੇ ਹਯਾਤ ਹੈ, ਦੇ ਤਸਵਰ ਵਿੱਚ ਉਹ ਸ਼ਾਂਤੀ ਦਾ ਅਨੁਭਵ ਕਰਦੀ ਹੈ। ਇਹ ਸ਼ਾਂਤੀ ਅੱਧੇ ਚੰਨ ਦੇ ਮੈਟਾਫਰ ਰਾਹੀਂ ਉਸ ਦਾ ਅਵਚੇਤਨ/ਚੇਤਨ ਦਾ ਬਾਹਰੀ ਪ੍ਰਗਟਾਵਾ ਹੈ।

'ਐਤਵਾਰ ਦੀ ਸਵੇਰ' ਕਹਾਣੀ ਦੋ ਗਰੀਬ ਅਫਗਾਨੀ ਸ਼ਰਨਾਰਥੀ ਕੁੜੀਆਂ ਦੇ ਰਾਹੀਂ ਗਰੀਬੀ ਵਿੱਚ ਜੀਵਨ ਬਿਤਾਅ ਰਹੇ ਸ਼ਰਨਾਰਥੀਆਂ ਦੀ ਤਰਜਮਾਨੀ ਕਰਦੀ ਹੈ। ਇਹ ਕੁੜੀਆਂ ਸਰਦੀਆਂ ਦੀ ਸਵੇਰੇ, ਭੁੱਖ ਤੋਂ ਬੇਚੈਨ ਹੋ ਕੇ ਆਂਡੇ ਵੇਚਣ ਨਿਕਲਦੀਆਂ ਹਨ। ਰਸਤੇ ਵਿੱਚ ਉਹਨਾਂ ਨੂੰ ਕੀ-ਕੀ ਦੁਸ਼ਵਾਰੀਆਂ ਆਉਂਦੀਆਂ ਹਨ ਤੇ ਰੋਟੀ ਦੇ ਚੰਦ ਟੁਕੜਿਆਂ ਲਈ ਕੁੜੀਆਂ ਨੂੰ ਕੀ-ਕੀ ਤਰੱਦਦ ਕਰਨਾ ਪੈਂਦਾ ਹੈ, ਇਸ ਵਿੱਥਿਆ ਨੂੰ ਕਰੁਣਾਮਈ ਅਤੇ ਸ਼ੈਤਾਨ ਨੂੰ ਇਸ ਗਰੀਬੀ ਦੇ ਕਾਰਨ ਦੇ ਦੁਆਲੇ ਬੁਣਿਆ ਹੈ। ਇਹ ਸ਼ੈਤਾਨ ਰਾਜਨੀਤੀ, ਹਵਸ, ਜਲਾਵਤਨੀ ਅਤੇ ਜ਼ਾਲਮਤਾ ਭਾਵ ਕਿਸੇ ਵੀ ਰੂਪ ਵਿੱਚ ਹੋ ਸਕਦਾ ਹੈ। ਕਹਾਣੀਕਾਰ ਨੇ ਇਸ ਦਾ ਨਿਰਣਾ ਪਾਠਕ ਉਪਰ ਛੱਡ ਦਿੱਤਾ ਹੈ। 'ਤੋਹਫੇ' ਕਹਾਣੀ ਦੋ ਵੱਖ-ਵੱਖ ਤਲਾਕਸ਼ੁਦਾ ਪਕੇਰੀ ਅਤੇ ਵਡੇਰੀ ਉਮਰ ਦੇ ਮਰਦ ਤੇ ਔਰਤ ਦੇ ਤਲਾਕ ਤੋਂ ਬਾਅਦ ਉੱਭਰੇ ਖਲਾਅ ਨੂੰ ਮੁੜ ਦੁਬਾਰਾ ਭਰਨ ਦੇ ਯਤਨਾਂ ਵਿੱਚ ਆਈ ਝੂਠ ਦੀ ਦੀਵਾਰ ਕਾਰਨ ਰਿਸ਼ਤਿਆਂ ਦੀ ਅਲਹਿਦਗੀ ਨੂੰ ਕੇਂਦਰੀ ਵਿਸ਼ੇ ਵਜੋਂ ਲੈਂਦੀ ਹੈ। ਮਰਦ ਵੱਲੋਂ ਦਿੱਤੇ ਗਏ ਤੋਹਫਿਆਂ ਦੇ ਨਕਲੀ ਬਰਾਂਡ ਅਤੇ ਉਸ ਵੱਲੋਂ ਦਿੱਤੇ ਹਕੂਮਤੀ ਫਰਮਾਨਾਂ ਕਾਰਨ ਔਰਤ ਵੱਲੋਂ ਦੋਸਤੀ ਨੂੰ ਰਿਸ਼ਤੇ ਵਿੱਚ ਬਦਲਣ ਤੋਂ ਪਹਿਲਾਂ ਹੀ ਉਸ ਤੋਂ ਕਿਨਾਰਾ ਕਰ ਲੈਣ ਨੂੰ ਕਹਾਣੀ ਖੂਬਸੂਰਤ ਅੰਦਾਜ਼ ਰਾਹੀਂ ਪੇਸ਼ ਕਰਦੀ ਹੈ। ਆਧੁਨਿਕ ਯੁੱਗ ਵਿੱਚ ਵੱਟਸਅਪ ਉੱਤੇ ਕੀਤੀਆਂ ਦੋਸਤੀਆਂ ਜਦੋਂ ਵਾਸਤਵਿਕ ਰੂਪ ਵਿੱਚ ਆਹਮੋ-ਸਾਹਮਣੇ ਹੁੰਦੀਆਂ ਹਨ ਤਾਂ ਕਈ ਤਰ੍ਹਾਂ ਦੇ ਭਰਮ ਟੁੱਟਦੇ ਹਨ। 'ਬਲਾਤਕਾਰੀ ਦੀ ਪਤਨੀ' ਕਹਾਣੀ ਦੋ ਔਰਤਾਂ ਦੀ ਕਹਾਣੀ ਹੈ, ਜਿਨ੍ਹਾਂ ਨਾਲ ਇੱਕੋ ਬੰਦੇ ਸੱਤਿਆਦੇਵ ਨੇ ਗੈਰ ਕਾਨੂੰਨੀ ਤੇ ਕਾਨੂੰਨੀ ਜਾਂ ਵਿਆਹ ਦੇ ਤਹਿਤ ਬਲਾਤਕਾਰ ਕੀਤਾ ਹੈ। ਬਲਾਤਕਾਰ ਦੀ ਪਤਨੀ ਪਛਤਾਵੇ ਤੇ ਹਮਦਰਦੀ ਵਜੋਂ ਉਸ ਕੁੜੀ ਨੂੰ ਸਮਾਜਿਕ ਸੁਰੱਖਿਆ ਦੇਣਾ ਚਾਹੁੰਦੀ ਹੈ, ਜਿਸ ਨਾਲ ਬਲਾਤਕਾਰ ਹੋਇਆ ਹੈ। ਤੂੰ ਕਦੇ ਸੁਣਿਆ ਹੈ ਕਿ ਬਲਾਤਕਾਰ ਦੀ ਸ਼ਿਕਾਰ ਕੁੜੀ ਬਲਾਤਕਾਰੀ ਦੀ ਪਤਨੀ ਨਾਲ ਰਹਿਣ ਲੱਗੇ। (ਸਫਾ-107 ) ਸੱਤਿਆ ਦੇਵ ਦੀ ਪਤਨੀ ਕਹਿੰਦੀ ਹੈ ਕਿ ਉਹ ਵੀ ਬਲਾਤਕਾਰ ਦਾ ਹੀ ਸ਼ਿਕਾਰ ਹੈ। ਉਹ ਉਸ ਨੂੰ ਵਿਆਹੁਤਾ ਨਾਰੀ ਦੇ ਬਲਾਤਕਾਰ ਦੀ ਗੱਲ ਕਰਦੀ ਹੈ। ਜਿਸ ਨਾਲ ਉਸ ਦਾ ਪਤੀ ਹਰ ਰੋਜ਼ ਕਰਦਾ ਹੈ।ਘਾਇਲ ਦੀ ਗਤ ਘਾਇਲ ਜਾਣੇ ਮੁਹਾਵਰੇ ਅਨੁਸਾਰ ਬਲਾਤਕਾਰੀ ਦੀ ਪਤਨੀ ਬਲਾਤਕਾਰ ਦਾ ਸ਼ਿਕਾਰ ਕੁੜੀ ਦੀ ਸੁਰੱਖਿਆ, ਦੇਖਭਾਲ ਅਤੇ ਪਹਿਰੇਦਾਰੀ ਦੇ ਜ਼ਿੰਮੇਵਾਰੀ ਚੁੱਕਦੇ ਆਪਣੇ ਪਤੀ ਦੇ ਪਾਪਾਂ ਦਾ ਪਛਤਾਵਾ ਕਰਦੀ ਹੈ। ਜਦੋਂ ਬਲਾਤਕਾਰ ਦਾ ਸ਼ਿਕਾਰ ਕੁੜੀ ਮਰਨ ਦੀ ਗੱਲ ਕਰਦੀ ਹੈ ਤਾਂ ਬਲਾਤਕਾਰੀ ਦੀ ਪਤਨੀ ਕਹਿੰਦੀ ਹੈ ਨਹੀਂ ਨਹੀਂ ਜੀਵਨ ਦੇ ਸ਼ੁਰੂ ਹੋਣ ਦੀ ਦੁਆ ਕਰ ਹੁਣ, ਮਰਨ ਦੀ ਗੱਲ ਨਹੀਂ ਕਰਨੀ। ਇਕੱਠੇ ਅਸੀਂ ਨਿੰਮ ਤੇ ਪਿੱਪਲ ਦੇ ਦਰੱਖਤ ਵਾਂਗ ਹੋਵਾਂਗੇ, ਅਸੀਂ ਹਮੇਸ਼ਾ ਇਕੱਠੇ ਰਵ੍ਹਾਂਗੇ (ਸਫਾ-110) 'ਮਰਜ਼ੀ' ਕਹਾਣੀ ਸਮਾਜ ਵਿੱਚ ਪ੍ਰਚੱਲਤ ਇੱਕ ਵਿਸ਼ਵਾਸ ਕਿ ਮਸਜਿਦਾਂ-ਮਜ਼ਾਰਾਂ ਦੇ ਉੱਪਰ ਧਾਗੇ ਬੰਨ੍ਹਣ ਨਾਲ ਦੁੱਖ ਕੱਟੇ ਜਾਂਦੇ ਹਨ, ਉੱਤੇ ਅਧਾਰਤ ਹੈ, ਜਿਸ ਨੂੰ ਅੱਜ ਦੀ ਆਧੁਨਿਕ ਤੇ ਪੜ੍ਹੀ-ਲਿਖੀ ਔਰਤ ਮੰਨਣ ਤੋਂ ਇਨਕਾਰੀ ਹੈ।ਆਖਿਰ ਵਿੱਚ ਉਹ ਮਹਿਸੂਸ ਕਰਦੀ ਹੈ ਕਿ ਉਹ ਉਨ੍ਹਾਂ ਲੋਕਾਂ ਅਤੇ ਜਾਂ ਔਰਤਾਂ ਨਾਲੋਂ ਵਧੇਰੇ ਦੁਖੀ ਹੈ, ਜਿਹੜੀਆਂ ਇੱਕ ਵਿਸ਼ਵਾਸ ਦੇ ਸਹਾਰੇ ਤੁਰੀਆਂ ਜਾ ਰਹੀਆਂ ਹਨ। ਇਹ ਕਹਾਣੀ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਸਮਕਾਲੀ ਪੰਜਾਬੀ ਕਹਾਣੀ ਦਾ ਦ੍ਰਿਸ਼

ਡਾ. ਸੰਦੀਪ ਰਾਣਾ
ਸੰਪਰਕ : 98728-87551

## ਤੋਹ.ਫਾ

**(ਕਹਾਣੀ-ਸੰਗ੍ਰਹਿ)**
**ਸੁਰਿੰਦਰ ਗੀਤ**
**ਪੰਨੇ : 146, ਮੁੱਲ : 220 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਨਾਮਵਰ ਕਵਿੱਤਰੀ ਸੁਰਿੰਦਰ ਗੀਤ ਇਕ ਦਰਜਨ ਦੇ ਕਰੀਬ ਕਾਵਿ-ਪੁਸਤਕਾਂ ਲਿਖਣ ਤੋਂ ਬਾਅਦ ਪੰਜਾਬੀ ਕਥਾ ਸਾਹਿਤ ਵਿੱਚ ਵੀ ਸਾਹਿਤ ਸਿਰਜਣਾ ਕਰ ਰਹੀ ਹੈ। ਉਸ ਦੇ ਪਹਿਲੇ ਕਹਾਣੀ-ਸੰਗ੍ਰਹਿ 'ਤੋਹਫ਼ਾ' ਦੀ ਸਾਹਿਤਕ ਖੇਮਿਆਂ ਵਿੱਚ ਮਕਬੂਲੀਅਤ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਇਸ ਸੰਗ੍ਰਹਿ ਦਾ ਅੰਗਰੇਜ਼ੀ ਅਨੁਵਾਦ ਵੀ ਪ੍ਰਕਾਸ਼ਿਤ ਹੋ ਚੁੱਕਿਆ ਹੈ। ਇਹ ਕਹਾਣੀ-ਸੰਗ੍ਰਹਿ 2023 ਵਿੱਚ ਪਹਿਲੀ ਵਾਰ ਪੰਜਾਬੀ ਵਿੱਚ ਪ੍ਰਕਾਸ਼ਿਤ ਹੋਇਆ ਸੀ। ਇਸ ਵਰ੍ਹੇ 2026 ਵਿੱਚ ਇਹ ਕਹਾਣੀ-ਸੰਗ੍ਰਹਿ ਦੂਜੀ ਵਾਰ ਪ੍ਰਕਾਸ਼ਿਤ ਕਰਵਾਇਆ ਗਿਆ ਹੈ। ਇਸ ਪੁਸਤਕ ਦੀਆਂ ਕਹਾਣੀਆਂ ਇਕ ਪਾਸੇ ਜਿਥੇ ਵਿਦੇਸ਼ੀ ਧਰਤੀ 'ਤੇ ਪਰਵਾਸੀ ਜੀਵਨ ਦੇ ਸੰਘਰਸ਼ਾਂ ਨੂੰ ਸਹਿ ਰਹੇ ਮਨੁੱਖ ਦੇ ਹਾਲਤਾਂ ਨੂੰ ਪੇਸ਼ ਕਰਦੀਆਂ ਹਨ, ਉਥੇ ਪੰਜਾਬੀ ਰਹਿਤਲ ਅਤੇ ਜਨਜੀਵਨ ਨੂੰ ਵੀ ਵਿਸ਼ਾ ਬਣਾਉਂਦੀਆਂ ਹਨ। ਇਨ੍ਹਾਂ ਕਹਾਣੀਆਂ ਵਿਚਲੇ ਪਾਤਰ ਵਿਦੇਸ਼ਾਂ ਵਿੱਚ ਬੇਗ਼ਾਨਗੀ ਦੇ ਅਹਿਸਾਸ ਵਿੱਚ ਜਿਊਂਦੇ ਆਪਣੀ ਮਾੜੀ ਆਰਥਿਕਤਾ ਨਾਲ ਜੂਝਦੇ ਸੰਤਾਪ ਭੋਗਦੇ ਹਨ। ਪਰਵਾਸੀ ਲੋਕਾਂ ਦੇ ਸੰਬੰਧ ਵਿੱਚ ਗੱਲ ਕੀਤਿਆਂ ਸਦਾ ਇਹਨਾਂ ਦੀਆਂ ਜ਼ਿੰਦਗੀਆਂ ਆਪਣੀ ਬਾਹਰੀ ਦਿੱਖ ਅਤੇ ਰਹਿਣ-ਸਹਿਣ ਦੇ ਉੱਚੇ ਮਿਆਰ ਕਾਰਨ ਕਈ ਹੋਰਾਂ ਨੂੰ ਆਕਰਸ਼ਿਤ ਕਰਦੀਆਂ ਹਨ। ਵੇਖਣ ਵਾਲੇ ਨੂੰ ਇੰਝ ਮਹਿਸੂਸ ਹੁੰਦਾ ਹੈ, ਜਿਵੇਂ ਇਹ ਜ਼ਿੰਦਗੀ ਦੀਆਂ ਸਮੁੱਚੀਆਂ ਸਹੂਲਤਾਂ ਮਾਣਦੇ ਹੋਣਗੇ, ਪਰ ਅਸਲ ਵਿੱਚ ਉਹਨਾਂ ਦੀ ਜ਼ਿੰਦਗੀ ਦੇ ਸੰਘਰਸ਼ ਅਤੇ ਜੱਦੋਜਹਿਦ ਦੀ ਅਸਲੀਅਤ ਉਹ ਆਪ ਹੀ ਭੋਗਦੇ ਹਨ। ਇਹਨਾਂ ਕਹਾਣੀਆਂ ਵਿੱਚ ਇਸੇ ਤਰ੍ਹਾਂ ਦੇ ਵਿਸ਼ਿਆਂ ਨੂੰ ਕੇਂਦਰ ਵਿੱਚ ਰੱਖਿਆ ਗਿਆ ਹੈ।




ਇਸ ਕਹਾਣੀ-ਸੰਗ੍ਰਹਿ 'ਤੋਹਫ਼ਾ' ਦੀਆਂ ਵਧੇਰੇ ਕਹਾਣੀਆਂ ਉੱਤਮ-ਪੁਰਖੀ ਬਿਰਤਾਂਤ ਵਿੱਚ ਲਿਖੀਆਂ ਗਈਆਂ ਹਨ। ਇਸੇ ਕਾਰਨ ਇਹ ਕਹਾਣੀਆਂ ਔਰਤ ਮਨ ਅਤੇ ਸੋਚ ਦਾ ਅਕਸ ਬਣਦੀਆਂ ਹਨ। ਵਿਦੇਸ਼ ਦੀ ਧਰਤੀ 'ਤੇ ਜਾ ਵਸੇ ਹੋਣ ਕਾਰਨ ਕਥਾਕਾਰਾ ਦੇ ਅਨੁਭਵ ਵੀ ਉਸ ਧਰਤੀ, ਉਸ ਸੱਭਿਆਚਾਰ ਨਾਲ ਸੰਬੰਧਤ ਹਨ। ਉਸ ਨੇ ਪ੍ਰਵਾਸੀ ਜੀਵਨ ਦਾ ਸੰਘਰਸ਼, ਰਿਸ਼ਤਿਆਂ ਦੀ ਪਛਾਣ, ਸਿਆਸੀ ਰਾਜਨੀਤੀ ਦਾ ਚਿਤਰਨ ਅਤੇ ਔਰਤ ਦੀ ਸਥਿਤੀ ਨੂੰ ਵਿਦੇਸ਼ੀ ਅਤੇ ਦੇਸੀ ਦੋਹਾਂ ਪ੍ਰਸੰਗਾਂ ਵਿੱਚ ਪੇਸ਼ ਕੀਤਾ ਹੈ। ਇਹਨਾਂ ਕਹਾਣੀਆਂ ਦੀ ਖ਼ੂਬਸੂਰਤੀ ਵੀ ਇਸੇ ਗੱਲ ਵਿੱਚ ਹੈ ਕਿ ਕਥਾਕਾਰਾ ਨੇ ਪੂਰੀ ਦੀ ਪੂਰੀ ਹਕੀਕਤ ਹੀ ਕਲਮਬੱਧ ਕੀਤੀ ਹੈ। ਕਥਾਕਾਰਾ ਨੇ ਜਿਵੇਂ ਅਨੁਭਵ ਕੀਤਾ, ਜਿਵੇਂ ਆਪਣੇ ਆਲੇ-ਦੁਆਲੇ ਵੇਖਿਆ, ਉਵੇਂ ਹੀ ਲਿਖ ਦਿੱਤਾ। ਇਹ ਸਾਰੀ ਹਕੀਕਤ ਸਾਹਮਣੇ ਉਸ ਨੂੰ ਆਪਣੀ ਕਲਪਨਾ ਨਾਲ ਅਫ਼ਸਾਨੇ ਘੜਨ ਦੀ ਲੋੜ ਨਹੀਂ ਪਈ ਲੱਗਦੀ। ਇਹਨਾਂ ਕਹਾਣੀਆਂ ਦੀਆਂ ਔਰਤ ਪਾਤਰ ਪੰਜਾਬੀ ਮਰਦ ਪ੍ਰਧਾਨ ਸਮਾਜ ਅਤੇ ਰਵਾਇਤੀ ਜਗੀਰੂ ਸੋਚ ਕਾਰਨ ਆਪਣੇ ਜੀਵਨ ਨੂੰ ਦਾਅ 'ਤੇ ਲਾ ਕੇ ਆਪਣੇ ਪਛਾਣ ਦੀ ਹੋਂਦ ਲਈ ਜੱਦੋਜਹਿਦ ਕਰਦੀਆਂ ਨਜ਼ਰੀਂ ਆਉਂਦੀਆਂ ਹਨ। ਅਜਿਹੇ ਹਾਲਾਤ ਵਿੱਚ ਇਹ ਗੱਲ ਵੀ ਮਾਅਨੇ ਘੱਟ ਹੀ ਰੱਖਦੀ ਹੈ ਕਿ ਔਰਤ ਦੇ ਸੰਘਰਸ਼ ਲਈ ਥਾਂ ਆਪਣੇ ਦੇਸ਼ ਦੀ ਹੈ ਜਾਂ ਵਿਦੇਸ਼ੀ। ਇਸ ਪੁਸਤਕ ਦਾ ਸਿਰਲੇਖ 'ਤੋਹਫ਼ਾ' ਜਿਸ ਕਹਾਣੀ ਤੋਂ ਲਿਆ ਗਿਆ ਹੈ, ਉਸ ਕਹਾਣੀ ਦਾ ਵਿਸ਼ਾ ਵੀ ਔਰਤ ਦੇ ਪੜ੍ਹੇ-ਲਿਖੇ ਹੋਣ ਕਾਰਨ ਉਸ ਦੇ ਸਮਾਜਿਕ ਰੁਤਬੇ ਦੀ ਤਬਦੀਲੀ ਨੂੰ ਰੇਖਾਂਕਿਤ ਕਰਦੀ ਹੈ। ਨਾਲ ਹੀ ਇਸ ਕਹਾਣੀ ਵਿੱਚ ਕਹਾਣੀਕਾਰਾ ਨੇ ਇਨਸਾਨੀ ਭਾਵੁਕਤਾ ਦੇ ਦੋ ਸਿਖ਼ਰਾਂ ਦੀ ਤਸਵੀਰਕਸ਼ੀ ਕੀਤੀ ਹੈ। ਸਾਰੀ ਕਹਾਣੀ ਵਿੱਚ ਬਲਬੀਰ ਅਤੇ ਨੀਰੂ ਦੇ ਸੰਬੰਧਾਂ ਦੀਆਂ ਸਮੀਕਰਨਾਂ ਪਾਠਕ ਦੇ ਜ਼ਿਹਨ ਵਿੱਚ ਸਾਰੇ ਸਿਸਟਮ ਪ੍ਰਤੀ ਕਈ ਸਵਾਲ ਖੜ੍ਹੇ ਕਰਦੀਆਂ ਹਨ। ਕਹਾਣੀ 'ਤਾਏ ਕੇ : ਚੋਰ ਉਚੱਕੇ ਨਹੀਂ' ਰਾਹੀਂ ਉਹ ਇਕ ਸਾਂਝੀ ਭਾਈਵਾਲਤਾ ਦਾ ਸੰਦੇਸ਼ ਦਿੰਦੀ ਹੈ ਅਤੇ ਇਕ ਸੱਭਿਆਚਾਰ ਦੀ ਤੁਲਨਾ ਵਿੱਚ ਦੂਸਰੇ ਸੱਭਿਆਚਾਰ ਦੇ ਆਯਾਮਾਂ ਨੂੰ ਸਥਾਪਤ ਕਰਦੀ ਹੈ। ਉਹ ਪੂਰਬੀ ਤੇ ਪੱਛਮੀ ਦੇਸ਼ਾਂ ਦੇ ਆਰਥਿਕ ਤੌਰ 'ਤੇ ਪੱਛੜੇ ਲੋਕਾਂ ਦੀ ਲਾਚਾਰੀ ਨੂੰ ਇਕੋ ਧਰਾਤਲ 'ਤੇ ਜਾਂਚਦੀ ਹੈ। 'ਗਰਮ ਪਾਣੀ' ਅਤੇ 'ਬਦਲਦੇ ਰਿਸ਼ਤੇ' ਕਹਾਣੀਆਂ ਵੀ ਜੀਵਨ ਦੀਆਂ ਇਹਨਾਂ ਆਰਥਿਕ ਥੋੜਾਂ ਨੂੰ ਵਿਸ਼ਾ ਬਣਾਉਂਦੀਆਂ ਕਹਾਣੀਆਂ ਹਨ।

ਕਹਾਣੀਆਂ 'ਕਨੇਡਾ ਦੀ ਟਿਕਟ', 'ਧੀ ਦਾ ਕਰਜ਼' ਅਤੇ 'ਮੈਂ, ਚੰਗੀ ਮਾਂ ਹਾਂ' ਇੱਕ ਪਾਸੇ ਜਿੱਥੇ ਪਿਤਰਕੀ ਸੋਚ ਦੀ ਤਸਵੀਰਕਸ਼ੀ ਕਰਦੀਆਂ ਹਨ, ਉੱਥੇ ਪਰਵਾਸੀ ਜੀਵਨ ਵਿੱਚ ਔਰਤ ਵੱਲੋਂ ਕੀਤੇ ਜਾ ਰਹੇ ਸੰਘਰਸ਼ ਦੀ ਹਾਮੀ ਵੀ ਭਰਦੀਆਂ ਹਨ। ਇਸ ਦੇ ਨਾਲ ਹੀ ਉਹ ਪੰਜਾਬੀ ਮਨਾਂ ਵਿੱਚੋਂ ਪੱਛਮੀ ਪ੍ਰਭਾਵ ਹੇਠ ਖ਼ਤਮ ਹੋ ਰਹੀ ਅਪਣੱਤ ਨੂੰ ਵੀ ਵਿਸ਼ਾ ਬਣਾਉਂਦੀਆਂ ਹਨ। ਕਹਾਣੀਕਾਰਾ ਦੀ ਉੱਤਮ ਪੁਰਖੀ ਬਿਰਤਾਂਤ ਵਿੱਚ ਕਹਾਣੀ ਰਚਨ ਦੀ ਵਿਲੱਖਣ ਕਹਾਣੀ ਕਲਾ ਇਸ ਸੰਗ੍ਰਹਿ ਦੀਆਂ ਕਈ ਕਹਾਣੀਆਂ ਵਿੱਚੋਂ ਉੱਭਰਦੀ ਹੈ, ਜਿਨ੍ਹਾਂ ਦਾ ਕਥਾਨਕ ਕਥਾ-ਤੱਤਾਂ ਨਾਲ ਸਜੇ ਹੋਣ ਕਾਰਨ ਸੰਸਮਰਣ ਵਿਧਾ-ਰੂਪ ਦਾ ਭੁਲੇਖਾ ਪਾਉਂਦੀਆਂ ਹਨ। ਅਜਿਹੀਆਂ ਕਹਾਣੀਆਂ ਵਿੱਚ 'ਨਵੀਂ ਜੁੱਤੀ', 'ਖੇਤ ਦੀ ਨੁੱਕਰ', 'ਗੁਨਾਹ' ਅਤੇ 'ਤਿੰਨ ਪੀੜ੍ਹੀਆਂ' ਜ਼ਿਕਰਯੋਗ ਹਨ। ਅੰਤ ਵਿੱਚ ਇਸ ਸਿੱਟੇ 'ਤੇ ਪੁੱਜਿਆ ਜਾ ਸਕਦਾ ਹੈ ਕਿ ਇਹ ਕਹਾਣੀਆਂ ਯਥਾਰਥਕ ਸ਼ੈਲੀ ਵਿੱਚ ਲਿਖੀਆਂ ਗਈਆਂ ਹਨ ਅਤੇ ਲੋਕਾਂ ਦੇ ਅਨੁਭਵਾਂ ਦੁਆਲੇ ਘੁੰਮਦੀਆਂ ਹਨ। ਪਰਵਾਸੀ ਜੀਵਨ ਦੀਆਂ ਮੁਸੀਬਤਾਂ ਅਤੇ ਮਸਲਿਆਂ ਦਾ ਚਿੱਤਰਣ ਮਨੋਵਿਗਿਆਨਕ ਸੂਝ ਨਾਲ ਕੀਤਾ ਗਿਆ ਹੈ ਅਤੇ ਕਹਾਣੀਕਾਰਾ ਦੀਆਂ ਕਲਾਤਮਿਕ ਛੋਹਾਂ ਇਹਨਾਂ ਕਹਾਣੀਆਂ ਨੂੰ ਵਿਲੱਖਣਤਾ ਪ੍ਰਦਾਨ ਕਰਦੀਆਂ ਹਨ। ਪਾਠਕਾਂ ਅਤੇ ਚਿੰਤਕਾਂ ਵੱਲੋਂ ਦੁਬਾਰਾ ਪ੍ਰਕਾਸ਼ਿਤ ਹੋਏ ਇਸ ਦੂਜੇ ਸੰਸਕਰਣ ਦੇ ਭਰਪੂਰ ਸਵਾਗਤ ਦੀ ਆਸ ਕੀਤੀ ਜਾਂਦੀ ਹੈ।

## ਮੁੱਠੀ ਭਰ ਸੁਪਨੇ

**ਪਰਵੇਜ਼ ਸੰਧੂ**
**ਪੰਨੇ: 120, ਮੁੱਲ : 295 ਰੁਪਏ**
**ਸਵੀਨਾ ਪਬਲੀਕੇਸ਼ਨ, ਕੈਲੀਫੋਰਨੀਆ**

ਪਰਵੇਜ਼ ਸੰਧੂ ਦਾ ਪਲੇਠਾ ਕਹਾਣੀ-ਸੰਗ੍ਰਹਿ ਮੁੱਠੀ ਭਰ ਸੁਪਨੇ 1997 ਵਿੱਚ ਪ੍ਰਕਾਸ਼ਿਤ ਹੋਇਆ ਸੀ। ਇਸ ਤੋਂ ਲੱਗਭਗ 30 ਸਾਲ ਬਾਅਦ ਇਸ ਦਾ ਦੂਸਰਾ ਐਡੀਸ਼ਨ ਪ੍ਰਕਾਸ਼ਿਤ ਹੋਇਆ ਹੈ। 12 ਕਹਾਣੀਆਂ 'ਤੇ ਆਧਾਰਿਤ ਇਸ ਕਹਾਣੀ-ਸੰਗ੍ਰਹਿ ਦੀਆਂ ਕਹਾਣੀਆਂ ਕਹਾਣੀਕਾਰਾ ਦੇ ਆਪਣੇ ਜੀਵਨ ਤਜਰਬਿਆਂ 'ਤੇ ਆਧਾਰਿਤ ਹਨ। ਪਰਵਾਸੀ ਜੀਵਨ ਵਿਚਲੇ ਸੰਘਰਸ਼, ਆਪਣੀ ਮੂਲ ਪਛਾਣ ਨੂੰ ਕਾਇਮ ਰੱਖਣਾ ਅਤੇ ਨਵੇਂ ਸਮਾਜ ਵਿੱਚ ਸਥਾਪਿਤ ਹੋ ਕੇ ਨਵੀਂ ਪਛਾਣ ਬਣਾਉਣਾ ਹੀ ਇਹਨਾਂ ਕਹਾਣੀਆਂ ਦਾ ਵਿਸ਼ਾ ਬਣਿਆ ਹੈ। ਇਹ ਸੱਚ ਹੈ ਕਿ ਅਜਿਹੀ ਕੋਸ਼ਿਸ਼ ਨਸਲੀ ਭੇਦ-ਭਾਵ, ਪੱਖਪਾਤ, ਸਭਿਆਚਾਰਕ ਵਰਜਣਾਵਾਂ ਜਾਂ ਸਮਾਜਿਕ ਵੱਖਰਤਾਵਾਂ ਕਾਰਨ ਪ੍ਰਭਾਵਿਤ ਹੁੰਦੀ ਹੈ। ਇਹਨਾਂ ਵਰਤਾਰਿਆਂ ਕਾਰਨ ਇਕ ਪਾਸੇ ਜਿਥੇ ਸੰਬੰਧਤ ਵਿਅਕਤੀ ਦਾ ਸਵੈ-ਵਿਸ਼ਵਾਸ ਪ੍ਰਭਾਵਿਤ ਹੁੰਦਾ ਹੈ, ਉਥੇ ਇਹ ਅੰਤਰ ਮਨੋ ਸੰਤਾਪ ਦਾ ਕਾਰਨ ਵੀ ਬਣਦਾ ਹੈ। ਇਸੇ ਮਨੋ ਸੰਤਾਪ ਨੂੰ ਪਰਵੇਜ਼ ਸੰਧੂ ਨੇ ਆਪਣੀਆਂ ਕਹਾਣੀਆਂ ਵਿੱਚ ਕੇਂਦਰ ਵਜੋਂ ਵਰਤਿਆ ਹੈ। ਇਸ ਸੰਗ੍ਰਹਿ ਦੀ ਪਹਿਲੀ ਕਹਾਣੀ 'ਮੇਰੀ ਲੂੰਬੜੀ' ਵਿੱਚ ਕਹਾਣੀਕਾਰਾਂ ਨੇ ਇਹ ਦਰਸਾਇਆ ਹੈ ਕਿ ਭਾਰਤੀ ਮੂਲ ਦੇ ਨਾਗਰਿਕ ਇਹਨਾਂ ਵਿਕਸਿਤ ਦੇਸ਼ਾਂ ਵਿੱਚ ਰਹਿ ਕੇ ਵੀ ਆਪਣੀ ਮਾਨਸਿਕਤਾ ਤੋਂ ਬਾਹਰ ਨਿਕਲ ਸਕਦੇ ਅਤੇ ਪੱਛਮੀ ਪ੍ਰਭਾਵ ਹੇਠ ਪਲ ਰਹੀ ਉਹਨਾਂ ਦੀ ਔਲਾਦ ਜੀਵਨ ਦੀਆਂ ਖੁੱਲ੍ਹਾਂ ਨੂੰ ਮਾਨਣਾ ਚਾਹੁੰਦੀ ਹੈ ਪਰ ਦੇਸੀ ਮਾਨਸਿਕਤਾ ਉਹਨਾਂ ਵਰਜਨਾਵਾਂ ਨੂੰ ਕਬੂਲ ਕਰਨ ਵਿੱਚ ਔਖਿਆਈ ਮਹਿਸੂਸ ਕਰਦੀ ਹੈ। ਕਹਾਣੀ 'ਸੌਂਕਣ' ਜਿੱਥੇ ਇੱਕ ਪਾਸੇ ਅਣਜੋੜ ਵਿਆਹ ਦੀ ਦਾਸਤਾਨ ਹੈ ਉਥੇ ਦੂਸਰੇ ਪਾਸੇ ਇਕ ਔਰਤ ਵੱਲੋਂ ਆਪਣੇ ਮਤਰਏ ਪੁੱਤ ਦਾ ਯੌਨ-ਸ਼ੋਸ਼ਣ ਕਰਨ ਦੀ ਕਹਾਣੀ ਹੈ। 'ਕੰਤਮਨੀ' ਕਹਾਣੀ ਮਾਨਵਵਾਦੀ ਜ਼ਾਵੀਏ ਤੋਂ ਲਿਖੀ ਕਹਾਣੀ ਹੈ ਜਿਸ ਵਿੱਚ ਔਰਤ ਮਰਦ ਸਬੰਧਾਂ ਨੂੰ ਵੱਖਰੇ ਸਮੀਕਰਨਾਂ ਰਾਹੀਂ ਪੇਸ਼ ਕੀਤਾ ਗਿਆ ਹੈ। ਇਸ ਪੁਸਤਕ ਦੀ ਭੂਮਿਕਾ ਵਿੱਚ ਡਾ. ਤੇਜਵੰਤ ਗਿੱਲ ਨੇ ਵੀ ਇਹ ਗੱਲ ਮੰਨੀ ਹੈ ਕਿ ਇਸ ਕਹਾਣੀ ਵਿੱਚ ਕਹਾਣੀਕਾਰਾ ਪਰਵੇਜ਼ ਸੰਧੂ ਨੇ ਇਹਨਾਂ ਸੰਬੰਧਾਂ ਨੂੰ ਕਾਮੁਕ ਦੀ ਥਾਂ ਭਾਵੁਕ ਸੰਬੰਧ ਬਣਾ ਕੇ ਪੇਸ਼ ਕੀਤਾ ਹੈ। ਪੇਸ਼ਕਾਰੀ ਦੀ ਇਸ ਕਲਾ ਵਿੱਚ ਹੀ ਕਹਾਣੀਕਾਰਾ ਦੀ ਵੱਡੀ ਪ੍ਰਾਪਤੀ ਹੈ। 'ਹਨੇਰੇ ਦਾ ਪਿੰਡਾ' ਅਤੇ 'ਧੁਆਂਖੇ ਸ਼ੀਸ਼ੇ' ਮਨੋਵਿਗਿਆਨਿਕ ਨਜ਼ਰੀਏ ਤੋਂ ਲਿਖੀਆਂ ਕਹਾਣੀਆਂ ਹਨ। ਪਹਿਲੀ ਕਹਾਣੀ ਜਿੱਥੇ ਔਰਤ ਮਨ ਦੇ ਅੰਦਰਲੇ ਡਰ ਅਤੇ ਭਵਿੱਖ ਦੀ ਚਿੰਤਾ ਨੂੰ ਪੇਸ਼ ਕਰਦੀ ਹੈ ਉੱਥੇ ਦੂਜੀ ਕਹਾਣੀ ਪਰਵਾਸੀ ਜੀਵਨ ਦੀਆਂ ਪ੍ਰਚੱਲਿਤ ਗੀਤਾਂ ਨੂੰ ਨਾਮ ਮੰਨਣ ਵਾਲੀ ਮਾਨਸਿਕਤਾ ਨੂੰ ਚਿਤਰਿਤ ਕਰਦੀ ਹੈ। 'ਧੀਆਂ' ਕਹਾਣੀ ਵਿੱਚ ਕਹਾਣੀਕਾਰਾ ਨੇ ਸਾਡੇ ਸਮਾਜ ਵਿੱਚ ਪ੍ਰਚਲਿਤ ਇੱਕ ਅਜਿਹੀ ਸਮਾਜਿਕ ਸਮੱਸਿਆ ਨੂੰ ਚੁੱਕਿਆ ਹੈ ਜਿਸ ਦਾ ਕਾਰਨ ਸਾਡੀ ਪਿਤਰਕੀ ਸੋਚ ਅਤੇ ਰਵਾਇਤੀ ਮਾਨਸਿਕਤਾ ਅਨੁਸਾਰ ਪੁੱਤਰ ਪ੍ਰਾਪਤੀ ਦੀ ਆਸ ਵਿੱਚ ਕਈ ਧੀਆਂ ਦੀ ਬਲੀ ਦੇਣ ਨੂੰ ਸਹੀ ਮੰਨਿਆ ਜਾਂਦਾ ਹੈ। ਕਹਾਣੀਆਂ 'ਬਲੀ', 'ਸਵਰਗ', 'ਚੱਕੀ ਦੇ ਪੁੜ' ਅਤੇ 'ਗੁਆਚ ਰਹੇ ਲੋਕ' ਵੀ ਇਸ ਸੰਗ੍ਰਹਿ ਦੀਆਂ ਜ਼ਿਕਰਯੋਗ ਕਹਾਣੀਆਂ ਹਨ। ਪੁਸਤਕ ਦੇ ਸਿਰਲੇਖ ਵਾਲੀ ਕਹਾਣੀ 'ਮੁੱਠੀ ਭਰ ਸੁਪਨੇ' ਇਸ ਸੰਗ੍ਰਹਿ ਦੀਆਂ ਉਤਮ ਕਹਾਣੀਆਂ ਵਿਚੋਂ ਇਕ ਸਿੱਧ ਹੁੰਦੀ ਹੈ। ਇਸ ਕਹਾਣੀ ਦਾ ਵਿਸ਼ਾ ਭਾਵੇਂ ਪਰਵਾਸੀ ਜੀਵਨ ਦੀਆਂ ਮੁਸ਼ਕਲਾਂ ਅਤੇ ਸੰਘਰਸ਼ ਹਨ ਪਰ ਕਹਾਣੀਕਾਰਾ ਦੁਆਰਾ ਵਰਤੀਆਂ ਕਥਾ ਜੁਗਤਾਂ ਇਸ ਰਚਨਾ ਨੂੰ ਵਿਲੱਖਣ ਬਣਾਉਂਦੀਆਂ ਹਨ। ਇਸ ਵਿਸ਼ਲੇਸ਼ਣ ਤੋਂ ਬਾਅਦ ਇਸ ਸਿੱਟੇ ਤੇ ਪੁੱਜਿਆ ਜਾ ਸਕਦਾ ਹੈ ਕਿ ਇਹ ਪੁਸਤਕ ਪਰਵਾਸੀ ਜੀਵਨ ਜਿਉਂਦਿਆਂ ਸੱਭਿਆਚਾਰਕ ਵੱਖਰੇਵਿਆਂ ਅਤੇ ਵਰਜਨਾਵਾਂ ਨੂੰ ਬਾਖੂਬੀ ਬਿਆਨ ਕਰਦੀ ਹੈ। ਪਾਠਕਾਂ ਵੱਲੋਂ ਇਸ ਦੇ ਸਵਾਗ਼ਤ ਦੀ ਆਸ ਕੀਤੀ ਜਾਂਦੀ ਹੈ।




## ਜਾ ਕੋ ਰਾਖੇ ਸਾਈਆਂ

**(ਕਹਾਣੀ-ਸੰਗ੍ਰਹਿ)**
**ਇੰਦਰਜੀਤ ਕੌਰ ਧਾਲੀਵਾਲ**
**ਪੰਨੇ : 120, ਮੁੱਲ : 275 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਜਾ ਕੋ ਰਾਖੇ ਸਾਈਆਂ ਇੰਦਰਜੀਤ ਕੌਰ ਧਾਲੀਵਾਲ ਦਾ ਕਹਾਣੀ-ਸੰਗ੍ਰਹਿ ਹੈ ਜਿਸ ਦਾ ਪਹਿਲਾ ਸੰਸਕਰਣ 2020 ਵਿੱਚ ਪ੍ਰਕਾਸ਼ਿਤ ਹੋਇਆ ਸੀ। ਉਸ ਤੋਂ ਛੇ ਸਾਲ ਬਾਅਦ ਇਸ ਪੁਸਤਕ ਦਾ ਦੂਜਾ ਸੰਸਕਰਣ ਪ੍ਰਕਾਸ਼ਿਤ ਹੋਇਆ ਹੈ। ਇਹ ਕਹਾਣੀ-ਸੰਗ੍ਰਹਿ 24 ਕਹਾਣੀਆਂ 'ਤੇ ਆਧਾਰਿਤ ਹੈ ਜਿਨ੍ਹਾਂ ਵਿੱਚ ਕੁਝ ਕਹਾਣੀਆਂ ਲੋਕ ਸਿਆਣਪਾਂ ਤੇ ਅਧਾਰਿਤ ਹਨ, ਕੁਝ ਨਿਜੀ ਅਨੁਭਵਾਂ 'ਤੇ ਪਰ ਇਸ ਪੁਸਤਕ ਵਿੱਚਲੀਆਂ ਬਹੁਤੀਆਂ ਕਹਾਣੀਆਂ ਪੰਜਾਬੀ ਜਨ ਜੀਵਨ ਦੇ ਪ੍ਰਚਲਿਤ ਮਸਲਿਆਂ ਨੂੰ ਮੁਖ ਵਿਸ਼ੇ ਵਜੋਂ ਲੈ ਕੇ ਲਿਖੀਆਂ ਗਈਆਂ ਹਨ। ਕੁਝ ਕਹਾਣੀਆਂ ਨੂੰ ਛੱਡ ਬਾਕੀ ਕਹਾਣੀਆਂ ਮਿੰਨੀ ਕਹਾਣੀ ਰੂਪ ਦੇ ਜ਼ਿਆਦਾ ਨੇੜੇ ਹਨ। ਇਹਨਾਂ ਕਹਾਣੀਆਂ ਦੀ ਬਣਤਰ ਨੂੰ ਵਿਚਾਰਿਆ ਜਾਵੇ ਤਾਂ ਕਹਾਣੀ ਦੀ ਸ਼ੁਰੂਆਤ ਵਿੱਚ ਕਹਾਣੀਕਾਰਾ ਪਹਿਲਾਂ ਉਸ ਖਿਆਲ, ਉਸ ਵਿਸ਼ੇ ਨੂੰ ਕਲਮਬੱਧ ਕਰਦੀ ਹੈ ਜਿਸ ਬਾਰੇ ਉਹ ਕਹਾਣੀ ਲਿਖਣ ਜਾ ਰਹੀ ਹੈ। ਕੁਝ ਕੁ ਸ਼ਬਦਾਂ ਵਿੱਚ ਉਸ ਦਾ ਵਰਨਣ ਕਰਕੇ ਫਿਰ ਅਸਲੀ ਕਹਾਣੀ ਦਾ ਬਿਰਤਾਂਤ ਸ਼ੁਰੂ ਹੁੰਦਾ ਹੈ। ਪੁਸਤਕ ਦੀਆਂ ਪਹਿਲੀਆਂ ਕਹਾਣੀਆਂ 'ਥਾਣੇਦਾਰ', 'ਵਿਦਾਇਗੀ' ਅਤੇ 'ਕਾਹਲ਼ੀ ਦਾ ਫਲ਼' ਦਾਦੀ-ਨਾਨੀ ਤੋਂ ਸੁਣੀਆਂ ਬਾਤਾਂ ਅਤੇ ਦੰਤ ਕਥਾਵਾਂ ਵਰਗੀਆਂ ਹਨ। ਇਹ ਕਹਾਣੀਆਂ ਜਿਵੇਂ ਪਾਠਕ ਨੂੰ ਨੈਤਿਕ ਕਦਰਾਂ ਕੀਮਤਾਂ ਸਿਖਾਉਣ ਲਈ ਹੀ ਲਿਖੀਆਂ ਗਈਆਂ ਹਨ। ਇਹਨਾਂ ਵਿੱਚ ਲੋੜ ਅਨੁਸਾਰ ਅਲੌਕਿਕ ਅਤੇ ਜਾਦੂਈ ਤੱਤ ਵੀ ਸ਼ਾਮਲ ਕੀਤੇ ਗਏ ਹਨ ਜੋ ਇਹਨਾਂ ਕਹਾਣੀਆਂ ਨੂੰ ਲੋਕ ਕਥਾਵਾਂ ਦੇ ਵਰਗਾ ਸਿੱਧ ਕਰਦੇ ਹਨ। ਇਸੇ ਤਰ੍ਹਾਂ ਕਹਾਣੀ 'ਤੁਬਕਾ' ਵੀ ਲੋਕ ਸਿਆਣਪ 'ਤੇ ਆਧਾਰਿਤ ਨੈਤਿਕ ਕਦਰਾਂ ਕੀਮਤਾਂ ਦਾ ਪਾਠ ਪੜ੍ਹਾਉਣ ਵਾਲੀ ਕਹਾਣੀ ਹੈ। 'ਸਿਸਕਦੀ ਲਾਸ਼' ਇਸ ਸੰਗ੍ਰਹਿ ਦੀ ਆਕਾਰ ਪੱਖੋਂ ਸਭ ਤੋਂ ਵੱਡੀ ਕਹਾਣੀ ਹੈ ਜੋ ਇਕ ਅਨਾਥ ਕੁੜੀ ਦੁਆਰਾ ਉਸ ਦੀ ਜ਼ਿੰਦਗੀ ਵਿੱਚ ਹੰਢਾਏ ਦੁੱਖਾਂ ਦੀ ਕਹਾਣੀ ਹੈ। 'ਤੂੰ ਤੇ ਸੌਂ ਗਈ ਗੂੜ੍ਹੀ ਨੀਂਦ' ਵੀ ਮਾਂ ਨੂੰ ਯਾਦ ਕਰਦੀ ਧੀ ਦੀ ਕਹਾਣੀ ਹੈ। ਇਸ ਤੋਂ ਇਲਾਵਾ ਇਸ ਕਹਾਣੀ-ਸੰਗ੍ਰਹਿ ਦੀਆਂ ਬਾਕੀ ਕਹਾਣੀਆਂ ਆਕਾਰ ਪੱਖੋਂ ਮਿੰਨੀ ਕਹਾਣੀਆਂ ਹੀ ਹਨ ਪਰ ਜ਼ਿਆਦਾਤਰ ਕਹਾਣੀਆਂ ਕਹਾਣੀਕਾਰਾ ਦੇ ਨਿੱਜੀ ਅਨੁਭਵਾਂ ਨੂੰ ਕਲਮਬੱਧ ਕਰਨ ਲਈ ਲਿਖੀਆਂ ਗਈਆਂ ਹਨ। ਉਹਨਾਂ ਵਿੱਚ ਮਿੰਨੀ ਕਹਾਣੀ ਵਾਲਾ ਵਿਅੰਗ ਜਾਂ ਕਟਾਕਸ਼ ਵੀ ਨਜ਼ਰ ਨਹੀਂ ਆਉਂਦਾ। ਇਹਨਾਂ ਕਹਾਣੀਆਂ ਨੂੰ ਰਚਨ ਵੇਲੇ ਕਹਾਣੀਕਾਰਾ ਦਾ ਲੇਖਣ ਢੰਗ ਸੰਬੋਧਨੀ ਸੁਰ ਵਾਲਾ ਹੈ ਜਿਵੇਂ ਉਹ ਕਿਸੇ ਨੂੰ ਕਹਾਣੀ ਸੁਣਾ ਰਹੀ ਹੋਵੇ। ਇਸ ਢੰਗ ਨਾਲ ਇਹ ਕਹਾਣੀ-ਸੰਗ੍ਰਹਿ ਕਿਸੇ ਇੱਕ ਤਰ੍ਹਾਂ ਦੀਆਂ ਕਹਾਣੀਆਂ ਦਾ ਨਹੀਂ ਸਗੋਂ ਵੱਖ-ਵੱਖ ਤਰਾਂ ਦੀਆਂ ਕਹਾਣੀਆਂ ਦਾ ਸੰਗ੍ਰਹਿ ਸਾਬਿਤ ਹੁੰਦਾ ਹੈ। ਆਸ ਹੈ ਪਾਠਕਾਂ ਵੱਲੋਂ ਇਸ ਨੂੰ ਪਸੰਦ ਕੀਤਾ ਜਾਵੇਗਾ




## ਚਿੜੀ ਵਿਚਾਰੀ ਕੀ ਕਰੇ

**(ਕਹਾਣੀਆਂ)**
**ਮਨਧੀਰ ਸਿੰਘ ਦਿਓਲ**
**ਪੰਨੇ : 94, ਮੁੱਲ : 300 ਰੁਪਏ**
**ਸ਼ਿਲਾਲੇਖ ਪਬਲੀਸ਼ਰਜ਼, ਦਿੱਲੀ**

ਪੱਤਰਕਾਰੀ ਖੇਤਰ ਨਾਲ ਸੰਬੰਧਤ ਕਵੀ ਦਿਓਲ ਦੇ ਪੁੱਤਰ ਮਨਧੀਰ ਸਿੰਘ ਦਿਓਲ ਨੇ ਆਪਣੀ ਕਥਾ ਪੁਸਤਕ 'ਚਿੜੀ ਵਿਚਾਰੀ ਕੀ ਕਰੇ' ਨਾਲ ਕਹਾਣੀ ਖੇਤਰ ਵਿੱਚ ਕਦਮ ਰੱਖਿਆ ਹੈ। ਹੱਥਲੀ ਪੁਸਤਕ ਦੀਆਂ 16 ਕਹਾਣੀਆਂ ਅਸਲ ਵਿੱਚ ਲੇਖਕ ਦੇ ਨਿੱਜੀ ਤਜਰਬੇ ਹਨ। ਉਹ ਆਪਣੇ ਆਸ-ਪਾਸ ਜਦ ਵੀ ਕੋਈ ਅਜਿਹੀ ਘਟਨਾ ਵੇਖਦਾ ਹੈ, ਜੋ ਉਸ ਦੇ ਸੰਵੇਦਨਸ਼ੀਲ ਜ਼ਿਹਨ ਨੂੰ ਹਲੂਣਦੀ ਹੈ ਤਾਂ ਉਹ ਉਸ ਘਟਨਾ ਨੂੰ ਕਥਾ ਦੇ ਰੂਪ ਵਿੱਚ ਸਿਰਜ ਦਿੰਦਾ ਹੈ। ਇਸ ਕਾਰਜ ਲਈ ਉਹ ਸੰਕੇਤਾਂ ਨੂੰ ਵਰਤਦੇ ਹੋਏ ਕਾਗ਼ਜ਼ ਕਲਮ ਦੀ ਮਦਦ ਨਾਲ ਇੱਕ ਸਿਰਜਨਾਤਮਕ ਕਿਰਤ ਪਾਠਕ ਦੇ ਸਾਹਮਣੇ ਪੇਸ਼ ਕਰਦਾ ਹੈ। ਕਹਾਣੀ ਦੇ ਤੱਤਾਂ ਅਤੇ ਬਿਰਤਾਂਤ ਸ਼ਾਸਤਰੀ ਪਰਿਪੇਖ ਨੂੰ ਅਣਗੌਲਿਆਂ ਕਰਕੇ ਅਸੀਂ ਇਹਨਾਂ ਕਥਾਵਾਂ ਵਿਚਲਾ ਕੇਂਦਰੀ ਤੱਤ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਇਹ ਕਹਾਣੀਆਂ ਸਮਾਜ ਦਾ ਕੋਝਾ ਰੂਪ ਪਾਠਕ ਸਾਹਮਣੇ ਪੇਸ਼ ਕਰਦੀਆਂ ਹਨ। ਕਹਾਣੀਕਾਰ ਜਿੱਥੇ ਕਹਾਣੀ 'ਚਿੜੀ ਵਿਚਾਰੀ ਕੀ ਕਰੇ' ਕੁੜੀਆਂ ਦੇ ਦੁੱਖਾਂ ਨੂੰ ਚਿੜੀਆਂ ਦੁਆਰਾ ਸਹੀਆਂ ਜਾਂਦੀਆਂ ਯਾਤਨਾਵਾਂ ਦੇ ਆਧਾਰ 'ਤੇ ਪੇਸ਼ ਕਰਦਾ ਹੈ, ਉੱਥੇ 'ਫੁੱਲਾਂ ਦਾ ਹਾਸਾ' ਕਹਾਣੀ ਵਿੱਚ ਫੁੱਲਾਂ ਨੂੰ ਹੱਸਦੇ ਘਰਾਂ ਵਿਚ ਵੱਸਦੇ ਘਰਾਂ ਦੇ ਜੀਆਂ ਵਾਂਗ ਉਲੀਕਦਾ ਹੈ। ਇਸੇ ਤਰ੍ਹਾਂ 'ਜਾਲੇ' ਕਹਾਣੀ ਵਿੱਚ ਵੀ ਉਸ ਨੇ ਜਾਲਿਆਂ ਨੂੰ ਆਧਾਰ ਬਣਾ ਕੇ ਵੱਸਦੇ ਘਰਾਂ ਨੂੰ ਇਕੱਲਤਾ ਝੱਲ ਰਹੇ ਘਰਾਂ ਦੀ ਤੁਲਨਾ ਵਿੱਚ ਸਥਾਪਤ ਕੀਤਾ ਹੈ। ਕਹਾਣੀ 'ਆਪਣੇ ਹੱਥੀਂ' ਵਿੱਚ ਕਹਾਣੀਕਾਰ ਨੇ ਆਪਣੇ ਹੱਥੀਂ ਕੀਤੇ ਕੰਮ ਅਤੇ ਆਪ ਬਣਾਈਆਂ ਵਸਤਾਂ ਨਾਲ ਜੁੜੇ ਮਨ ਦੇ ਅਹਿਸਾਸਾਂ ਨੂੰ ਸ਼ਬਦ ਦੇਣ ਦੀ ਕੋਸ਼ਿਸ਼ ਕੀਤੀ ਹੈ ਤੇ ਕਹਾਣੀ 'ਖੇਡ 'ਚ ਖੇਡ' ਵਿੱਚ ਕਬੱਡੀ ਖੇਡ ਨਾਲ ਜੁੜੀਆਂ ਪੇਂਡੂ ਰਿਵਾਇਤਾਂ ਨੂੰ ਪਿੰਡ ਵੱਸਦੇ ਲੋਕਾਂ ਦੀ ਆਧੁਨਿਕਤਾ ਤੋਂ ਦੂਰ ਵੱਸਦੀ ਜ਼ਿੰਦਗੀ ਨਾਲ ਤੁਲਨਾਇਆ ਹੈ।




ਕਹਾਣੀਆਂ 'ਫਾਹੇ ਦੀ ਲੱਕੜੀ' ਵੀ ਆਧੁਨਿਕਤਾ ਪਿੱਛੇ ਭੱਜਦੇ ਪਾਤਰਾਂ ਦੀ ਕਹਾਣੀ ਹੈ ਤੇ ਕਹਾਣੀ 'ਬੱਸ ਦਾ ਸਫ਼ਰ' ਵੀ ਵੱਡੀ ਉਮਰੇ ਇੱਕ ਖਾਲੀਪਣ ਅਤੇ ਇਕੱਲਤਾ ਦੇ ਅਹਿਸਾਸ ਨੂੰ ਕੇਂਦਰ ਵਿੱਚ ਰੱਖ ਕੇ ਲਿਖੀ ਗਈ ਕਹਾਣੀ ਹੈ। ਇਹਨਾਂ ਤੋਂ ਇਲਾਵਾ ਮਹਾਂਨਗਰਾਂ ਦੀ ਜ਼ਿੰਦਗੀ ਅਤੇ ਸਮਾਜ ਦੇ ਹੋਰਨਾਂ ਸਮਕਾਲੀ ਮਸਲਿਆਂ ਨੂੰ ਦਰਸਾਉਂਦੀਆਂ ਕਹਾਣੀਆਂ 'ਛੁੱਟੀ', 'ਸਿਲੀਆਂ ਅੱਖਾਂ', 'ਇਲਾਕੇ ਦਾ ਬੰਦਾ', 'ਪੰਜ ਰੁਪਏ', 'ਮੈਕਸ' ਅਤੇ 'ਨੈਪਕਿਨ' ਵੀ ਮਹੱਤਵਪੂਰਨ ਕਹਾਣੀਆਂ ਹਨ। ਇਸ ਢੰਗ ਨਾਲ ਕਹਾਣੀਕਾਰ ਨੇ ਆਧੁਨਿਕ ਸਮਾਜ ਦੇ ਵਿਸ਼ਿਆਂ ਨੂੰ ਆਪਣੀ ਵਿਲੱਖਣ ਸ਼ੈਲੀ ਵਿੱਚ ਪੇਸ਼ ਕੀਤਾ ਹੈ। ਭਵਿੱਖ ਵਿੱਚ ਕਹਾਣੀਕਾਰ ਤੋਂ ਹੋਰ ਪੁਖ਼ਤਾ ਰਚਨਾਵਾਂ ਦੀ ਆਸ ਕੀਤੀ ਜਾ ਸਕਦੀ ਹੈ ਜੋ ਕਹਾਣੀ ਤੱਤ ਅਤੇ ਕਹਾਣੀ ਰਸ ਦੇ ਹਿਸਾਬ ਨਾਲ ਕਹਾਣੀ ਦੇ ਸਿਧਾਂਤਵਾਦੀ ਚੋਖਟੇ ਵਿੱਚ ਵੀ ਫਿੱਟ ਬੈਠਣ।

## ਅਣਕਹੀਆਂ ਕਹਾਣੀਆਂ

**(ਕਹਾਣੀ-ਸੰਗ੍ਰਹਿ)**
**ਗੁਰਚਰਨ ਸਿੰਘ ਹੰਸਰਾ**
**ਪੰਨੇ : 175, ਮੁੱਲ : 325 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਅਣਕਹੀਆਂ ਕਹਾਣੀਆਂ ਸਿਰਲੇਖ ਹੇਠ ਗੁਰਚਰਨ ਸਿੰਘ ਹੰਸਰਾ ਦੀ ਪੁਸਤਕ ਪ੍ਰਕਾਸ਼ਿਤ ਹੋਈ ਹੈ ਜਿਸ ਨੂੰ ਲੇਖਕ ਨੇ ਕਹਾਣੀ ਵਿਧਾ ਰੂਪ ਕਿਹਾ ਹੈ। ਇਸ ਪੁਸਤਕ ਵਿੱਚ ਉਸਨੇ ਛੇ ਦਰਜਨ ਦੇ ਕਰੀਬ ਰਚਨਾਵਾਂ ਸ਼ਾਮਿਲ ਕੀਤੀਆਂ ਹਨ ਪਰ ਇਹ ਰਚਨਾਵਾਂ ਕਹਾਣੀ ਵਿਧਾ ਰੂਪ ਦੇ ਚੌਖਟੇ ਵਿੱਚ ਫਿੱਟ ਨਹੀਂ ਹੁੰਦੀਆਂ। ਇਹ ਤਾਂ ਲੇਖਕ ਦੇ ਮਨ ਆਈਆਂ ਉਹ ਗੱਲਾਂ ਅਤੇ ਵਿਚਾਰ ਹਨ ਜਿਨ੍ਹਾਂ ਨੂੰ ਉਸਨੇ ਮਹੱਤਵਪੂਰਨ ਸਮਝਿਆ। ਉਸ ਨੇ ਆਮ ਜ਼ਿੰਦਗੀ ਦੇ ਅਨੁਭਵਾਂ ਨੂੰ ਵੱਖ-ਵੱਖ ਸਿਰਲੇਖਾਂ ਹੇਠ ਲਿਖਿਆ ਹੈ ਅਤੇ ਇਹ ਅਨੁਭਵ ਕਹਾਣੀ ਦੀ ਸਿਰਜਣ ਪ੍ਰਕਿਰਿਆ ਵਿੱਚੋਂ ਲੰਘ ਕੇ ਕਹਾਣੀ ਬਣਨ ਦੇ ਯੋਗ ਹੋ ਸਕਦੇ ਹਨ। ਇਹਨਾਂ ਰਚਨਾਵਾਂ ਵਿੱਚ ਉਹ ਆਪਣੇ ਬਸ ਸਫ਼ਰ, ਰੇਲ ਸਫ਼ਰ ਦੇ ਤਜਰਬੇ ਲਿਖਦਾ ਹੈ, ਉਹ ਸਾਬਣ ਨਾਲ, ਹਵਾ ਨਾਲ, ਕੇਤਲੀ ਨਾਲ਼ ਅਤੇ ਕੁੱਤੇ ਆਦਿ ਸੰਵਾਦ ਰਚਾਉਂਦਾ ਹੈ। ਉਦਾਹਰਣ ਵਜੋਂ ਉਹ ਇਕ ਪਾਠ 'ਫ਼ਰਿਆਦੀ ਵਸਤਾਂ' ਵਿੱਚ ਉਹ ਮਨੁੱਖ ਦੀਆਂ ਸ਼ਿਕਾਇਤਾਂ ਕਰ ਰਹੀਆਂ ਕੁਝ ਵਸਤਾਂ ਦੀ ਗੱਲ ਬਾਤ ਨੂੰ ਵਿਸ਼ਾ ਬਣਾਉਂਦਾ ਹੈ। ਉਹ ਖ਼ਾਸ ਢੰਗ ਨਾਲ ਹਲਦੀ, ਕੱਚ, ਜੁੱਤੀ, ਪਜਾਮਾ ਅਤੇ ਕੰਡਾ ਦੇ ਸੰਵਾਦ ਕਲਮਬੱਧ ਕਰਦਾ ਹੈ ਕਿ ਮਨੁੱਖ ਉਹਨਾਂ 'ਤੇ ਕਿਵੇਂ ਤੋਹਮਤਾਂ ਲਗਾਉਂਦਾ ਹੈ ਜਦ ਕਿ ਇਸ ਸਾਰੇ ਵਿੱਚ ਉਹਨਾਂ ਦੀ ਕੋਈ ਗ਼ਲਤੀ ਨਹੀਂ ਹੁੰਦੀ। ਇਥੇ ਇਹ ਵੀ ਸੱਚ ਹੈ ਕਿ ਇਹ ਸ਼ਿਕਾਇਤਾਂ ਕੋਈ ਇੰਨੀਆਂ ਵੱਡੀਆਂ ਵੀ ਨਹੀਂ ਹਨ ਪਰ ਲੇਖਕ ਨੇ ਇਹਨਾਂ ਵਸਤਾਂ ਦੇ ਦੁੱਖ ਨੂੰ ਵੱਡਾ ਵਿਸ਼ਾ ਬਣਾ ਕੇ ਪੇਸ਼ ਕੀਤਾ ਹੈ।




ਇਸ ਦੇ ਨਾਲ਼ ਹੀ ਲੇਖਕ ਇਹਨਾਂ ਰਚਨਾਵਾਂ ਵਿੱਚ ਆਪਣੇ ਦੁਆਲੇ ਵਿਚਰਦੀਆਂ ਘਟਨਾਵਾਂ ਅਤੇ ਪਾਤਰਾਂ ਬਾਰੇ ਅਨੁਭਵ ਸਾਂਝੇ ਕਰਦਾ ਹੈ। ਉਹ ਇਸ ਪੁਸਤਕ ਵਿੱਚ ਗ਼ਰੀਬਾਂ ਤੇ ਲੋੜਵੰਦਾਂ ਦੇ ਸੰਘਰਸ਼ਾਂ ਬਾਰੇ ਦੱਸਦਾ ਹੋਇਆ ਦਾਨ ਪੁੰਨ ਕਰਨ ਵਾਲੇ ਭਲੇ ਵਿਅਕਤੀਆਂ ਦੀ ਗੱਲ ਵੀ ਸੁਣਾਉਂਦਾ ਹੈ। ਉਹ ਮਜ਼ਾਹੀਆ ਅੰਦਾਜ਼ ਵਿੱਚ ਗੱਲ ਕਰਦਿਆਂ ਇਸ ਸਮਾਜ ਦੇ ਰਸਮ ਰਿਵਾਜ਼, ਤਿਉਹਾਰ, ਲੋਕਾਚਾਰੀ, ਭਾਈਚਾਰਕ ਸਾਂਝ ਅਤੇ ਲੋਕ ਮਾਨਸਿਕਤਾ ਆਦਿ ਨੂੰ ਵੀ ਵਿਸ਼ਾ ਬਣਾਉਂਦਾ ਹੈ। ਇਸ ਪੁਸਤਕ ਵਿੱਚ ਰਚਨਾਵਾਂ ਦੀ ਗਿਣਤੀ ਵੱਧ ਹੋਣ ਕਾਰਨ ਲੇਖਕ ਨੇ ਕਈ ਮਹੱਤਵਪੂਰਨ ਵਿਸ਼ਿਆਂ ਨੂੰ ਇਹਨਾਂ ਰਚਨਾਵਾਂ ਵਿੱਚ ਸ਼ਾਮਲ ਕੀਤਾ ਹੈ। ਇਸ ਢੰਗ ਨਾਲ਼ ਇਹ ਪੁਸਤਕ ਕਹਾਣੀ ਪੁਸਤਕ ਨਾ ਹੁੰਦੇ ਹੋਏ ਵੀ ਪੰਜਾਬੀ ਰਹਿਤਲ ਨਾਲ਼ ਸੰਬੰਧਤ ਹੋਣ ਕਾਰਨ ਮਹੱਤਵਪੂਰਨ ਹੈ।

# ਪੰਜਾਬ 'ਵਰਸਿਟੀ ਦੀ ਸੈਨੇਟ ਚੋਣ ਤੇ ਡਾ. ਸੁਖਦੇਵ ਸਿਰਸਾ ਦੀ ਦਾਅਵੇਦਾਰੀ

ਕੁਲਦੀਪ ਸਿੰਘ ਦੀਪ (ਡਾ.)

ਅੱਜ ਦੇ ਦੌਰ ਵਿਚ ਚੋਣਾਂ ਵਿਅਕਤੀਆਂ ਦੀ ਨਹੀਂ, ਬਿਰਤਾਂਤਾਂ ਦੀਆਂ ਹਨ। ਜਦੋਂ ਦਾ ਕਾਰਪੋਰੇਟ ਮੀਡੀਆ, ਸਿਆਸੀ ਮੀਡੀਆ, ਸੋਸ਼ਲ ਮੀਡੀਆ ਅਤੇ ਐਲਗੋਰਿਦਮਿਕ ਮੀਡੀਆ ਪ੍ਰਚਲਨ ਵਿਚ ਆਇਆ ਹੈ, ਉਦੋਂ ਤੋਂ ਲੜਾਈ ਬੰਦਿਆਂ ਜਾਂ ਨਿੱਕੇ ਧੜਿਆਂ ਤੋਂ ਖਿਸਕ ਕੇ ਬਿਰਤਾਂਤਾਂ ਅਤੇ ਮਹਾਂਬਿਰਤਾਂਤਾਂ ਦੀ ਬਣ ਗਈ ਹੈ। ਯੁੱਧ ਹੋਵੇ ਜਾਂ ਚੋਣ, ਦੋਹਾਂ ਵਿਚ ਹੁਣ ਸਭ ਤੋਂ ਵੱਡੀ ਲੜਾਈ ਇਸ ਗੱਲ ਦੀ ਨਹੀਂ ਹੁੰਦੀ ਕਿ ਅਸਲ ਵਿਚ ਕੀ ਵਾਪਰ ਰਿਹਾ ਹੈ, ਸਗੋਂ ਇਸ ਗੱਲ ਦੀ ਹੁੰਦੀ ਹੈ ਕਿ ਲੋਕਾਂ ਨੂੰ ਕੀ ਵਾਪਰਦਾ ਹੋਇਆ ਦਿਖਾਇਆ ਜਾ ਰਿਹਾ ਹੈ।

ਅਜਿਹਾ ਹੀ ਪੰਜਾਬ ਯੂਨੀਵਰਸਿਟੀ ਨੂੰ ਸੈਂਟਰਲ ਯੂਨੀਵਰਸਿਟੀ ਦਾ ਦਰਜਾ ਦੇਣ ਦੀਆਂ ਅੰਦਰੋਂ ਅੰਦਰੀਂ ਤਿਆਰੀਆਂ ਮੁਕੰਮਲ ਹਨ। ਆਨੀਂ-ਬਹਾਨੀ ਇੱਥੋਂ ਪੰਜਾਬੀ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਬਹੁਤ ਗਹਿਰੀ ਸਾਜ਼ਿਸ਼ ਤਹਿਤ ਸਲੇਬਸਾਂ ਅਤੇ ਹੋਰ ਸਾਰੀਆਂ ਪ੍ਰਕਿਰਿਆਵਾਂ ਵਿਚ ਭਗਵੇਂਕਰਨ ਦਾ ਏਜੰਡਾ ਲਾਗੂ ਕੀਤਾ ਜਾ ਰਿਹਾ ਹੈ। ਗ਼ੈਰ-ਵਿਗਿਆਨਕ ਵਿਸ਼ੇ ਪੜ੍ਹਾ ਕੇ ਇਸ ਦੇ ਵਿਗਿਆਨਕ ਕਿਰਦਾਰ ਨੂੰ ਤਹਿਸ ਨਹਿਸ ਕੀਤਾ ਜਾ ਰਿਹਾ ਹੈ। ਖੋਜ ਦਾ ਦਾਇਰਾ ਸੀਮਤ ਕੀਤਾ ਜਾ ਰਿਹਾ ਹੈ। ਯੂਨੀਵਰਸਿਟੀ ਦਾ ਡੈਮੋਗ੍ਰਾਫਿਕ ਸਟੇਟਸ ਵੀ ਬਦਲ ਰਿਹਾ ਹੈ। ਵਿਦਿਆਰਥਆਂ ਨੂੰ ਫਿਰਕੂ ਏਜੰਡਿਆਂ ਦੇ ਆਧਾਰ ਤੇ ਵੰਡਿਆ ਜਾ ਰਿਹਾ ਹੈ ਤੇ ਸਰੇਆਮ ਫਿਰਕੂ ਬਿਰਤਾਂਤ ਘੜੇ ਜਾ ਰਹੇ ਹਨ।

ਇਤਿਹਾਸ ਗਵਾਹ ਹੈ ਕਿ ਪੰਜਾਬ ਯੂਨੀਵਰਸਿਟੀ ਹਮੇਸ਼ਾਂ ਤੋਂ ਹੀ ਫਿਰਕਾਪ੍ਰਸਤੀ ਤੋਂ ਮੁਕਤ ਧਰਮ ਨਿਰਪੱਖ, ਮਾਨਵੀ ਕਦਰਾਂ ਕੀਮਤਾਂ ਅਤੇ ਜਮਹੂਰੀ ਪਰੰਪਰਾਵਾਂ ਦਾ ਝੰਡਾਬਰਦਾਰ ਰਹੀ ਹੈ। ਪੰਜਾਬ ਯੂਨੀਵਰਸਿਟੀ ਦੀ ਕਥਾ ਮਹਿਜ ਇਕ ਵਿੱਦਿਅਕ ਸੰਸਥਾ ਦੀ ਕਥਾ ਨਹੀਂ ਹੈ ਬਲਕਿ ਇਹ ਇਹ ਪੰਜਾਬ ਦੇ ਆਧੁਨਿਕ ਬੌਧਿਕ ਇਤਿਹਾਸ, ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਵਿਕਾਸ, 1947 ਦੀ ਵੰਡ ਤੋਂ ਬਾਅਦ ਦੇ ਪੰਜਾਬ ਦੀ ਪੁਨਰ-ਸਿਰਜਣਾ ਅਤੇ ਯੂਨੀਵਰਸਿਟੀ ਦੀਆਂ ਜਮਹੂਰੀ ਸੰਸਥਾਵਾਂ ਦੀ ਕਾਇਮੀ ਅਤੇ ਨਿਰੰਤਰਤਾ ਦੀ ਕਥਾ ਵੀ ਹੈ। ਪੰਜਾਬ ਯੂਨੀਵਰਸਿਟੀ ਦਾ ਮੁੱਢ 1882 ਵਿੱਚ ਲਾਹੌਰ ਵਿਚ ਬੱਝਿਆ। ਬ੍ਰਿਟਿਸ਼ ਭਾਰਤ ਵਿੱਚ ਸਥਾਪਤ ਹੋਈ ਇਹ ਸੰਸਥਾ ਹੌਲੀ-ਹੌਲੀ ਉੱਚ ਸਿੱਖਿਆ ਅਤੇ ਗਿਆਨ ਦਾ ਇੱਕ ਮਹੱਤਵਪੂਰਨ ਕੇਂਦਰ ਬਣੀ। ਜਦ ਦੇਸ਼ ਵਿਚ 1947 ਦੀ ਵੰਡ ਹੋਈ ਤਾਂ ਹੋਰ ਬਹੁਤ ਕੁਝ ਵੰਡੇ ਜਾਣ ਦੇ ਨਾਲ-ਨਾਲ ਪੰਜਾਬ ਦੇ ਗਿਆਨ ਦੇ ਕੇਂਦਰ ਵੀ ਵੰਡੇ ਗਏ। ਲਾਹੌਰ ਪਾਕਿਸਤਾਨ ਵਿੱਚ ਚਲਾ ਗਿਆ। ਪੰਜਾਬ ਯੂਨੀਵਰਸਿਟੀ ਦੀ ਪੁਰਾਣੀ ਸੰਸਥਾਗਤ ਵਿਰਾਸਤ ਨੂੰ ਭਾਰਤੀ ਪੰਜਾਬ ਵਿੱਚ ਨਵੇਂ ਸਿਰੇ ਤੋਂ ਜਿਉਂਦਾ ਰੱਖਣ ਦੀ ਚੁਣੌਤੀ ਸਾਹਮਣੇ ਆਈ।

ਇਸ ਸੰਸਥਾ ਦੇ ਇਸ ਗਿਆਨਮੂਲਕ, ਸੰਵਾਦੀ ਅਤੇ ਜਮਹੂਰੀ ਕਿਰਦਾਰ ਨੂੰ ਕਾਇਮ ਰੱਖਣ ਵਿਚ ਸੈਨੇਟ, ਸਿੰਡੀਕੇਟ, ਹੋਰ ਅਕਾਦਮਿਕ ਸੰਸਥਾਵਾਂ, ਅਧਿਆਪਕ ਅਤੇ ਵਿਦਿਆਰਥੀ ਸਾਰੇ ਮਿਲ ਕੇ ਅਹਿਮ ਭੂਮਿਕਾਵਾਂ ਨਿਭਾਉਂਦੇ ਹਨ। ਜੇਕਰ ਇਨ੍ਹਾਂ ਵਿੱਚੋਂ ਕਿਸੇ ਇੱਕ ਕੋਲ ਬੇਹੱਦ ਸ਼ਕਤੀ ਕੇਂਦਰਿਤ ਹੋ ਜਾਵੇ ਤਾਂ ਯੂਨੀਵਰਸਿਟੀ ਦੇ ਅੰਦਰਲਾ ਲੋਕਤੰਤਰ ਕਮਜ਼ੋਰ ਹੋ ਸਕਦਾ ਹੈ। ਇੱਥੇ ਹੀ ਪਿਛਲੇ ਸਮਿਆਂ ਵਿਚ ਹੋਏ ਵਿਦਿਆਰਥੀ ਅੰਦੋਲਨ ਦੀ ਭੂਮਿਕਾ ਸਾਹਮਣੇ ਆਉਂਦੀ ਹੈ। ਵਿਦਿਆਰਥੀ ਯੂਨੀਵਰਸਿਟੀ ਦੇ ਸਿਰਫ਼ 'ਖਪਤਕਾਰ' ਨਹੀਂ ਹੁੰਦੇ। ਉਹ ਯੂਨੀਵਰਸਿਟੀ ਦੇ ਅਕਾਦਮਿਕ ਅਤੇ ਲੋਕਤੰਤਰਿਕ ਜੀਵਨ ਦਾ ਅਹਿਮ ਹਿੱਸਾ ਹੁੰਦੇ ਹਨ। ਉਹਨਾਂ ਦਾ ਸੰਘਰਸ਼ ਇਸ ਅਦਾਰੇ ਅੰਦਰ ਜਮਹੂਰੀ ਸੱਭਿਆਚਾਰ ਦੀ ਕਾਇਮੀ ਦੇ ਆਧਾਰ ਨੂੰ ਮਜ਼ਬੂਤ ਕਰਨ ਦੇ ਮਾਮਲੇ ਦੇ ਤੌਰ 'ਤੇ ਸਮਝਿਆ ਜਾਣਾ ਚਾਹੀਦਾ ਹੈ। ਜੇ ਯੂਨੀਵਰਸਿਟੀ ਦਾ ਜਮਹੂਰੀ ਕਿਰਦਾਰ, ਉਸ ਦੀ ਅਕਾਦਮਿਕ ਆਜ਼ਾਦੀ ਅਤੇ ਖੁਦਮੁਖਤਿਆਰੀ ਖ਼ਤਰੇ ਵਿੱਚ ਹੋਵੇ ਤਾਂ ਵਿਦਿਆਰਥੀਆਂ ਦਾ ਸਵਾਲ ਪੁੱਛਣਾ, ਵਿਰੋਧ ਕਰਨਾ ਅਤੇ ਆਪਣੀ ਆਵਾਜ਼ ਉਠਾਉਣਾ ਯੂਨੀਵਰਸਿਟੀ ਦੀ ਲੋਕਤੰਤਰਿਕ ਪਰੰਪਰਾ ਦਾ ਹੀ ਹਿੱਸਾ ਹੈ। ਇਸੇ ਲਈ ਇਸ ਉੱਚ ਵਿਦਿਅਕ ਅਦਾਰੇ ਨੇ ਅਨੇਕ ਅਜਿਹੇ ਵਿਦਿਆਰਥੀ ਪੈਦਾ ਕੀਤੇ ਹਨ ਜਿਨ੍ਹਾਂ ਨੇ ਜਮਹੂਰੀਅਤ ਦੇ ਪਹਿਲੇ ਸਬਕ ਇਸ ਅਦਾਰੇ 'ਚੋਂ ਸਿੱਖੇ ਅਤੇ ਬਾਅਦ ਵਿਚ ਦੇਸ਼ ਦੀ ਵੱਡੀਆਂ ਜਮਹੂਰੀ ਸੰਸਥਾਵਾਂ ਵਿਚ ਦੇਸ਼ ਦੀ ਪ੍ਰਤੀਨਿਧਤਾ ਕੀਤੀ।

ਸੈਨੇਟ ਯੂਨੀਵਰਸਿਟੀ ਦੇ ਪ੍ਰਸ਼ਾਸਨ ਵਿੱਚ ਸੈਨੇਟ ਇੱਕ ਵਿਆਪਕ ਅਕਾਦਮਿਕ ਪ੍ਰਤੀਨਿਧ ਸੰਸਥਾ ਵਜੋਂ ਕੰਮ ਕਰਦੀ ਰਹੀ ਹੈ ਅਤੇ ਇਸ ਵਿੱਚ ਵੱਖ-ਵੱਖ ਵਰਗਾਂ ਦੇ ਪ੍ਰਤੀਨਿਧਾਂ ਦੀ ਭਾਗੀਦਾਰੀ ਦੀ ਪਰੰਪਰਾ ਰਹੀ ਹੈ। ਇਸ ਸੰਸਥਾ ਦਾ ਮਹੱਤਵ ਸਿਰਫ਼ ਇਹ ਨਹੀਂ ਕਿ ਇੱਥੇ ਕੁਝ ਲੋਕ ਬੈਠ ਕੇ ਯੂਨੀਵਰਸਿਟੀ ਦੇ ਮਾਮਲਿਆਂ ਬਾਰੇ ਫ਼ੈਸਲੇ ਕਰਦੇ ਹਨ ਬਲਕਿ ਇਸ ਸਬੰਧ ਵਿਚ ਇਹ ਜਾਣਨਾ ਜ਼ਰੂਰੀ ਹੈ ਕਿ ਇਹ ਲੋਕ ਕੌਣ ਹੁੰਦੇ ਹਨ ਅਤੇ ਉਹਨਾਂ ਕੋਲ ਕਿਸ ਕਿਸਮ ਦਾ ਵਿਜ਼ਨ ਹੁੰਦਾ ਹੈ? ਇਸ ਮਸਲੇ ਵਿਚ ਜਮਹੂਰੀਅਤ ਦਾ ਸਭ ਤੋਂ ਬੁਨਿਆਦੀ ਸਿਧਾਂਤ ਲਾਗੂ ਕੀਤਾ ਗਿਆ ਹੈ ਕਿ ਯੂਨੀਵਰਸਿਟੀ ਦੇ ਫ਼ੈਸਲੇ ਯੂਨੀਵਰਸਿਟੀ ਨਾਲ ਜੁੜੇ ਅਕਾਦਮਿਕ ਸਮਾਜ ਦੀ ਭਾਗੀਦਾਰੀ ਨਾਲ ਹੋਣ। ਕਿਉਂਕਿ ਪੰਜਾਬ ਯੂਨੀਵਰਸਿਟੀ ਦਾ 144 ਸਾਲਾਂ ਦਾ ਇਤਿਹਾਸ ਸਾਨੂੰ ਇੱਕ ਮਹੱਤਵਪੂਰਨ ਗੱਲ ਸਿਖਾਉਂਦਾ ਹੈ ਕਿ ਯੂਨੀਵਰਸਿਟੀ ਦੀ ਰੱਖਿਆ ਸਿਰਫ਼ ਉਸ ਦੀਆਂ ਇਮਾਰਤਾਂ ਦੀ ਰੱਖਿਆ ਨਹੀਂ ਹੁੰਦੀ ਸਗੋਂ ਯੂਨੀਵਰਸਿਟੀ ਨੂੰ ਬਚਾਉਣ ਦਾ ਮਤਲਬ ਗਿਆਨ ਦੀ ਆਜ਼ਾਦੀ ਦੀ ਸੁਰੱਖਿਆ ਕਰਨੀ, ਅਸਹਿਮਤੀ ਦੀ ਸਪੇਸ ਬਚਾਉਣ ਲਈ ਯਤਨ ਕਰਨੇ, ਅਧਿਆਪਕ ਦੀ ਆਵਾਜ਼ ਨੂੰ ਬੁਲੰਦ ਰੱਖਣਾ, ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਦੇ ਮੌਕਿਆਂ ਦੀ ਰਾਖੀ ਕਰਨਾ ਅਤੇ ਅਕਾਦਮਿਕ ਸਵੈ-ਸ਼ਾਸਨ ਨੂੰ ਬਚਾਉਣਾ ਹੁੰਦਾ ਹੈ। ਇਸੇ ਕਰਕੇ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਵਿਚ ਜਮਹੂਰੀਅਤ ਦਾ ਸੰਦਰਭ ਅਸਿੱਧੇ ਰੂਪ ਵਿਚ ਦੇਸ਼ ਦੀਆਂ ਸਾਰੀਆਂ ਜਮਹੂਰੀ ਅਤੇ ਗਿਆਨਮੂਲਕ ਸੰਸਥਾਵਾਂ ਦੀ ਅਭਿਵਿਅਕਤੀ ਦੀ ਆਜ਼ਾਦੀ ਅਤੇ ਉਹਨਾਂ ਦੇ ਲੋਕਪੱਖੀ ਕਿਰਦਾਰ ਨੂੰ ਬਚਾਉਣ ਨਾਲ ਵੀ ਜੁੜਿਆ ਹੋਇਆ ਹੈ। ਇਉਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਸੈਨਟ (Senate) ਯੂਨੀਵਰਸਿਟੀ ਦੀ ਇਸ ਮਹੱਤਵਪੂਰਨ ਵਿਧਾਨਕ ਅਤੇ ਨੀਤੀ-ਨਿਰਧਾਰਕ ਸੰਸਥਾ ਵਿਚ ਕੁਝ ਮੈਂਬਰ ਅਹੁਦੇ ਦੇ ਆਧਾਰ 'ਤੇ ਜਾਂ ਨਾਮਜ਼ਦਗੀ ਰਾਹੀਂ ਆਉਂਦੇ ਹਨ ਅਤੇ ਕੁਝ ਮੈਂਬਰ ਚੋਣ ਰਾਹੀਂ ਚੁਣੇ ਜਾਂਦੇ ਹਨ। ਚੋਣ ਰਾਹੀਂ ਆਉਣ ਵਾਲੇ ਮੈਂਬਰ ਵੱਖ-ਵੱਖ ਹਲਕਿਆਂ ਜਾਂ ਵਰਗਾਂ ਦੀ ਨੁਮਾਇੰਦਗੀ ਕਰਦੇ ਹਨ। ਇਨ੍ਹਾਂ ਵਿੱਚ ਮੁੱਖ ਤੌਰ 'ਤੇ ਯੂਨੀਵਰਸਿਟੀ ਦੇ ਅਧਿਆਪਕ ਅਤੇ ਅਕਾਦਮਿਕ ਵਰਗ, ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਦੇ ਅਧਿਆਪਕ ਤੇ ਪ੍ਰਤੀਨਿਧ ਅਤੇ ਰਜਿਸਟਰਡ ਗ੍ਰੈਜੂਏਟ ਸ਼ਾਮਲ ਹੁੰਦੇ ਹਨ।

ਇਹਨਾਂ ਸਾਰਿਆਂ ਵਿਚ ਗ੍ਰੈਜੂਏਟ ਹਲਕਾ ਪੰਜਾਬ ਯੂਨੀਵਰਸਿਟੀ ਦੀ ਸੈਨਟ ਦੀ ਚੋਣ ਵਿਵਸਥਾ ਦਾ ਬਹੁਤ ਹੀ ਮਹੱਤਵਪੂਰਨ ਹਿੱਸਾ ਹੈ। ਯੂਨੀਵਰਸਿਟੀ ਤੋਂ ਡਿਗਰੀ ਪ੍ਰਾਪਤ ਕਰ ਚੁੱਕੇ ਯੋਗ ਵਿਅਕਤੀ, ਨਿਯਮਾਂ ਅਨੁਸਾਰ ਆਪਣੇ ਆਪ ਨੂੰ ਵੋਟਰ ਵਜੋਂ ਰਜਿਸਟਰ ਕਰਵਾ ਕੇ ਸੈਨਟ ਚੋਣਾਂ ਵਿੱਚ ਹਿੱਸਾ ਲੈ ਸਕਦੇ ਹਨ। ਇਸ ਤਰ੍ਹਾਂ ਯੂਨੀਵਰਸਿਟੀ ਨਾਲ ਜੁੜੇ ਪੁਰਾਣੇ ਵਿਦਿਆਰਥੀਆਂ ਅਤੇ ਬੁੱਧੀਜੀਵੀ ਵਰਗ ਨੂੰ ਵੀ ਯੂਨੀਵਰਸਿਟੀ ਦੇ ਪ੍ਰਬੰਧ ਵਿੱਚ ਪ੍ਰਤੀਨਿਧਤਾ ਮਿਲਦੀ ਹੈ। ਇਸ ਚੋਣ ਵਿਵਸਥਾ ਕਾਰਨ ਪੰਜਾਬ ਯੂਨੀਵਰਸਿਟੀ ਦੀ ਸੈਨਟ ਨੂੰ ਭਾਰਤ ਦੀਆਂ ਯੂਨੀਵਰਸਿਟੀਆਂ ਦੇ ਪ੍ਰਸ਼ਾਸਨਿਕ ਢਾਂਚਿਆਂ ਵਿੱਚ ਇੱਕ ਵਿਲੱਖਣ ਲੋਕਤੰਤਰੀ ਪਰੰਪਰਾ ਵਾਲੀ ਸੰਸਥਾ ਮੰਨਿਆ ਜਾਂਦਾ ਹੈ।

ਇਹਨੀ ਦਿਨੀਂ ਸੈਨੇਟ ਦੇ ਇਸੇ ਰਜਿਸਟਰਡ ਗ੍ਰੈਜੂਏਟ ਹਲਕੇ ਦੀਆਂ ਚੋਣਾਂ ਦਾ ਚਰਚਾ ਹੈ। ਇਹਨਾਂ ਚੋਣਾਂ ਵਿਚ ਯੂਨੀਵਰਸਿਟੀ ਵਿਚ ਦੋ ਦਹਾਕੇ ਅਧਿਆਪਨ ਕਰਨ ਵਾਲੇ ਡਾ. ਸੁਖਦੇਵ ਸਿੰਘ ਸਿਰਸਾ ਚੋਣ ਲੜ ਰਹੇ ਹਨ। ਡਾ.ਸੁਖਦੇਵ ਸਿੰਘ ਸਿਰਸਾ ਇਕ ਸਕਾਲਰ ਦੇ ਰੂਪ ਵਿਚ, ਪੰਜਾਬ ਅਦਬ ਦੇ ਸਮੀਖਿਅਕ ਦੇ ਰੂਪ ਵਿਚ, ਅਦਬੀ ਅਦਾਰਿਆਂ ਦੀਆਂ ਮੂਹਰਲੀਆਂ ਪੁਜ਼ੀਸ਼ਨਾਂ ਤੇ ਕੰਮ ਕਰਨ ਵਾਲੇ ਆਗੂ ਦੇ ਰੂਪ ਵਿਚ ਅਤੇ ਪਿਛਲੇ ਸਮਿਆਂ ਵਿਚ ਚੱਲੇ ਲੋਕਪੱਖੀ ਸੰਘਰਸ਼ਾਂ ਵਿਚ ਅਵਾਮ ਦੀ ਆਵਾਜ਼ ਬੁਲੰਦ ਕਰਨ ਵਾਲੇ ਸੰਘਰਸ਼ੀ ਕਾਮੇ ਦੇ ਰੂਪ ਵਿਚ ਜਾਣਿਆ-ਪਛਾਣਿਆ ਨਾਂ ਹੈ।

ਡਾ. ਸੁਖਦੇਵ ਸਿੰਘ ਸਿਰਸਾ ਸਿਰੜ ਤੇ ਸਿਦਕ ਦਾ ਨਾਂ ਹੈ। ਉਸ ਦੇ ਅੰਦਰ ਇਕ ਇਕ ਜਨੂੰਨ ਹੈ ਜੋ ਉਸ ਦੇ ਪੈਰਾਂ ਨੂੰ ਵੀ ਬੇਚੈਨ ਕਰਦਾ ਹੈ ਅਤੇ ਸੋਚਾਂ ਨੂੰ ਵੀ। ਉਹ ਵਫ਼ਾ ਦਾ ਅਜਿਹਾ ਪਰਚਮ ਹੈ ਜੋ ਬੇਵਫ਼ਾਈਆਂ ਤੇ ਦਗੇਬਾਜ਼ੀਆਂ ਦੇ ਦੌਰ ਵਿਚ ਵੀ ਸਿਰ ਉੱਚ ਕਰਕੇ ਲਹਿਰਾ ਰਿਹਾ ਹੈ। ਉਸ ਕੋਲ ਜਥੇਬੰਦਕ ਸਮਝ ਦਾ ਕਮਾਲ ਦਾ ਹੁੱਨਰ ਹੈ। ਕਿਸੇ ਦੇ ਕੰਮ ਕਿਵੇਂ ਆਉਣਾ ਹੈ ਅਤੇ ਕਿਸੇ ਤੋਂ ਕੰਮ ਕਿਵੇਂ ਲੈਣਾ ਹੈ, ਇਹ ਦੋਵੇਂ ਚੀਜ਼ਾਂ ਉਸ ਨੂੰ ਬਾਖ਼ੂਬੀ ਆਉਂਦੀਆਂ ਹਨ। ਜਦ ਉਹ ਕਿਸੇ ਲਈ ਕੁਝ ਕਰਦਾ ਹੈ ਤਾਂ ਹਿੱਕ ਡਾਹ ਕੇ ਕਰਦਾ ਹੈ, ਜਦ ਉਹ ਕਿਸੇ ਨਾਲ ਲੜਦਾ ਹੈ ਤਾਂ ਵੀ 'ਬੁਰੇ ਦੇ ਬਾ'ਰ ਤਕ ਜਾਂਦਾ ਹੈ ਅਤੇ ਜਦ ਉਹ ਕਿਸੇ ਤੋਂ ਕੁਝ ਤਵੱਕੋਂ ਕਰਦਾ ਹੈ ਤਾਂ ਵੀ ਇੰਝ ਕਰਦਾ ਹੈ ਜਿਵੇਂ ਅਗਲਾ ਸਿਰਫ਼ ਉਸੇ ਲਈ ਹੀ ਬਣਿਆ ਹੋਵੇ।

ਉਸ ਦੇ ਅੰਦਰ ਹਮੇਸ਼ਾ ਤੋਂ ਇਕ ਸ਼ਾਇਰ ਵੱਸਦਾ ਹੈ। ਇਹ ਵੱਖਰੀ ਗੱਲ ਹੈ ਕਿ ਉਸ ਦਾ ਖੋਜੀ ਅਤੇ ਸੰਘਰਸ਼ੀ ਆਪਾ ਉਸ ਦੇ ਸ਼ਾਇਰ ਆਪੇ ਨੂੰ ਬਹੁਤੀ ਵਾਰ ਨੱਪ ਨੱਪ ਕੇ ਰਖਦਾ ਹੈ।

ਪਰ ਹੁਣ ਜਦ ਉਹ ਇਕ ਵੱਡੀ ਜਮਹੂਰੀ ਸੰਸਥਾ ਦੀ ਮਹੱਤਵਪੂਰਨ ਚੋਣ ਲੜ ਰਹੇ ਹਨ ਤਾਂ ਮਹੱਤਵਪੂਰਨ ਸਵਾਲ ਇਹ ਹੈ ਕਿ ਡਾ. ਸਿਰਸਾ ਦੀ ਅਸਲ ਤਾਕਤ ਕੀ ਹੈ? ਕੀ ਸਮੀਖਿਆ ਕਰਨਾ, ਕਵਿਤਾ ਲਿਖਣਾ, ਸੰਪਾਦਨ ਕਰਨਾ ਕਿਸੇ ਸਾਹਿਤਕ ਸੰਸਥਾ ਦਾ ਪ੍ਰਧਾਨ/ਸਕੱਤਰ ਹੋਣਾ ਜਾਂ ਕਾਲਜ/ਯੂਨੀਵਰਸਿਟੀ ਵਿਚ ਪੜ੍ਹਾਉਣਾ ਉਸ ਦੀ ਅਸਲ ਤਾਕਤ ਹੈ ਜੋ ਉਸ ਨੂੰ ਇਹ ਚੋਣ ਲੜਨ ਦੇ ਸਮਰੱਥ ਬਣਾਉਂਦੀ ਹੈ? ਨਹੀਂ। ਅਸਲ ਵਿਚ ਉਸ ਦੀ ਤਾਕਤ ਉਹ ਧੜੱਲੇਦਾਰ ਆਵਾਜ਼ ਹੈ ਜੋ ਸੱਤਾ ਦੀਆਂ ਸਫ਼ਾਂ ਵਿਚ ਵੀ ਡੋਲਦੀ ਨਹੀਂ, ਬੇਰੋਕ ਗੂੰਜਦੀ ਹੈ, ਜੋ ਜ਼ਾਬਰਾਂ ਤੇ ਨਾਬਰਾਂ ਦਾ ਵਿਰੋਧ ਸ਼ਬਦ ਦੇ ਪੱਧਰ ਤੇ ਵੀ ਕਰਦੀ ਹੈ ਅਤੇ ਜ਼ਿੰਦਗੀ ਦੇ ਮੈਦਾਨ ਵਿਚ ਵੀ ਕਰਦੀ ਹੈ। ਉਸ ਦੀ ਅਸਲ ਤਾਕਤ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਵਿਚ ਹੈ। ਉਹ ਅਦਬ ਦੇ ਹਲਕਿਆਂ ਦਾ ਨੁਮਾਇੰਦਾ ਹੈ, ਪਰ ਅਦਬ ਦੀ ਦਰੀ ਹੇਠ ਪਏ ਗੰਦ ਨੂੰ ਲਕੋਂਦਾ ਨਹੀਂ ਬਲਕਿ ਹੂੰਝਦਾ ਹੈ। ਉਹ ਸਾਹਿਤਕਾਰ ਮਿੱਤਰਾਂ ਨੂੰ ਅਕਸਰ ਖਰੀਆਂ-ਖਰੀਆਂ ਸੁਣਾਉਂਦਾ ਕਹਿੰਦਾ ਹੈ ਕਿ ਆਪਣੇ ਘੋਗਨਿਆਂ ਵਿੱਚੋਂ ਬਾਹਰ ਨਿੱਕਲੋ..ਦੇਖੋ ਲੋਕ ਕਿਵੇਂ ਆਪਣੇ ਹੱਕਾਂ ਲਈ ਜੂਝ ਰਹੇ ਹਨ। ਉਸ ਨੂੰ ਲੋਕਤਾ ਦੀ ਤਾਕਤ ਵਿਚ ਅਥਾਹ ਯਕੀਨ ਹੈ, ਇਸ ਲਈ ਉਹ ਹਮੇਸ਼ਾ ਇਸ ਗੱਲ ਦਾ ਹਾਮੀ ਰਿਹਾ ਹੈ ਕਿ ਜਦ ਸਮਾਜ ਵਿਚ ਖਾਮੋਸ਼ੀ ਹੋਵੇ, ਖੜੋਤ ਹੋਵੇ, ਸੱਤਾ ਦਨਦਨਾ ਰਹੀ ਹੋਵੇ, ਅਦਬੀ ਤੇ ਅਕਾਦਮਿਕ ਹਲਕੇ ਜਾਂ ਤਾਂ ਨਿਰਾਸ਼ ਹੋਣ ਜਾਂ ਸੱਤਾ ਦੇ ਦਰਬਾਰੀ ਬਣ ਗਏ ਹੋਣ, ਤਦ ਜ਼ਰੂਰ ਕਿਤੇ ਨਾ ਕਿਤੇ ਸ਼ਾਹੀਨ ਬਾਗ ਪੈਦਾ ਹੁੰਦਾ ਹੈ, ਦਿੱਲੀ ਦੇ ਬਾਰਡਰਾਂ ਨੂੰ ਘੇਰਾ ਪੈਂਦਾ ਹੈ, ਅਬਲਾ ਸਮਝੀਆਂ ਜਾਂਦੀਆਂ ਔਰਤਾਂ ਵਿਚੋਂ ਕੁਝ ਕੁੜੀਆਂ ਉਠਦੀਆਂ ਨੇ, ਨਾ ਕੇਵਲ ਆਪਣੇ ਜਿਸਮ ਦੀ ਤਾਕਤ ਨੂੰ ਸਾਧ ਕੇ ਖੇਡ ਦੇ ਮੈਦਾਨਾਂ ਵਿਚ ਜਿੱਤ ਦੇ ਨਿਸ਼ਾਨ ਬੁਲੰਦ ਕਰਦੀਆਂ ਹਨ ਬਲਕਿ ਉਹਨਾਂ ਦਾ ਜਿਸਮ ਤਕਾਉਣ ਵਾਲੇ ਸੱਤਾ ਦੇ ਦੱਲਿਆਂ ਨੂੰ ਲਲਕਾਰ ਕੇ ਚਗਲ਼ ਸਿਆਸਤ ਦੇ ਗਲਿਆਰਿਆਂ ਵਿਚ ਵੀ ਖੌਰੂ ਪਾਉਂਦੀਆਂ ਹਨ ਅਤੇ ਅਕਲਹੀਨ ਤੇ ਨਲਾਇਕ ਸਮਝੀ ਜਾਂਦੀ ਜੈਨ ਜੀ ਸੱਤਾ ਦੇ ਮੂਹਰੇ ਛਾਤੀ ਤਾਣ ਕੇ ਆਪਣੀ ਤਾਕਤ ਦਾ ਅਹਿਸਾਸ ਕਰਵਾਉਂਦੀ ਹੈ।

ਡਾ. ਸਿਰਸਾ ਦੀ ਅਸਲ ਤਾਕਤ ਉਸ ਦਾ ਜਮਹੂਰੀ ਸੁਭਾਅ ਹੈ। ਉਸ ਨੂੰ ਪਤਾ ਹੈ ਕਿ ਸਿਸਟਮ ਦਾ ਵਿਰੋਧ ਵੀ ਕਰਨਾ ਹੈ, ਸਿਸਟਮ ਨੂੰ ਬਦਲਣਾ ਵੀ ਹੈ ਪਰ ਇਸ ਸਿਸਟਮ ਦੇ ਖਿਲਾਫ਼ ਲੜਦੇ ਹੋਏ ਇਸ ਵਿਚ ਜੀਣਾ ਵੀ ਹੈ। ਇਸ ਲਈ ਉਹ ਦੇਸ਼ ਦੇ ਜਮਹੂਰੀ ਢਾਂਚਿਆਂ ਦੀ ਬਹਾਲੀ ਲਈ ਸਿਰਤੋੜ ਯਤਨ ਕਰਦਾ ਹੈ। ਉਸ ਨੇ ਪੰਜਾਬੀ ਅਕਾਦਮੀ ਲੁਧਿਆਣਾ ਵਿਚ ਕੰਮ ਕੀਤਾ। ਆਪਣੇ ਅਸੂਲ ਵੀ ਕਾਇਮ ਰੱਖੇ ਅਤੇ ਅਕਾਦਮੀ ਨੂੰ ਪੈਰਾਂ ਸਿਰ ਖੜ੍ਹਾ ਕੀਤਾ। ਉਸ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਵਿਚ ਕੰਮ ਕੀਤਾ। ਉਸ ਦੀ ਭੂਮਿਕਾ ਨੂੰ ਪਛਾਣਿਆ, ਉਸ ਪਲੇਟਫਾਰਮ ਤੋਂ ਪੰਜਾਬ, ਪੰਜਾਬੀ ਪੰਜਾਬੀਅਤ ਦੀ ਰਾਖੀ ਲਈ ਅੰਦੋਲਨ ਕੀਤੇ ਅਤੇ ਉਸ ਨੂੰ ਜਥੇਬੰਦ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਉਹ ਪ੍ਰਗਤੀਸ਼ੀਲ ਲੇਖਕ ਸੰਘ ਵਰਗੀ ਉਸ ਵਕਾਰੀ ਸੰਸਥਾ ਦਾ ਕੌਮੀ ਜਨਰਲ ਸਕੱਤਰ ਹੈ ਜਿਸ ਦੀ ਬੁਨਿਆਦ ਵਿਚ ਮੁਨਸ਼ੀ ਪ੍ਰੇਮਚੰਦ, ਸਜ਼ਾਦ ਜ਼ਹੀਰ ਅਤੇ ਮੁਲਕ ਰਾਜ ਆਨੰਦ ਵਰਗੇ ਵੱਡੇ ਲੇਖਕਾਂ ਦੀ ਸੋਚ ਅਤੇ ਕੰਮ ਖੜ੍ਹਾ ਹੈ। ਉਸ ਨੇ ਕੌਮੀ ਅਤੇ ਕੌਮਾਂਤਰੀ ਪੱਧਰ ਤੇ ਪ੍ਰਗਤੀਸ਼ੀਲ ਲੇਖਕ ਸੰਘ ਵਿਚ ਜਾਨ ਪਾਈ। ਉਸ ਦਾ ਇਕ ਪੈਰ ਲਖਨਊ ਹੁੰਦਾ ਹੈ ਅਤੇ ਦੂਜਾ ਬੇਗੂ ਸਰਾਇ। ਉਹ ਕਿਸੇ ਦਿਨ ਮੁੰਬਈ ਦੇ ਮਜ਼ਦੂਰਾਂ ਨੂੰ ਸੰਬੋਧਨ ਕਰ ਰਿਹਾ ਹੁੰਦਾ ਹੈ ਅਤੇ ਕਿਸੇ ਹੋਰ ਦਿਨ ਚੇਨਈ ਦੇ ਲੇਖਕਾਂ ਨਾਲ ਮਜ਼ਲਿਸਾਂ ਕਰ ਰਿਹਾ ਹੁੰਦਾ ਹੈ। ਉਹ ਪੰਜਾਬੀ ਨੂੰ ਜਾਨ ਤੋਂ ਵੱਧ ਪਿਆਰ ਕਰਦਾ ਹੈ, ਪਰ ਹਿੰਦੀ ਨੂੰ ਨਫ਼ਰਤ ਨਹੀਂ ਕਰਦਾ। ਉਹ ਹਿੰਦੀ ਭਾਸ਼ੀ ਲੇਖਕਾਂ ਵਿਚ ਵਿਚਰਦਾ ਹੈ, ਪਰ ਦੱਖਣ ਦੀਆਂ ਭਾਸ਼ਾਵਾਂ ਨੂੰ ਬਰਾਬਰ ਸਤਿਕਾਰਦਾ ਅਤੇ ਪਿਆਰਦਾ ਹੈ।

ਉਸ ਦੀ ਅਸਲ ਤਾਕਤ ਇਸ ਗੱਲ ਵਿਚ ਨਹੀਂ ਕਿ ਉਸ ਨੇ ਸਿਰਸਾ ਅਤੇ ਚੰਡੀਗੜ੍ਹ ਪੜ੍ਹਾਇਆ ਬਲਕਿ ਇਸ ਗੱਲ ਵਿਚ ਹੈ ਕਿ ਪੜ੍ਹਾਉਂਦਿਆਂ ਹੋਇਆ ਉਹਨਾ ਅਦਾਰਿਆਂ ਦੀ ਬੇਹਤਰੀ ਲਈ ਕੀ ਕੀਤਾ? ਇਹ ਗੱਲ ਹਰਿਆਣਾ ਦੇ ਸਿੱਖਿਆ ਦੇ ਇਤਿਹਾਸ ਵਿਚ ਹਮੇਸ਼ਾ ਦਰਜ ਹੈ ਕਿ ਹਰਿਆਣਾ ਦੇ ਪੰਜਾਬੀ ਬੋਲਦੇ ਜ਼ਿਲ੍ਹੇ ਸਿਰਸਾ ਵਿਚ ਪੰਜਾਬੀ ਦੀ ਐਮ.ਏ ਨਹੀਂ ਸੀ। ਫਤਿਆਬਾਦ, ਸਿਰਸਾ ਦੇ ਵਿਦਿਆਰਥੀਆਂ ਨੂੰ ਐਮ ਏ ਕਰਨ ਲਈ ਦੋ-ਢਾਈ ਸੌ ਕਿਲੋਮੀਟਰ ਦੂਰ ਕੁਰੂਕਸ਼ੇਤਰ ਜਾਣਾ ਪੈਂਦਾ ਸੀ। ਜਿਸ ਤਰ੍ਹਾਂ ਡਾ. ਸੁਖਦੇਵ ਸਿੰਘ ਨੇ ਅੜ ਕੇ ਅਤੇ ਲੜ ਕੇ ਸਿਰਸਾ ਵਿਚ ਐਮ ਏ ਪੰਜਾਬੀ ਲਿਆਂਦੀ ਅਤੇ ਅਧਿਆਪਕ ਨਾ ਹੋਣ ਕਾਰਨ ਪੂਰਾ ਇਕ ਸਾਲ ਸ਼ੁਕਰਵਾਰ, ਸ਼ਨੀਵਾਰ ਅਤੇ ਐਤਵਾਰ ਨੂੰ ਪੰਜਾਬੀ ਦੇ ਪ੍ਰਸਿੱਧ ਚਿੰਤਕ-ਅਧਿਆਪਕਾਂ ਡਾ. ਸੁਰਜੀਤ ਭੱਟੀ, ਟੀ.ਆਰ. ਵਿਨੋਦ ਅਤੇ ਡਾ. ਸਤਨਾਮ ਜੱਸਲ ਤੋਂ ਕਲਾਸਾਂ ਲਗਵਾ ਕੇ ਉਹਨਾਂ ਦੀ ਪੜ੍ਹਾਈ ਕਰਵਾਈ, ਇਹ ਕਾਰਜ ਡਾ. ਸੁਖਦੇਵ ਸਿੰਘ ਸਿਰਸਾ ਹੀ ਕਰ ਸਕਦਾ ਹੈ। ਡਾ. ਸੁਖਦੇਵ ਅਜਿਹਾ ਸ਼ਖ਼ਸ਼ ਹੈ ਜਿਸ ਉੱਪਰ ਪ੍ਰੋ. ਪੂਰਨ ਸਿੰਘ ਦਾ ਇਹ ਕਥਨ ਹੂਬਹੂ ਲਾਗੂ ਹੁੰਦਾ ਹੈ : ਪਿਆਰ ਨਾਲ ਇਹ ਕਰਨ ਗੁਲਾਮੀ, ਪਰ ਟੈਂ ਨਾ ਮੰਨਣ ਕਿਸੇ ਦੀ।

ਉਸ ਦੀ ਸ਼ਖ਼ਸੀਅਤ ਦੀਆਂ ਅਨੇਕ ਪਰਤਾਂ ਹਨ। ਉਹ ਸਰਦੇ-ਬਰਦੇ ਜੱਟ ਪਰਿਵਾਰ ਦਾ ਹਿੱਸਾ ਹੈ ਪਰ ਲੜਾਈ ਨਿਮਾਣਿਆਂ-ਨਿਤਾਣਿਆਂ ਤੇ ਦਲਿਤਾਂ ਦੀ ਲੜਦਾ ਹੈ। ਉਸ ਨੂੰ ਜਾਂ ਤਾਂ ਭਲਵਾਨੀ ਵਿਰਸੇ ਵਿਚ ਮਿਲੀ ਤੇ ਜਾਂ ਫਿਰ ਬੰਦੂਕ ਕਲਚਰ ਪਰ ਸਿਰਸਾ ਨੇ ਇਹਨਾਂ ਦੋਵਾਂ ਚੀਜ਼ਾਂ ਵਿਚੋਂ ਪ੍ਰਾਪਤ ਗੜ੍ਹਕ ਅਤੇ ਦਬੰਗੀ ਤਾਂ ਸਦਾ ਕਾਇਮ ਰੱਖੀ, ਪਰ ਛਿੰਝਾਂ ਦੀ ਭਲਵਾਨੀ ਛੱਡ ਕੇ ਅਦਬ ਦਾ ਘੋਲ ਵਿੱਢ ਲਿਆ ਅਤੇ ਬੰਦਕਾਂ ਵਾਲੀਆਂ ਦੁਸ਼ਮਣੀਆਂ ਛੱਡ ਕੇ ਸ਼ਬਦ ਨੂੰ ਹਥਿਆਰ ਬਣਾਉਣ ਸਿੱਖ ਲਿਆ। ਉਸ ਨੂੰ ਵਿਰਾਸਤ ਵਿਚ ਜਗੀਰੂ ਕਲਚਰ ਦੀ ਗੁੜ੍ਹਤੀ ਮਿਲੀ ਪਰ ਉਸ ਨੇ ਉਸ ਉਛਾੜ ਨੂੰ ਲਾ ਕੇ ਜਮਹੂਰੀਅਤ ਨੂੰ ਆਪਣੇ ਕਿਰਦਾਰ ਦਾ ਹਿੱਸਾ ਬਣਾਇਆ।

ਉਸ ਦੀ ਅਸਲ ਤਾਕਤ ਨੂੰ ਸਮਝਣ ਲਈ ਉਸ ਦੇ ਅੰਦਰ ਡੂੰਘਾ ਉਤਰਦਿਆਂ ਉਸ ਦੇ ਕਿਰਦਾਰ ਦੇ ਹੋਰ ਪਪਸਾਰਾਂ ਨੂੰ ਵੀ ਸਮਝਣਾ ਪਵੇਗਾ। ਉਹ ਲੋੜ ਪੈਣ ਤੇ ਸੱਤਾ ਦੇ ਢੁੱਡ ਵੀ ਮਾਰਦਾ ਹੈ ਅਤੇ ਉਸੇ ਸੱਤਾ ਤੋਂ ਇਸ ਆਧਾਰ ਤੇ ਅਦਾਰਿਆਂ ਲਈ ਫੰਡ ਵੀ ਲੈ ਲੈਂਦਾ ਹੈ ਕਿ ਇਹ ਲੋਕਾਂ ਦੇ ਪੈਸੇ ਹਨ। ਲੋਕਾਂ ਦੇ ਚੁਣੇ ਹੋਏ ਨੁਮਾਂਇੰਦਿਆਂ ਤੋਂ ਲੋਕਾਂ ਲਈ ਗਰਾਂਟ ਲੈ ਲੈਣੀ ਮਿਹਣਾ ਨਹੀਂ ਹੁੰਦਾ, ਸਟਰੈਟਜੀ ਹੁੰਦੀ ਹੈ। ਉਮਰ ਦੇ ਲਗਭਗ 71 ਸਾਲਾਂ ਦੇ ਸਫ਼ਰ ਵਿਚ ਵਿਭਾਗੀ ਤਰੱਕੀਆਂ ਅਤੇ ਅਹੁਦਿਆਂ ਤੋਂ ਬਿਨਾ ਉਸ ਨੇ ਸੱਤਾ ਦੁਆਰੇ ਪਰੋਸੇ ਕਿਸੇ ਅਹੁਦੇ ਨੂੰ ਸਵੀਕਾਰਿਆ ਨਹੀਂ। ਜਿਹੜੇ ਰੁਤਬਿਆਂ ਅਤੇ ਐਵਾਰਡਾਂ ਲਈ 'ਵੱਡੇ-ਵੱਡੇ' ਵਿਦਵਾਨ ਸੱਤਾ ਦੀਆਂ ਲੇਲ੍ਹੜੀਆਂ ਕੱਢਦੇ ਦੇਖੇ ਗਏ ਉਹਨਾਂ ਵਿੱਚੋਂ ਬਹੁਤ ਸਾਰੀਆਂ ਆਫ਼ਰਾਂ ਅਤੇ ਐਵਾਰਡ ਥਾਲੀ ਵਿਚ ਰੱਖ ਕੇ ਉਸ ਦੇ ਸਾਮ੍ਹਣੇ ਪਰੋਸੇ ਗਏ, ਪਰ ਉਸ ਦਾ ਈਮਾਨ ਨਾ ਡੋਲ੍ਹਿਆ। ਜਿਸ ਗ੍ਰੈਜੂਏਟ ਹਲਕੇ ਲਈ ਹੁਣ ਉਹ ਚੋਣ ਲੜ ਰਿਹਾ ਹੈ, ਉਸ ਦੇ ਨਾਮਜ਼ਦਗੀ ਵਾਲੇ ਕੋਟੇ ਵਿਚ ਉਸ ਨੂੰ ਕਈ ਵਾਰ ਸੀਟ ਦੀ ਪੇਸ਼ਕਸ਼ ਹੋਈ ਪਰ ਡਾ. ਸੁਖਦੇਵ ਸਿੰਘ ਸਿਰਸਾ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ 'ਜਿਸ ਦਿਨ ਆਇਆ ਚੋਣ ਲੜ ਕੇ ਆਵਾਂਗਾ, ਖ਼ੈਰਾਤ ਵਿਚ ਕੋਈ ਅਹੁਦਾ ਨਹੀਂ ਲਵਾਂਗਾ।' ਅੱਜ ਜਦੋਂ ਮੁਲਕ ਦੀ ਸੱਤਾ ਭਗਵਾਂ ਫਾਸ਼ੀਵਾਦ ਲਾਗੂ ਕਰਨ ਲਈ ਪੱਬਾਂ ਭਾਰ ਹੋਈ ਪਈ ਹੈ, ਹਰ ਜਮਹੂਰੀ ਅਦਾਰੇ ਤੇ ਆਪਣਾ ਕਬਜ਼ਾ ਕਰਨ ਲਈ ਹਰ ਨੁਸਖਾ ਵਰਤ ਰਹੀ ਹੈ, ਸਲੇਬਸ ਬਦਲੇ ਜਾ ਰਹੇ ਹਨ, ਨਾਇਕ ਬਦਲੇ ਜਾ ਰਹੇ ਹਨ, ਅਕੀਦੇ ਬਦਲੇ ਜਾ ਰਹੇ ਹਨ, ਅਕਾਦਮਿਕ ਅਤੇ ਅਦਬੀ ਹਲਕਿਆਂ ਵਿਚ ਕੋਈ ਐਵਾਰਡਾਂ ਦੀ ਬੁਰਕੀ ਨਾਲ ਚੁੱਪ ਹੋਇਆ ਬੈਠਾ ਹੈ ਅਤੇ ਕੋਈ ਅਹੁਦਿਆਂ ਦੀਆਂ ਪੂਛਾਂ ਲਵਾ ਕੇ ਸ਼ਾਂਤ ਹੋ ਗਿਆ ਹੈ ਪਰ ਡਾ. ਸੁਖਦੇਵ ਸਿੰਘ ਸਿਰਸਾ ਹਰ ਅਣਹੋਣੀ ਦੇ ਖਿਲਾਫ਼ ਡਟ ਕੇ ਬੋਲ ਰਿਹਾ ਹੈ, ਚਾਹੇ ਉਸ ਨੂੰ ਇਸ ਦੀ ਕਿੰਨੀ ਵੀ ਕੀਮਤ ਚੁਕਾਉਣੀ ਪੈ ਜਾਏ।

ਸਿਰਸਾ ਦੀ ਤਾਕਤ ਇਸ ਗੱਲ ਵਿਚ ਵੀ ਹੈ ਕਿ ਉਸ ਦਾ ਵਿਜ਼ਨ ਬਹੁਤ ਸਾਫ਼ ਹੈ। ਉਸ ਦਾ ਵਿਜ਼ਨ ਉਸ ਦੇ ਵਿਸ਼ਾਲ ਅਧਿਐਨ ਅਤੇ ਲੋਕਪੱਖੀ ਮਸਲਿਆਂ ਤੇ ਦਹਾਕਿਆਂ ਤੋਂ ਲੜਨ ਵਾਲੇ ਅਨੁਭਵ ਦੇ ਸੁਮੇਲ ਵਿਚ ਪੈਦਾ ਹੋਇਆ ਹੈ। ਅਕਸਰ ਇਹ ਦੁਖਾਂਤ ਵੀ ਵਾਪਰਦਾ ਹੈ ਜਿਹੜੇ ਲੋਕ ਜਨਤਕ ਜਥੇਬੰਦੀਆਂ ਵਿਚ ਕੰਮ ਕਰਦੇ ਹਨ, ਉਹ ਪੜ੍ਹਨ-ਪੜ੍ਹਾਉਣ ਤੋਂ ਪਿੱਛੇ ਹਟ ਜਾਂਦੇ ਹਨ ਪਰ ਡਾ. ਸਿਰਸਾ ਅਜਿਹੀ ਸ਼ਖ਼ਸੀਅਤ ਹੈ ਜਿਸ ਨੇ ਸੇਵਾਮੁਕਤੀ ਤਕ ਨਾ ਕਦੇ ਆਪਣਾ ਪੀਰੀਅਡ ਛੱਡਿਆ ਅਤੇ ਨਾ ਅੱਜ ਦੇ ਦਿਨ ਤਕ ਵਿਸ਼ਵ ਚਿੰਤਨ ਨੂੰ ਪੜ੍ਹਨਾ-ਗੁੜ੍ਹਨਾ ਛੱਡਿਆ। ਪੂਰੇ ਵਿਸ਼ਵ ਦੇ ਲੋਕਪੱਖੀ ਸਾਹਿਤ ਦੀ ਵਿਸ਼ਾਲ ਪਰੰਪਰਾ, ਪੂਰੇ ਵਿਸ਼ਵ ਦਾ ਵੰਨ-ਸੁਵੰਨਾ ਫ਼ਲਸਫਾ, ਜ਼ਿੰਦਗੀ ਦੇ ਮਸਲਿਆਂ ਦੀ ਵਿਆਖਿਆ ਅਤੇ ਉਸ ਪ੍ਰਤੀ ਉਸ ਦੀਆਂ ਮੌਲਿਕ ਧਾਰਨਾਵਾਂ, ਕਿਸੇ ਇਕ ਕਿਤਾਬ ਜਾਂ ਮਸਲੇ ਤੇ ਲੈਕਚਰ ਦੇਣ ਲਈ ਅੱਜ ਵੀ ਘੰਟਿਆ ਬੱਧੀ ਪੜ੍ਹਨਾ ਅਤੇ ਬਕਾਇਦਾ ਉਸ ਦੇ ਨੋਟਿਸ ਲੈ ਕੇ ਜਾਣਾ ਅਤੇ ਹਮੇਸ਼ਾ 'ਅੱਪਡੇਟਿਡ ਵਰਜ਼ਨ' ਰੱਖਣਾ ਉਸ ਦੇ ਕਿਰਦਾਰ ਦੀ ਅਹਿਮ ਖ਼ੂਬੀ ਹੈ।

ਉਸ ਦੀਆਂ ਖੋਜ, ਆਲੋਚਨਾ ਅਤੇ ਸੰਪਾਦਨਾਂ ਦੀਆਂ 33 ਕਵਿਤਾਵਾਂ ਇਸ ਗਲ ਦੀ ਗਵਾਹ ਹਨ ਕਿ ਜ਼ਿੰਦਗੀ ਵਿਚ ਵੱਡੇ ਫਰੰਟਾਂ ਤੇ ਜੂਝਦਿਆਂ ਤੁਹਾਡਾ ਅਧਿਐਨ-ਅਧਿਆਪਨ ਤੇ ਚਿੰਤਨ ਸੁੰਘੜਦਾ ਨਹੀਂ ਬਲਕਿ ਅਮੀਰ ਹੁੰਦਾ ਹੈ ਕਿਉਂਕਿ ਜ਼ਿੰਦਗੀ ਦੀ ਲੜਾਈ ਨਾ ਇਕੱਲਿਆਂ ਕਿਤਾਬੀ ਗਿਆਨ ਨਾਲ ਲੜੀ ਜਾਂਦੀ ਹੈ ਤੇ ਨਾ ਇਕੱਲਿਆਂ ਵਿਹਾਰਕ ਫਰੰਟਾਂ 'ਤੇ ਲੜੀ ਜਾਂਦੀ ਹੈ। ਤੁਹਾਡਾ ਵਿਹਾਰਕ ਫਰੰਟ ਤੁਹਾਨੂੰ ਜੀਵਨ ਯਥਾਰਥ ਦੀਆਂ ਅਨੇਕ ਸੂਖਮ ਪਰਤਾਂ ਨੂੰ ਸਮਝਣ ਯੋਗ ਬਣਾਉਂਦਾ ਹੈ ਅਤੇ ਤੁਹਾਡਾ ਅਧਿਐਨ ਤੁਹਾਨੂੰ ਵਿਸ਼ਵ ਚਿੰਤਨ ਦੇ ਅਨੇਕ ਮਰਹੱਲਿਆਂ ਨਾਲ ਵਾਬਸਤਾ ਕਰਦਾ ਹੈ। ਡਾ. ਸੁਖਦੇਵ ਸਿਰਸਾ ਦੇ ਅੰਦਰ ਚਿੰਤਨ ਅਤੇ ਸੰਘਰਸ਼ ਦੀ ਇਹ ਬਾਇਨਰੀ ਬਿਨਾ ਕਿਸੇ ਦਵੰਦ ਦੇ ਨਿਰੰਤਰ ਚਲਦੀ ਰਹਿੰਦੀ ਹੈ।

ਉਹ ਸੌੜੇ ਰਾਸ਼ਟਰਵਾਦ ਦੇ ਬਖੀਏ ਉਧੇੜਦਾ ਹੈ ਪਰ ਆਪਣੇ ਮੁਲਕ ਲਈ ਉਸ ਦੀ ਮੁਹੱਬਤ ਕਿਸੇ ਵੀ ਤਰ੍ਹਾਂ ਘੱਟ ਨਹੀਂ ਹੈ। ਫ਼ਰਕ ਸਿਰਫ਼ ਇਹ ਹੈ ਕਿ ਉਸ ਮੁਹੱਬਤ ਵਿੱਚ ਗੁਆਂਢੀਆਂ ਲਈ ਨਫ਼ਰਤ ਸ਼ਾਮਿਲ ਨਹੀਂ ਹੈ। ਉਸ ਲਈ ਰਵਿੰਦਰ ਰਵੀ ਤਾਂ ਵੱਡਾ ਨਾਇਕ ਹੈ ਹੀ, ਪਰ ਉਸ ਦੇ ਗੁਆਂਢੀ ਪਿੰਡ ਵਿੱਚ ਜੰਮਿਆ ਅਤੇ ਅਣਗੌਲਿਆ ਰਿਹਾ ਗਦਰੀ ਵੀ ਛੋਟਾ ਨਾਇਕ ਨਹੀਂ ਹੈ। ਉਸ ਨੂੰ 'ਤਲਵੰਡੀ ਸਲੇਮ' ਜਿੰਨਾ ਭਾਉਂਦਾ ਹੈ, ਓਨਾ ਹੀ 'ਬੇਗੂਸਰਾਇ' ਵੀ ਚੰਗੀ ਲੱਗਦਾ ਹੈ। ਉਹ ਜਿਸ ਤਰ੍ਹਾਂ ਖਟਕੜ ਕਲਾਂ ਜਾ ਕੇ ਪ੍ਰਣਾਮ ਕਰਦਾ ਹੈ, ਉਵੇਂ ਹੀ ਝਾਰਖੰਡ ਦੇ ਪਲਾਮੂ ਖੇਤਰ ਵਿੱਚ ਆਪਣੀ ਮਿੱਟੀ ਦੀ ਰਾਖੀ ਲਈ ਅੰਗਰੇਜ਼ਾਂ ਨਾਲ ਲੜਨ ਵਾਲੇ ਨਿਲਾਂਬਰ ਤੇ ਪੀਤਾਂਬਰ ਨੂੰ ਵੀ ਪ੍ਰੇਮ ਕਰਦਾ ਹੈ।

ਸੱਤਾ ਦੇ ਕਿਸੇ ਇਨਾਮ-ਸਨਮਾਨ ਦੀ ਥਾਂ ਉਸ ਦੀ ਝੋਲੀ ਰਵੀ ਮੈਮੋਰੀਅਲ ਪੁਰਸਕਾਰ, ਡਾ. ਕੇਸਰ ਸਿੰਘ ਕੇਸਰ ਯਾਦਗਾਰੀ ਕਲਮ ਪੁਰਸਕਾਰ ਅਤੇ ਡਾ. ਜਗਤਾਰ ਯਾਦਗਾਰੀ ਸਨਮਾਨ ਵਰਗੇ ਲੋਕਪੱਖੀ ਚਿੰਤਕਾਂ ਦੇ ਬਣੇ ਸਨਮਾਨਾਂ ਨਾਲ ਭਰੀ ਹੋਈ ਹੈ। ਉਸ ਲਈ ਆਪਣੇ ਵਿਦਿਆਰਥੀਆਂ ਨੂੰ ਪੀ.ਐਚ.ਡੀ ਕਰਾਉਣਾ ਅਤੇ ਉਹਨਾ ਨੂੰ ਸਾਹਿਤ ਦੀ ਸਮਾਜਿਕ ਭੂਮਿਕਾ ਦਾ ਅਹਿਸਾਸ ਕਰਾਉਣਾ ਅਤੇ ਰੁਜ਼ਗਾਰ ਤਕ ਲੈ ਕੇ ਜਾਣਾ ਹਮੇਸ਼ਾ ਵੱਡਾ ਏਜੰਡਾ ਰਿਹਾ ਹੈ। ਕਿਉਂਕਿ ਉਸ ਨੂੰ ਲਗਦਾ ਹੈ ਕਿ ਨਿੱਜ ਤਕ ਸੀਮਤ ਹੋ ਕੇ ਕਿਤਾਬਾਂ ਲਿਖੀਂ ਜਾਣਾ ਅਤੇ ਫਿਰ ਸੈਮੀਨਾਰ-ਗੋਸ਼ਠੀਆਂ ਕਰਾਉਣਾ ਅਤੇ ਸਨਮਾਨਾਂ ਦੇ ਜੁਗਾੜ ਕਰਨ ਨਾਲੋਂ ਨਵੀਂ ਪੀੜ੍ਹੀ ਦੇ ਖੋਜਕਾਰਾਂ ਨੂੰ ਤਿਆਰ ਕਰਕੇ ਪੰਜਾਬੀ ਸਾਹਿਤ ਅਤੇ ਅਕਾਦਮਿਕ ਖੇਤਰ ਦਾ ਭਵਿੱਖ ਬਣਾਉਣਾ ਜ਼ਿਆਦਾ ਅਹਿਮ ਕਾਰਜ ਹੈ।

ਕੁੱਲ ਮਿਲਾ ਕੇ ਡਾ. ਸੁਖਦੇਵ ਸਿੰਘ ਦੀ ਸਾਹਿਤਕ ਸ਼ਖ਼ਸੀਅਤ ਬਹੁਪੱਖੀ ਹੈ। ਉਹ ਇੱਕ ਅਧਿਆਪਕ ਵਜੋਂ ਗਿਆਨ ਦੀ ਸਾਂਝ ਪਾਉਂਦਾ ਰਿਹਾ, ਇੱਕ ਆਲੋਚਕ ਵਜੋਂ ਪੰਜਾਬੀ ਕਵਿਤਾ ਅਤੇ ਸਾਹਿਤ ਚਿੰਤਨ ਦੇ ਨਵੇਂ ਪੱਖਾਂ ਨੂੰ ਉਜਾਗਰ ਕਰਦਾ ਰਿਹਾ, ਇੱਕ ਸੰਪਾਦਕ ਵਜੋਂ ਸਾਹਿਤ ਦੀਆਂ ਵੱਖ-ਵੱਖ ਧਾਰਾਵਾਂ ਅਤੇ ਮਹੱਤਵਪੂਰਨ ਰਚਨਾਵਾਂ ਨੂੰ ਪਾਠਕਾਂ ਤੱਕ ਪਹੁੰਚਾਉਂਦਾ ਰਿਹਾ ਅਤੇ ਇੱਕ ਸਰਗਰਮ ਕਾਰਕੁਨ ਵਜੋਂ ਪੰਜਾਬੀ ਸਾਹਿਤ ਦੀਆਂ ਜਥੇਬੰਦਕ ਤੇ ਸੱਭਿਆਚਾਰਕ ਸਰਗਰਮੀਆਂ ਨੂੰ ਮਜ਼ਬੂਤ ਕਰਦਾ ਰਿਹਾ। ਉਨ੍ਹਾਂ ਦੀਆਂ ਪੁਸਤਕਾਂ ਵਿੱਚ ਪੰਜਾਬੀ ਕਵਿਤਾ ਦੀ ਆਲੋਚਨਾ ਦੇ ਨਾਲ-ਨਾਲ ਪ੍ਰਤੀਰੋਧ, ਵਿਰਾਸਤ, ਸੱਭਿਆਚਾਰ, ਸੂਫ਼ੀ ਪਰੰਪਰਾ ਅਤੇ ਸਮਕਾਲੀ ਜੀਵਨ ਦੇ ਸਰੋਕਾਰਾਂ ਦੀ ਡੂੰਘੀ ਪੜਚੋਲ ਦਿਖਾਈ ਦਿੰਦੀ ਹੈ। ਤਿੰਨ ਦਹਾਕਿਆਂ ਤੋਂ ਵੱਧ ਦੇ ਅਧਿਆਪਨ, 27 ਪੁਸਤਕਾਂ ਦੇ ਲੇਖਨ, ਅਨੇਕਾਂ ਮਹੱਤਵਪੂਰਨ ਪੁਸਤਕਾਂ ਦੇ ਸੰਪਾਦਨ, 27 ਪੀ.ਐਚ.ਡੀ. ਖੋਜਾਰਥੀਆਂ ਦੇ ਨਿਰਦੇਸ਼ਨ, ਅਨੇਕਾਂ ਸਾਹਿਤਕ ਸਨਮਾਨਾਂ ਅਤੇ ਦੇਸ਼-ਵਿਦੇਸ਼ ਦੀਆਂ ਸਾਹਿਤਕ ਕਾਨਫ਼ਰੰਸਾਂ ਵਿੱਚ ਸਰਗਰਮ ਸ਼ਮੂਲੀਅਤ ਰਾਹੀਂ ਡਾ. ਸੁਖਦੇਵ ਸਿੰਘ ਨੇ ਪੰਜਾਬ ਦੇ ਅਵਾਮੀ ਸੰਘਰਸ਼ਾਂ, ਸਾਹਿਤਕ ਚਿੰਤਨ ਅਤੇ ਆਲੋਚਨਾ ਦੇ ਖੇਤਰ ਵਿੱਚ ਆਪਣਾ ਇੱਕ ਵਿਸ਼ੇਸ਼ ਮੁਕਾਮ ਬਣਾਇਆ ਹੈ। ਇਸ ਸਭ ਤੋਂ ਉੱਪਰ ਉਸ ਦੀ ਬੇਬਾਕੀ, ਦਲੇਰੀ ਅਤੇ ਸੱਚ ਨਾਲ ਖੜ੍ਹੇ ਹੋਣ ਦੀ ਹਿੰਮਤ ਹੈ।

ਉਹ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਦੀ ਚੋਣ ਇਸ ਕਰਕੇ ਨਹੀਂ ਲੜ ਰਿਹਾ ਕਿ ਉਸ ਅੰਦਰ ਕਿਸੇ ਅਹੁਦੇ ਜਾਂ ਰੁਤਬੇ ਦੀ ਲਾਲਸਾ ਹੈ ਬਲਕਿ ਇਸ ਪਿੱਛੇ ਉਸ ਦੇ ਬਹੁਤ ਵੱਡੇ ਫਿਕਰ ਸ਼ਾਮਿਲ ਹਨ। ਉਹ ਚਾਹੁੰਦਾ ਹੈ ਕਿ :

ਇਸ ਯੂਨੀਵਰਸਿਟੀ ਨੂੰ ਸੈਂਟਰਲ ਯੂਨੀਵਰਸਿਟੀ ਬਣਨ ਤੋਂ ਹਰ ਹਾਲ ਵਿਚ ਰੋਕਿਆ ਜਾਵੇ। ਕਿਉਂਕਿ ਸੈਂਟਰਲ ਯੂਨੀਵਰਸਿਟੀ ਬਣਨ ਦਾ ਇਕ ਸਿੱਧਾ ਜਿਹਾ ਮਤਲਬ ਇਹ ਹੈ ਕਿ ਚੰਡੀਗੜ੍ਹ ਤੋਂ ਪੰਜਾਬੀਆਂ ਦਾ ਦਾਅਵਾ ਖਤਮ ਹੋਣਾ ਅਤੇ ਪੰਜਾਬ ਦੀ ਇਸ ਰਾਜਧਾਨੀ ਦਾ ਹੌਲੀ ਹੌਲੀ ਪੰਜਾਬ ਦੇ ਹੱਥਾਂ 'ਚੋਂ ਨਿਕਲਣਾ ਹੈ।

ਉਹ ਚਾਹੁੰਦਾ ਹੈ ਕਿ ਸੱਤਾ ਕਿਸੇ ਵੀ ਹਾਲਤ ਵਿਚ ਪੰਜਾਬ ਯੂਨੀਵਰਸਿਟੀ ਦੇ ਸੈਨੇਟ ਵਰਗੇ ਜਮਹੂਰੀ ਅਦਾਰਿਆਂ ਦਾ ਲੋਕਰਾਜੀ ਕਿਰਦਾਰ ਖ਼ਤਮ ਨਾ ਕਰ ਸਕੇ। ਕਿਉਂਕਿ ਪੰਜਾਬ ਦੀਆਂ ਸਾਰੀਆਂ ਯੂਨੀਵਰਸਿਟੀਆਂ ਵਿਚੋ ਇਹ ਯੂਨੀਵਰਸਿਟੀ ਹੀ ਅਜਿਹੀ ਹੈ ਜਿਸ ਦੀ ਸੈਨੇਟ ਵਿਚ ਲੋਕ ਜਮਹੂਰੀ ਤਰੀਕੇ ਨਾਲ ਚੁਣ ਕੇ ਆਉਂਦੇ ਹਨ ਅਤੇ ਯੂਨੀਵਰਸਿਟੀ ਦੇ ਵਡੇਰੇ ਹਿੱਤਾਂ ਲਈ ਆਵਾਜ਼ ਬੁਲੰਦ ਕਰਦੇ ਹਨ।ਉਹ ਚਾਹੁੰਦੇ ਹੈ ਕਿ ਸਿੱਖਿਆ ਅਤੇ ਸਿਹਤ ਸਿਆਸੀ ਏਜੰਡੇ ਨਹੀਂ ਬਲਕਿ ਅਵਾਮ ਦੀ ਜ਼ਰੂਰਤ ਹਨ। ਇਸ ਲਈ ਸਿੱਖਿਆ ਖੇਤਰ ਨੂੰ 1990 ਤੋਂ ਬਾਅਦ ਸ਼ੁਰੂ ਹੋਏ ਸਿੱਖਿਆ ਦੇ ਕਾਰਪੋਰੇਟੀਕਰਨ ਅਤੇ ਬਾਜ਼ਾਰੀਕਰਨ ਤੋਂ ਸੁਰਖਿਅਤ ਰੱਖਣਾ ਅੱਜ ਦੀ ਵੱਡੀ ਲੋੜ ਹੈ।

ਉਹ ਚਾਹੁੰਦਾ ਹੈ ਕਿ ਨਵੀਂ ਸਿੱਖਿਆ ਨੀਤੀ-2020 ਦੀਆਂ ਸਿੱਖਿਆ ਅਤੇ ਸਮਾਜਿਕ ਵਿਕਾਸ ਵਿਰੋਧੀ ਧਾਰਨਾਵਾਂ ਨੂੰ ਲਾਗੂ ਹੋਣ ਤੋਂ ਰੋਕਿਆ ਜਾ ਸਕੇ ਅਤੇ ਇਸ ਮਹੱਤਵਪੂਰਨ ਅਦਾਰੇ ਵਿਚ ਵਿਦਿਆਰਥੀ ਵਿਰੋਧੀ ਫੈਸਲੇ ਨਾ ਲਏ ਜਾ ਸਕਣ

ਉਹ ਚਾਹੁੰਦਾ ਹੈ ਕਿ ਪੰਜਾਬ ਯੂਨੀਵਰਸਿਟੀ ਵਿਚ ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਉੱਪਰ ਹੋ ਰਹੇ ਨਿਰੰਤਰ ਹਮਲੇ ਬੰਦ ਹੋਣ ਅਤੇ ਇਸ ਦੇ ਪ੍ਰਚਾਰ-ਪ੍ਰਸਾਰ ਲਈ ਹੋਰ ਵਧੇਰੇ ਮੌਕੇ ਪੈਦਾ ਕੀਤੇ ਜਾ ਸਕਣ।

ਦੋਸਤੋ ! ਇਹਨਾਂ ਸਾਰਿਆਂ ਮੁੱਦਿਆਂ ਤੇ ਡਾ. ਸੁਖਦੇਵ ਸਿੰਘ ਸਿਰਸਾ ਅੱਜ ਨਹੀਂ ਬਲਕਿ ਪਿਛਲੇ ਦੋ ਦਹਾਕਿਆਂ ਤੋਂ ਕੰਮ ਕਰ ਰਹੇ ਹਨ। ਇਹੀ ਨਿਰੰਤਰਤਾ ਸੈਨੇਟ ਦੀਆਂ ਵਰਤਮਾਨ ਚੋਣਾਂ ਵਿਚ ਉਸ ਦੇ ਦਾਅਵੇ ਨੂੰ ਮਜ਼ਬੂਤ ਬਣਾਉਂਦੀ ਹੈ। ਪਰ ਇਹਨਾਂ ਚੋਣਾਂ ਦੇ ਰੂਪ ਵਿਚ ਇਹ ਲੜਾਈ ਹੁਣ ਉਸ ਦੀ ਇਕੱਲੇ ਦੀ ਨਹੀਂ ਹੈ ਬਲਕਿ ਸਾਡੇ ਸਾਰਿਆਂ ਦੀ ਹੈ। ਅਜਿਹੀ ਬੁਲੰਦ ਆਵਾਜ਼ ਦਾ ਸੈਨੇਟ ਵਿਚ ਹੋਣਾ ਯੂਨੀਵਰਸਿਟੀ ਦੇ ਜਮਹੂਰੀ ਤੇ ਲੋਕਪੱਖੀ ਕਿਰਦਾਰ ਨੂੰ ਬਚਾਉਣ ਦੇ ਮਾਮਲੇ ਵਿਚ ਸਭ ਤੋਂ ਵੱਧ ਭਰੋਸੇਮੰਦ ਹੈ। ਅੱਜ ਫ਼ੈਜ਼ ਅਹਿਮਦ ਫੈਜ਼ ਦੀਆਂ ਇਹਨਾਂ ਸਤਰਾਂ ਨੂੰ ਯਾਦ ਕਰਨ ਦਾ ਵਕਤ ਹੈ :

ਜਿਸ ਧਜ ਸੇ ਕੋਈ ਮਕਤਲ ਕੋ ਚਲਾ,
ਵੋਹ ਸ਼ਾਨ ਸਲਾਮਤ ਰਹਿਤੀ ਹੈ।
ਯਹ ਜਾਨ ਤੋ ਆਨੀ ਜਾਨੀ ਹੈ,
ਇਸ ਜਾਂ ਕੀ ਤੋ ਕੋਈ ਬਾਤ ਨਹੀਂ।

ਇਸ ਲਈ ਆਓ 20 ਸਤੰਬਰ ਨੂੰ ਹੋ ਰਹੀਆਂ ਚੋਣਾਂ ਵਿਚ ਲੜੀ ਨੰਬਰ 47 ਯਾਦ ਰੱਖੀਏ ਅਤੇ ਉਸ ਨੂੰ ਪਹਿਲੀ ਤਰਜੀਹ ਦੀ ਵੋਟ ਦੇ ਕੇ ਪੰਜਾਬੀਅਤ ਦੀ ਧੜੱਲੇਦਾਰ ਆਵਾਜ਼ ਨੂੰ ਸੈਨੇਟ ਵਿਚ ਭੇਜੀਏ।

*ਸੰਪਰਕ : 98768-20600*



## ਪੰਜਾਬ 'ਵਰਸਿਟੀ ਸੈਨੇਟ ਚੋਣਾਂ 'ਚ ਡਾ. ਸੁਖਦੇਵ ਸਿੰਘ ਸਿਰਸਾ ਨੂੰ ਜਲੰਧਰ ਦੀਆਂ ਸਾਹਿਤ ਤੇ ਸੱਭਿਆਚਾਰ ਨਾਲ ਜੁੜੀਆਂ ਸੰਸਥਾਵਾਂ ਵੱਲੋਂ ਭਰਪੂਰ ਸਮਰਥਨ ਤੇ ਵੋਟਰਾਂ ਨੂੰ ਅਪੀਲ

**ਜਲੰਧਰ** : ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀਆਂ 20 ਸਤੰਬਰ ਨੂੰ ਹੋ ਰਹੀਆਂ ਸੈਨੇਟ ਚੋਣਾਂ ਵਿਚ ਰਜਿਸਟਰਡ ਗ੍ਰੈਜੂਏਟ ਹਲਕੇ ਤੋਂ ਚੋਣ ਲੜ ਰਹੇ ਉਮੀਦਵਾਰ ਡਾ. ਸੁਖਦੇਵ ਸਿੰਘ ਸਿਰਸਾ (ਸਾਬਕਾ ਮੁੱਖੀ ਤੇ ਪ੍ਰੋਫ਼ੈਸਰ ਪੰਜਾਬੀ ਵਿਭਾਗ ਪੰਜਾਬ ਯੂਨੀ.ਚੰਡੀਗੜ੍ਹ) ਜਿਸ ਦਾ ਸੀਰੀਅਲ ਨੰਬਰ 47 ਲਈ ਪ੍ਰਗਤੀਸ਼ੀਲ ਲੇਖਕ ਸੰਘ ਜਲੰਧਰ ਇਕਾਈ ਦੇ ਪ੍ਰਧਾਨ ਪ੍ਰਿੰਸੀਪਲ ਜਸਪਾਲ ਸਿੰਘ ਰੰਧਾਵਾ, ਜਨਰਲ



ਸਕੱਤਰ ਭਗਵੰਤ ਰਸੂਲਪੁਰੀ ਤੇ ਅਹੁਦੇਦਾਰ , ਮਾਨਵਵਾਦੀ ਰਚਨਾ ਮੰਚ ਪੰਜਾਬ ਦੇ ਪ੍ਰਧਾਨ ਡਾ. ਕੇਵਲ ਸਿੰਘ ਪਰਵਾਨਾ ਤੇ ਜਨਰਲ ਸਕੱਤਰ ਮੱਖਣ ਮਾਨ, ਸਾਹਿਤਕ ਅਤੇ ਸਭਿਆਚਾਰਕ ਸੰਸਥਾ ਫੁਲਕਾਰੀ ਦੇ ਪ੍ਰਧਾਨ ਸੁਰਜੀਤ ਜੱਜ ਤੇ ਜਨਰਲ ਸਕੱਤਰ ਮੱਖਣ ਮਾਨ ਤੇ ਅਹੁਦੇਦਾਰਾਂ ਨੇ ਡਾ. ਸਿਰਸਾ ਦੇ ਹੱਕ ਵਿੱਚ ਜਲੰਧਰ ਅਤੇ ਪੰਜਾਬ, ਹਰਿਆਣਾ, ਚੰਡੀਗੜ੍ਹ ਦੇ ਵੋਟਰਾਂ ਨੂੰ ਭਰਪੂਰ ਹਮਾਇਤ ਦੇਣ ਤੇ ਵੋਟ ਪਾਉਣ ਦੀ ਅਪੀਲ ਕੀਤੀ ਹੈ। ਪ੍ਰਗਤੀਸ਼ੀਲ ਲੇਖਕ ਸੰਘ ਦੇ ਪ੍ਰਧਾਨ ਪ੍ਰਿੰਸੀਪਲ ਜਸਪਾਲ ਸਿੰਘ ਰੰਧਾਵਾ ਨੇ ਬੋਲਦਿਆਂ ਕਿਹਾ ਕਿ ਅੱਜ ਵਿਦਿਆਕ ਸੰਸਥਾਵਾਂ ਦੇ ਅਜ਼ਾਦ ਅਸਤਿਤਵ ਨੂੰ ਬਚਾਉਣ ਦੀ ਲੋੜ ਹੈ। ਪੰਜਾਬ ਯੂਨੀ. ਚੰਡੀਗੜ੍ਹ ਇਕ ਅਜਿਹੀ ਸੰਸਥਾ ਹੈ ਜਿਸ ਦੇ ਸੈਨੇਟ ਮੈਂਬਰ ਚੁਣ ਕੇ ਆਉਂਦੇ ਹਨ । ਡਾ ਸੁਖਦੇਵ ਸਿੰਘ ਸਿਰਸਾ ਗ੍ਰੈਜੂਏਟ ਹਲਕੇ ਤੋਂ ਸੈਨੇਟ ਦੀ ਚੋਣ ਲੜ ਰਹੇ ਹਨ ।ਉਨ੍ਹਾਂ ਦਾ ਲੜੀ ਨੰਬਰ 47 ਹੈ। ਮੈਂ ਪ੍ਰਗਤੀਸ਼ੀਲ ਲੇਖਕ ਸੰਘ ਜਲੰਧਰ ਇਕਾਈ ਅਤੇ ਜਲੰਧਰ ਦੀਆਂ ਹੋਰ ਸਾਹਿਤਕ ਇਕਾਈਆਂ ਵੱਲੋਂ ਜਲੰਧਰ ਤੇ ਪੰਜਾਬ ਦੇ ਵੱਖ ਵੱਖ ਜਿਲ੍ਹਿਆਂ ਦੇ ਵੋਟਰਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਡਾ. ਸਿਰਸਾ ਨੂੰ ਪਹਿਲੀ ਤਰਜੀਹ ਦੀ ਵੋਟ ਪਾ ਕੇ ਸੈਨੇਟ ਮੈਂਬਰ ਬਣਾਉਣ। ਡਾ. ਸਿਰਸਾ ਵਿਦਿਆਰਥੀਆਂ ਦੇ ਚੰਗੇਰੇ ਭਵਿੱਖ ਤੇ ਚੰਗੀ ਸਿੱਖਿਆ ਸੰਬੰਧੀ ਮੁੱਦੇ ਸਮੇਂ ਸਮੇਂ ਉਭਾਰਦੇ ਰਹਿੰਦੇ ਹਨ ਤੇ ਬਤੌਰ ਸੈਨੇਟ ਮੈਂਬਰ ਬਨਣ ਉਪਰੰਤ ਵੀ ਉਭਾਰਨਗੇ। ਸੋ ਅਸੀਂ ਉਨ੍ਹਾਂ ਨੂੰ ਸੈਨੇਟ ਚੋਣਾਂ ਵਿੱਚ ਜਿਤਾਉਣ ਦੀ ਅਪੀਲ ਕਰਦੇ ਹਾਂ। ਇਸ ਦੌਰਾਨ ਸਾਹਿਤਕ ਅਤੇ ਸਭਿਆਚਾਰਕ ਸੰਸਥਾ ਫੁਲਕਾਰੀ ਦੇ ਪ੍ਰਧਾਨ ਪ੍ਰੋ. ਸੁਰਜੀਤ ਜੱਜ ਨੇ ਕਿਹਾ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨਾਲ ਜੁੜੇ ਵੋਟਰਾਂ ਨੂੰ ਅਸੀਂ ਆਪੀਲ ਕਰਦੇ ਹਾਂ ਕਿ ਉਹ ਡਾ ਸਿਰਸਾ ਨੂੰ ਵੋਟ ਪਾ ਕੇ ਜਿਤਾਉਣ। ਕਿਉਂਕਿ ਡਾ. ਸਿਰਸਾ ਲੰਮੇ ਸਮੇਂ ਤੋਂ ਇਸੇ ਯੂਨੀ. ਦੇ ਪੰਜਾਬੀ ਵਿਭਾਗ ਦੇ ਪ੍ਰੋ. ਤੇ ਮੁੱਖੀ ਰਹੇ ਤੇ ਉਨ੍ਹਾਂ ਨੇ ਸਮੇਂ ਸਮੇਂ ਵਿਦਿਆਰਥੀਆਂ ਦੇ ਮੁੱਦੇ ਉਭਾਰੇ । ਸੋ ਉਨ੍ਹਾਂ ਨੂੰ ਜਿਤਾਉਣਾ ਇਸ ਲਈ ਜ਼ਰੂਰੀ ਹੈ ਕਿਉਂਕਿ ਉਹ ਪ੍ਰਮੁੱਖਤਾ ਨਾਲ ਵਿਦਿਆਰਥੀਆਂ ਦੇ ਮੁੱਦੇ ਉਭਾਰ ਕੇ ਉਨ੍ਹਾਂ ਦੇ ਮਸਲੇ ਹੱਲ ਕਰਵਾ ਸਕਦੇ ਹਨ। ਅਜਿਹੀ ਵਿਦਵਾਨ ਸ਼ਖ਼ਸੀਅਤ ਦਾ ਸੈਨੇਟਰ ਬਣਨਾ ਬਹੁਤ ਜ਼ਰੂਰੀ ਹੈ। ਪ੍ਰਗਤੀਸ਼ੀਲ ਲੇਖਕ ਸੰਘ ਜਲੰਧਰ ਇਕਾਈ ਦੇ ਜਰਨਲ ਸਕੱਤਰ ਭਗਵੰਤ ਰਸੂਲਪੁਰੀ ਨੇ ਜਲੰਧਰ ਦੇ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ 20 ਸਤੰਬਰ ਨੂੰ ਜਲੰਧਰ ਸਥਿਤ ਵੱਖ ਵੱਖ ਬੂਥਾਂ ਉੱਤੇ ਪੁੱਜ ਕੇ ਡਾ. ਸਿਰਸਾ ਨੂੰ ਪਹਿਲੀ ਤਰਜੀਹ ਦੀ ਵੋਟ ਪਾ ਕੇ ਕਾਮਯਾਬ ਕਰਨ ।ਉਨ੍ਹਾਂ ਦਾ ਸੀਰੀਅਲ ਨੰਬਰ 47 ਹੈ। ਵੋਟਰ ਨੰਬਰ 1 ਤੇ ਟਿੱਕ ਕਰਨ। ਇਨ੍ਹਾਂ ਸੰਸਥਾਵਾਂ ਨਾਲ ਜੁੜੇ ਅਜੈ ਕੁਮਾਰ, ਡਾ. ਸ਼ੈਲੇਸ, ਕੇਸਰ ਸਿੰਘ, ਕੁਲਦੀਪ ਸਿੰਘ ਬੇਦੀ, ਬਲਬੀਰ ਪਰਵਾਨਾ, ਗੁਰਮੀਤ, ਸਤਨਾਮ ਚਾਨਾ, ਮੋਹਨ ਲਾਲ ਫਿਲੌਰੀਆ, ਰਕੇਸ਼ ਆਨੰਦ, ਜੁਗਿੰਦਰ ਸੰਧੂ, ਡਾ. ਕੁਲਵੰਤ ਸੰਧੂ, ਡਾ. ਜਗਜੀਤ ਸਿੰਘ ਚੀਮਾ, ਦਵਿੰਦਰ ਮੰਡ, ਹਰਵਿੰਦਰ ਭੰਡਾਲ, ਰਣਜੀਤ ਸਿੰਘ ਔਲਖ, ਬਿੰਦਰ ਬਸਰਾ, ਜਤਿੰਦਰ ਪੰਮੀ, ਕਮਲਜੀਤ ਥਾਬਲਕੇ, ਪ੍ਰੋ, ਲਾਲ ਬਹਾਦਰ, ਤਸਕੀਨ ਤੇ ਹੋਰਨਾਂ ਨੇ ਜਲੰਧਰ ਦੇ ਵੋਟਰਾਂ ਅਤੇ ਪੰਜਾਬ ਦੇ ਵੋਟਰਾਂ ਨੂੰ ਡਾ. ਸਿਰਸਾ ਨੂੰ ਵੋਟ ਪਾਉਣ ਦੀ ਅਪੀਲ ਕੀਤੀ।

**ਆਉਂਦੇ ਐਤਵਾਰਤਾ 'ਚ ਵਿਸ਼ੇਸ਼**

ਵਿਗਿਆਨ ਤੇ ਅਧਿਆਤਮਿਕਵਾਦ ਦਾ ਸੱਚ : ਹਰੀਸ਼ ਮਲਹੋਤਰਾ

'ਮਾਇਕਲ' ਫ਼ਿਲਮ ਦੇਖਦਿਆਂ : ਗੋਵਰਧਨ ਗੱਬੀ

'ਭੁੱਲ ਆਇਆਂ ਖੁਦ ਨੂੰ ਕਿਤੇ' : ਆਨੰਦ (ਫੋਕਸ) ਮੱਖਣ ਮਾਨ

ਪ੍ਰਤਾਪ ਪਾਰਸ ਦੀਆਂ ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ

# ਸਮਕਾਲ

---- ਭਗਵੰਤ ਰਸੂਲਪੁਰੀ----


## ਤਾਸਮਨ : ਵਿਸ਼ੇਸ਼ ਸੁਖਪਾਲ ਦੀ 'ਤਣਿਆ ਹੋਇਆ ਡਿੱਗਦਾ ਰੁੱਖ' ਮਿਆਰੀ ਲਿਖਤ

ਤਾਸਮਨ ਦਾ ਨਵਾਂ ਅੰਕ-21 (ਸਤੰਬਰ-ਦਸੰਬਰ,2026) ਬੜੀ ਖੂਬਸੂਰਤੀ ਨਾਲ ਛਪ ਕੇ ਪੁੱਜਾ ਹੈ। 240 ਪੰਨਿਆਂ ਦੇ ਇਸ ਅੰਕ ਦੀ ਕੀਮਤ :150 ਰੁਪਏ ਹੈ। ਅੰਕ ਦੀ ਵਿਸ਼ੇਸ਼ ਧਿਆਨ ਖਿੱਚਣ ਵਾਲੀ ਲਿਖਤ ਸੁਖਪਾਲ ਦਾ ਆਪਣੇ ਨਾਨੇ ਬਾਰੇ ਲਿਖਿਆ 'ਸ਼ਬਦ ਚਿੱਤਰ' ਹੈ ਜਿਹੜਾ 24 ਪੰਨਿਆਂ ਵਿੱਚ ਫੈਲਿਆ ਹੋਇਆ ਹੈ। ਸੁਖਪਾਲ ਨੇ ਨਾਨੇ ਦੇ ਹਰ ਪੱਖ ਨੂੰ ਬੜੀ ਇਮਾਨਦਾਰੀ ਨਾਲ ਪੇਸ਼ ਕਰਨ ਦਾ ਯਤਨ ਕੀਤਾ ਹੈ। ਸੰਪਾਦਕੀ 'ਵਿਦਿਆਰਥੀ ਸੰਘਰਸ਼ ਅਤੇ ਸਾਹਿਤ' ਤੇ ਹੈ। ਜਿਸ ਵਿੱਚ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਵਿਦਿਆਰਥੀ ਦੇ ਮਨ ਵਿੱਚ ਸੱਤਾ ਖਿਲਾਫ਼ ਨਾਬਰੀ ਦੀ ਸੁਰ ਕਿਉਂ ਤੇ ਕਿਵੇਂ ਪੈਦਾ ਹੁੰਦੀ ਹੈ। ਹੱਥਲੇ ਅੰਕ ਵਿੱਚ ਪੰਜ ਪੰਜਾਬੀ ਕਹਾਣੀਆਂ ਛਪੀਆਂ ਹਨ। ਅਜਮੇਰ ਰੋਡੇ ਨੇ ਆਪਣੀ ਕਹਾਣੀ 'ਮੱਫੀ' ਵਿੱਚ ਪਲੇਗ ਦੇ ਸਮੇਂ ਦਾ ਬਿਰਤਾਂਤ ਬਿਆਨ ਕੀਤਾ ਹੈ ਕਿ ਉਸ ਵੇਲੇ ਦੀ ਲੋਕ ਮਾਨਸਿਕਤਾ ਕਿਸ ਤਰ੍ਹਾਂ ਦੀ ਸੀ। ਉਸ ਦੇ ਨਾਲ ਜਗਵਿੰਦਰ ਜੋਧਾ (ਇਸ ਦਸ਼ਤ ਮੇਂ ਇਕ ਸ਼ਹਿਰ ਥਾ), ਲਖਵਿੰਦਰ ਵਿਰਕ (ਪਿੰਕ ਫ਼ਰਾਕ), ਅਲਫ਼ਾਜ਼ (ਨਾਬੇ), ਹਰਵਿੰਦਰ ਸਿੰਘ ਰੋਡੇ (ਨਸਲ) ਦੀਆਂ ਕਹਾਣੀਆਂ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਅੰਕ ਵਿੱਚ ਦੋ ਭਾਰਤੀ ਕਹਾਣੀਆਂ ਪ੍ਰੇਤ (ਅਸ਼ੋਕ ਸਕਸੈਨਾ, ਅਨੁ. ਨਵ ਸੰਗੀਤ ਸਿੰਘ), ਤੂੰ ਇਥੇ ਹੀ ਰਹਿਣਾ (ਸੁਧਾ ਅਰੋੜਾ, ਅਨੁ. ਸੁਖਵਿੰਦਰ) ਵੀ ਛਪੀਆਂ ਹਨ। ਗੁਰਬਚਨ ਸਿੰਘ ਭੁੱਲਰ ਦਾ ਲੇਖ 'ਪੰਜਾਬੀ ਦੇ ਦੁੱਧ ਵਿਚ ਅਮਰਜੀਤ ਚੰਦਨ ਦੀ ਕਾਂਜੀ' ਵੀ ਉਤਮ ਦਰਜੇ ਦੀ ਵਾਰਤਕ ਦਾ ਨਮੂਨਾ ਹੈ। ਜਾਵੇਦ ਸਿੱਦੀਕੀ ਦਾ 'ਇਹ ਤਾਂ ਗੁਲਜ਼ਾਰ ਹੈ', ਯਾਦਵਿੰਦਰ ਸਿੰਘ ਦਾ 'ਅਮਰਜੀਤ ਚੰਦਨ ਦੀਆਂ ਪੰਜ ਕਵਿਤਾਵਾਂ ਸੰਗ ਬਚਨ ਬਿਲਾਸ', ਕੰਵਰਜੀਤ ਸਿੰਘ ਸਿੱਧੂ ਦਾ 'ਗਾਲਿਆਨੋ ਯਾਦਾਂ ਅਤੇ ਅੰਤਰ ਵਿਰੋਧਾਂ ਦੀ ਲੀਲ੍ਹਾ', ਮੇਜਰ ਮਾਂਗਟ ਦਾ 'ਮੇਰੇ ਵੱਡੇ ਦਾਦਾ ਜੀ ਹੌਲਦਾਰ ਪੰਜਾਬ ਸਿੰਘ', ਤਰਸੇਮ ਨੇ ਚੰਦਰ ਪ੍ਰਕਾਸ਼ ਦੇਵਲ ਦੀਆਂ ਕਵਿਤਾਵਾਂ, ਹਰਮੀਤ ਵਿਦਿਆਰਥੀ ਨੇ ਰਫ਼ਾਕਤ ਹੁਸੈਨ ਮੁਮਤਾਜ਼ ਦੀ ਸ਼ਾਇਰੀ, ਸਿਧਾਰਥ ਨੇ ਅਹਿਮਦ ਸ਼ਮਲੂ ਦੇ ਗੀਤ' ਆਦਿ ਅਨੁਵਾਦ ਕੀਤੇ ਹਨ। ਅਮਰਜੀਤ ਅਰਪਨ ਤੇ ਜਸਵੰਤ ਮੋਹਾਲੀ ਦੇ ਪ੍ਰਤੀਕਰਮ ਹਨ। ਸੁਰਿੰਦਰ ਸ਼ਰਮਾ ਦੇ ਲੇਖਕਾਂ ਦੇ ਲਤੀਫ਼ੇ ਲਿਖੇ ਹਨ। ਇਸ ਵਾਰ ਗੁਰਭਜਨ ਗਿੱਲ ਨੂੰ ਵਿਸ਼ੇਸ਼ ਕਵੀ ਵਜੋਂ ਪੇਸ਼ ਕੀਤਾ ਗਿਆ ਹੈ। ਸਿਮਰਤ ਗਗਨ, ਸੁਖਬੀਰ ਸਿੰਘ ਸੰਧੂ, ਦੀਪਕ ਧਲੇਵਾਂ, ਜੱਗੀ ਜੌਹਲ, ਰਾਮਪਾਲ ਸ਼ਾਹਪੁਰੀ, ਸੁਖ਼ਨਵਰ ਜਗਤਾਰ ਦੀ ਸ਼ਾਇਰੀ ਹੈ। ਬਲਦੇਵ ਸਿੰਘ ਧਾਲੀਵਾਲ ਦੀ ਕਹਾਣੀ 'ਮੈਨਾ ਤੋਤੇ ਦੀ ਕਹਾਣੀ' 'ਤੇ ਸੰਵਾਦ ਨਾਲ ਨਵੀਆਂ ਕਿਤਾਬਾਂ ਬਾਰੇ ਜਾਣਕਾਰੀ ਹੈ। ਪਤਾ-ਤਾਸਮਨ ਐਮ. ਆਈ. ਜੀ. 578, ਫੇਜ਼-1, ਅਰਬਨ ਅਸਟੇਟ, ਪਟਿਆਲਾ-2 (ਸੰਪਰਕ 98761-55530,95172-44006) ਤੋਂ ਮੰਗਵਾਇਆ ਜਾ ਸਕਦਾ ਹੈ। ਰਚਨਾਵਾਂ ਭੇਜਣ ਲਈ email: tasmanpunjabi2021@gmail.com ਤਾਸਮਨ ਦੇ ਮੁੱਖ ਸੰਪਾਦਕ ਹਰਮਨਦੀਪ ਗਿੱਲ ਤੇ ਸੰਪਾਦਕ ਸਤਪਾਲ ਭੀਖੀ ਹਨ।




## ਅਰਮਾਨ : ਜੁਲਾਈ-ਸਤੰਬਰ, 2026

ਪੰਜਾਬੀ ਚਿੰਤਨ ਤੇ ਆਲੋਚਨਾ ਦਾ ਆਨ ਲਾਇਨ ਖੋਜ ਰਸਾਲਾ 'ਅਰਮਾਨ' ਦਾ ਜੁਲਾਈ-ਸਤੰਬਰ, 2026 ਦਾ 15 ਵਾਂ ਅੰਕ, ਪਾਠਕਾਂ ਤੱਕ ਪੁੱਜ ਗਿਆ ਹੈ। ਜਰਨਲ ਦੇ ਪੰਨੇ :137 ਹਨ। ਸੰਪਾਦਕੀ ਪੰਨੇ ਉੱਤੇ ਸੰਦੀਪ ਸਿੰਘ ਮੁੰਡੇ ਨੇ ਨੌਜਵਾਨ ਪੀੜ੍ਹੀ ਦੀ ਸਿਰਜਣਾਤਮਕ ਊਰਜਾ ਅਤੇ ਮਾਨਸਿਕ ਸਮਰੱਥਾ ਦੀ ਗੱਲ ਕਰਦਿਆਂ ਪ੍ਰੀਖਿਆ ਪ੍ਰਣਾਲੀ ਦੇ ਸੁਧਾਰ ਦਾ ਮੁੱਦਾ ਉਭਾਰਿਆ ਹੈ। ਇਸ ਨਵੇਂ ਅੰਕ ਵਿੱਚ 24 ਖੋਜ ਪੇਪਰ ਪ੍ਰਕਾਸ਼ਤ ਕੀਤੇ ਗਏ ਹਨ। ਡਾ. ਲਖਵੀਰ ਲੈਜ਼ੀਆ (ਸ਼ਾਹ ਹੁਸੈਨ), ਨਵਜੋਤ ਸਿੰਘ-ਡਾ. ਗੁਰਵਿੰਦਰ ਕੌਰ (ਪੰਜਾਬੀ ਗ਼ਜ਼ਲਕਾਰੀ), ਡਾ. ਅਨੁਰਾਧਾ (ਸੂਫੀ ਵਿਚਾਰਧਾਰਾ), ਡਾ. ਪਵਨ ਕੁਮਾਰ (ਦਰਸ਼ਨ ਬੁੱਟਰ ਦੀ ਕਵਿਤਾ), ਡਾ. ਗੁਰਧਿਆਨ ਸਿੰਘ (ਸੁਰਮੇਦਾਨੀ), ਰਾਣੀ ਦੇਵੀ (ਨੌਂ ਮਣ ਲੱਕੜਾਂ), ਮਿੱਠੂ ਰਾਮ-ਡਾ. ਅਮਨਦੀਪ ਕੌਰ (ਮਲਵਈ ਕਵੀਸ਼ਰੀ), ਅਮ੍ਰਿਤਪਾਲ ਸਿੰਘ ਸੰਧੂ (ਅਜਾਇਬ ਕਮਲ ਦੇ ਨਾਟਕ), ਬਬਰੀਕ ਸਿੰਘ-ਡਾ. ਕਿਰਨਦੀਪ ਸਿੰਘ (ਨਾਵਲ ਕੁੱਤਿਆਂ ਵਾਲੇ ਸਰਦਾਰ), ਡਾ. ਨਿਰਮਲਾ ਦੇਵੀ (ਪਰਵਾਸੀ ਪੰਜਾਬੀ ਪਰਿਵਾਰ), ਡਾ. ਅਸ਼ਵਨੀ ਕੁਮਾਰ (ਪੰਜਾਬੀ ਲੋਕ ਖੇਡਾਂ), ਡਾ. ਜਸਪਾਲ ਸਿੰਘ (ਨਾਵਲ ਬਾਕੀ ਸਫ਼ਾ 5 'ਤੇ), ਪ੍ਰੋ. ਰਾਜਵਿੰਦਰ ਕੌਰ (ਪੰਜਾਬੀ ਕਿਸਾਨੀ ਸੰਕਟ), ਮਲਕੀਤ ਸਿੰਘ (ਨਾਵਲ ਮਹਾਂਬਲੀ ਸੂਰਾ), ਡਾ. ਰਾਜਿੰਦਰ ਕੌਰ (ਨਾਵਲ ਯਸ਼ੋਧਰਾ), ਡਾ. ਪਰਮਜੀਤ ਕੌਰ ਸਿੱਧੂ (ਪੰਜਾਬੀ ਨਾਵਲ ਦੇ ਨਾਰੀ ਪਾਤਰ), ਡਾ. ਸੁਖਮਨਪ੍ਰੀਤ ਕੌਰ (ਭਗਤ ਕਬੀਰ ਬਾਣੀ), ਗੁਰਲਾਲ ਸਿੰਘ (ਨਾਮਧਾਰੀ ਸੰਪਰਦਾ), ਕਰਮਜੀਤ ਕੌਰ (ਪਰਵਾਸੀ ਪੰਜਾਬੀ ਸਾਹਿਤ), ਡਾ. ਬੇਅੰਤ ਸਿੰਘ ਸਰਾਂ (ਢਾਹਵਾਂ ਦਿੱਲੀ ਦੇ ਕਿੰਗਰੇ), ਡਾ. ਚੰਦਰ ਪ੍ਰਕਾਸ਼ (ਕਾਵਿ ਨਾਟਕ ਉਡੀਕਾਂ), ਡਾ. ਗੁਰਜਿੰਦਰ ਕੌਰ (ਗਦਰ ਪਾਰਟੀ ਦਾ ਇਤਿਹਾਸਕ ਸਫ਼ਰ), ਸਿਮਰਜੀਤ ਕੌਰ (ਰਵਿਦਾਸ ਬਾਣੀ), ਸਤਿਨਾਮ ਸਿੰਘ (ਬਸਤੀਵਾਦੀ ਸੰਕਲਪ) ਦੇ ਖੋਜ ਪੇਪਰ ਪ੍ਰਕਾਸ਼ਤ ਕੀਤੇ ਗਏ ਹਨ। ਹਰ ਖੋਜ ਪੇਪਰ ਅੱਗੇ ਕੁਝ ਸ਼ਬਦਾਂ ਦਾ ਸਾਰ ਪੇਸ਼ ਕੀਤਾ ਗਿਆ ਹੈ। ਅਰਮਾਨ ਆਲੋਚਨਾ ਦਾ ਮਿਆਰੀ ਖੋਜ ਜਰਨਲ ਹੈ। ਖੋਜ ਜਰਨਲ ਵਿੱਚ ਨਵੇਂ, ਸਥਾਪਤ ਆਲੋਚਕਾ ਦੇ ਪੇਪਰ ਪ੍ਰਕਾਸ਼ਤ ਹੁੰਦੇ ਹਨ। ਆਲੋਚਨਾ ਦਾ ਸੰਕਟ ਦੂਰ ਕਰਨ ਵਿੱਚ ਸੰਦੀਪ ਮੁੰਡੇ ਕਾਫੀ ਮਿਹਨਤ ਕਰ ਰਿਹਾ ਹੈ। ਅਰਮਾਨ ਦੇ ਮੁੱਖ ਸੰਪਾਦਕ ਡਾ. ਸੰਦੀਪ ਸਿੰਘ ਮੁੰਡੇ (94136-52646), ਪ੍ਰਕਾਸ਼ਕ : ਗੁਰੂ ਹਰਗੋਬਿੰਦ ਸਾਹਿਬ ਪੀ. ਜੀ. ਕਾਲਜ, ਸੀ ਸੀ ਹੈਡ, ਸ੍ਰੀ ਗੰਗਾਨਗਰ (ਰਾਜ.), ਰਚਨਾਵਾਂ ਭੇਜਣ ਲਈ : e-mail: principal@ghscollege.ac.in



## ਛਿਣ : ਜੁਲਾਈ-ਸਤੰਬਰ, 2026

ਪੰਜਾਬੀ ਮਿੰਨੀ ਕਹਾਣੀਆਂ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਵਾਲਾ ਪਰਚਾ 'ਛਿਣ' ਦਾ 57 ਵਾਂ ਅੰਕ ਛਪ ਕੇ ਪੁੱਜਾ ਹੈ। ਅੰਕ ਵਿੱਚ ਪੰਜਾਬੀ ਮਿੰਨੀ ਕਹਾਣੀ ਲੇਖਿਕਾ, ਰਾਹ ਦਸੇਰੇ, ਸੱਜਰੀ ਪੈੜ, ਪਟਿਆਲਾ ਜ਼ਿਲ੍ਹੇ ਦੇ ਪ੍ਰਮੁੱਖ ਮਿੰਨੀ ਕਹਾਣੀਕਾਰ, ਨਕਸ਼, ਉਧਾਰੇ ਪੱਤਰ, ਸਮੀਖਿਆ ਤੇ ਪੁਸਤਕ ਪੜਚੋਲ ਕਾਲਮ ਤਹਿਤ ਮੈਟਰ ਪ੍ਰਕਾਸ਼ਤ ਕੀਤਾ ਗਿਆ ਹੈ। ਅਮਰੀਕਾ ਈਰਾਨ ਜੰਗ ਦੇ ਪ੍ਰਸੰਗ ਵਿੱਚ ਮਿੰਨੀ ਕਹਾਣੀ ਦੇ ਸਮਕਾਲੀ ਵਿਸ਼ੇ ਤੇ ਸੰਪਾਦਕੀ ਹੈ। ਸੁਰਿੰਦਰ ਦੀਪ ਨੂੰ ਵਿਸ਼ੇਸ਼ ਲੇਖਿਕਾ ਵਜੋਂ ਪੇਸ਼ ਕੀਤਾ ਹੈ। ਉਸ ਦੀਆਂ ਮਿੰਨੀ ਕਹਾਣੀਆਂ ਸਮਾਜਿਕ ਸਰੋਕਾਰਾਂ ਨਾਲ ਜੁੜੀਆਂ ਹੋਈਆਂ ਹਨ। ਡਾ. ਸ਼ਿਆਮ ਸੁੰਦਰ ਦੀਪਤੀ ਦੀਆਂ ਕੁਝ ਰਚਨਾਵਾਂ ਪੜ੍ਹੀਆਂ ਜਾ ਸਕਦੀਆਂ ਹਨ। 'ਸੱਜਰੀ ਪੈੜ' ਤਹਿਤ ਕਰਮਵੀਰ ਸੂਰੀ, ਰਣਜੀਤ ਆਜ਼ਾਦ ਕਾਂਝਲਾ, ਹਰਨੇਕ ਸਿੰਘ, ਡੀ ਐਮ ਸਿੰਘ, ਹਰਦੀਪ ਸੱਭਰਵਾਲ, ਬਿਮਲ ਸਹਿਗਲ, ਖੇਮਕਰਨੀ, ਹਰਦੀਪ ਭੱਟੀ ਦੀਆਂ ਮਿੰਨੀ ਕਹਾਣੀ ਛਪੀਆਂ ਹਨ। ਕਰਮਵੀਰ ਸਿੰਘ ਸੂਰੀ ਦਾ ਤ੍ਰਿਪਤ ਭੱਟੀ ਬਾਰੇ ਲੇਖ ਹੈ। ਨਕਸ਼ ਤਹਿਤ ਮਹਿੰਦਰ ਸਿੰਘ ਜੱਗੀ ਦੀਆਂ ਰਚਨਾਵਾਂ ਹਨ। ਜਗਦੀਸ਼ ਰਾਏ ਕੁਲਰੀਆਂ ਨੇ ਨਾਰੀ ਭਾਵਨਾਵਾਂ ਦਾ ਪ੍ਰਗਟਾਵਾ ਕਰਦੀਆਂ ਲਘੂ ਕਥਾਵਾਂ ਦਾ ਆਨੁਵਾਦ ਕੀਤਾ ਹੈ। ਪਰਚਾ ਮਿੰਨੀ ਕਹਾਣੀ ਦਾ ਪ੍ਰਚਾਰ ਤੇ ਪਸਾਰ ਗੰਭੀਰਤਾ ਨਾਲ ਕਰ ਰਿਹਾ ਹੈ। ਛਿਣ : ਪਤਾ 63-ਏ, ਗਲੀ ਨੰ. 3, ਬਹਾਦਰਗੜ੍ਹ, ਪਟਿਆਲਾ, ਸੰਪਰਕ-98144-24042 ਤੋਂ ਮੰਗਵਾਇਆ ਜਾ ਸਕਦਾ ਹੈ। ਸਫੇ : 38, ਮੁੱਲ : 20 ਰੁਪਏ ਹੈ, ਛਿਣ ਦੇ ਮੁੱਖ ਸੰਪਾਦਕ ਤ੍ਰਿਪਤ ਭੱਟੀ, ਸੰਪਾਦਕ ਦਵਿੰਦਰ ਪਟਿਆਲਵੀ ਹਨ।



## ਲੋਹਮਣੀ : ਜੁਲਾਈ-ਸਤੰਬਰ, 2026



ਲੋਹਮਣੀ ਦਾ ਨਵਾਂ ਅੰਕ-74 ਛਪ ਗਿਆ ਹੈ। ਟਾਇਟਲ ਖਿੱਚ ਭਰਪੂਰ ਹੈ। ਅੰਕ ਵਿੱਚ ਤਾਪਮਾਨ (ਸੁਰਜੀਤ ਬਰਾੜ), ਇਕੱਲਾ ਮਨੁੱਖ ਵੀ ਕਰਾਮਾਤ ਕਰ ਸਕਦੈ (ਜਿਆਂ ਗਿਓਨੋ), ਖਾਲੀ ਹੱਥ (ਦਰਸ਼ਨ ਸਿੰਘ ਸੰਘਾ), ਚੱਕੀ ਰਾਹਾ (ਅਮਰਜੀਤ ਮਾਨ), ਸੀਮੈਂਟ ਦੀ ਬੋਰੀ 'ਚੋਂ ਮਿਲੀ ਚਿੱਠੀ (ਜੋਸੀਕੀ ਹਯਾਮਾ), ਮਾਂ ਦੀ ਵਸੀਅਤ (ਇਕਬਾਲ ਸਿੰਘ ਸਕਰੌਦੀ), ਇਮਾਨਦਾਰੀ (ਗੁਰਮੇਲ ਸਿੰਘ ਬੌਡੇ) ਆਦਿ ਕਹਾਣੀਆਂ ਛਪੀਆਂ ਹਨ। ਮੁਦਰਾ ਰਾਖਸ਼ਿਸ਼, ਟੈਰੀ ਈਗਲਟਨ ਤੇ ਤਰਲੋਚਨ ਮੀਰ ਦੇ ਲੇਖ ਹਨ। ਸ਼ਾਇਰੀ ਵਿੱਚ ਸੁਖਚੈਨ ਸਿੰਘ ਹੀਰਾ, ਕੁਲਬੀਰ ਸਿੰਘ ਕੰਵਲ, ਜਰਨੈਲ ਸਿੰਘ ਅੱਚਰਵਾਲ, ਆਰ ਸੀ ਘੋਲੀਆ, ਚੂਹੜ ਸਿੰਘ ਸਹੋਤਾ, ਦਰਸ਼ਨ ਬੁੱਟਰ, ਦੇਵਿੰਦਰ ਸੈਫ਼ੀ, ਰੋਜ਼ੀ ਸਿੰਘ, ਤ੍ਰੈਲੋਚਨ ਲੋਚੀ, ਅਜਾਇਬ ਸਿੰਘ ਹੁੰਦਲ, ਮੋਹਣ ਮਤਿਆਲਵੀ, ਧਰਮ ਕੰਮੇਆਣਾ, ਵਿਪਨ ਗਿੱਲ, ਬੂਟਾ ਸਿੰਘ ਚੌਹਾਨ, ਕਰਨਲ ਬਾਬੂ ਸਿੰਘ, ਜੰਗੀਰ ਖੋਖਰ, ਸੰਤ ਸਿੰਘ ਸੰਧੂ, ਬਲਦੇਵ ਸਿੰਘ ਬੱਦਨ, ਅਵਤਾਰ ਤਰਕਸ਼ੀਲ ਆਦਿ ਦੀਆਂ ਕਵਿਤਾ ਤੇ ਗ਼ਜ਼ਲਾਂ ਛਪੀਆਂ ਹਨ। ਟਾਇਟਲ ਉੱਤੇ ਜਸਵੰਤ ਗਿੱਲ ਸਮਾਲਸਰ ਦੀਆਂ ਦੋ ਕਵਿਤਾਵਾਂ ਹਨ। ਲੋਹਮਣੀ, ਸਫ਼ੇ :70, ਮੁੱਲ :40 ਰੁਪਏ, ਸੰਪਾਦਕੀ ਪਤਾ ਹੈ : ਪਿੰਡ ਤੇ ਡਾਕ ਘੋਲੀਆ, ਮੋਗਾ, ਸੰਪਾਦਕ : ਡਾ. ਸੁਰਜੀਤ ਬਰਾੜ (98553-71313)

# ਕੰਚਨ ਮਹਿਤਾ ਦੀਆਂ ਕਵਿਤਾਵਾਂ



## ਇਸ ਅਜਨਬੀ ਸ਼ਹਿਰ ਵਿੱਚ

ਕਾਲੀ ਸੁੰਨਸਾਨ ਰਾਤ
ਨੀਂਦ ਹੀ ਨਹੀਂ
ਆ ਰਹੀ
ਤੇ ਬੈਚੇਨੀ ਭਾਰੂ
ਹੋਈ ਜਾ ਰਹੀ
ਮੈਂ ਮੋਬਾਇਲ 'ਤੇ ਦੇਖਿਆ
ਵਕਤ, ਰਾਤ ਦੇ ਸਾਡੇ ਤਿੰਨ
ਮੈਂ ਉਠ ਕੇ ਮੋਮ ਦੀ
ਬੱਤੀ ਜਲਾਈ
ਮੈਂ ਇਕੱਲੀ ਇਸ ਖ਼ੂਹ
ਵਰਗੇ ਘਰ ਵਿਚ ਕਿਸ
ਨੂੰ ਉਠਾ ਲਵਾਂ ਇਸ ਵਕਤ
ਇਸ ਘਰ ਵਿਚ, ਮੈਂ ਬੱਸ
ਇਥੇ ਇਕ ਕਿਰਾਏਦਾਰ
ਕੋਈ ਰੋਹਬ ਨਹੀਂ
ਕੋਈ ਹੱਕ ਨਹੀਂ
ਮੈਂ ਕੀ ਦੱਸਾਂ ਤੇ ਕਿਉਂ
ਦੱਸਾਂ ਤੇ ਕਿਸੇ ਨੇ ਕੀ
ਲੈਣਾ ਮੇਰੇ ਦੁੱਖਾਂ ਦੀ
ਦਾਸਤਾਨ ਵਿੱਚੋਂ
ਜਿੱਥੋਂ ਤੱਕ ਆਂਢ-ਗੁਆਂਢ ਦਾ
ਸਵਾਲ, ਕੌਣ ਪੁੱਛਦਾ
ਹੈ ਕਿਸੇ
ਕਿਰਾਏਦਾਰ ਨੂੰ, ਉਨ੍ਹਾਂ
'ਇੱਜ਼ਤਦਾਰ ਅਮੀਰਾਂ'
ਲਈ ਉਹ ਇਕ ਗ਼ਰੀਬ
ਟੱਪਰੀਵਾਸ, ਜੋ ਬੇਘਰ
ਹੋਈਆ ਫਿਰਦਾ
ਉਨ੍ਹਾਂ ਦੀਆਂ ਮਹਿਫ਼ਿਲਾਂ
ਵਿਚ ਸ਼ਰੀਕ
ਹੋਣ ਦੇ ਕਿੱਥੇ ਹੈ
ਕਾਬਿਲ
ਫੇਰ ਆਪਣੇ ਪਿੰਡ ਦਾ ਖਿਆਲ
ਆਇਆ, ਜਿੱਥੋਂ ਅਸੀਂ ਭੇਜੇ
ਗਏ, ਰੋਜ਼ੀ ਲਈ
ਇਸ ਅਜਨਬੀ ਸ਼ਹਿਰ
ਵਿੱਚ ਬੜੇ
ਤਰਲੇ ਕੀਤੇ, ਪਰ
ਕਿਸੇ ਨੇ ਤਰਸ ਨਾ
ਖਾਇਆ ਤੇ ਕਿਹਾ
'ਜਾਹ ਭਾਈ! ਹੁਣ
ਬਹੁਤ ਪਾਲਤਾ ਤੈਨੂੰ
ਬਾਪੂ ਜੀ ਤੋਂ ਬਾਅਦ
ਅਸੀਂ, ਹੁਣ ਛੱਡ ਸਾਡਾ
ਖੈਹੜਾ ਤੇ ਤੁਰ ਜਾ
ਇੱਥੋਂ' ਬੇਵੱਸ ਚੋਲੇ ਵਿੱਚ
ਲੀੜੇ ਲੈ ਕੇ ਆ ਗਏ
ਇਸ ਅਜਨਬੀ ਸ਼ਹਿਰ ਵਿੱਚ
ਪਿੰਡ ਆਪਣਾ
ਰਿਹਾ ਨਹੀਂ ਤੇ ਇਹ
ਸ਼ਹਿਰ ਆਪਣਾ ਬਣਿਆ ਨਹੀਂ
ਬੱਸ ਭਟਕੀ ਜਾ ਰਹੇ ਹਾਂ ਵਾਂਗ
ਇਕ ਜ਼ਿੰਦਾ ਲਾਸ਼
ਇਸ ਅਜਨਬੀ ਸ਼ਹਿਰ ਵਿੱਚ
ਵਿਚ ਮੋਢਿਆਂ
'ਤੇ ਚੁੱਕ ਕੇ
ਫਰੇਬ ਦੀ ਬੋਰੀ ਦਾ ਭਾਰ
ਚੰਦ ਜੋ ਅਸੀਂ ਕਿਤੇ
ਤੇ ਕਿੰਨੇ ਸਾਰੇ ਜੋ ਹੋਏ ਸਾਡੇ ਨਾਲ
ਤੇ ਕੁਝ ਮਿਹਰਵਾਨ ਦੋਸਤਾਂ ਦੀਆਂ
ਯਾਦਾਂ ਦੇ ਮੋਤੀਆਂ ਦੀ ਪੋਟਲੀ
ਜਿਨ੍ਹਾਂ ਔਖੀਆ ਘੜੀਆਂ ਵਿੱਚ
ਸਾਨੂੰ ਲਿਆ ਸੰਭਾਲ
ਇਸ ਅਜਨਬੀ ਸ਼ਹਿਰ ਵਿੱਚ

## ਮੇਰੀ ਭੋਲੀ-ਭਾਲੀ ਮਾਂ

ਮੇਰੀ ਭੋਲੀ-ਭਾਲੀ ਮਾਂ
ਮੈਨੂੰ ਇੰਝ ਲੱਗਦਾ, ਜਿਵੇਂ
ਮੇਰਾ ਜਨਮ ਬੱਸ ਤੇਰੇ
ਲਈ ਹੀ ਹੋਇਆ ਹੈ
ਤੈਨੂੰ ਮੇਰੀ ਚਿੰਤਾ ਵਿੱਚ
ਆਪਣੀ ਜ਼ਿੰਦਗੀ ਦਾ
ਮਕਸਦ ਤੇ ਮੇਰੇ ਸਾਥ
ਵਿੱਚ ਆਪਣੇ ਬੁਢਾਪੇ ਦਾ
ਸਹਾਰਾ ਲੱਭਦਾ ਤੇ ਮੈਨੂੰ
ਤੇਰੀਆਂ ਭੋਲੀਆਂ ਫਿਕਰਾਂ
ਤੇ ਬੇਗਰਜ਼ ਦੁਲਾਰ ਵਿੱਚ
ਆਪਣੀ ਵੀਰਾਨ ਤੇ
ਬੇਰੰਗ ਜ਼ਿੰਦਗੀ ਦੇ
ਦੁੱਖਾਂ ਦਾ ਦਾਰੂ ਲੱਭਦਾ
ਨਾ ਹੀ ਤੇਰਾ
ਕੋਈ ਹੋਰ
ਤੇ ਨਾ ਹੀ ਮੇਰਾ
ਕੋਈ ਹੋਰ
ਬੱਸ ਆਪਣੇ ਦੋਹਾਂ
ਦਾ ਇੱਕ
ਦੂਜੇ ਦੇ ਆਸਰੇ
ਵਕਤ ਕੱਟਦਾ
ਤੂੰ ਤੰਦਰੁਸਤ ਤੇ
ਚੱਲਦੀ-ਫਿਰਦੀ ਰਹੇ
ਮੇਰਾ ਚਿੱਤ ਹਰ
ਘੜੀ ਇਹੀ
ਤਮੰਨਾ ਰੱਖਦਾ ਤੇ
ਤੈਨੂੰ ਖੋਹਣ
ਤੋਂ ਡਰਦਾ ਉਸ ਖ਼ੁਦਾ ਅੱਗੇ
ਹੱਥ ਜੋੜ ਕੇ ਤੇਰੀ
ਲੰਮੀ ਉਮਰ ਦੀ ਤੇ ਸਾਡੇ ਲੰਮੇ
ਸਾਥ ਦੀ ਗੁਜ਼ਾਰਿਸ਼ ਕਰਦਾਂ
ਤੇ ਹੋਰ ਦਿਲ ਹੁਣ
ਕੁਝ ਨਹੀਂ
ਮੰਗਦਾ
ਪੁੱਤ-ਪੁੱਤ
ਰਾਤੀਂ ਜਦ ਤੂੰ
ਮੈਨੂੰ ਆਖੇਂ, ਦਿਹਾੜੀ ਭਰ
ਦੀ ਮੇਰੀ ਉਦਾਸੀ
ਤੇ ਤਰੱਦਦ ਦਾ
ਥਕੇਵਾਂ ਛਿਨ ਵਿੱਚ
ਹੀ ਮੁੱਕ ਜਾਂਦਾ
ਆਪਣਾ ਰਿਸ਼ਤਾ ਕਈ
ਜਨਮਾਂ ਦਾ
ਮੇਰੀ ਭੋਲੀ-ਭਾਲੀ ਮਾਂ
ਮੈਨੂੰ ਇੰਝ ਲੱਗਦਾ

## ਤੇਰਾ ਮਿਲਣਾ

ਤੇਰਾ ਮਿਲਣਾ ਹੁਣ ਸੋਚਾਂ ਤਾਂ
ਇੰਜ ਲੱਗਦਾ ਹੈ ਮੈਨੂੰ
ਜਿਵੇਂ ਕਿ ਕੋਈ ਦੰਡ ਸੀ
ਕਿਤੇ ਬੁਰੇ ਕਰਮਾਂ ਦੀ
ਜਨਮ ਪਿਛਲੇ ਦੀ
ਜਾਂ ਕੋਈ ਪੁਰਾਣੀ ਦੇਣਦਾਰੀ
ਇਸ ਜਨਮ ਵਿਚ
ਉਤਾਰ ਚੱਲੇ ਹਾਂ

ਵਾਂਗ ਕਿਸੇ ਬਾਵਲੇ
ਤੇਰੇ ਮਿਲਣ ਦੀ ਤਾਂਘ
ਵਿਚ ਸਾਡੇ ਤਰਸੇ ਨੈਣ
ਤੇ ਤੇਰੀ ਖ਼ਿਦਮਤ ਲਈ
ਸਾਡੇ ਬੇਚੈਨ ਹੱਥ ਬੱਸ
ਹਰ ਘੜੀ ਤੇਰੇ ਮਿਲਣ ਦੀ
ਇਲਤਿਜਾ ਕਰਦੇ ਸੀ
ਅੱਜ, ਅਸੀਂ ਤੇਰੇ ਵਿਚੋਂ
ਖ਼ੁਦਾ ਲੱਭਣ ਦੀ
ਆਪਣੀ ਹਿਮਾਕਤ ਤੇ
ਆਪਣੇ-ਆਪ ਨੂੰ
ਹਰ ਘੜੀ ਕੋਸਦੇ
ਤਿਲਮਿਲਾ ਰਹੇ ਹਾਂ
ਹੁਣ ਆਖਰੀ ਸਾਹ ਤੱਕ
ਤੇਰਾ ਦੀਦਾਰ ਨਾ ਹੋਵੇ
ਪਰਵਰਦਿਗਾਰ ਅੱਗੇ
ਇਹੀ ਅਰਜ਼ੋਈ
ਕਰਦੇ ਹਾਂ
ਅੱਖੀਆਂ ਵਿਚੋਂ ਹੰਝੂਆਂ ਦੇ
ਮੋਤੀ ਵਹੀ ਜਾ ਰਹੇ ਹਾਂ
ਸੋਚ ਕੇ ਮਿਲਣਾ ਤੇਰਾ ਮੈਨੂੰ

*ਸੰਪਰਕ-94172-08535*

# ਗੁਰਨਾਮ ਢਿੱਲੋਂ ਦੀਆਂ ਕਵਿਤਾਵਾਂ



## ਅੰਦੋਲਨਕਾਰੀ ਵਿਦਿਆਰਥੀਓ

ਦੋਸਤੋ! ਸਾਥੀਓ!! ਅੰਦੋਲਨਕਾਰੀ ਵਿਦਿਆਰਥੀਓ!!!
ਇਕ ਪੜਾਅ ਨੇ ਅਸਾਡੇ ਬਲਦੇ ਪੈਰਾਂ ਨੂੰ ਚੁੰਮਿਆ ਹੈ
ਇਕ ਕੌਡੀਆਂ ਵਾਲਾ ਨਾਗ ਅਸਤੀਫ਼ਾ ਦੇ ਗਿਆ ਹੈ
ਐਪਰ ਅਜੇ ਅਸਾਡੀ ਮੰਜ਼ਲ ਨਹੀਂ ਆਈ
ਪੂਰਨ ਸਫਲਤਾ ਨਹੀਂ ਪਾਈ
ਘਰਾਂ ਨੂੰ ਸਦੀਵੀ ਪਰਤ ਜਾਣਾ
ਇਕ ਗੁਨਾਹ ਹੋਵੇਗਾ ਵਿਦਿਆਰਥੀਓ!
ਇਕ ਬੱਜਰ ਗੁਨਾਹ!!
ਸੰਪੂਰਨ ਜਿੱਤ ਤੋਂ ਪਹਿਲਾਂ
ਯੋਧੇ ਲਈ ਮੈਦਾਨ ਛੱਡਣਾ ਮਿਹਣਾ ਹੁੰਦਾ ਹੈ।
ਰਸਤੇ ਵਿਚ ਅਨੇਕਾਂ ਨਦੀਆਂ,
ਨਾਲੇ ਦਰਿਆ ਪਹਾੜ, ਦੈਂਤ ਬਣ ਕੇ ਖੜੇ ਹਨ
ਅਸਾਡੀ ਮੰਜ਼ਲ ਬੜੀ ਦੂਰ ਹੈ
ਬੜੀ ਦੂਰ ਹੈ ਮੰਜ਼ਲ ਸਾਥੀਓ!
ਇਕ ਵਿਕਟ ਗਿਰਾਇਆ ਹੈ
ਸ਼ੁੱਭ ਸ਼ਗਨ ਹੋਇਆ ਹੈ
ਉਮੀਦ ਦੀ ਲਾਟ ਪ੍ਰਚੰਡ ਹੋਈ ਹੈ
ਮੈਚ ਜਿੱਤਣਾ ਅਜੇ ਬਾਕੀ ਹੈ
ਕਦਮਾਂ ਵਿਚ ਜੋਸ਼ ਭਰੋ
ਬਾਹਾਂ ਵਿਚ ਬਲ ਧਾਰੋ
ਹੱਥਾਂ ਵਿਚ ਹਿੰਮਤ ਦੇ ਹਥਿਆਰ ਪਕੜੋ
ਇਰਾਦਿਆਂ ਨੂੰ ਸਾਣ 'ਤੇ ਲਾਓ
ਏਕੇ ਦੇ ਵਿਚ ਬਰਕਤ ਪਾਓ
ਮੱਥਿਆਂ ਵਿਚ ਚਿਰਾਗ ਜਲਾਓ
ਵਧਦੇ
ਜਾਓ,
ਵਧਦੇ
ਜਾਓ।

## ਫੌਲਾਦੀ ਹੱਥ

ਤੁਹਾਡਾ ਦੁਸ਼ਮਣ ਬੜਾ ਕਮੀਨਾ ਹੈ ਸਾਥੀਓ!
ਇਹ ਚਾਣਕੀਆ ਨੀਤੀ ਅਤੇ ਮਨੂੰ ਸਮ੍ਰਿਤੀ ਦੇ ਰਥਾਂ ਉੱਤੇ ਅਸਵਾਰ
ਇਹ ਸੰਸਦ ਦੇ ਅੰਦਰ ਅਤੇ ਬਾਹਰ ਦਨਦਨਾਉਂਦਾ ਫਿਰਦਾ ਹੈ
ਇੱਕ ਹੀ ਰੰਗ ਦੇ ਬਾਣ ਮਾਰਦਾ ਹੈ
ਇਕ ਹੀ ਸੰਸਕ੍ਰਿਤੀ ਨੂੰ ਉਭਾਰਦਾ ਹੈ
ਘੱਟ ਗਿਣਤੀਆਂ ਦੀ ਸੱਭਿਅਤਾ ਦਾ ਬਾਗ ਉਜਾੜਨਾ ਚਾਹੁੰਦਾ ਹੈ
ਇਹ ਨਫ਼ਰਤ ਦਾ ਪੁਜਾਰੀ ਹੈ
ਇਹ ਗਿਰਗਟ ਵਾਂਙ ਰੰਗ ਬਦਲਦਾ ਹੈ
ਇਸ ਦੇ ਹਰ ਬੋਲ ਵਿਚ ਧੋਖਾ ਹੈ, ਨਿਰੀ ਮੱਕਾਰੀ ਹੈ
ਇਹ ਦੇਸ਼ ਨੂੰ ਦੁਬਾਰਾ ਤ੍ਰੇਤੇ ਯੁੱਗ ਵਿਚ ਲਿਜਾਣਾ ਚਾਹੁੰਦਾ ਹੈ
ਇਸ
ਨਾਲ
ਫੌਲਾਦੀ
ਹੱਥਾਂ
ਨਾਲ
ਸਿੱਝਣਾ
ਪੈਣਾ
ਹੈ।

## ਅਸੀਂ ਵੀ

ਰਾਜਧਾਨੀ ਵਿਚ ਜੰਤਰ ਮੰਤਰ ਉੱਤੇ ਅੰਦੋਲਨ ਕਰਦੇ ਵਿਦਿਆਰਥੀਓ! ਯੋਧਿਓ!!
ਤੁਸੀਂ ਨਵਾਂ ਕ੍ਰਾਂਤੀਕਾਰੀ ਇਤਿਹਾਸ ਸਿਰਜ ਰਹੇ ਹੋ
ਤੁਸੀਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਰਹਿਮਤ ਅਲੀ ਵਜ਼ੀਦਕੇ ਦੇ ਅਸਲੀ ਵਾਰਸ ਹੋ
ਤੁਹਾਡੀ ਸ਼ਾਨ ਹਿਮਾਲਾ ਨਾਲੋਂ ਕਿਤੇ ਉੱਚੀ ਹੈ
ਤੁਹਾਨੂੰ ਸੂਰਜ 'ਸਲਾਮ' ਕਰਦਾ ਹੈ
ਸਮੁੰਦਰ ਤੁਹਾਡਾ ਪਾਣੀ ਭਰਦਾ ਹੈ
ਕੁੱਲ ਦੁਨੀਆ ਵਿਚ ਤੁਹਾਡੇ ਰੱਦੋ-ਅਮਲ ਦਾ ਚਰਚਾ ਹੈ
ਅਸੀਂ ਵਿਦੇਸ਼ ਵਿਚ ਵਸਦੇ ਤੁਹਾਡੇ ਸਾਹਾਂ ਨਾਲ ਜਿਉਂਦੇ ਹਾਂ
ਅਸਾਡੇ ਸੀਨਿਆਂ ਵਿਚ ਤੁਹਾਡਾ ਦਿਲ ਧੜਕਦਾ ਹੈ
ਤੁਹਾਡੇ ਮੋਢਿਆਂ ਨਾਲ ਮੋਢੇ ਜੋੜਨ ਲਈ
ਅਸੀਂ ਵੀ ਵਾਪਸ ਪਰਤਾਂਗੇ
ਹਾਂ,
ਅਸੀਂ
ਵੀ
ਵਾਪਿਸ
ਪਰਤਾਂਗੇ।

## ਸੂਰਜ

ਫੇਰ ਡੰਕਾ ਵੱਜਿਆ
ਅਸਮਾਨ ਵਿਚ
ਜੂਝ ਰਹੇ ਵਿਦਿਆਰਥੀ
ਮੈਦਾਨ ਵਿਚ
ਚੜ੍ਹ ਰਹੇ ਸੂਰਜ ਨੂੰ
ਲਊ ਰੋਕ ਉਹ
ਕਿੱਥੇ ਏਨੀ ਸੱਤਿਆ
ਸ਼ੈਤਾਨ ਵਿਚ!

## ਬਾਗ

ਬਾਗੀਆਂ ਦਾ ਕਾਰਵਾਂ ਹੁਣ
ਰੁਕ ਨਹੀਂ ਸਕਦਾ
ਆਕ੍ਰੋਸ਼, ਦਿਲਾਂ ਵਿਚ ਜਿਹੜਾ
ਮੁੱਕ ਨਹੀਂ ਸਕਦਾ
ਜੋ ਸ਼ਹੀਦਾਂ ਖ਼ੂਨ ਪਾ ਕੇ ਸਿੰਜਿਆ
ਹੈ ਰਾਤ ਦਿਨ
ਮਹਿਕ ਭਰਿਆ ਬਾਗ
ਕਦੀ ਸੁੱਕ ਨਹੀਂ ਸਕਦਾ।

ਸਫ਼ਾ 3 ਦੀ ਬਾਕੀ

## ਨਾਰੀ ਅੰਤਰ-ਮਨ ਦੀਆਂ ਮਾਨਸਿਕ ਗੁੰਝਲਾਂ ਦਾ ਬਿਰਤਾਂਤ...

ਪ੍ਰੋਫੈਸਰ ਮੋਹਨ ਸਿੰਘ ਦੀ ਕਵਿਤਾ ਖਾਨਗਾਹੇ ਦੀਵਾ ਬਾਲਦੀਏ ਦੀ ਯਾਦ ਕਰਾਉਂਦੀ ਹੈ, ਜਿਸ ਦੀਆਂ ਅੰਤਿਮ ਸਤਰਾਂ ਹਨ- 'ਇਕ ਦੀਵੇ ਦੇ ਟਮਕਾਉਣ ਦੇ ਨਾਲ, ਤੇਰੇ ਸਾਰੇ ਸੰਸੇ ਦੂਰ ਹੋਏ, ਪਰ ਪੜ੍ਹ ਕਿਤਾਬਾਂ ਢੇਰ ਕੁੜੇ, ਮੇਰਾ ਵਧਦਾ ਜਾਇ ਹਨੇਰ ਕੁੜੇ। ਕੁਝ ਅਜਬ ਇਲਮ ਦੀਆਂ ਜਿੱਦਾਂ ਨੇ, ਮੈਨੂੰ ਮਾਰਿਆ ਕਿਉਂ ਤੇ ਕਿੱਦਾਂ ਨੇ'। ਕਹਾਣੀ ਦੇ ਅੰਤ ਵਿੱਚ ਮੈਂ ਪਾਤਰ ਕਹਿੰਦੀ ਹੈ, 'ਮੇਰਾ ਰਾਹ ਮੇਰੇ ਲਈ ਔਕੜਾਂ ਭਰਿਆ ਸੀ ਤੇ ਸਰੋਜ ਦਾ ਉਸ ਦੇ ਲਈ। ਸਰੋਜ ਦਾ ਰਾਹ ਉਸ ਨੂੰ ਭਰੋਸੇ ਮੁਕਤੀ ਵਿਸ਼ਵਾਸ ਤੇ ਆਸ ਦੇ ਆਧਾਰਹੀਨ ਵਿਚਾਰ ਵੱਲ ਜਾਂਦਾ ਸੀ ਤੇ ਮੇਰਾ ਵਧੇਰੇ ਭਰਮ ਵੱਲ (ਸਫਾ 119) ਲੇਡੀਜ ਵੇਟਿੰਗ ਰੂਮ, ਕਹਾਣੀ ਮੈਂ ਪਾਤਰ/ਬਿਰਤਾਂਤਕਾਰ ਦੀ ਹੈ, ਜਿਹੜੀ ਲੇਡੀਜ਼ ਵੇਟਿੰਗ ਰੂਮ ਵਿੱਚ ਗੱਡੀ ਦੇ ਲੇਟ ਹੋ ਜਾਣ ਕਾਰਨ ਕੁਝ ਚਿਰ ਠਹਿਰਦੀ ਹੈ।ਲੇਖਿਕਾ ਮਾਨਸਿਕ ਸ਼ਾਂਤੀ ਲਈ ਪਹਾੜ ਵਿੱਚ ਬਣੇ ਆਸ਼ਰਮ ਵਿੱਚ ਰਹਿ ਕੇ ਆਈ ਹੈ।ਉਹ ਹੁਣ ਲੇਡੀ ਗਾਰਡਜ਼ ਨਾਲ ਗੱਲਾਂ ਕਰਨ ਲੱਗ ਜਾਂਦੀ ਹੈ, ਜਿਹੜੀਆਂ ਉੱਥੇ ਲੇਟੀਆਂ ਹੋਈਆਂ ਹਨ। ਉਹ ਔਰਤਾਂ ਆਪਣੇ ਜੀਵਨ ਵਿਚਲੀਆਂ ਤੰਗੀਆਂ ਅਤੇ ਤੁਰਸ਼ੀਆਂ ਅਤੇ ਦੁਸ਼ਵਾਰੀਆਂ ਕਾਰਨ ਚਿੰਤਤ ਹਨ। ਉਹ ਆਪਣੇ ਦੁੱਖਾਂ ਦੀਆਂ ਗੱਲਾਂ ਨਾਲ ਲੇਖਿਕਾ ਨਾਲ ਸਾਂਝ ਪਾਉਂਦੀਆਂ ਹਨ, ਜਿਵੇਂ ਜੋ ਕੁਝ ਵੀ ਥੋੜ੍ਹਾ-ਬਹੁਤ ਅਸੀਂ ਕਮਾਉਂਦੇ ਹਾਂ, ਸਾਨੂੰ ਆਪਣੇ ਪਰਵਾਰਾਂ 'ਤੇ ਖਰਚ ਕਰਨਾ ਪੈਂਦਾ ਹੈ। ਸਾਡੇ ਕੋਲ ਕੁਝ ਬਚਦਾ ਹੀ ਨਹੀਂ। ਇਹ ਨੌਕਰੀ ਕਰਨਾ ਆਸਾਨ ਨਹੀਂ ਹੈ, ਸਾਨੂੰ ਬਹੁਤ ਮਿਹਨਤ ਕਰਨੀ ਪੈਂਦੀ ਹੈ।(ਸਫਾ-123) ਲੇਖਿਕਾ ਨੂੰ ਲੱਗਦਾ ਹੈ ਕਿ ਇਹ ਗਾਰਡ ਔਰਤਾਂ ਸਮਝਦੀਆਂ ਹਨ ਕਿ ਉਹ ਬਹੁਤ ਖ਼ੁਸ਼ ਹੈ।ਇਹ ਸੋਚ ਕੇ ਉਹ ਧੱਕੇ ਨਾਲ ਗਾਰਡ ਔਰਤਾਂ ਨੂੰ ਸਮਝਾਉਂਦੀ ਹੈ ਕਿ ਦੁਖੀ ਉਹ ਵੀ ਬਹੁਤ ਹੈ, ਪਰ ਉਸ ਦੇ ਦੁੱਖ ਵੱਖਰੇ ਹਨ। ਉਸ ਦੇ ਦੁੱਖਾਂ ਵਿੱਚ ਇਕੱਲਤਾ ਸ਼ਾਮਲ ਹੈ। ਇਹ ਇਕੱਲਤਾ ਉਸ ਦੀ ਆਪਣੇ ਬੇਟੀ ਤੋਂ ਪੈਦਾ ਹੋਣ ਵਾਲੀ ਜੁਦਾਈ ਕਾਰਨ ਹੈ। ਉਹ ਕਹਿੰਦੀ ਹੈ (ਸਫਾ-126) ਪਰ ਦੁੱਖਾਂ ਵਿਚਲੀ ਵੱਖਰਤਾ ਦੇ ਬਾਵਜੂਦ ਉਹਨਾਂ ਵਿੱਚ ਇੱਕ ਸਾਂਝ ਹੈ।ਇਕੱਲਤਾ ਤੇ ਸਮਾਜ ਦੇ ਤੁਲਨਾਤਮਕ ਸੰਦਰਭ ਵਿੱਚ ਲੇਖਕਾ ਨੂੰ ਸਭ ਤੋਂ ਵੱਡਾ ਦੁੱਖ ਇਹ ਇਕੱਲਤਾ ਹੀ ਲੱਗਦਾ ਹੈ। ਦੁਨੀਆ ਠੋਕਰ ਤੇ, ਕਹਾਣੀ ਵਲੀਮੇ (ਸ਼ਾਦੀ ਤੋਂ ਬਾਅਦ ਦੀ ਦਾਅਵਤ) 'ਤੇ ਜਾਣ ਲਈ ਤਿਆਰ ਹੋ ਰਹੀ ਕਹਾਣੀ ਦੀ ਨਾਇਕਾ ਦੇ ਕੱਪੜੇ ਪਾਉਂਦਿਆਂ ਆਪਣੇ ਸਰੀਰ ਦੇ ਢਲਕ ਜਾਣ ਬਾਰੇ ਫਿਕਰ ਉੱਪਰ ਅਧਾਰਤ ਹੈ। ਇਹ ਕਹਾਣੀ ਬਿਰਤਾਂਤਕਾਰਾ ਦੁਆਰਾ ਔਰਤ ਦੀ ਸਦਾ ਆਕਰਸ਼ਕ ਰਹਿਣ ਦੀ ਤਮੰਨਾ ਅਤੇ ਢਲਣ ਦੇ ਤਨਾਓ ਨੂੰ ਸਾਹਮਣੇ ਲਿਆਉਂਦੀ ਹੈ। ਮੇਰਾ ਸਰੀਰ ਨਾਸ਼ਪਾਤੀ ਦੇ ਆਕਾਰ ਦਾ ਹੈ, ਉਹ ਸੋਚਦੀ ਹੈ- ਬੇਤਰਤੀਬਾ ਹੇਠਲਾ ਹਿੱਸਾ ਬਹੁਤ ਭਾਰੀ ਹੈ। ਮੈਂ ਇੱਕ ਮਰਦੀ ਹੋਈ ਸੱਭਿਅਤਾ ਹਾਂ। (ਸਫਾ-130) ਉਸ ਵਲੀਮੇ ਵਿੱਚ ਵਿਆਹ ਵਾਲੇ ਮੁੰਡੇ ਦਾ ਬੁੱਢਾ ਪਿਓ ਨਹੀਂ ਆਇਆ, ਜਿਹੜਾ ਕਿ ਉਸ ਦੇ ਪਿਤਾ ਦਾ ਦੋਸਤ ਸੀ। ਅਗਲੇ ਦਿਨ ਜਦੋਂ ਉਸ ਨੂੰ ਉਹ ਫੋਨ ਕਰਕੇ ਪੁੱਛਦੀ ਹੈ ਕਿ ਤੁਸੀਂ ਦਿਖਾਈ ਨਹੀਂ ਦਿੱਤੇ ਤਾਂ ਉਹ ਕਹਿੰਦਾ ਹੈ ਕਿ ਮੈਂ ਹੁਣ ਸਭ ਰਿਸ਼ਤਿਆਂ ਨੂੰ ਠੋਕਰ ਮਾਰ ਦਿੱਤੀ ਹੈ।ਉਹ ਇਹ ਵੀ ਕਹਿੰਦਾ ਹੈ ਕਿ ਨਾਇਕਾ ਆਪਣੀ ਮਾਂ ਨੂੰ ਵੀ ਇੰਜ ਕਰਨ ਲਈ ਕਹੇ ਨਹੀਂ ਤਾਂ ਉਹ ਵੀ ਔਖੀ ਹੋਏਗੀ। ਫੇਰ ਉਹ ਨਾਇਕਾ ਨੂੰ ਸਟੋਵ ਦੀ ਘਟਨਾ ਤੋਂ ਆਪਣੀ ਦਿਹਾੜੀ ਬਿਤਾਉਣ ਤੱਕ ਦੀ ਰਾਮ ਕਹਾਣੀ ਸੁਣਾਉਣ ਲੱਗ ਜਾਂਦਾ ਹੈ। ਪਰ ਉਹ ਨਾਇਕਾ ਨੂੰ ਜਦੋਂ ਚਾਂਦ ਕਹਿੰਦਾ ਹੈ ਤਾਂ ਨਾਇਕਾ ਲਈ ਇਹ ਸ਼ਬਦ ਪੋਜੀਟਿਵਿਟੀ ਦਾ ਕਾਰਨ ਬਣ ਜਾਂਦਾ ਹੈ। ਨਾਇਕਾ ਇਸ ਸ਼ਬਦ ਨੂੰ ਚਿਤਵਦੀ ਤੇ ਵੱਖੋ-ਵੱਖਰੀਆਂ ਕਲਪਨਾਵਾਂ ਕਰਦੀ ਹੈ। ਉਸ ਨੂੰ ਲੱਗਦਾ ਹੈ ਕਿ ਦੁਨੀਆ ਵਾਂਗ ਚੱਲ ਕੇ ਨਹੀਂ, ਸਗੋਂ ਖ਼ੁਸ਼ੀਆਂ ਲਈ ਦੁਨੀਆ ਨੂੰ ਠੋਕਰ ਮਾਰ ਕੇ ਅਤੇ ਆਪਣੀ ਪਛਾਣ ਨੂੰ ਤੇ ਆਪਣੇ-ਆਪ ਨੂੰ ਜਾਨਣਾ ਸਭ ਤੋਂ ਜ਼ਰੂਰੀ ਹੈ। ਅੰਕਲ ਆਰਫ ਦਾ ਸ਼ਬਦ ਉਸ ਨੂੰ ਚਾਂਦ ਕਹਿਣਾ ਉਸ ਦੀ ਕਾਇਆ ਪਲਟਣ ਦਾ ਕੰਮ ਕਰਦਾ ਹੈ। ਨਹੀਂ! ਚਾਂਦ ਮੈਨੂੰ ਮਿਲਣ ਨਹੀਂ ਆਉਣਾ, ਇਸ ਤਰ੍ਹਾਂ ਸ਼ਹਿਰ ਵਿੱਚ ਘੁੰਮਣਾ ਠੀਕ ਨਹੀਂ ਹੈ। ਔਹ ਸੋਰੀ! ਮੈਂ ਤੈਨੂੰ ਚਾਂਦ ਕਹਿ ਦਿੱਤਾ'। (ਸਫਾ-141) ਇਹ ਕਹਾਣੀ ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਮੈਨੂੰ ਜਾਣਦਾ' ਦੇ ਨਾਲ ਮਿਲਦੀ-ਜੁਲਦੀ ਹੈ। ਜਦੋਂ ਬੰਦਾ ਆਪਣੇ ਸਵੈ ਨੂੰ ਪਛਾਣਦਾ ਹੈ ਜਾਂ ਜਾਣਦਾ ਹੈ ਤਾਂ ਦੁਨੀਆ ਉਸ ਲਈ ਵੱਖਰੀ ਕਿਸਮ ਦੀ ਹੋ ਜਾਂਦੀ ਹੈ।

ਉੱਤਰ ਆਧੁਨਿਕਤਾ ਦੇ ਇੱਕ ਜੁਜ ਨਾਰੀਵਾਦ ਦੇ ਤਹਿਤ ਨਾਰੀ ਦੇ ਆਪਣੇ ਨਿੱਜੀ ਜੀਵਨ ਦੀ ਮਹੱਤਤਾ, ਸਦੀਆਂ ਤੋਂ ਅੰਦਰ ਦੱਬੀਆਂ ਹੋਈਆਂ ਭਾਵਨਾਵਾਂ, ਮਹੱਤਵਾਕਾਖਿਆਵਾਂ ਅਤੇ ਰੋਹ ਨੂੰ ਇਹ ਕਹਾਣੀਆਂ ਚੇਤਨਾ ਪ੍ਰਵਾਹ ਸ਼ੈਲੀ ਰਾਹੀਂ ਪੇਸ਼ ਕਰਦੀਆਂ ਹਨ। ਇਨ੍ਹਾਂ ਕਹਾਣੀਆਂ ਵਿੱਚ ਔਰਤ ਦਾ ਕੋਈ ਜੁਝਾਰੂ ਰੂਪ ਜਾਂ ਵਿਦਰੋਹ ਨਜ਼ਰ ਨਹੀਂ ਆਉਂਦਾ, ਸਗੋਂ ਪ੍ਰਸਥਿਤੀਆਂ ਦਾ ਮਨੋਵਿਸ਼ਲੇਸ਼ਣ ਅਤੇ ਵਿਸਤਰਿਤ ਵਰਣਨ ਇਹਨਾਂ ਕਹਾਣੀਆਂ ਦੀ ਵਿਸ਼ੇਸ਼ਤਾ ਹੈ। ਇਹ ਕਹਾਣੀਆਂ ਦਰਅਸਲ ਚੌਂਕ ਤੋਂ ਚੁਰਸਤੇ ਵੱਲ ਨੂੰ ਮੁੜਦੀਆਂ ਹਨ। ਭਾਵ ਸਥਾਪਤੀ ਤੋਂ ਵਿਸਥਾਪਤੀ ਤੱਕ ਪਹੁੰਚਦੀਆਂ ਹਨ। ਬਿਰਤਾਂਤਕਾਰਾ ਨੇ ਸਧਾਰਨ ਔਰਤ ਪਾਤਰਾਂ ਅਤੇ ਆਮ-ਪ੍ਰਸਥਿਤੀਆਂ ਨੂੰ ਚੇਤਨਾ ਪ੍ਰਵਾਹ ਸ਼ੈਲੀ ਰਾਹੀਂ ਚਿਤਰਿਆ ਹੈ। ਸਮੱਸਿਆਵਾਂ ਦਾ ਸੁਝਾਅ ਨਹੀਂ, ਬਸ ਫੈਲਾਓ ਹੈ। ਬਹੁਤੀਆਂ ਕਹਾਣੀਆਂ ਵਿੱਚ ਕਾਰਜ ਨਹੀਂ ਵਾਪਰਦਾ। ਅੰਤਰ ਮਨ ਵਿੱਚ ਚੇਤਨ, ਅਵਚੇਤਨ ਦੀ ਕਸ਼ਮਕਸ਼ ਵਿੱਚੋਂ ਇਹ ਕਹਾਣੀਆਂ ਜਨਮਦੀਆਂ ਹਨ। ਇਹਨਾਂ ਕਹਾਣੀਆਂ ਵਿਚ ਨਾਇਕਾਵਾਂ ਔਰਤਾਂ ਦੀ ਮਜਬੂਰੀ ਦਾ ਜਾਂ ਹਾਲਤਾਂ ਨਾਲ ਜੂਝਣ ਦਾ ਦੰਭ ਨਹੀਂ, ਸਗੋਂ ਸਮੱਸਿਆਵਾਂ ਨੂੰ ਵਿਚਾਰਨਾ ਹੀ ਕੇਂਦਰ ਵਿੱਚ ਰੱਖਿਆ ਹੈ।ਚੇਤਨਾ ਪ੍ਰਵਾਹ ਸ਼ੈਲੀ ਦੀ ਇਹ ਖਾਸੀਅਤ ਹੁੰਦੀ ਹੈ ਕਿ ਇਸ ਦਾ ਲੋਕੇਲ ਮਨ ਅਤੇ ਸ਼ੈਲੀ ਜ਼ਿਆਦਾ ਕਰਕੇ ਉੱਤਮ-ਪੁਰਖੀ ਹੁੰਦੀ ਹੈ। ਇਸ ਚੇਤਨਾ ਪ੍ਰਵਾਹ ਸ਼ੈਲੀ ਵਿੱਚ ਨਿੱਜ ਦਾ ਪ੍ਰਗਟਾਵਾ, ਨਿੱਜੀ ਪਸੰਦ, ਉੱਘੜ-ਦੁੱਘੜੇ ਵਿਚਾਰ ਨੂੰ ਪ੍ਰਮੁੱਖਤਾ ਮਿਲਦੀ ਹੈ। ਉੱਘੜ-ਦੁੱਘੜ ਵਾਕਾਂ ਰਾਹੀਂ ਮਾਨਸਿਕ ਪ੍ਰਕਿਰਿਆਵਾਂ ਦਾ ਬਿਆਨ ਸ਼ੈਲੀ ਦੀ ਹੋਰ ਵਿਸ਼ੇਸ਼ਤਾ ਹੈ, ਜਿਸ ਦੀ ਉਦਾਹਰਣ ਸਾਨੂੰ ਤਕਰੀਬਨ ਸਾਰੀਆਂ ਕਹਾਣੀਆਂ ਵਿੱਚ ਮਿਲਦੀ ਹੈ। ਪਾਤਰਾ ਦੇ ਆਪਸੀ ਸੰਵਾਦ ਦੀ ਘਾਟ, ਵਰਨਾਤਮਕ ਬਿਰਤਾਂਤ ਅਤੇ ਗਤੀਹੀਣ ਮੌਟਿਫ਼ ਵੀ ਇਹਨਾਂ ਕਹਾਣੀਆਂ ਦੀ ਚਾਲ ਵਿੱਚ ਵਿਘਨ ਪੈਦਾ ਕਰਦੇ ਹਨ। ਕਹਾਣੀਆਂ ਦੇ ਸਿਰਲੇਖ ਸਧਾਰਨ ਤੋਂ ਹਟ ਕੇ ਜਿਵੇਂ ਅੰਡਰਵੀਅਰ, ਆਬੇ ਹਯਾਤ, ਅਰਜ਼ੀ, ਲੇਡੀਜ਼ ਵੇਟਿੰਗ ਰੂਮ ਅਤੇ ਸਟਿਚ ਇਨ ਟਾਈਮ ਆਦਿ ਹਨ। ਕਈ ਥਾਵਾਂ 'ਤੇ ਇਹਨਾਂ ਦਾ ਉਪਯੁਕਤ ਸ਼ਬਦ ਜਾਂ ਢੁਕਵੇਂ ਸ਼ਬਦ ਨਾ ਮਿਲਣ ਜਾਂ ਉਹਨਾਂ ਦੇ ਸੱਭਿਅਕ ਅਰਥ ਨਾ ਮਿਲਣ ਕਾਰਨ ਅਨੁਵਾਦਕਾਂ ਕੋਲੋਂ ਇਹ ਉਨਤਾਈ ਰਹਿ ਗਈ ਹੈ, ਪਰ ਕੁਝ ਸ਼ਬਦਾਂ ਦਾ ਜਿਵੇਂ ਅੰਡਰਵੀਅਰ ਦਾ ਅਨੁਵਾਦ ਅੰਦਰੂਨੀ ਵਸਤਰ, ਲੇਡੀਜ਼ ਵੇਟਿੰਗ ਰੂਮ, ਦਾ ਜ਼ਨਾਨਾ ਉਡੀਕ ਘਰ ਅਤੇ ਸਟਿਚ ਇਨ ਟਾਈਮ ਦਾ ਸਮੇਂ ਸਿਰ ਕੰਮ ਦਾ ਸਹੀ ਨਤੀਜਾ ਆਦਿ ਹੋ ਸਕਦੇ ਸਨ। ਸਮੁੱਚੇ ਰੂਪ ਵਿੱਚ ਅਨੁਵਾਦ ਮਿਆਰੀ ਹੈ ਤੇ ਕੋਈ ਵਾਕ-ਬਣਤਰ ਜਾਂ ਸ਼ਬਦ ਚੋਣ ਰੜਕਦੀ ਨਹੀਂ ਹੈ। ਮਨੋਵਿਗਿਆਨਕ ਸਮੱਸਿਆਵਾਂ, ਚੇਤਨਾ ਪ੍ਰਵਾਹ ਸ਼ੈਲੀ ਅਤੇ ਖੁੱਲ੍ਹੇ ਅੰਤ ਵਾਲੀਆਂ ਇਹਨਾਂ ਕਹਾਣੀਆਂ ਤੋਂ ਪੰਜਾਬੀ ਕਹਾਣੀ ਲੇਖਕ ਪੰਜਾਬੀ ਕਹਾਣੀ ਦੀ ਦਸ਼ਾ ਅਤੇ ਦਿਸ਼ਾ ਨੂੰ ਬਦਲਣ ਲਈ ਪ੍ਰੇਰਨਾ ਲੈ ਸਕਦੇ ਹਨ।

**ਮੋਬਾ. 98552-63576**

ਸਫ਼ਾ 1 ਦੀ ਬਾਕੀ

## ਜੇਲ੍ਹ, ਬੇਲ, ਪੈਰੋਲ, ਸਜ਼ਾ ਮੁਆਫ਼ੀ ...

ਦਿੱਤਾ ਗਿਆ, ਜਿੱਥੇ 2008 ਵਿੱਚ ਗਿਆਰਾਂ ਬਲਾਤਕਾਰੀ ਕਾਤਲਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਇੱਕ ਪੁਲਸੀਆ ਅਤੇ ਡਾਕਟਰ ਵੀ ਸਬੂਤਾਂ ਨਾਲ ਛੇੜਛਾੜ ਦੇ ਦੋਸ਼ੀ ਸਿੱਧ ਹੋਏ। ਹਾਈਕੋਰਟ ਨੇ 2017 ਵਿੱਚ ਨਾ ਸਿਰਫ਼ ਗਿਆਰਾਂ ਦੀ ਸਜ਼ਾ ਬਰਕਰਾਰ ਰੱਖੀ, ਬਲਕਿ ਸੈਸ਼ਨ ਕੋਰਟ ਵੱਲੋਂ ਬਰੀ ਕੀਤੇ ਕੁੱਝ ਮੁਜਰਮਾਂ ਨੂੰ ਵੀ ਸਜ਼ਾ ਸੁਣਾਈ। ਅਗਸਤ 2022 ਵਿੱਚ ਗੁਜਰਾਤ ਦੀ ਭਾਜਪਾ ਸਰਕਾਰ ਨੇ ਆਪਣੇ ਅਖਤਿਆਰ ਤੋਂ ਬਾਹਰ ਜਾ ਕੇ ਸਾਰੇ ਬਲਾਤਕਾਰੀ ਕਾਤਲਾਂ ਦੀ ਸਜ਼ਾ ਮੁਆਫ਼ ਕਰ ਦਿੱਤੀ! ਇਸ ਮੁਆਫ਼ੀ ਨੂੰ ਸੁਪਰੀਮ ਕੋਰਟ ਨੇ ਜਨਵਰੀ 2024 ਵਿੱਚ ਭਾਜਪਾਈ ਮੁਆਫੀਨਾਮਾ ਰੱਦ ਕਰ ਦੋਸ਼ੀਆਂ ਨੂੰ ਮੁੜ ਜੇਲ੍ਹ ਭੇਜ ਦਿੱਤਾ।

ਹੁਣ ਉੜੀਸਾ ਵਿੱਚ 23.01.1999 ਨੂੰ ਆਸਟ੍ਰੇਲੀਆਈ ਈਸਾਈ ਗ੍ਰਾਹਮ ਸਟੀਮ ਅਤੇ ਉਸ ਦੇ ਦਸ ਅਤੇ ਛੇ ਸਾਲਾ ਬੱਚਿਆਂ ਨੂੰ ਜਿਊਂਦੇ ਸਾੜਨ ਦੀ ਸਜ਼ਾ ਭੁਗਤ ਰਹੇ ਬਜਰੰਗ ਦਲ ਦੇ ਦਾਰਾ ਸਿੰਘ ਨੂੰ ਵੀ ਸਜ਼ਾ ਮੁਆਫ਼ ਕਰਕੇ ਜੇਲ੍ਹੋਂ ਬਾਹਰ ਲਿਆਉਣ ਲਈ ਅਦਾਲਤਾਂ ਰਾਹੀਂ ਮਾਹੌਲ ਬਣਾਇਆ ਜਾ ਰਿਹਾ ਹੈ। ਦਾਰਾ ਸਿੰਘ ਨੂੰ ਪਹਿਲਾਂ ਸਜ਼ਾ-ਏ-ਮੌਤ ਸੁਣਾਈ ਗਈ ਸੀ, ਜਿਹੜੀ ਬਾਅਦ ਵਿੱਚ ਉਡੀਸਾ ਹਾਈਕੋਰਟ ਨੇ 2005 ਵਿੱਚ ਉਮਰ ਕੈਦ ਵਿੱਚ ਬਦਲ ਦਿੱਤੀ ਸੀ ਅਤੇ 2011 ਵਿੱਚ ਸੁਪਰੀਮ ਕੋਰਟ ਨੇ ਵੀ ਬਰਕਰਾਰ ਰੱਖਿਆ ਸੀ। ਇਸ ਕੇਸ ਦੇ ਇੱਕ ਹੋਰ ਦੋਸ਼ੀ ਮਹੇਂਦਰ ਹੇਮਬਰਨ ਨੂੰ ਸਜ਼ਾ ਮੁਆਫ਼ੀ ਪਹਿਲਾਂ ਹੀ ਮਿਲ ਚੁੱਕੀ ਹੈ।

ਜ਼ਿਲ੍ਹਾ ਬਰਨਾਲਾ ਦੀ ਮਹਿਲ ਕਲਾਂ ਦੀ ਧਰਤੀ ਇੱਕ ਹੋਰ ਹੀ ਇਬਾਰਤ ਸੁਣਾਉਂਦੀ ਹੈ। ਇੱਕ ਅੰਗਹੀਣ ਸਕੂਲ ਵਿਦਿਆਰਥਣ ਕਿਰਨਜੀਤ ਕੌਰ ਪਿੰਡ ਦੇ ਗੁੰਡਾ ਗਰੋਹ ਦਾ ਸ਼ਿਕਾਰ ਹੋ ਜਾਂਦੀ ਹੈ। ਪ੍ਰਚੰਡ ਲੋਕ ਰੋਹ ਨੂੰ ਸੜਕਾਂ 'ਤੇ ਆਉਣਾ ਪੈਂਦਾ ਹੈ, ਕਿਉਂਕਿ ਸਿਸਟਮ ਕਾਤਲ ਬਲਾਤਕਾਰੀਆਂ ਦੀ ਪਿੱਠ 'ਤੇ ਸੀ। ਲੋਕਾਂ ਦੇ ਕਾਫਲੇ ਨਾ ਸਿਰਫ਼ ਦੋਸ਼ੀਆਂ ਨੂੰ ਸਲਾਖਾਂ ਪਿੱਛੇ ਡੱਕਣ ਵਿੱਚ ਕਾਮਯਾਬ ਹੁੰਦੇ ਹਨ, ਬਲਕਿ ਉਹਨਾਂ ਦੀ ਪੁਸ਼ਤਪਨਾਹੀ ਕਰਨ ਵਾਲੇ ਪੁਲਸ ਅਫਸਰਾਂ ਨੂੰ ਵੀ ਬਰਖ਼ਾਸਤ ਕਰਵਾ ਦਿੰਦੇ ਹਨ। ਪੁਲਸ-ਸਿਆਸੀ-ਗੁੰਡਾ ਗਠਜੋੜ ਕਿਰਨਜੀਤ ਕਾਂਡ ਦੀ ਅਗਵਾਈ ਕਰ ਰਹੇ ਤਿੰਨ ਆਗੂਆਂ ਮਾਸਟਰ ਪ੍ਰੇਮ ਕੁਮਾਰ, ਨਰਾਇਣ ਦੱਤ ਅਤੇ ਮਨਜੀਤ ਧਨੇਰ ਨੂੰ ਕਤਲ ਦੇ ਝੂਠੇ ਮੁਕੱਦਮੇ ਤਹਿਤ ਉਮਰ ਕੈਦ ਦੀ ਸਜ਼ਾ ਕਰਵਾ ਦਿੰਦਾ ਹੈ। ਹਾਈਕੋਰਟ ਤੱਕ ਨਰਾਇਣ ਦੱਤ ਅਤੇ ਮਾਸਟਰ ਪ੍ਰੇਮ ਕੁਮਾਰ ਤਾਂ ਬਰੀ ਹੋ ਜਾਂਦੇ ਹਨ, ਪਰ ਸੁਪਰੀਮ ਕੋਰਟ ਵੀ ਇਸ ਝੂਠੇ ਕਤਲ ਕੇਸ ਵਿੱਚ ਮਨਜੀਤ ਧਨੇਰ ਦੀ ਸਜ਼ਾ ਬਰਕਰਾਰ ਰੱਖਦੀ ਹੈ। ਲੋਕਾਂ ਨੂੰ ਲੰਮਾ ਸਮਾਂ ਬਰਨਾਲੇ ਦੇ ਜੇਲ੍ਹ ਮੂਹਰੇ ਬੈਠ ਸੰਘਰਸ਼ ਕਰਨਾ ਪੈਂਦਾ ਹੈ ਤਾਂ ਕਿਤੇ ਪੰਜਾਬ ਸਰਕਾਰ ਮਨਜੀਤ ਧਨੇਰ ਦੀ ਸਜ਼ਾ ਰੱਦ ਕਰਨ ਲਈ ਮਜਬੂਰ ਹੁੰਦੀ ਹੈ।

ਇੱਕ ਹੋਰ ਵੀ ਵੀ ਆਈ ਪੀ ਗੁਰਮੀਤ ਰਾਮ ਰਹੀਮ ਹੈ, ਜੋ ਪਿਛਲੇ ਦਿਨੀਂ ਸਤਾਰ੍ਹਵੀਂ ਵਾਰ ਪੈਰੋਲ/ਫਰਲੋ 'ਤੇ ਜੇਲ੍ਹ ਤੋਂ ਬਾਹਰ ਆਇਆ ਹੈ। ਸੰਗੀਨ ਜੁਰਮ ਤਹਿਤ ਸਜ਼ਾ ਪਾਉਣ ਤੋਂ ਬਾਅਦ ਪਿਛਲੇ ਨੌਂ ਸਾਲ ਵਿੱਚ ਉਹ ਕੁੱਲ 457 ਦਿਨ ਬਾਹਰ ਰਿਹਾ ਹੈ। ਉਸ ਦੀ ਪੈਰੋਲ/ਫਰਲੋ ਸੌਖੀ ਕਰਨ ਲਈ ਹਰਿਆਣਾ ਦੀ ਭਾਜਪਾ ਸਰਕਾਰ ਨੇ ਪੈਰੋਲ ਐਕਟ ਹੀ ਬਦਲ ਦਿੱਤਾ।

ਗੁਰਮੀਤ ਰਾਮ ਰਹੀਮ ਨੂੰ ਪਹਿਲੀ ਪੈਰੋਲ ਅਕਤੂਬਰ 2020 ਵਿੱਚ ਇੱਕ ਦਿਨ ਲਈ ਅਤੇ ਦੂਸਰੀ ਪੈਰੋਲ ਮਈ 2021 ਵਿੱਚ ਸਿਰਫ਼ ਬਾਰਾਂ ਘੰਟਿਆਂ ਲਈ ਹਾਸਲ ਹੋਈ। ਉਸ ਤੋਂ ਬਾਅਦ ਤੀਸਰੀ ਫਰਲੋ ਸੱਤ ਫਰਵਰੀ 2022 ਨੂੰ ਇੱਕੀ ਦਿਨਾਂ ਲਈ ਦਿੱਤੀ ਜਾਂਦੀ ਹੈ। ਉਸ ਸਮੇਂ ਤੱਕ 'ਦ ਹਰਿਆਣਾ ਗੁੱਡ ਕੰਡਕਟ ਪਰਿਜਨਰਜ਼ (ਟੈਂਪਰੇਰੀ ਰੀਲੀਜ਼) ਐਕਟ 1988 ਲਾਗੂ ਸੀ। ਇਸ ਐਕਟ ਦੀ ਧਾਰਾ ਅਨੁਸਾਰ ਜੇਕਰ ਕੈਦੀ ਨੇ ਆਰਜ਼ੀ ਰਿਹਾਈ ਤੱਕ ਤਿੰਨ ਸਾਲ ਦੀ ਸਜ਼ਾ ਕੱਟ ਲਈ ਹੋਵੇ ਤਾਂ ਉਹ ਆਰਜ਼ੀ ਰਿਹਾਈ ਦਾ ਹੱਕਦਾਰ ਬਣ ਜਾਂਦਾ ਹੈ, ਪਰ ਇਸੇ ਧਾਰਾ ਚਾਰ ਦਾ ਉੱਪ-ਧਾਰਾ ਅਨੁਸਾਰ 'ਆਦਤਨ ਅਪਰਾਧੀ' (Habitual Offenders) ਨੂੰ ਇਹ ਫਰਲੋ ਨਹੀਂ ਦਿੱਤੀ ਜਾ ਸਕਦੀ। 'ਆਦਤਨ ਅਪਰਾਧੀ' ਨੂੰ 1988 ਦੇ ਇਸ ਐਕਟ ਵਿੱਚ 'ਪੰਜਾਬ ਹੈਬੂਚਲ ਓਫੈਂਡਰਜ਼ (ਕੰਟਰੋਲ ਐਂਡ ਰਿਫਾਰਮ) ਐਕਟ 1952' ਦੀ ਧਾਰਾ 2(3) ਅਨੁਸਾਰ ਪ੍ਰੀਭਾਸ਼ਿਤ ਕੀਤਾ ਗਿਆ ਹੈ ਕਿ ਜਿਸ ਕਿਸੇ ਨੂੰ ਵੀ ਲਗਾਤਾਰ ਪੰਜ ਸਾਲਾਂ ਦੇ ਵਕਫੇ ਦੌਰਾਨ ਘੱਟੋ-ਘੱਟ ਬਾਰਾਂ ਮਹੀਨਿਆਂ ਦੀਆਂ ਦੋ ਜਾਂ ਵੱਧ ਸਜ਼ਾਵਾਂ ਸੁਣਾਈਆਂ ਗਈਆਂ ਹੋਣ, ਉਹ 'ਆਦਤਨ ਅਪਰਾਧੀ' ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਗੁਰਮੀਤ ਰਾਮ ਰਹੀਮ ਨੂੰ ਪਹਿਲੀ ਉਮਰ-ਕੈਦ ਦੀ ਸਜ਼ਾ ਡੇਰਾ ਸਿਰਸਾ ਦੀਆਂ ਸਾਧਵੀਆਂ ਨਾਲ ਬਲਾਤਕਾਰ ਦੇ ਦੋਸ਼ਾਂ ਤਹਿਤ 2017 ਵਿੱਚ ਸੁਣਾਈ ਗਈ ਸੀ। ਉਸ ਤੋਂ ਬਾਅਦ ਗਿਆਰਾਂ ਜਨਵਰੀ 2019 ਨੂੰ ਆਪਣੇ ਡੇਰਾ ਮੈਨੇਜਰ ਰਣਜੀਤ ਸਿੰਘ ਅਤੇ ਅੱਠ ਅਕਤੂਬਰ 2021 ਨੂੰ ਪੱਤਰਕਾਰ ਰਾਮ ਚੰਦਰ ਛੱਤਰਪਤੀ ਦੇ ਕਤਲਾਂ ਵਿੱਚ ਕਥਿਤ ਸਾਜ਼ਿਸ਼ੀ ਸ਼ਮੂਲੀਅਤ ਲਈ ਉਮਰ ਕੈਦ ਦੀਆਂ ਦੋ ਸਜ਼ਾਵਾਂ ਸੁਣਾਈਆਂ ਗਈਆਂ ਸਨ। ਇਸ ਤਰ੍ਹਾਂ 2017 ਤੋਂ 2021 ਤੱਕ ਦੇ ਚਾਰ ਸਾਲਾਂ ਵਿੱਚ ਉਸ ਨੂੰ ਤਿੰਨ ਸਜ਼ਾਵਾਂ ਸੁਣਾਈਆਂ ਗਈਆਂ, ਪਰ ਫਿਰ ਵੀ ਉਸ ਦੀ ਇੱਕੀ ਦਿਨਾਂ ਦੀ ਫਰਲੋ 'ਤੇ ਆਰਜ਼ੀ ਰਿਹਾਈ ਹੋਈ। ਇੱਥੇ ਇਹ ਵੀ ਵਰਣਨਯੋਗ ਹੈ ਕਿ ਫਰਵਰੀ 2022 ਵਿੱਚ ਪੰਜਾਬ ਵਿਧਾਨ ਸਭਾ ਚੋਣਾਂ ਵੀ ਹੋਈਆਂ ਸਨ, ਜਿੱਥੇ ਮਾਲਵਾ ਖਿੱਤੇ ਵਿੱਚ ਡੇਰਾ ਸਿਰਸਾ ਦਾ ਬਹੁਤ ਪ੍ਰਭਾਵ ਹੈ।

ਗੁਰਮੀਤ ਰਾਮ ਰਹੀਮ ਨੂੰ ਪੈਰੋਲ ਜਾਂ ਫਰਲੋ ਦੇਣ ਦੀ ਰਫ਼ਤਾਰ ਸਾਲ 2022 ਤੋਂ ਬਾਅਦ ਤੇਜ਼ੀ ਫੜਦੀ ਹੈ, ਜਦੋਂ ਹਰਿਆਣਾ ਸਰਕਾਰ 1988 ਦਾ 'ਦ ਹਰਿਆਣਾ ਗੁੱਡ ਕੰਡਕਟ ਪਰਿਜਨਰਜ਼ (ਟੈਂਪਰੇਰੀ ਰੀਲੀਜ਼) ਐਕਟ' ਨੂੰ ਰੱਦ (Repeal) ਕਰਕੇ 31.03.2022 ਨਵਾਂ 'ਦ ਹਰਿਆਣਾ ਗੁੱਡ ਕੰਡਕਟ ਪਰਿਜਨਰਜ਼ (ਟੈਂਪਰੇਰੀ ਰੀਲੀਜ਼) ਐਕਟ 2022 ਹਰਿਆਣਾ ਵਿਧਾਨ ਸਭਾ ਵਿੱਚੋਂ ਪਾਸ ਕਰਵਾ ਲੈਂਦੀ ਹੈ ਅਤੇ 10.04.2022 ਨੂੰ ਜੇਲ੍ਹ ਵਿਭਾਗ ਹਰਿਆਣਾ ਸੰਬੰਧਤ ਅਥਾਰਟੀਆਂ ਨੂੰ ਭੇਜ ਦਿੰਦਾ ਹੈ। ਕਿਸੇ ਵੀ ਐਕਟ ਨੂੰ ਲਾਗੂ (Execute) ਕਰਨ ਲਈ ਸਰਕਾਰ ਵੱਲੋਂ ਕੁੱਝ ਨਿਯਮ (Rules) ਘੜੇ (Frame) ਜਾਂਦੇ ਹਨ, ਪਰ 2022 ਦੇ 'ਦ ਹਰਿਆਣਾ ਗੁੱਡ ਕੰਡਕਟ ਪਰਿਜਨਰਜ਼ (ਟੈਂਪਰੇਰੀ ਰੀਲੀਜ਼) ਐਕਟ ਦੇ ਨਿਯਮ ਜਾਣਕਾਰੀ ਅਨੁਸਾਰ ਹਾਲੇ ਤੱਕ ਹੋਂਦ ਵਿੱਚ ਹੀ ਨਹੀਂ ਆਏ। ਸਾਲ 2022 ਦੇ ਨਵੇਂ ਕਾਨੂੰਨ ਵਿੱਚ 'ਆਦਤਨ ਅਪਰਾਧੀ' ਸ਼ਬਦ ਹਟਾ ਦਿੱਤੇ ਹਨ।

ਉਸ ਤੋਂ ਬਾਅਦ ਉਸੇ ਸਾਲ ਹਰਿਆਣਾ ਵਿੱਚ ਸਥਾਨਕ ਸਰਕਾਰਾਂ ਦੀਆਂ ਚੋਣਾਂ ਸਮੇਂ ਸਤਾਰਾਂ ਜੂਨ ਤੋਂ ਤੀਹ ਦਿਨਾਂ ਦੀ ਪੈਰੋਲ ਰਾਮ ਰਹੀਮ ਨੂੰ ਮਿਲੀ ਜਾਂਦੀ ਹੈ। ਇਸ ਪੈਰੋਲ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਾਈਕੋਰਟ ਵਿੱਚ ਚੁਣੌਤੀ ਦਿੱਤੀ ਗਈ। ਸਾਲ 1988 ਦੇ ਐਕਟ ਦੀ ਧਾਰਾ 2(aa) ਅਤੇ 2022 ਐਕਟ ਦੀ ਧਾਰਾ (7,8,9) ਖ਼ਤਰਨਾਕ ਕੈਦੀਆਂ (Hardcore prisoners) ਦੀ ਸੂਚੀ ਵਿੱਚ 'ਸੀਰੀਅਲ ਕਿਲਿੰਗ', ਕੰਟਰੈਕਟ ਕਿਲਿੰਗ ਅਤੇ ਬਲਾਤਕਾਰ ਦੇ ਦੋਸ਼ੀਆਂ ਨੂੰ ਸ਼ਾਮਲ ਕਰਦੀ ਹੈ। ਪਰ ਹਰਿਆਣਾ ਸਰਕਾਰ ਨੇ ਹਾਈਕੋਰਟ ਵਿੱਚ ਆਪਣੀ ਕਾਨੂੰਨੀ ਰਾਇ ਪੇਸ਼ ਕੀਤੀ ਕਿ ਕਿਉਂਕਿ ਰਾਮ ਰਹੀਮ ਉਸ ਵੇਲੇ ਤੱਕ ਦੋਸ਼ੀ ਠਹਿਰਾਏ ਕੇਸਾਂ ਵਿੱਚ ਕਤਲ ਕਰਨ ਦੇ ਜੁਰਮ ਵਿੱਚ ਆਪ 'ਸਿੱਧਾ' ਸ਼ਾਮਲ (serial killings) ਨਹੀਂ ਸੀ, ਬਲਕਿ ਉਸ ਨੂੰ ਸਜ਼ਾ ਕਤਲ ਦੀ ਸਾਜ਼ਿਸ਼ ਦੇ ਦੋਸ਼ਾਂ ਵਿੱਚ ਹੋਈ ਹੈ, ਇਸ ਲਈ ਉਸ ਨੂੰ ਖ਼ਤਰਨਾਕ ਕੈਦੀ ਨਹੀਂ ਮੰਨਿਆ ਜਾ ਸਕਦਾ। ਹਾਈਕੋਰਟ ਨੇ ਭਾਵੇਂ 2022 ਦੇ ਐਕਟ ਦੀਆਂ ਧਾਰਾਵਾਂ ਅਨੁਸਾਰ ਰਾਮ ਰਹੀਮ ਦੀ ਪੈਰੋਲ ਰੱਦ ਨਹੀਂ ਕੀਤੀ, ਪਰ ਭਵਿੱਖ ਵਿੱਚ ਮਨਮਾਨੇ (Arbitrariness) ਤਰੀਕੇ ਨਾਲ ਪੈਰੋਲ ਨਾ ਦੇਣ ਦੀ ਚਿਤਾਵਨੀ ਦਿੱਤੀ। ਹਰਿਆਣਾ ਸਰਕਾਰ ਨੇ ਉਸੇ ਸਾਲ ਪੰਦਰਾਂ ਅਕਤੂਬਰ ਨੂੰ ਫਿਰ ਚਾਲੀ ਦਿਨ ਦੀ ਪੈਰੋਲ ਦਿੱਤੀ ਜਦੋਂ ਆਦਮਪੁਰ ਸੀਟ 'ਤੇ ਅਸੈਂਬਲੀ ਦੀ ਉੱਪ-ਚੋਣ ਸੀ। ਇਸ ਪੈਰੋਲ 'ਤੇ ਉਸ ਵੇਲੇ ਦੀ ਦਿੱਲੀ ਵੂਮੈਨ ਕਮਿਸ਼ਨ ਦੀ ਚੇਅਰਪਰਸਨ ਸਵਾਤੀ ਮਾਲਦੀਵ ਨੇ ਰਾਮ ਰਹੀਮ ਨੂੰ ਖ਼ਤਰਨਾਕ ਵਿਅਕਤੀ ਲਿਖਦੇ ਹੋਏ ਵਾਰ-ਵਾਰ ਮਿਲ ਰਹੇ ਪੈਰੋਲ 'ਤੇ ਹਰਿਆਣਾ ਸਰਕਾਰ ਨੂੰ ਪੱਤਰ ਲਿਖ ਕੇ ਸਖ਼ਤ ਇਤਰਾਜ਼ ਉਠਾਇਆ ਸੀ ਕਿ ਰਾਮ ਰਹੀਮ ਨਾ ਸਿਰਫ਼ ਯੂ ਪੀ ਦੇ ਬਾਗਪਤ ਵਿੱਚ ਸ਼ਰੇਆਮ ਸਤਿਸੰਗ ਕਰ ਰਿਹਾ ਹੈ, ਬਲਕਿ ਬਹੁਤ ਸਾਰੇ ਸਿਆਸਤਦਾਨ ਵੀ ਉਸ ਦੀ ਚੌਂਕੀ ਭਰ ਰਹੇ ਹਨ। ਉਸ ਵੇਲੇ ਦੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਇਸ 'ਤੇ ਇਹ ਕਹਿੰਦਿਆਂ ਪੱਲਾ ਝਾੜ ਲਿਆ ਸੀ ਕਿ ਸਜ਼ਾਵਾਂ ਦੇਣ ਦਾ ਕੰਮ ਅਦਾਲਤਾਂ ਦਾ ਹੈ, ਨਿਯਮਾਂ ਅਨੁਸਾਰ ਪੈਰੋਲ ਦੇਣਾ ਜੇਲ੍ਹ ਅਧਿਕਾਰੀਆਂ ਦਾ ਅਤੇ ਇਸ ਵਿੱਚ ਮੇਰਾ ਕੋਈ ਰੋਲ ਨਹੀਂ।

ਉਸ ਤੋਂ ਬਾਅਦ ਵੀ ਗੁਰਮੀਤ ਰਾਮ ਰਹੀਮ ਦੇ ਪੈਰੋਲ ਅਤੇ ਫਰਲੋ ਦੇ ਟਾਈਮਿੰਗ ਅਕਸਰ ਚੋਣਾਂ ਨਾਲ ਮਿਲਦੀ ਹੈ, ਜਿਵੇਂ ਵੀਹ ਜੁਲਾਈ 2023 ਦੀ ਚਾਲੀ ਦਿਨਾਂ ਪੈਰੋਲ ਸਮੇਂ ਹਰਿਆਣਾ ਵਿੱਚ ਪੰਚਾਇਤੀ ਚੋਣਾਂ, 21 ਨਵੰਬਰ 2023 ਦੀ ਤਿੰਨ ਹਫ਼ਤਿਆਂ ਦੀ ਫਰਲੋ ਸਮੇਂ ਰਾਜਸਥਾਨ ਵਿਧਾਨ ਸਭਾ ਦੀਆਂ ਚੋਣਾਂ, ਦੋ ਅਕਤੂਬਰ 2024 ਦੀ ਵੀਹ ਦਿਨਾਂ ਪੈਰੋਲ ਸਮੇਂ ਹਰਿਆਣਾ ਵਿਧਾਨ ਸਭਾ ਚੋਣਾਂ ਅਤੇ ਅਠਾਈ ਜਨਵਰੀ 2025 ਦੀ ਤੀਹ ਦਿਨਾਂ ਪੈਰੋਲ ਸਮੇਂ ਦਿੱਲੀ ਵਿਧਾਨ ਸਭਾ ਚੋਣਾਂ ਦਾ ਸਮਾਂ ਸੀ। ਇਸ ਤੋਂ ਇਲਾਵਾ ਤੇਰਾਂ ਅਗਸਤ 2024 ਦੀ ਫਰਲੋ ਅਤੇ ਪੰਜ ਅਗਸਤ 2025 ਦੀ ਪੈਰੋਲ ਦਾ ਸਮੇਂ ਦੀ ਟਾਈਮਿੰਗ ਰਾਮ ਰਹੀਮ ਦੇ ਪੰਦਰਾਂ ਅਗਸਤ ਦੇ ਜਨਮ ਦਿਨ ਨਾਲ ਮਿਲਦੀ ਹੈ।

ਹਰਿਆਣਾ ਦੇ ਸਾਲ 1988 ਐਕਟ ਦੀ ਧਾਰਾ 3(1) ਅਨੁਸਾਰ ਕਿਸੇ ਕੈਦੀ ਦੀ ਆਰਜ਼ੀ ਰਿਹਾਈ ਲਈ ਹੇਠ ਲਿਖੀਆਂ ਸ਼ਰਤਾਂ ਕਰਦੀ ਸੀ:

ੳ) ਮਰੀਜ਼ ਦੇ ਪਰਵਾਰ ਵਿੱਚ ਕਿਸੇ ਦੀ ਮੌਤ ਜਾਂ ਪਰਵਾਰ ਦੇ ਕਿਸੇ ਮੈਂਬਰ ਦੀ ਜਾਂ ਖੁਦ ਕੈਦੀ ਦੀ ਗੰਭੀਰ ਬਿਮਾਰੀ

ਅ) ਕੈਦੀ ਦਾ ਆਪਣਾ, ਧੀ-ਪੁੱਤ, ਪੋਤੇ-ਪੋਤਰੇ, ਭੈਣ-ਭਰਾ ਜਾਂ ਭਾਣਜੇ-ਭਾਣਜੀ ਦਾ ਵਿਆਹ

ੲ) ਕੈਦੀ ਦੀ ਆਪਣੀ ਜਾਂ ਸਾਂਝੀ ਪਰਵਾਰਕ ਜ਼ਮੀਨ ਤੇ ਫਸਲ ਬੀਜਣ, ਕੱਟਣ ਜਾਂ ਸੰਭਾਲਣ ਲਈ

ਸ) ਕੋਈ ਹੋਰ ਜ਼ਰੂਰੀ ਕਾਰਨ ('ਹਰਿਆਣਾ ਗੁੱਡ ਕੰਡਕਟ ਪਰਿਜਨਰਜ਼ (ਟੈਂਪਰੇਰੀ ਰੀਲੀਜ਼) ਰੂਲਜ਼ 2007 ਦੇ ਰੂਲ ਅੱਠ ਅਨੁਸਾਰ ਇਹਨਾਂ ਜ਼ਰੂਰੀ ਕਾਰਨਾਂ ਵਿੱਚ ਕਿਸੇ ਵਾਰਿਸ ਦੀ ਕਿਸੇ ਵਿਦਿਅਕ ਅਦਾਰੇ ਵਿੱਚ ਦਾਖਲਾ, ਪਤਨੀ ਦਾ ਜਣੇਪਾ, ਘਰ ਦੀ ਉਸਾਰੀ ਜਾਂ ਮੁਰੰਮਤ (ਤਿੰਨ ਸਾਲ ਵਿੱਚ ਸਿਰਫ਼ ਇੱਕ ਵਾਰ) ਜਾਂ ਭਰਾ ਦੀ ਮੌਤ ਹੋਣ ਦੀ ਸੂਰਤ ਵਿੱਚ ਉਸ ਦੇ ਕਿਸੇ ਬੱਚੇ ਦਾ ਵਿਆਹ)। ਸਾਲ 1988 ਦੇ ਐਕਟ ਦੀ ਧਾਰਾ 3(2) ਅਨੁਸਾਰ ੳ (ਮੌਤ ਜਾਂ ਬਿਮਾਰੀ ਦੀ ਹਾਲਤ ਵਿੱਚ) ਲਈ ਤਿੰਨ ਹਫ਼ਤੇ, ਅ (ਵਿਆਹ) ਅਤੇ ਸ (ਜ਼ਰੂਰੀ ਕਾਰਨ) ਲਈ ਚਾਰ ਹਫ਼ਤੇ ਅਤੇ ੲ (ਖੇਤੀ ਕੰਮਾਂ) ਲਈ ਛੇ ਹਫ਼ਤਿਆਂ ਦੀ ਪੈਰੋਲ ਦਿੱਤੀ ਜਾ ਸਕਦੀ ਸੀ, ਪਰ ਸਾਲ 2022 ਦੇ ਐਕਟ ਵਿੱਚ ਰਿਸ਼ਤੇਦਾਰ ਦੀ ਮੌਤ ਜਾਂ ਬਿਮਾਰੀ ਦੇ ਆਧਾਰ 'ਤੇ ਐਮਰਜੈਂਸੀ ਪੈਰੋਲ ਦਾ ਜ਼ਿਕਰ ਤਾਂ ਧਾਰਾ 2(i)(ii) ਅਤੇ ਗਰਭਵਤੀ ਹਾਲਤਾਂ ਵਿੱਚ ਧਾਰਾ 3(2) ਵਿੱਚ ਹੈ, ਪਰ ਪੈਰੋਲ ਜਾਂ ਫਰਲੋ ਦੀਆਂ 1988 ਦੇ ਐਕਟ ਦੀਆਂ ਬਾਕੀ ਸ਼ਰਤਾਂ ਦਾ ਕੋਈ ਜ਼ਿਕਰ ਨਹੀਂ। ਬਲਕਿ ਇਸ ਨਵੇਂ ਕਾਨੂੰਨ ਵਿੱਚ ਕੋਈ ਵੀ ਕੈਦੀ ਪੈਰੋਲ ਜਾਂ ਫਰਲੋ ਸਰਕਾਰੀ ਅਧਿਕਾਰੀਆਂ ਵੱਲੋਂ ਨਿਰਧਾਰਤ 'ਚੰਗੇ ਵਰਤਾਅ ਅਤੇ ਸਾਊਪੁਣੇ' ਦੇ ਆਧਾਰ 'ਤੇ ਹੀ ਹਾਸਲ ਕਰ ਸਕਦਾ ਹੈ! ਇਸ ਨਵੇਂ ਕਾਨੂੰਨ ਅਨੁਸਾਰ ਕੈਦੀ ਨੂੰ ਸਾਲ ਵਿੱਚ ਦਸ ਹਫ਼ਤਿਆਂ ਤੱਕ ਪੈਰੋਲ ਅਤੇ ਤਿੰਨ ਹਫ਼ਤਿਆਂ ਤੱਕ ਫਰਲੋ ਦੀ ਸਹੂਲਤ ਹਾਸਲ ਹੈ। ਇਹ ਕੁੱਲ ਮਿਲਾ ਕੇ ਸਾਲ ਵਿੱਚ ਤਿੰਨ ਮਹੀਨੇ ਬਣਦੀ ਹੈ ਅਤੇ ਗੁਰਮੀਤ ਰਾਮ ਰਹੀਮ ਇਸ ਨਵੇਂ ਕਾਨੂੰਨ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਪੈਰੋਲ ਅਤੇ ਫਰਲੋ ਦਾ ਇਹ ਪੂਰਾ ਸਮਾਂ ਜੇਲ੍ਹ ਤੋਂ ਬਾਹਰ ਬਤੀਤ ਕਰ ਰਿਹਾ ਹੈ।

ਇੱਕ ਤੱਥ ਹੋਰ ਵੀ ਕਾਬਲੇਗ਼ੌਰ ਹੈ ਕਿ ਹਰਿਆਣਾ ਤੋਂ ਬਿਨਾਂ ਕਿਸੇ ਵੀ ਰਾਜ ਨੇ ਆਪਣੇ ਹੋਂਦ ਵਿੱਚ ਆਉਣ ਤੋਂ ਬਾਅਦ ਦੂਜੀ ਵਾਰ 'ਦ ਗੁੱਡ ਕੰਡਕਟ ਪਰਿਜਨਰਜ਼ 'ਟੈਂਪਰੇਰੀ ਰੀਲੀਜ਼' ਐਕਟ' ਨਹੀਂ ਬਣਾਇਆ। ਇੱਥੋਂ ਤੱਕ ਕਿ ਗੋਆ, ਗੁਜਰਾਤ ਅਤੇ ਉੱਤਰ ਪ੍ਰਦੇਸ਼ ਵਿੱਚ ਤਾਂ ਬਸਤੀਵਾਦੀ ਸਮੇਂ ਦੇ ਕ੍ਰਮਵਾਰ 1894,1926 ਅਤੇ 1938 ਦੇ ਕਾਨੂੰਨ ਹੀ ਕੈਦੀਆਂ ਦੀ ਪੈਰੋਲ ਜਾਂ ਫਰਲੋ ਲਈ ਅੱਜ ਵੀ ਲਾਗੂ ਹਨ।

ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਤਿੰਨ ਸਤੰਬਰ 2020 ਨੂੰ ਸਾਰੀਆਂ ਰਾਜ ਸਰਕਾਰਾਂ ਨੂੰ ਇੱਕ ਐਡਵਾਈਜ਼ਰੀ ਭੇਜੀ ਸੀ। ਇਸ ਦੇ ਨੁਕਤਾ ਨੰਬਰ 2 ਵਿੱਚ ਲਿਖਿਆ ਸੀ ਕਿ ਚੋਣਵੇਂ ਕੈਦੀਆਂ ਨੂੰ ਹੀ ਪਹਿਲਾਂ ਤੋਂ ਨਿਰਧਾਰਤ ਸ਼ਰਤਾਂ 'ਤੇ ਹੀ ਪੈਰੋਲ ਜਾਂ ਫਰਲੋ ਦਿੱਤੀ ਜਾਵੇ, ਪਰ ਹਰਿਆਣਾ ਸਰਕਾਰ ਨੇ ਤਾਂ ਸ਼ਰਤਾਂ ਖਤਮ ਕਰਕੇ ਅਫ਼ਸਰਸ਼ਾਹੀ ਵੱਲੋਂ ਦਿੱਤੇ 'ਸਰਾਫਤ' ਦੇ ਸਰਟੀਫਿਕੇਟ ਨੂੰ ਹੀ ਪੈਰੋਲ ਅਤੇ ਫਰਲੋ ਦਾ ਆਧਾਰ ਮੰਨ ਲਿਆ ਹੈ। ਇਸੇ ਐਡਵਾਈਜ਼ਰੀ ਦੇ ਨੁਕਤਾ ਨੰਬਰ 4(iii) ਲਿਖਿਆ ਸੀ ਕਿ ਪੈਰੋਲ ਅਤੇ ਫਰਲੋ ਰੁਟੀਨ ਵਿੱਚ ਨਾ ਦਿੱਤੀ ਜਾਵੇ ਅਤੇ ਬਲਾਤਕਾਰ ਸਮੇਤ ਗੰਭੀਰ ਦੋਸ਼ਾਂ ਅਧੀਨ ਸਜ਼ਾ ਯਾਫਤਾ ਕੈਦੀਆਂ ਦੇ ਕੇਸਾਂ ਨੂੰ ਵਿਚਾਰਨ ਲਈ ਅਧਿਕਾਰੀਆਂ ਅਤੇ ਮਾਹਿਰਾਂ ਦੀ ਇੱਕ ਕਮੇਟੀ ਸਾਰੇ ਪੱਖਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਫੈਸਲਾ ਕਰੇ। ਸਾਲ 2016 ਦਾ ਮਾਡਰਨ ਜੇਲ੍ਹ ਮੈਨੂਅਲ ਵਿੱਚ ਵੀ ਹਦਾਇਤ ਹੈ ਕਿ ਯੋਗ ਸ਼ਰਤਾਂ (Eligibility Criteria) ਦੀ ਪਾਲਣਾ ਯਕੀਨੀ ਬਣਾਈ ਜਾਵੇ।

ਹਰਿਆਣਾ ਦੇ ਸਾਰੇ ਕੈਦੀ ਗੁਰਮੀਤ ਰਾਮ ਰਹੀਮ ਦੀ ਤਰ੍ਹਾਂ ਖ਼ੁਸ਼ਕਿਸਮਤ ਨਹੀਂ ਹਨ। ਫੂਲ ਕੁਮਾਰ ਬਨਾਮ ਸਟੇਟ ਆਫ਼ ਹਰਿਆਣਾ ਦੇ ਕੇਸ ਨੰਬਰ 1350 ਆਫ਼ 2022 ਵਿੱਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਹਰਿਆਣਾ ਸਰਕਾਰ ਦੀ ਦਿਮਾਗ ਨਾ ਵਰਤਣ ਦੀ ਪ੍ਰਵਿਰਤੀ (Non Application of Mind) ਨੂੰ ਉਜਾਗਰ ਕਰਦੇ ਹੋਏ ਸਖ਼ਤ ਟਿੱਪਣੀਆਂ ਕੀਤੀਆਂ ਸਨ ਅਤੇ ਦੋਸ਼ੀ ਨੂੰ ਪੈਰੋਲ ਦੇਣ ਦਾ ਹੁਕਮ ਦਿੱਤਾ ਸੀ, ਜਿਸ ਨੂੰ ਹਰਿਆਣਾ ਸਰਕਾਰ ਨੇ ਲੋੜੀਂਦੀਆਂ ਸ਼ਰਤਾਂ ਪੂਰੀਆਂ ਕਰਨ ਦੇ ਬਾਵਜੂਦ ਪੈਰੋਲ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਗੁਰਮੀਤ ਰਾਮ ਰਹੀਮ ਦੀ 2022 ਤੋਂ ਬਾਅਦ ਦੀ ਪੈਰੋਲ/ਪਰਲੋ ਹਰਿਆਣਾ ਦੇ ਕਾਨੂੰਨ ਅਨੁਸਾਰ ਜਾਇਜ਼ ਠਹਿਰਾਈ ਜਾ ਸਕਦੀ ਹੈ, ਪਰ ਕੀ ਨਵੇਂ ਕਾਨੂੰਨ ਨੂੰ ਕਿਸੇ ਅਦਾਲਤ ਵਿੱਚ ਚੁਣੌਤੀ ਨਹੀਂ ਦਿੱਤੀ ਜਾ ਸਕਦੀ? ਬਿਲਕੁੱਲ ਦਿੱਤੀ ਜਾ ਸਕਦੀ ਹੈ ਅਤੇ ਦਿੱਤੀ ਵੀ ਜਾਣੀ ਬਣਦੀ ਹੈ। ਜਿੱਥੇ ਕਿਸੇ ਕੈਦੀ ਦੇ ਸੰਵਿਧਾਨਕ ਹੱਕ ਦੀ ਰਾਖੀ ਕਰਨ ਲਈ ਰਾਜ ਪਾਬੰਦ ਹੈ, ਉੱਥੇ ਕਿਸੇ ਪੀੜਤ ਦੇ ਇਨਸਾਫ਼ ਨੂੰ ਵੀ ਆਂਚ ਨਹੀਂ ਆਉਣੀ ਚਾਹੀਦੀ। ਮੋਦੀ ਸਰਕਾਰ ਹੁਣ ਜਦੋਂ ਇੱਕ ਦੇਸ਼, ਇੱਕ ਚੋਣ, ਇੱਕ ਟੈਕਸ, ਇੱਕ ਭਾਸ਼ਾ ਆਦਿ ਦਾ ਬਿਰਤਾਂਤ ਸਿਰਜ ਰਹੀ ਹੈ ਤਾਂ ਪੈਰੋਲ/ਫਰਲੋ ਜਾਂ ਜ਼ਮਾਨਤਾਂ ਲਈ ਵੱਖਰੇ-ਵੱਖਰੇ ਕਾਨੂੰਨ ਕਿਉਂ? ਸੰਯੁਕਤ ਰਾਸ਼ਟਰ ਦੇ ਨੈਲਸਨ ਮੰਡੇਲਾ ਰੂਲ ਵੀ ਕਿਸੇ ਕੈਦੀ ਨੂੰ ਨਸਲ, ਲਿੰਗ, ਜ਼ੁਬਾਨ, ਧਰਮ, ਸਿਆਸੀ ਵਿਚਾਰਾਂ, ਕੌਮੀਅਤ, ਸਮਾਜਿਕ ਰੁਤਬੇ, ਜਨਮ-ਸਥਾਨ ਆਦਿ ਦੇ ਆਧਾਰ 'ਤੇ ਵਿਤਕਰੇ ਨੂੰ ਖਾਰਜ ਕਰਦੇ ਹਨ। ਭਾਰਤੀ ਸੰਵਿਧਾਨ ਵੀ ਇਹੋ ਕੁੱਝ ਕਹਿੰਦਾ ਹੈ, ਪਰ ਭਾਜਪਾ ਸਰਕਾਰਾਂ ਦੀ ਸੰਘੀ ਸੋਚ ਤਾਂ ਬਲਾਤਕਾਰੀਆਂ ਦੀ ਸੋਚ ਨਾਲ ਮਿਲਦੀ ਹੈ। ਹੈਰਾਨੀ ਨਹੀਂ ਹੋਵੇਗੀ ਜੇਕਰ ਹਾਈਕੋਰਟ ਗੁਰਮੀਤ ਰਾਮ ਰਹੀਮ ਦੀ ਬਲਾਤਕਾਰ ਦੇ ਕੇਸ ਵਿੱਚ ਸਜ਼ਾ ਕਾਇਮ ਰੱਖ ਦਿੰਦੀ ਹੈ ਅਤੇ ਗੁਰਮੀਤ ਰਾਮ ਰਹੀਮ ਦੀ ਅਪੀਲ ਰੱਦ ਕਰ ਦਿੰਦੀ ਹੈ ਤਾਂ ਹਰਿਆਣੇ ਦੀ ਭਾਜਪਾ ਸਰਕਾਰ ਉਸ ਦੇ ਜੇਲ੍ਹ ਵਿਚਲੇ 'ਚੰਗੇ ਆਚਰਣ' ਕਰਕੇ ਸਜ਼ਾ ਹੀ ਮੁਆਫ਼ ਕਰ ਦੇਵੇ।

**ਸੰਪਰਕ 98728-44163**

# 'ਅਸੀਂ ਲੜਾਂਗੇ ਸਾਥੀ'







ਹਰ ਸਾਲ ਖੇਤਾਂ ਦੇ ਪੁੱਤ ਪਾਸ਼ ਦਾ ਜਨਮ ਦਿਨ ਕਵਿਤਾ ਦਿਵਸ ਦੇ ਰੂਪ ਵਿੱਚ ਮਨਾਏ ਜਾਣ ਦੀ ਆਪਣੀ ਖ਼ੂਬੀ ਹੈ। 23 ਮਾਰਚ ਨੂੰ ਉਸ ਦੇ ਸ਼ਹੀਦੀ ਦਿਨ 'ਤੇ 'ਮਸ਼ਾਲਾਂ ਬਾਲ ਕੇ ਚੱਲਣਾ ਜਦੋਂ ਤੱਕ ਰਾਤ ਬਾਕੀ ਹੈ' ਦਾ ਅਹਿਦ ਹੁੰਦਾ ਵੀ ਵੇਖੀਦਾ ਹੈ। ਇਸ ਵਾਰ ਉਸ ਦੇ ਖੇਤਾਂ ਵਿੱਚ ਮਨਾਇਆ ਗਿਆ ਜਨਮ ਦਿਨ ਸਮਾਗਮਾਂ ਦੇ ਸਿਲਸਿਲੇ ਵਿੱਚ ਉੱਘੜਵੀਂ ਮਿਸਾਲ ਬਣ ਗਿਆ। ਜਨਤਕ ਜਥੇਬੰਦੀਆਂ, ਬੁੱਧੀਜੀਵੀ, ਲੇਖਕ, ਪੱਤਰਕਾਰ ਤੇ ਜਮਹੂਰੀ ਸੰਗਠਨਾਂ ਦੇ ਸਾਥੀ ਹਜ਼ਾਰਾਂ ਦੀ ਗਿਣਤੀ ਵਿੱਚ ਪਾਸ਼ ਦੀ ਸ਼ਹਾਦਤ ਦੇ ਗਵਾਹ ਬਣੇ। ਖੇਤਾਂ ਵਿੱਚ ਬਣੇ ਵੱਡ-ਅਕਾਰੀ ਪੰਡਾਲ ਵਿੱਚ ਪਹੁੰਚੇ। ਸਾਥੀਆਂ ਦਾ ਸਮਾਗਮ ਵਿੱਚ ਪਹੁੰਚਣ ਦਾ ਅੰਦਾਜ਼ ਤੇ ਉਤਸ਼ਾਹ ਵੀ ਵੱਖਰਾ ਤੇ ਨਿਆਰਾ ਨਜ਼ਰ ਆਇਆ। ਇਹ ਵੀ ਸੁਣਿਆ ਗਿਆ ਕਿ ਪਿਛਲੇ ਲੰਮੇ ਹੁੰਦੇ ਆਏ ਸਮਾਗਮਾਂ 'ਤੇ ਝਾਤ ਮਾਰੀਏ ਤਾਂ ਦੁਆਬੇ ਦੀ ਧਰਤੀ 'ਤੇ ਸ਼ਾਇਦ ਪਹਿਲੀ ਵਾਰ ਏਨਾ ਵਿਸ਼ਾਲ ਇਕੱਠ ਹੋਇਆ ਹੈ।

ਪਾਸ਼ ਦੇ ਖੇਤਾਂ ਵੱਲ ਜਾਂਦਿਆਂ ਕਦੇ ਇਹ ਧਰਤੀ ਮਖ਼ਮਲੀ ਬਣ ਗਈ, ਦਾ ਮਨ ਵਿੱਚ ਅਹਿਸਾਸ ਉਪਜੇ ਤੇ ਕਦੇ ਪ੍ਰਚੰਡ ਹੋਏ ਰੋਹ ਨੂੰ ਜਰਬਾਂ ਆਉਣ। ਮੇਰੇ ਯਾਰੋ ਮੇਰੇ ਜਾਣ ਪਿੱਛੋਂ ਮੇਰੀ ਫਿਕਰ ਦੀ ਬਾਂਹ ਫੜੀ ਰੱਖਣਾ..... ਕਵਿਤਾ ਅੰਦਰਲੇ ਪਾਸ਼ ਦੇ ਸੁਨੇਹੇ ਨੂੰ ਮੰਨ ਕੇ ਉਸ ਦੇ ਸੰਗੀ-ਸਾਥੀਆਂ ਵੱਲੋਂ ਉਸ ਦੇ ਫਿਕਰਾਂ ਦੀ ਬਾਂਹ ਨੂੰ ਘੁੱਟ ਕੇ ਫੜਿਆ ਹੋਇਆ ਪ੍ਰਤੱਖ ਨਜ਼ਰ ਆਇਆ।

ਇਸ ਲਾ-ਮਿਸਾਲ ਸਮਾਗਮ ਸੰਬੰਧੀ ਕੁਝ ਲਿਖਣ ਲੱਗਿਆਂ ਸਮਝ ਨਹੀਂ ਆਉਂਦੀ ਕਿ ਇੱਥੇ ਪੇਸ਼ ਹੋਏ ਇਨਕਲਾਬੀ ਗੀਤ-ਸੰਗੀਤ ਨੂੰ ਪਹਿਲ ਦੇਵਾਂ ਜਾਂ ਫਿਰ ਇਨਕਲਾਬ ਦੇ ਰਾਹ 'ਤੇ ਤੁਰੇ ਹੋਏ ਵੱਖ-ਵੱਖ ਬੁਲਾਰਿਆਂ ਦੇ ਮੁੱਲਵਾਨ ਬੋਲਾਂ ਦੀ ਪਹਿਲਾਂ ਗੱਲ

**ਗਿਆਨ ਸੈਦਪੁਰੀ**

ਕਰਾਂ। ਇਸ ਦੇ ਨਾਲ ਹੀ ਬਹੁ- ਪੱਖੀ ਪ੍ਰਤਿਭਾ ਦੇ ਮਾਲਕ ਡਾ. ਸਵਰਾਜਬੀਰ ਦਾ ਲਿਖਿਆ ਤੇ ਮੰਚ ਰੰਗ ਮੰਚ ਅੰਮ੍ਰਿਤਸਰ ਵੱਲੋਂ ਮੰਚਤ ਨਾਟਕ 'ਅਸੀਂ ਲੜਾਂਗੇ ਸਾਥੀ' ਆਪਣੀ ਮਿਸਾਲ ਆਪ ਬਣਿਆ ਨਜ਼ਰ ਆਉਂਦਾ ਹੈ। ਖੈਰ ਇੱਕ-ਇੱਕ ਕਰਕੇ ਗੱਲ ਕਰ ਲੈਂਦੇ ਹਾਂ।

ਪਲਸ ਮੰਚ ਦੇ ਪ੍ਰਧਾਨ ਸਾਥੀ ਅਮੋਲਕ ਸਿੰਘ ਦੇ ਇਸਰਾਰ 'ਤੇ ਪਾਸ਼ ਬਾਰੇ ਗੱਲ ਕਰਦਿਆਂ ਬੁਲਾਰਿਆਂ ਨੇ ਗੁੰਦਵੇਂ ਬੋਲਾਂ ਰਾਹੀਂ ਆਪਣੀਆਂ ਇਨਕਲਾਬੀ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ। ਡਾ. ਸਵਰਾਜਬੀਰ ਨੇ ਪਾਸ਼ ਦੀ ਕਵਿਤਾ ਦੇ ਸੰਦਰਭ ਵਿੱਚ ਕਿਹਾ ਕਿ ਮਾੜੇ ਸਮਿਆਂ ਵਿੱਚ ਵੀ ਪਾਸ਼ ਨੇ ਸ਼ਬਦਾਂ ਦੀ ਲਾਜ ਰੱਖੀ। ਉਹਨਾਂ ਮੌਜੂਦਾ ਸਮੇਂ ਦੀ ਗੱਲ ਕਰਦਿਆਂ ਕਿਹਾ ਕਿ ਦਿੱਲੀ ਦੇ ਜੰਤਰ ਮੰਤਰ ਤੋਂ ਲੈ ਕੇ ਤਲਵੰਡੀ ਸਲੇਮ ਤੱਕ ਜਾਤੀਵਾਦ ਦਾ ਜ਼ਹਿਰ ਘੋਲਿਆ ਜਾ ਰਿਹੈ। ਉੱਘੇ ਨਾਟਕਕਾਰ ਭਾਅ ਜੀ ਗੁਰਸ਼ਰਨ ਸਿੰਘ ਦੀ ਧੀ ਡਾ. ਅਰੀਤ ਨੂੰ ਮੰਚ 'ਤੇ ਸੱਦਾ ਦੇਣ ਮੌਕੇ ਅਮੋਲਕ ਸਿੰਘ ਨੇ ਕਿਹਾ ਕਿ ਪੰਜਾਬ ਦੇ ਖੇਤਾਂ ਵਿੱਚ ਕਿਰਤੀ ਕਿਸਾਨਾਂ ਦੇ ਮੁੜ੍ਹਕੇ ਨਾਲ ਸਿੰਜੀਆਂ ਸਿਰਫ ਫਸਲਾਂ ਹੀ ਨਹੀਂ ਗਾਉਂਦੀਆਂ, ਇਹਨਾਂ ਖੇਤਾਂ ਅਤੇ ਲੋਕ ਮਨਾਂ ਦੀ ਭੋਇੰ ਅੰਦਰ ਗੁਰਸ਼ਰਨ ਭਾਅ ਜੀ ਵੱਲੋਂ ਬੀਜੇ ਅਤੇ ਮੌਲਰੇ ਰੰਗ ਮੰਚ ਦੇ ਬਾਗ ਅੰਦਰ ਖਿੜੇ ਫੁੱਲਾਂ ਦੀ ਖੁਸ਼ਬੂ ਅੱਜ ਤੁਸੀਂ ਪਾਸ਼ ਦੇ ਪਿੰਡ ਤਲਵੰਡੀ ਸਲੇਮ ਵਿੱਚ ਮਾਣ ਰਹੇ ਹੋ। ਪਾਸ਼-ਹੰਸ ਰਾਜ ਦੀ ਇਤਿਹਾਸਕ ਵਿਰਾਸਤੀ ਯਾਦਗਾਰ ਨੂੰ ਸੰਭਾਲਣ ਲਈ ਜੂਝ ਰਹੇ ਹੋ। ਪਾਸ਼-ਹੰਸ ਰਾਜ ਕੰਪਲੈਕਸ ਵਾਂਗ ਹੀ ਸਿਆਸੀ, ਭੂ-ਮਾਫੀਆ, ਪ੍ਰਸ਼ਾਸਨਿਕ ਗੱਠਜੋੜ ਨੇ ਗੁਰਸ਼ਰਨ ਸਿੰਘ ਦੇ ਜੱਦੀ ਘਰ ਗੁਰੂ ਖਾਲਸਾ ਨਿਵਾਸ ਅੰਮ੍ਰਿਤਸਰ ਵੀ ਕਬਜ਼ਾ ਕਰਨ ਦੇ ਯਤਨਾਂ ਨੂੰ ਨਕਾਮ ਕੀਤਾ ਗਿਆ ਸੀ। ਸਾਨੂੰ ਮਾਣ ਹੈ ਆਪਣੇ ਲੋਕਾਂ 'ਤੇ, ਉਸ ਰੰਗ ਮੰਚ ਦੇ ਘਰ ਵਾਂਗ ਹੀ ਕਵਿਤਾ ਅਤੇ ਦੋਗਾਣਾ (ਪਾਸ਼-ਹੰਸ ਰਾਜ ਕੰਪਲੈਕਸ) ਦੀ ਵੀ ਜਿੱਤ ਹੋਵੇਗੀ।

ਡਾ. ਅਰੀਤ ਨੇ ਪਾਸ਼ ਬਾਰੇ ਗੱਲ ਕਰਦਿਆਂ ਕਿਹਾ ਕਿ ਉਹ ਸਿਰਫ ਇੱਕ ਕਵੀ ਹੀ ਨਹੀਂ, ਸਗੋਂ ਇੱਕ ਯੋਧਾ ਸੀ। ਉਨ੍ਹਾਂ 'ਸਚੁ ਸੁਣਾਇਸੀ ਸੱਚ ਕੀ ਬੇਲਾ' ਦੇ ਹਵਾਲੇ ਨਾਲ ਕਿਹਾ ਕਿ ਪਾਸ਼ ਨੇ ਵੀ ਸੱਚ ਬੋਲਿਆ ਤੇ ਲਿਖਿਆ।

ਤਰਕਸ਼ੀਲ ਆਗੂ ਮਾਸਟਰ ਰਜਿੰਦਰ ਭਦੌੜ, ਮਜ਼ਦੂਰ ਆਗੂ ਸਾਥੀ ਹਰਮੇਸ਼ ਮਾਲੜੀ ਤੇ ਦਰਸ਼ਨ ਨਾਹਰ, ਪ੍ਰਗਤੀਸ਼ੀਲ ਲੇਖਕ ਸੰਘ ਵੱਲੋਂ ਸੁਰਜੀਤ ਜੱਜ, ਕਿਸਾਨ ਆਗੂ ਜੁਗਿੰਦਰ ਸਿੰਘ ਉਗਰਾਹਾਂ, ਸਲਾਮ ਕਾਫ਼ਲਾ ਦੇ ਕਨਵੀਨਰ ਜਸਪਾਲ ਜੱਸੀ, ਪਾਸ਼ ਯਾਦਗਾਰੀ ਕੌਮਾਂਤਰੀ ਟਰੱਸਟ ਦੇ ਮੈਂਬਰ ਡਾ. ਪ੍ਰਮਿੰਦਰ ਅਤੇ ਪ੍ਰੋਫ਼ੈਸਰ ਜਗਮੋਹਣ ਸਿੰਘ ਨੇ ਵੀ ਪਾਸ਼ ਦੀ ਕਾਵਿ ਤੇ ਵਾਰਤਿਕ ਬਾਰੇ ਮੁੱਲਵਾਨ ਗੱਲਾਂ ਕੀਤੀਆਂ।

ਇਸ ਤੋਂ ਪਹਿਲਾਂ ਇਨਕਲਾਬੀ ਗੀਤ-ਸੰਗੀਤ ਦੇ ਸੈਸ਼ਨ ਵਿੱਚ ਸੰਤ ਰਾਮ ਉਦਾਸੀ ਦੀ ਧੀ ਇਕਬਾਲ ਉਦਾਸੀ, ਧਰਮਿੰਦਰ ਮਸਾਣੀ, ਹਰਦੀਪ ਕੋਟ ਗੁਰੂ ਅਤੇ ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ) ਅਤੇ ਦੀਪ ਕਲੇਰ ਦੇ ਕਲਾਕਾਰਾਂ ਨੇ ਮਸ਼ਾਲਾਂ ਬਾਲ ਕੇ ਚੱਲਣਾ ਜਦੋਂ ਤੱਕ ਰਾਤ ਬਾਕੀ ਹੈ ..., ਸੋਨੇ ਦੀ ਸਵੇਰ ਜਦੋਂ ਆਊ ਹਾਣੀਆ, ਨੱਚੇਗਾ ਅੰਬਰ ਭੂਮੀ ਗਾਊ ਹਾਣੀਆ.. ਅਤੇ ਤੂੰ ਤਾਂ ਯਾਦ ਨਿਸ਼ਾਨੀ ਪਾਸ਼ ਦੀ ਆਦਿ ਦਾ ਸ਼ਾਨਦਾਰ ਗਾਇਨ ਪੇਸ਼ ਕੀਤਾ।

**ਸਮਾਗਮ ਦਾ ਸਿਖਰ ਹੋ ਨਿਬੜਿਆ**

ਨਾਟਕ 'ਅਸੀਂ ਲੜਾਂਗੇ ਸਾਥੀ।' ਡਾ. ਸਵਰਾਜਬੀਰ ਵੱਲੋਂ ਨਾਟਕ ਲਿਖਣ ਲਈ ਕੀਤੀ ਭਰਪੂਰ ਮਿਹਨਤ ਨਾਟਕ ਦੇ ਹਰ ਸੀਨ ਵਿੱਚ ਦਿਖਾਈ ਦਿੰਦੀ ਹੈ। ਪਾਸ਼ ਦੀ ਸਮੁੱਚੀ ਕਾਵਿ ਰਚਨਾ ਦੇ ਨਾਟਕ ਵਿੱਚ ਦੀਦਾਰ ਹੋ ਜਾਂਦੇ ਹਨ।

ਨਾਟਕ ਦਾ ਆਗਾਜ਼ ਨਾਟਕ ਦੇ ਪਾਤਰ 'ਚਾਂਦਨੀ ਡਰੀ ਡਰੀ, ਸੜਕ 'ਤੇ ਤੁਰ ਰਹੀ' ਦੇ ਗਾਇਨ ਨਾਲ ਹੋਇਆ। ਇਹ ਸਤਰਾਂ ਇੱਕ ਬਹੁਤ ਹੀ ਖ਼ੂਬਸੂਰਤ ਅਤੇ ਭਾਵੁਕ ਦ੍ਰਿਸ਼ ਪੇਸ਼ ਕਰਦੀਆਂ ਹਨ। ਇਨ੍ਹਾਂ ਵਿੱਚ ਕੁਦਰਤ ਦਾ ਮਾਨਵੀਕਰਨ ਕੀਤਾ ਗਿਆ ਹੈ, ਜਿਸ ਤਰ੍ਹਾਂ ਉਹ ਕੋਈ ਜੀਊਂਦੀ-ਜਾਗਦੀ ਕੁੜੀ ਹੋਵੇ, ਜੋ ਡਰਦੀ ਹੋਈ ਸੜਕ 'ਤੇ ਚੱਲ ਰਹੀ ਹੈ। ਇਹ ਸਤਰਾਂ ਭਾਵੁਕ ਅਤੇ ਉਦਾਸ ਮਹੌਲ ਨੂੰ ਵੀ ਬਿਆਨ ਕਰਨ ਵਾਲੀਆਂ ਹਨ। ਅਗਲੇ ਪਲਾਂ ਵਿੱਚ ਪਾਸ਼ ਪਿੰਡ ਦੇ ਕਿਰਤੀ ਦਰਸ਼ੂ ਨਾਂਅ ਦੇ ਪਾਤਰ ਨੂੰ ਮਿਲਦਾ ਹੈ। ਉਹ ਹੈਰਾਨਗੀ ਦੀ ਮੁਦਰਾ ਵਿੱਚ ਪਾਸ਼ ਨੂੰ ਕਹਿੰਦਾ ਹੈ ਕਿ ਪਾਸ਼ ਤਾਂ ਕਿਧਰੇ ਦੂਰ ਚਲਾ ਗਿਆ ਸੀ। ਪਾਸ਼ ਉੱਤਰ ਦਿੰਦਾ ਹੈ ਕਿ ਉਹ ਕਿਤੇ ਨਹੀਂ ਗਿਆ। ਮੈਂ ਇੱਥੇ ਹੀ ਹਾਂ। ਇਸ ਤਰ੍ਹਾਂ ਪਾਸ਼ ਦੇ ਜੀਊਂਦੇ ਹੋਣ ਦਾ ਅਹਿਸਾਸ ਪੈਦਾ ਹੁੰਦਾ ਹੈ। ਨਾਲ ਹੀ ਗੀਤ ਦੇ ਬੋਲ ਉਭਰਦੇ ਹਨ, "... ਕਿਰਤੀ ਦੀਏ ਕੁੱਲੀਏ, ਲੱਖ ਲੱਖ ਦਾ ਏ ਤੇਰਾ ਕੱਖ ਨੀ'। ਇਨ੍ਹਾਂ ਗੀਤਾਂ ਵਿੱਚ ਪਿੱਠਵਰਤੀ ਗਾਇਕਾਂ ਦੀ ਆਵਾਜ਼ ਵੀ ਬਾ-ਕਮਾਲ ਹੈ।

ਨਾਟਕ ਸ਼ੁਰੂ ਹੋਣ 'ਤੇ ਲੰਗਰ ਛਕ ਰਹੇ ਸਾਥੀ ਵੀ ਪੰਡਾਲ ਦਾ ਹਿੱਸਾ ਬਣ ਜਾਂਦੇ ਹਨ। ਨਾਟਕ ਅੱਗੇ ਤੁਰਦਾ ਹੈ ਤਾਂ ਹਜ਼ਾਰਾਂ ਸਰੋਤੇ ਇੱਕ ਕੰਨ ਬਣ ਗਏ ਲੱਗਦੇ ਹਨ। ਨਾਟਕ ਦੇ ਇੱਕ ਦ੍ਰਿਸ਼ ਵਿੱਚ ਪਾਤਰ ਆਖਦਾ ਹੈ, 'ਮੈਂ ਉਨ੍ਹਾਂ ਲਈ ਖ਼ਤਰਨਾਕ ਹਾਂ, ਜਿਹੜੇ ਬੰਦੇ ਦੀ ਸ਼ਕਲ ਨੂੰ ਚਮਚੇ ਦੀ ਸ਼ਕਲ ਵਰਗਾ ਬਣਾ ਦਿੰਦੇ ਹਨ।' ਇੱਕ ਪਾਤਰ ਆਖਦਾ ਹੈ ਕਿ ਬੰਦੇ ਤੇ ਸ਼ਾਇਰੀ ਦਾ ਨਾਤਾ ਤਾਂ ਮੁੱਢ ਕਦੀਮੋਂ ਤੁਰਿਆ ਆਉਂਦਾ ਹੈ। ਦੋਸਤੋ ਹੁਣ ਚੱਲਿਆ ਜਾਵੇ ਉੱਡਦੇ ਬਾਜਾਂ ਮਗਰ, 'ਅਸੀਂ ਲੜਾਂਗੇ ਸਾਥੀ ਉਦਾਸ ਮੌਸਮ ਲਈ' ਵਰਗੀਆਂ ਕਵਿਤਾਵਾਂ ਅਤੇ 'ਦਹਿਕਦੇ ਅੰਗਿਆਰਾਂ 'ਤੇ ਸੌਂਦੇ ਰਹੇ ਨੇ ਲੋਕ, ਇਸ ਤਰ੍ਹਾਂ ਵੀ ਰਾਤ ਰੁਸ਼ਨਾਉਂਦੇ ਰਹੇ ਨੇ ਲੋਕ' ਵਰਗੀ ਗਜ਼ਲ ਨਾਲ ਸਰੋਤੇ ਤੇ ਨਾਟਕੀ ਪਾਤਰ ਇੱਕਮਿੱਕ ਹੋਏ ਜਾਪਦੇ ਹਨ। ਓਦੋਂ ਹੋਰ ਦਿਲਚਸਪੀ ਪੈਦਾ ਹੁੰਦੀ ਹੈ, ਜਦੋਂ ਨਾਟਕ ਦੇ ਲੇਖਕ ਡਾ. ਸਵਰਾਜਬੀਰ; ਨਾਟਕ ਦੇ ਨਿਰਦੇਸ਼ਕ ਕੇਵਲ ਧਾਲੀਵਾਲ, ਡਾ. ਅਰੀਤ, ਇਕਬਾਲ ਉਦਾਸੀ ਅਤੇ ਹੋਰ ਨਾਮਵਰ ਸ਼ਖਸੀਅਤਾਂ ਲੋਕਾਂ 'ਚ ਬੈਠ ਕੇ ਨਾਟਕ ਨੂੰ ਨੀਝ ਨਾਲ ਤੱਕਦੇ ਹਨ।

ਨਾਟਕ ਨੂੰ ਮੀਡੀਏ ਰਾਹੀਂ ਦੂਰ-ਦੁਰਾਡੇ ਬੈਠੇ ਲੋਕਾਂ ਨੇ ਵੀ ਮਾਣਿਆ। ਉਸ ਦਿਨ ਦਿੱਲੀ ਬੈਠੇ ਸ਼ਾਇਰ ਜਗੀਰ ਜੋਸਨ ਲਿਖਦੇ ਹਨ ਕਿ ਸਮਾਗਮ ਵਿੱਚ ਪੰਜਾਬ ਦੇ ਹਜ਼ਾਰਾਂ ਕਿਸਾਨਾਂ, ਮਜ਼ਦੂਰਾਂ, ਸਾਹਿਤਕਾਰਾਂ ਦੇ ਇਕੱਠ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਹਕੂਮਤਾਂ ਲੋਕਾਂ ਦੇ ਦਿਲਾਂ ਵਿੱਚ ਵਸੇ ਪਿਆਰੇ ਲੇਖਕਾਂ ਦੀਆਂ ਰਚਨਾਵਾਂ ਸਕੂਲਾਂ, ਕਾਲਜਾਂ ਦੇ ਸਿਲੇਬਸ ਵਿੱਚੋਂ ਤਾਂ ਪਾਸੇ ਕਰ ਸਕਦੀਆਂ ਹਨ, ਪਰ ਲੋਕਾਂ ਦੇ ਦਿਲਾਂ ਵਿੱਚੋਂ ਨਹੀਂ . . .। ਇਸੇ ਤਰ੍ਹਾਂ ਉੱਘੇ ਕਹਾਣੀਕਾਰ ਅਤਰਜੀਤ ਨੇ ਵੀ ਸਮਾਗਮ ਵੇਖ ਕੇ ਇੱਕ ਟਿੱਪਣੀ ਵਿੱਚ ਪਾਸ਼ ਨਾਲ ਆਪਣੀਆਂ ਸਾਂਝਾਂ ਦਾ ਭਾਵਪੂਰਤ ਜ਼ਿਕਰ ਕੀਤਾ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਕਾਮਰੇਡ ਗੁਰਮੀਤ, ਰੰਗਕਰਮੀ ਤੇ ਲੇਖਕ ਸ਼ਬਦੀਸ਼, ਸ਼ਾਇਰ ਹਰਮੀਤ ਵਿਦਿਆਰਥੀ, ਭੈਣ ਸੁਰਿੰਦਰ ਕੁਮਾਰੀ ਕੋਛੜ, ਮਜ਼ਦੂਰ ਆਗੂ ਲਛਮਣ ਸਿੰਘ ਸੇਵੇਵਾਲਾ, ਤਰਕਸ਼ੀਲ ਆਗੂ ਪਾਲ ਬਾਗਪੁਰ, ਸੁਖਵਿੰਦਰ ਬਾਗਪੁਰ, ਕਿਸਾਨ ਆਗੂ ਮਾਸਟਰ ਗੁਰਚਰਨ ਸਿੰਘ ਚਾਹਲ ਤੋਂ ਇਲਾਵਾ ਬਹੁਤ ਸਾਰੇ ਆਪੋ-ਆਪਣੀਆਂ ਜਥੇਬੰਦੀਆਂ ਦੇ ਸਿਰਕਰਦਾ ਆਗੂ ਸਮਾਗਮ ਦਾ ਮਾਣਮੱਤਾ ਹਿੱਸਾ ਬਣੇ।

# ਕਾਮਰੇਡ ਧਰਮਪਾਲ ਦੁਸਾਂਝ : ਜਿਸ ਘਰ ਦਾ ਚੁੱਲ੍ਹਾ ਕਦੇ ਠੰਢਾ ਨਹੀਂ ਪਿਆ

**ਸ਼ਬਦ ਚਿੱਤਰ**

**ਪਰਮਜੀਤ ਸਿੰਘ ਦੁਸਾਂਝ**

ਕੁਝ ਲੋਕਾਂ ਨੂੰ ਮਿਲ ਕੇ ਲੱਗਦਾ ਹੈ ਕਿ ਅਸੀਂ ਇੱਕ ਇਨਸਾਨ ਨੂੰ ਮਿਲੇ ਹਾਂ, ਪਰ ਕੁਝ ਅਜਿਹੇ ਵੀ ਹੁੰਦੇ ਹਨ, ਜਿਨ੍ਹਾਂ ਨੂੰ ਮਿਲ ਕੇ ਇਉਂ ਮਹਿਸੂਸ ਹੁੰਦਾ ਹੈ, ਜਿਵੇਂ ਅਸੀਂ ਇੱਕ ਪੂਰੇ ਯੁੱਗ ਨਾਲ ਹੱਥ ਮਿਲਾ ਆਏ ਹੋਈਏ। ਕਾਮਰੇਡ ਧਰਮਪਾਲ ਦੁਸਾਂਝ ਮੇਰੇ ਲਈ ਅਜਿਹਾ ਹੀ ਨਾਂਅ ਹੈ।

ਪਰਦੇਸ ਦੀ ਧਰਤੀ ਉੱਤੇ ਮੈਂ ਬਹੁਤ ਘਰ ਵੇਖੇ। ਵੱਡੇ ਵੀ ਵੇਖੇ, ਸੋਹਣੇ ਵੀ ਵੇਖੇ, ਦੌਲਤ ਨਾਲ ਭਰੇ ਵੀ ਵੇਖੇ, ਪਰ ਇੱਕ ਘਰ ਅਜਿਹਾ ਵੇਖਿਆ, ਜਿਸ ਦੀ ਅਸਲ ਦੌਲਤ ਕੰਧਾਂ ਨਹੀਂ ਸਨ, ਉਸ ਦਾ ਖੁੱਲ੍ਹਾ ਬੂਹਾ ਸੀ। ਉਹ ਬੂਹਾ, ਜਿਸ 'ਤੇ ਤਾਲਾ ਤਾਂ ਲੱਗਦਾ ਹੋਵੇਗਾ, ਪਰ ਕਿਸੇ ਪਰਦੇਸੀ ਲਈ ਕਦੇ ਬੰਦ ਨਹੀਂ ਹੋਇਆ। ਉਹ ਘਰ ਸੀ ਕਾਮਰੇਡ ਧਰਮਪਾਲ ਦੁਸਾਂਝ ਦਾ।

ਅੱਜ ਵੀ ਜਦੋਂ ਯਾਦਾਂ ਦਾ ਪੰਛੀ ਉੱਡਦਾ ਹੈ ਤਾਂ ਸਭ ਤੋਂ ਪਹਿਲਾਂ ਰੋਮ ਦੇ ਨੇੜੇ ਪਹਾੜੀਆਂ ਵਿੱਚ ਵੱਸਿਆ ਉਹ ਘਰ ਅੱਖਾਂ ਅੱਗੇ ਆ ਖੜ੍ਹਦਾ ਹੈ। ਬਾਹਰ ਇਟਲੀ ਦੀ ਠੰਢ ਹੱਡੀਆਂ ਤੱਕ ਉਤਰਦੀ ਸੀ, ਪਰ ਅੰਦਰ ਰਸੋਈ ਦੀ ਗਰਮਾਹਟ ਵਿੱਚ ਮੈਨੂੰ ਆਪਣਾ ਪਿੰਡ ਦੁਸਾਂਝ ਕਲਾਂ ਸਾਹ ਲੈਂਦਾ ਮਹਿਸੂਸ ਹੁੰਦਾ ਸੀ।

ਚਾਚੀ ਜੀ ਦੀ ਰਸੋਈ ਵਿੱਚ ਇੱਕ ਗੱਲ ਮੈਂ ਕਦੇ ਨਹੀਂ ਵੇਖੀ-ਛੋਟਾ ਪਤੀਲਾ। ਉੱਥੇ ਤਾਂ ਵੱਡੇ-ਵੱਡੇ ਪਤੀਲੇ ਚੜ੍ਹੇ ਰਹਿੰਦੇ। ਦਾਲ ਦੀ ਮਹਿਕ, ਸਬਜ਼ੀ ਦੀ ਭਾਫ਼ ਅਤੇ ਤਵੇ ਉੱਤੇ ਸਿੱਕਦੀ ਰੋਟੀ... ਇਉਂ ਲੱਗਦਾ ਸੀ ਜਿਵੇਂ ਇਹ ਰਸੋਈ ਕਿਸੇ ਇੱਕ ਪਰਵਾਰ ਲਈ ਨਹੀਂ, ਸਗੋਂ ਪੂਰੇ ਪਰਦੇਸ ਲਈ ਧੜਕਦੀ ਹੋਵੇ।

ਮੈਂ ਕਦੇ ਚਾਚੀ ਜੀ ਨੂੰ ਇਹ ਨਹੀਂ ਪੁੱਛਿਆ ਕਿ, 'ਅੱਜ ਕਿੰਨੇ ਬੰਦੇ ਰੋਟੀ ਖਾਣਗੇ?' ਕਿਉਂਕਿ ਉੱਥੇ ਇਸ ਸਵਾਲ ਦਾ ਕੋਈ ਅਰਥ ਹੀ ਨਹੀਂ ਸੀ। ਉੱਥੇ ਰੋਟੀ ਗਿਣ ਕੇ ਨਹੀਂ ਬਣਦੀ ਸੀ। ਜਿੰਨੇ ਬੈਠ ਜਾਣ, ਓਨੇ ਆਪਣੇ। ਜਿਹੜਾ ਦਰਵਾਜ਼ਾ ਖੜਕਾ ਦੇਵੇ, ਉਹ ਮਹਿਮਾਨ ਨਹੀਂ, ਘਰ ਦਾ ਜੀਅ ਸਮਝਿਆ ਜਾਂਦਾ ਸੀ।

ਅਤੇ ਉਸ ਰਸੋਈ ਤੋਂ ਥੋੜ੍ਹਾ ਪਾਸੇ, ਆਪਣੇ ਸ਼ਾਂਤ ਸੁਭਾਅ ਵਿੱਚ ਬੈਠੇ ਹੁੰਦੇ ਸਨ ਕਾਮਰੇਡ ਧਰਮਪਾਲ ਦੁਸਾਂਝ।

ਉਹਨਾਂ ਨੂੰ ਪਹਿਲੀ ਵਾਰ ਵੇਖ ਕੇ ਮੈਨੂੰ ਕੋਈ ਵੱਡਾ ਨੇਤਾ ਨਹੀਂ ਦਿਸਿਆ। ਕੋਈ ਭਾਸ਼ਣਕਾਰ ਨਹੀਂ ਦਿਸਿਆ। ਕੋਈ ਕਮਿਊਨਿਸਟ ਆਗੂ ਨਹੀਂ ਦਿਸਿਆ। ਮੈਨੂੰ ਤਾਂ ਇੱਕ ਐਸਾ ਇਨਸਾਨ ਦਿਸਿਆ, ਜਿਸ ਦੀਆਂ ਅੱਖਾਂ ਵਿੱਚ ਅਜੀਬ ਜਿਹੀ ਠੰਢਕ ਸੀ। ਉਹ ਠੰਢਕ, ਜੋ ਬਹੁਤ ਸੰਘਰਸ਼ਾਂ ਵਿੱਚੋਂ ਲੰਘ ਕੇ ਹੀ ਆਉਂਦੀ ਹੈ। ਉਹ ਘੱਟ ਬੋਲਦੇ ਸਨ, ਪਰ ਜਦੋਂ ਬੋਲਦੇ, ਹਰ ਵਾਕ ਦੇ ਪਿੱਛੇ ਜ਼ਿੰਦਗੀ ਖੜ੍ਹੀ ਹੁੰਦੀ ਸੀ।

ਮੈਂ ਉਹਨਾਂ ਦੇ ਘਰ ਮਹਿਮਾਨ ਬਣ ਕੇ ਗਿਆ ਸੀ, ਪਰ ਉਹਨਾਂ ਨੇ ਮੈਨੂੰ ਕਦੇ ਮਹਿਮਾਨ ਨਹੀਂ ਰਹਿਣ ਦਿੱਤਾ। ਦੋ ਦਿਨਾਂ ਵਿੱਚ ਹੀ ਇਉਂ ਲੱਗਣ ਲੱਗ ਪਿਆ, ਜਿਵੇਂ ਮੈਂ ਆਪਣੇ ਹੀ ਚਾਚੇ ਦੇ ਘਰ ਆਇਆ ਹੋਵਾਂ। ਇਹ ਰਿਸ਼ਤਾ ਖ਼ੂਨ ਦਾ ਨਹੀਂ ਸੀ; ਇਹ ਰਿਸ਼ਤਾ ਮਨੁੱਖਤਾ ਦਾ ਸੀ। ਅਤੇ ਮਨੁੱਖਤਾ ਦੇ ਰਿਸ਼ਤੇ, ਖ਼ੂਨ ਦੇ ਰਿਸ਼ਤਿਆਂ ਨਾਲੋਂ ਕਈ ਵਾਰ ਹੋਰ ਵੀ ਗੂੜ੍ਹੇ ਹੋ ਜਾਂਦੇ ਹਨ।

ਮੈਨੂੰ ਬਾਅਦ ਵਿੱਚ ਸਮਝ ਆਈ ਕਿ ਮੈਂ ਇਕੱਲਾ ਨਹੀਂ ਸੀ। ਮੇਰੇ ਵਰਗੇ ਸੈਂਕੜੇ ਨੌਜਵਾਨ ਇਸ ਘਰ ਦੀ ਚੌਖਟ ਲੰਘ ਚੁੱਕੇ ਸਨ। ਕੋਈ ਨਵਾਂ-ਨਵਾਂ ਇਟਲੀ ਆਇਆ, ਕੋਈ ਕੰਮ ਦੀ ਭਾਲ ਵਿੱਚ ਸੀ, ਕੋਈ ਕਾਗਜ਼ਾਂ ਦੀ ਉਡੀਕ ਕਰ ਰਿਹਾ ਸੀ, ਕੋਈ ਹੌਸਲਾ ਹਾਰ ਬੈਠਾ ਸੀ, ਪਰ ਜਦੋਂ ਉਹ ਕਾਮਰੇਡ ਧਰਮਪਾਲ ਦੁਸਾਂਝ ਦੇ ਘਰ ਪਹੁੰਚਦਾ, ਉਸ ਨੂੰ ਸਭ ਤੋਂ ਪਹਿਲਾਂ ਰੋਟੀ ਮਿਲਦੀ ਸੀ, ਫਿਰ ਹੌਸਲਾ।

ਮੈਂ ਅੱਜ ਤੱਕ ਪਰਦੇਸ ਵਿੱਚ ਇਸ ਤੋਂ ਵੱਡੀ ਸੇਵਾ ਨਹੀਂ ਵੇਖੀ।

ਸੇਵਾ ਸਿਰਫ਼ ਲੰਗਰ ਲਾਉਣ ਦਾ ਨਾਂਅ ਨਹੀਂ ਹੁੰਦੀ। ਸੇਵਾ ਇਹ ਵੀ ਹੁੰਦੀ ਹੈ ਕਿ ਕਿਸੇ ਅਣਜਾਣ ਬੰਦੇ ਨੂੰ ਇਹ ਅਹਿਸਾਸ ਨਾ ਹੋਣ ਦਿਓ ਕਿ ਉਹ ਅਣਜਾਣ ਹੈ।

ਕਾਮਰੇਡ ਧਰਮਪਾਲ ਦੁਸਾਂਝ ਨੇ ਇਹ ਕੰਮ ਸਾਲਾਂ ਨਹੀਂ, ਦਹਾਕਿਆਂ ਤੱਕ ਕੀਤਾ।

ਦੁਸਾਂਝ ਕਲਾਂ ਤੋਂ ਜਦੋਂ ਵੀ ਕੋਈ ਮੁੰਡਾ ਇਟਲੀ ਵੱਲ ਰਵਾਨਾ ਹੁੰਦਾ, ਘਰ ਵਾਲਿਆਂ ਦੇ ਦਿਲ ਵਿੱਚ ਇੱਕ ਚਿੰਤਾ ਹੁੰਦੀ, 'ਉੱਥੇ ਆਪਣਾ ਕੌਣ ਹੈ?' ਪਰ ਇਹ ਸਵਾਲ ਜ਼ਿਆਦਾ ਦੇਰ ਜਿਉਂਦਾ ਨਹੀਂ ਰਹਿੰਦਾ ਸੀ। ਕਿਸੇ ਨਾ ਕਿਸੇ ਦੀ ਜ਼ੁਬਾਨ ਤੋਂ ਇੱਕੋ ਨਾਂਅ ਨਿਕਲਦਾ-

'ਪਹਿਲਾਂ ਕਾਮਰੇਡ ਧਰਮਪਾਲ ਦੁਸਾਂਝ ਦੇ ਘਰ ਚਲਾ ਜਾ... ਫਿਰ ਅੱਗੇ ਦਾ ਰਾਹ ਆਪਣੇ ਆਪ ਬਣ ਜਾਵੇਗਾ।'

ਇਹ ਸਿਰਫ਼ ਇੱਕ ਘਰ ਦਾ ਪਤਾ ਨਹੀਂ ਸੀ।

ਇਹ ਪਰਦੇਸ ਵਿੱਚ ਵੱਸਦੇ ਦੁਸਾਂਝ ਕਲਾਂ ਦਾ ਪਹਿਲਾ ਦਰਵਾਜ਼ਾ ਸੀ।

ਹਰ ਇਨਸਾਨ ਦੀ ਇੱਕ ਉਮਰ ਹੁੰਦੀ ਹੈ, ਪਰ ਕੁਝ ਲੋਕਾਂ ਦੀ ਇੱਕ ਵਿਚਾਰਾਂ ਦੀ ਉਮਰ ਵੀ ਹੁੰਦੀ ਹੈ। ਉਹ ਸਿਰਫ਼ ਸਾਲਾਂ ਨਾਲ ਨਹੀਂ, ਆਪਣੇ ਤਜਰਬਿਆਂ ਨਾਲ ਵੱਡੇ ਹੁੰਦੇ ਹਨ। ਕਾਮਰੇਡ ਧਰਮਪਾਲ ਦੁਸਾਂਝ ਉਹਨਾਂ ਵਿੱਚੋਂ ਇੱਕ ਹਨ।

ਸ਼ਾਮ ਢਲਦੀ। ਚਾਚੀ ਜੀ ਰਸੋਈ ਵਿੱਚ ਰੁੱਝੇ ਹੁੰਦੇ। ਬਾਹਰ ਇਟਲੀ ਦੀਆਂ ਪਹਾੜੀਆਂ ਉੱਤੇ ਧੁੰਦ ਉੱਤਰ ਆਉਂਦੀ। ਰੋਟੀ ਖਾ ਕੇ ਅਸੀਂ ਬੈਠ ਜਾਂਦੇ। ਕਈ ਵਾਰ ਚਾਹ ਦਾ ਕੱਪ, ਕਈ ਵਾਰ ਉਹਨਾਂ ਦਾ ਸ਼ਾਮ ਦਾ ਪੈੱਗ, ਪਰ ਮੈਂ ਜਲਦੀ ਹੀ ਸਮਝ ਗਿਆ ਸੀ ਕਿ ਨਸ਼ਾ ਉਹਨਾਂ ਨੂੰ ਸ਼ਰਾਬ ਦਾ ਨਹੀਂ ਸੀ, ਉਹਨਾਂ ਨੂੰ ਨਸ਼ਾ ਸੀ ਵਿਚਾਰਾਂ ਦਾ।

ਗੱਲ ਸ਼ੁਰੂ ਭਾਵੇਂ ਕਿਸੇ ਛੋਟੀ ਜਿਹੀ ਘਟਨਾ ਨਾਲ ਹੁੰਦੀ, ਪਰ ਕੁਝ ਹੀ ਪਲਾਂ ਵਿੱਚ ਉਹ ਦੁਸਾਂਝ ਕਲਾਂ ਦੇ ਇਤਿਹਾਸ ਤੱਕ ਪਹੁੰਚ ਜਾਂਦੀ। ਕਦੇ ਕਮਿਊਨਿਸਟ ਲਹਿਰ, ਕਦੇ ਦਲਿਤ ਚੇਤਨਾ, ਕਦੇ ਪਿੰਡ ਦੀ ਸਮਾਜਿਕ ਬਣਤਰ, ਕਦੇ ਸ੍ਰੀ ਗੁਰੂ ਰਵਿਦਾਸ ਜੀ ਦੇ ਉਥਾਨ ਦੀ ਗੱਲ। ਮੈਂ ਸੁਣਦਾ ਰਹਿੰਦਾ, ਉਹ ਬੋਲਦੇ ਰਹਿੰਦੇ। ਕਈ ਵਾਰ ਮੈਨੂੰ ਲੱਗਦਾ, ਮੈਂ ਕਿਸੇ ਘਰ ਵਿੱਚ ਨਹੀਂ ਬੈਠਾ, ਮੈਂ ਇਤਿਹਾਸ ਦੀ ਜਿਉਂਦੀ ਕਲਾਸ ਵਿੱਚ ਬੈਠਾ ਹਾਂ।

ਮੈਂ ਪੱਤਰਕਾਰ ਸੀ, ਪਰ ਉੱਥੇ ਜਾ ਕੇ ਸਮਝ ਆਈ ਕਿ ਕਿਤਾਬਾਂ ਨਾਲੋਂ ਵੱਡੀ ਕਿਤਾਬ ਜ਼ਿੰਦਗੀ ਹੁੰਦੀ ਹੈ।

ਚਾਚਾ ਜੀ ਨੇ ਵੱਡੇ-ਵੱਡੇ ਕਮਿਊਨਿਸਟ ਆਗੂਆਂ ਨੂੰ ਨੇੜੇ ਤੋਂ ਵੇਖਿਆ ਸੀ। ਉਹਨਾਂ ਦੇ ਭਾਸ਼ਣ ਸੁਣੇ ਸਨ, ਕੇਡਰ ਕੈਂਪਾਂ ਵਿੱਚ ਬੈਠੇ ਸਨ, ਵਿਚਾਰਾਂ ਨੂੰ ਸਿਰਫ਼ ਪੜ੍ਹਿਆ ਨਹੀਂ-ਜੀਆ ਸੀ, ਪਰ ਹੈਰਾਨੀ ਦੀ ਗੱਲ ਇਹ ਸੀ ਕਿ ਉਹ ਆਪਣੇ ਗਿਆਨ ਦਾ ਕਦੇ ਪ੍ਰਦਰਸ਼ਨ ਨਹੀਂ ਕਰਦੇ ਸਨ। ਉਹ ਕਦੇ ਇਹ ਅਹਿਸਾਸ ਨਹੀਂ ਹੋਣ ਦਿੰਦੇ ਸਨ ਕਿ ਉਹ ਤੁਹਾਡੇ ਨਾਲੋਂ ਵੱਧ ਜਾਣਦੇ ਹਨ। ਉਹ ਸਿਰਫ਼ ਗੱਲ ਕਰਦੇ ਸਨ ਤੇ ਗੱਲਾਂ-ਗੱਲਾਂ ਵਿੱਚ ਤੁਹਾਡੇ ਅੰਦਰ ਕੋਈ ਨਵਾਂ ਦਰਵਾਜ਼ਾ ਖੁੱਲ੍ਹ ਜਾਂਦਾ ਸੀ।

ਇੱਕ ਸ਼ਾਮ ਉਹਨਾਂ ਨੇ ਮੈਨੂੰ ਕਿਹਾ-

'ਪਰਮਜੀਤ, ਪਰਦੇਸ ਵਿੱਚ ਸਭ ਤੋਂ ਵੱਡੀ ਪੂੰਜੀ ਪੈਸਾ ਨਹੀਂ, ਬੰਦਾ ਹੁੰਦਾ ਹੈ। ਬੰਦਾ ਟੁੱਟ ਗਿਆ ਤਾਂ ਸਭ ਕੁਝ ਟੁੱਟ ਗਿਆ।'

ਇਹ ਵਾਕ ਅੱਜ ਵੀ ਮੇਰੇ ਅੰਦਰ ਗੂੰਜਦਾ ਹੈ।

ਫਿਰ ਇੱਕ ਦਿਨ ਉਹਨਾਂ ਨੇ ਦੂਜੀ ਗੱਲ ਕਹੀ, ਜਿਸ ਨੂੰ ਮੈਂ ਆਪਣੀ ਜ਼ਿੰਦਗੀ ਦਾ ਅਸੂਲ ਬਣਾ ਲਿਆ।

ਉਹ ਕਹਿੰਦੇ-

'ਯਾਦ ਰੱਖੀਂ, ਮਜ਼ਦੂਰ ਹਮੇਸ਼ਾ ਮਜ਼ਦੂਰ ਦਾ ਭਰਾ ਹੁੰਦਾ ਹੈ। ਮਾਲਕ ਬਦਲ ਜਾਂਦੇ ਹਨ, ਫੈਕਟਰੀਆਂ ਬਦਲ ਜਾਂਦੀਆਂ ਹਨ, ਪਰ ਮਜ਼ਦੂਰ ਦੀ ਰੋਟੀ ਦਾ ਦੁੱਖ ਨਹੀਂ ਬਦਲਦਾ। ਕਦੇ ਆਪਣੇ ਸਾਥੀ ਦੀ ਚੁਗਲੀ ਨਾ ਕਰੀਂ। ਜੇ ਉਹ ਗਲਤ ਵੀ ਹੋਵੇ, ਪਹਿਲਾਂ ਉਸ ਦਾ ਹੱਥ ਫੜੀਂ, ਪਿੱਠ ਵਿੱਚ ਛੁਰਾ ਨਾ ਮਾਰੀਂ।'

ਇਹ ਕੋਈ ਕਿਤਾਬ ਦਾ ਵਾਕ ਨਹੀਂ ਸੀ।

ਇਹ ਇੱਕ ਐਸੇ ਬੰਦੇ ਦੀ ਜ਼ਿੰਦਗੀ ਦਾ ਨਿਚੋੜ ਸੀ, ਜਿਸ ਨੇ ਹਜ਼ਾਰਾਂ ਮਜ਼ਦੂਰਾਂ ਨੂੰ ਕੰਮ ਕਰਦੇ, ਟੁੱਟਦੇ, ਫਿਰ ਖੜ੍ਹਦੇ ਵੇਖਿਆ ਸੀ।

ਮੈਂ ਮੰਨਦਾ ਹਾਂ, ਇਸ ਅਸੂਲ ਦੀ ਕੀਮਤ ਮੈਂ ਵੀ ਚੁਕਾਈ। ਕਈ ਵਾਰ ਮੇਰੇ ਉੱਤੇ ਝੂਠੀਆਂ ਗੱਲਾਂ ਹੋਈਆਂ, ਕਈ ਵਾਰ ਕੰਮ ਵੀ ਹੱਥੋਂ ਗਿਆ, ਪਰ ਮੈਂ ਕਦੇ ਆਪਣੇ ਸਾਥੀ ਮਜ਼ਦੂਰ ਦੀ ਚੁਗਲੀ ਨਹੀਂ ਕੀਤੀ। ਅੱਜ ਜਦੋਂ ਪਿੱਛੇ ਮੁੜ ਕੇ ਵੇਖਦਾ ਹਾਂ ਤਾਂ ਸਮਝ ਆਉਂਦੀ ਹੈ ਕਿ ਇਹ ਮੇਰੀ ਆਪਣੀ ਸਿੱਖ ਨਹੀਂ ਸੀ। ਇਹ ਕਾਮਰੇਡ ਧਰਮਪਾਲ ਦੁਸਾਂਝ ਦੀ ਅਮਾਨਤ ਸੀ, ਜਿਸ ਨੂੰ ਮੈਂ ਅੱਜ ਤੱਕ ਆਪਣੇ ਲੜ ਬੰਨ੍ਹ ਕੇ ਰੱਖਿਆ ਹੋਇਆ ਹੈ।

ਚਾਚਾ ਜੀ ਦੀ ਇੱਕ ਹੋਰ ਖ਼ੂਬੀ ਸੀ-ਉਹ ਬੰਦੇ ਨੂੰ ਉਸ ਦੀ ਔਕਾਤ ਨਾਲ ਨਹੀਂ, ਉਸ ਦੀ ਲੋੜ ਨਾਲ ਵੇਖਦੇ ਸਨ।

ਕਿਸੇ ਕੋਲ ਕਾਗਜ਼ ਨਹੀਂ? ਆ ਜਾ।

ਕਿਸੇ ਕੋਲ ਕੰਮ ਨਹੀਂ? ਆ ਜਾ।

ਕਿਸੇ ਕੋਲ ਰਹਿਣ ਦੀ ਥਾਂ ਨਹੀਂ? ਆ ਜਾ।

ਕਿਸੇ ਦਾ ਹੌਸਲਾ ਟੁੱਟ ਗਿਆ? ਪਹਿਲਾਂ ਰੋਟੀ ਖਾ, ਫਿਰ ਗੱਲ ਕਰਾਂਗੇ।

ਇਸ ਲਈ ਉਹਨਾਂ ਦਾ ਘਰ ਸਿਰਫ਼ ਇੱਟਾਂ-ਪੱਥਰਾਂ ਦਾ ਮਕਾਨ ਨਹੀਂ ਸੀ। ਉਹ ਪਰਦੇਸ ਵਿੱਚ ਭਟਕਦੇ ਪੰਜਾਬੀਆਂ ਲਈ ਇੱਕ ਹੌਸਲੇ ਦਾ ਪਤਾ ਸੀ।

ਮੈਨੂੰ ਅੱਜ ਵੀ ਲੱਗਦਾ ਹੈ ਕਿ ਜੇ ਇਟਲੀ ਵਿੱਚ ਪੰਜਾਬੀ ਪਰਵਾਸ ਦੀ ਕਹਾਣੀ ਕਦੇ ਸੱਚੇ ਰੂਪ ਵਿੱਚ ਲਿਖੀ ਗਈ ਤਾਂ ਉਸ ਵਿੱਚ ਕੁਝ ਘਰਾਂ ਦੇ ਨਾਂਅ ਸੁਨਹਿਰੀ ਅੱਖਰਾਂ ਵਿੱਚ ਲਿਖੇ ਜਾਣਗੇ। ਕਾਮਰੇਡ ਧਰਮਪਾਲ ਦੁਸਾਂਝ ਦਾ ਘਰ ਉਹਨਾਂ ਵਿੱਚੋਂ ਇੱਕ ਹੋਵੇਗਾ।

ਕਿਉਂਕਿ ਕੁਝ ਲੋਕ ਸਿਰਫ਼ ਆਪਣਾ ਘਰ ਨਹੀਂ ਵਸਾਉਂਦੇ।

ਉਹ ਦੂਜਿਆਂ ਦੀਆਂ ਜ਼ਿੰਦਗੀਆਂ ਵੀ ਵਸਾ ਜਾਂਦੇ ਹਨ।

ਕਿਸੇ ਮਨੁੱਖ ਦੀ ਅਸਲੀ ਉਚਾਈ ਉਸ ਦੀ ਜੇਬ ਨਹੀਂ ਦੱਸਦੀ, ਉਸ ਦੇ ਘਰ ਦਾ ਦਰਵਾਜ਼ਾ ਦੱਸਦਾ ਹੈ।

ਪਰਦੇਸ ਵਿੱਚ ਮੈਂ ਬਹੁਤ ਲੋਕਾਂ ਨੂੰ ਆਪਣੇ ਘਰਾਂ ਦੇ ਦਰਵਾਜ਼ੇ ਬੰਦ ਕਰਦੇ ਵੇਖਿਆ। ਬਾਹਰ ਦੀ ਦੁਨੀਆ ਤੋਂ ਬਚਣ ਲਈ, ਆਪਣੇ ਸੁੱਖਾਂ ਦੀ ਰਾਖੀ ਲਈ, ਪਰ ਕਾਮਰੇਡ ਧਰਮਪਾਲ ਦੁਸਾਂਝ ਦਾ ਘਰ ਇਸ ਨਿਯਮ ਦਾ ਅਪਵਾਦ ਸੀ। ਉਹ ਘਰ ਬਾਹਰੋਂ ਭਾਵੇਂ ਇਟਲੀ ਦੀਆਂ ਪਹਾੜੀਆਂ ਉੱਤੇ ਸੀ, ਪਰ ਅੰਦਰੋਂ ਉਹ ਅਜੇ ਵੀ ਦੁਸਾਂਝ ਕਲਾਂ ਦੀ ਮਿੱਟੀ ਨਾਲ ਲਿੱਪਿਆ ਹੋਇਆ ਸੀ।

ਉਸ ਘਰ ਵਿੱਚ ਮਹਿਮਾਨ ਆਉਂਦੇ ਨਹੀਂ ਸਨ, ਵੱਸਦੇ ਸਨ।

ਕੋਈ ਦੋ ਮਹੀਨੇ। ਕੋਈ ਤਿੰਨ। ਕੋਈ ਅੱਧਾ ਸਾਲ। ਕੋਈ ਕੰਮ ਮਿਲਣ ਤੱਕ। ਕੋਈ ਕਾਗਜ਼ ਬਣਨ ਤੱਕ। ਕੋਈ ਆਪਣੇ ਪੈਰਾਂ 'ਤੇ ਖੜ੍ਹਾ ਹੋਣ ਤੱਕ।

ਕਿਸੇ ਨੇ ਕਦੇ ਇਹ ਨਹੀਂ ਸੁਣਿਆ ਕਿ, 'ਹੁਣ ਕਿੰਨੇ ਦਿਨ ਹੋ ਗਏ ਨੇ?' ਜਾਂ 'ਹੁਣ ਆਪਣਾ ਇੰਤਜ਼ਾਮ ਕਰ।'

ਉੱਥੇ ਸਮੇਂ ਦੀ ਮਿਆਦ ਨਹੀਂ ਪੁੱਛੀ ਜਾਂਦੀ ਸੀ, ਸਿਰਫ਼ ਇਹ ਪੁੱਛਿਆ ਜਾਂਦਾ ਸੀ-

'ਪੁੱਤ, ਰੋਟੀ ਖਾ ਲਈ?'

ਇਹ ਇੱਕ ਸਵਾਲ ਨਹੀਂ ਸੀ। ਇਹ ਇੱਕ ਫ਼ਲਸਫ਼ਾ ਸੀ।

ਮੈਂ ਕਈ ਵਾਰ ਸੋਚਦਾ ਹਾਂ ਕਿ ਇੱਕ ਘਰ ਕਿੰਨੇ ਬੰਦਿਆਂ ਦਾ ਬੋਝ ਚੁੱਕ ਸਕਦਾ ਹੈ? ਦੋ? ਚਾਰ? ਦਸ?

ਪਰ ਕਾਮਰੇਡ ਧਰਮਪਾਲ ਦੁਸਾਂਝ ਦਾ ਘਰ ਤਾਂ ਜਿਵੇਂ ਬੋਝ ਨਹੀਂ, ਭਰੋਸਾ ਚੁੱਕਦਾ ਸੀ।

ਸਾਲਾਂ ਤੱਕ ਰਿਸ਼ਤੇਦਾਰ, ਪਿੰਡ ਦੇ ਮੁੰਡੇ, ਜਾਣ-ਪਛਾਣ ਵਾਲੇ, ਉਹਨਾਂ ਦੇ ਜਾਣੂਆਂ ਦੇ ਜਾਣੂ... ਆਉਂਦੇ ਗਏ, ਟਿਕਦੇ ਗਏ, ਕੰਮਾਂ 'ਤੇ ਲੱਗਦੇ ਗਏ, ਆਪਣੇ ਘਰ ਵਸਾਉਂਦੇ ਗਏ।

ਪਿੱਛੇ ਮੁੜ ਕੇ ਵੇਖਦਾ ਹਾਂ ਤਾਂ ਲੱਗਦਾ ਹੈ, ਉਹ ਘਰ ਇੱਕ ਮਕਾਨ ਨਹੀਂ ਸੀ, ਇੱਕ ਪੁਲ ਸੀ-ਪੰਜਾਬ ਤੋਂ ਇਟਲੀ ਤੱਕ ਦਾ ਪੁਲ।

ਪਰ ਉਸ ਪੁਲ ਦੇ ਦੋ ਥੰਮ੍ਹੇ ਸਨ।

ਇੱਕ ਕਾਮਰੇਡ ਧਰਮਪਾਲ ਦੁਸਾਂਝ।

ਦੂਜੇ ਚਾਚੀ ਜੀ।

ਸੱਚ ਤਾਂ ਇਹ ਹੈ ਕਿ ਚਾਚਾ ਜੀ ਦੀ ਮਨੁੱਖਤਾ ਦਾ ਜਿੰਨਾ ਹਿੱਸਾ ਦੁਨੀਆ ਨੇ ਵੇਖਿਆ, ਉਸ ਦਾ ਅੱਧਾ ਹਿੱਸਾ ਚਾਚੀ ਜੀ ਦੀ ਖਾਮੋਸ਼ ਕੁਰਬਾਨੀ ਵਿੱਚ ਲੁਕਿਆ ਹੋਇਆ ਸੀ।

ਕਿਸੇ ਵੀ ਵੱਡੇ ਇਨਸਾਨ ਦੇ ਪਿੱਛੇ ਅਕਸਰ ਇੱਕ ਐਸਾ ਮਨ ਹੁੰਦਾ ਹੈ, ਜੋ ਰੌਸ਼ਨੀ ਤੋਂ ਦੂਰ ਰਹਿੰਦਾ ਹੈ।

ਚਾਚੀ ਜੀ ਉਹੀ ਰੌਸ਼ਨੀ ਸਨ।

ਮੈਂ ਉਹਨਾਂ ਨੂੰ ਕਦੇ ਥੱਕੇ ਹੋਏ ਚਿਹਰੇ ਨਾਲ ਨਹੀਂ ਵੇਖਿਆ।

ਘਰ ਵਿੱਚ ਚਾਰ ਬੰਦੇ ਹੋਣ ਜਾਂ ਚੌਦਾਂ, ਉਹਨਾਂ ਦੇ ਚਿਹਰੇ ਉੱਤੇ ਉਹੀ ਸਹਿਜ ਮੁਸਕਾਨ ਰਹਿੰਦੀ ਸੀ।

ਰਸੋਈ ਉਹਨਾਂ ਲਈ ਕੰਮ ਨਹੀਂ ਸੀ, ਸੇਵਾ ਸੀ।

ਅੱਜ ਦੇ ਸਮੇਂ ਵਿੱਚ ਕੋਈ ਮਹਿਮਾਨ ਦੋ ਦਿਨ ਰਹਿ ਜਾਵੇ ਤਾਂ ਘਰ ਵਾਲਿਆਂ ਦੇ ਚਿਹਰਿਆਂ ਦਾ ਰੰਗ ਬਦਲਣਾ ਸ਼ੁਰੂ ਹੋ ਜਾਂਦਾ ਹੈ, ਪਰ ਉਸ ਘਰ ਵਿੱਚ ਮਹੀਨੇ ਲੰਘ ਜਾਂਦੇ ਸਨ ਤੇ ਮਹਿਮਾਨ ਨੂੰ ਇਹ ਅਹਿਸਾਸ ਤੱਕ ਨਹੀਂ ਹੋਣ ਦਿੱਤਾ ਜਾਂਦਾ ਸੀ ਕਿ ਉਹ ਕਿਸੇ ਉੱਤੇ ਭਾਰ ਹੈ।

ਮੈਂ ਅੱਜ ਵੀ ਉਸ ਘਰ ਦੀ ਇੱਕ ਤਸਵੀਰ ਆਪਣੇ ਮਨ ਵਿੱਚ ਸੰਭਾਲ ਕੇ ਰੱਖੀ ਹੋਈ ਹੈ।

ਚਾਚੀ ਜੀ ਤਵੇ ਕੋਲ ਖੜ੍ਹੇ ਹਨ।

ਰੋਟੀਆਂ ਲਹਿ ਰਹੀਆਂ ਹਨ।

ਕੋਈ ਰਸੋਈ ਵਿੱਚ ਦਾਖ਼ਲ ਹੋਇਆ।

ਚਾਚੀ ਜੀ ਨੇ ਸਿਰਫ਼ ਇੱਕ ਗੱਲ ਪੁੱਛੀ-

'ਗਰਮ ਖਾਵੇਂਗਾ ਜਾਂ ਪਹਿਲਾਂ ਚਾਹ ਪੀਣੀ ਐ?'

ਬਸ।

ਨਾ ਕੋਈ ਔਪਚਾਰਿਕਤਾ।

ਨਾ ਕੋਈ ਬਣਾਵਟ।

ਇਹੀ ਤਾਂ ਪੰਜਾਬ ਸੀ।

ਇਹੀ ਤਾਂ ਉਹ ਸੱਭਿਆਚਾਰ ਸੀ, ਜਿਸ ਨੂੰ ਲੋਕ ਹਜ਼ਾਰਾਂ ਮੀਲ ਦੂਰ ਪਰਦੇਸ ਵਿੱਚ ਵੀ ਆਪਣੇ ਚੁੱਲ੍ਹੇ ਦੀ ਅੱਗ ਨਾਲ ਜਿਉਂਦਾ ਰੱਖਦੇ ਹਨ।

ਚਾਚਾ ਜੀ ਦੇ ਦੋ ਪੁੱਤਰ, ਇੱਕ ਧੀ-ਤਿੰਨੇ ਹੀ ਸਿਆਣੇ, ਮਿਹਨਤੀ ਅਤੇ ਸੰਸਕਾਰੀ।

ਉਹਨਾਂ ਨੂੰ ਵੇਖ ਕੇ ਕਈ ਵਾਰ ਲੱਗਦਾ ਸੀ ਕਿ ਬੱਚੇ ਸਿਰਫ਼ ਸਕੂਲਾਂ ਵਿੱਚ ਨਹੀਂ ਪਲਦੇ, ਉਹ ਘਰਾਂ ਦੇ ਮਾਹੌਲ ਵਿੱਚ ਵੀ ਘੜੇ ਜਾਂਦੇ ਹਨ।

ਜਿਸ ਘਰ ਵਿੱਚ ਹਰ ਰੋਜ਼ ਕਿਸੇ ਅਣਜਾਣ ਨੂੰ ਆਪਣਾ ਬਣਾਉਣ ਦੀ ਰੀਤ ਹੋਵੇ, ਉੱਥੇ ਬੱਚੇ ਸੁਆਰਥ ਨਹੀਂ ਸਿੱਖਦੇ, ਸਾਂਝ ਸਿੱਖਦੇ ਹਨ।

ਇਹ ਪਰਵਾਰ ਦੀ ਸਭ ਤੋਂ ਵੱਡੀ ਪੂੰਜੀ ਸੀ।

ਇੱਕ ਗੱਲ ਮੈਂ ਬਹੁਤ ਨੇੜੇ ਤੋਂ ਵੇਖੀ।

ਚਾਚਾ ਜੀ ਦੀ ਗੱਲ ਘਰ ਵਿੱਚ ਹੁਕਮ ਵਾਂਗ ਨਹੀਂ, ਭਰੋਸੇ ਵਾਂਗ ਮੰਨੀ ਜਾਂਦੀ ਸੀ।

ਕਿਉਂਕਿ ਉਹਨਾਂ ਨੇ ਕਦੇ ਆਪਣੇ ਲਈ ਨਹੀਂ ਸੋਚਿਆ।

ਜਿਸ ਮਨੁੱਖ ਨੇ ਆਪਣੀ ਪੂਰੀ ਜ਼ਿੰਦਗੀ ਦੂਜਿਆਂ ਨੂੰ ਖੜ੍ਹਾ ਕਰਨ ਵਿੱਚ ਲਾ ਦਿੱਤੀ ਹੋਵੇ, ਉਸ ਉੱਤੇ ਪਰਵਾਰ ਵੀ ਅੱਖਾਂ ਮੀਟ ਕੇ ਭਰੋਸਾ ਕਰਦਾ ਹੈ।

ਇਹੀ ਕਾਰਨ ਹੈ ਕਿ ਅੱਜ ਉਹਨਾਂ ਦਾ ਪਰਵਾਰ ਇਟਲੀ ਵਿੱਚ ਆਪਣੇ ਪੈਰਾਂ ਉੱਤੇ ਮਜ਼ਬੂਤੀ ਨਾਲ ਖੜ੍ਹਾ ਹੈ।

ਇਹ ਸਿਰਫ਼ ਆਰਥਿਕ ਸਫ਼ਲਤਾ ਦੀ ਕਹਾਣੀ ਨਹੀਂ।

ਇਹ ਇਕੱਠੇ ਰਹਿਣ ਦੀ ਸਿਆਣਪ ਦੀ ਕਹਾਣੀ ਹੈ।

ਮੈਂ ਅਕਸਰ ਸੋਚਦਾ ਹਾਂ-

ਦੁਨੀਆ ਵਿੱਚ ਦੌਲਤ ਕਮਾਉਣ ਵਾਲੇ ਲੋਕ ਬਹੁਤ ਹੋਏ ਹਨ।

ਪਰ ਦਿਲ ਕਮਾਉਣ ਵਾਲੇ?

ਉਹ ਬਹੁਤ ਘੱਟ ਹੁੰਦੇ ਹਨ।

ਅਤੇ ਕਾਮਰੇਡ ਧਰਮਪਾਲ ਦੁਸਾਂਝ ਉਹਨਾਂ ਚੋਣਵੇਂ ਮਨੁੱਖਾਂ ਵਿੱਚੋਂ ਇੱਕ ਹਨ, ਜਿਨ੍ਹਾਂ ਨੇ ਇਟਲੀ ਵਿੱਚ ਸਿਰਫ਼ ਘਰ ਨਹੀਂ ਬਣਾਇਆ-

ਉਹਨਾਂ ਨੇ ਲੋਕਾਂ ਦੇ ਦਿਲਾਂ ਵਿੱਚ ਆਪਣਾ ਪੱਕਾ ਪਤਾ ਬਣਾਇਆ।

ਕੁਝ ਲੋਕ ਪਰਦੇਸ ਜਾ ਕੇ ਆਪਣਾ ਪਿੰਡ ਭੁੱਲ ਜਾਂਦੇ ਹਨ।

ਕੁਝ ਲੋਕ ਪਿੰਡ ਨੂੰ ਸਿਰਫ਼ ਯਾਦਾਂ ਵਿੱਚ ਰੱਖਦੇ ਹਨ।

ਪਰ ਕੁਝ ਵਿਰਲੇ ਮਨੁੱਖ ਅਜਿਹੇ ਵੀ ਹੁੰਦੇ ਹਨ, ਜੋ ਪਿੰਡ ਨੂੰ ਆਪਣੇ ਨਾਲ ਹੀ ਪਰਦੇਸ ਲੈ ਜਾਂਦੇ ਹਨ।

ਕਾਮਰੇਡ ਧਰਮਪਾਲ ਦੁਸਾਂਝ ਉਹਨਾਂ ਵਿਰਲੇ ਮਨੁੱਖਾਂ ਵਿੱਚੋਂ ਇੱਕ ਹਨ।

ਇਟਲੀ ਵਿੱਚ ਰਹਿੰਦੇ-ਰਹਿੰਦੇ ਉਹਨਾਂ ਦੇ ਪੈਰ ਭਾਵੇਂ ਯੂਰਪ ਦੀ ਧਰਤੀ ਉੱਤੇ ਪੱਕੇ ਹੋ ਗਏ, ਪਰ ਉਹਨਾਂ ਦੀਆਂ ਜੜ੍ਹਾਂ ਅੱਜ ਵੀ ਦੁਸਾਂਝ ਕਲਾਂ ਦੀ ਮਿੱਟੀ ਵਿੱਚ ਹੀ ਧੜਕਦੀਆਂ ਹਨ। ਮੈਂ ਕਈ ਲੋਕ ਵੇਖੇ ਹਨ, ਜੋ ਆਪਣੇ ਪਿੰਡ ਦਾ ਨਾਂਅ ਮਾਣ ਨਾਲ ਲੈਂਦੇ ਹਨ, ਪਰ ਚਾਚਾ ਜੀ ਤਾਂ ਪਿੰਡ ਨੂੰ ਜੀਉਂਦੇ ਸਨ। ਉਹਨਾਂ ਦੀ ਹਰ ਗੱਲ ਦੇ ਵਿਚਕਾਰੋਂ ਦੁਸਾਂਝ ਕਲਾਂ ਝਾਤੀ ਮਾਰਦਾ ਸੀ।

ਉਹਨਾਂ ਕੋਲ ਬੈਠੋ ਤਾਂ ਲੱਗਦਾ ਸੀ ਜਿਵੇਂ ਪਿੰਡ ਦਾ ਇਤਿਹਾਸ ਕਿਸੇ ਕਿਤਾਬ ਵਿੱਚ ਨਹੀਂ, ਉਹਨਾਂ ਦੀ ਯਾਦ ਵਿੱਚ ਲਿਖਿਆ ਹੋਇਆ ਹੈ।

ਕਿਸ ਖੇਤ ਦੀ ਵੱਟ ਕਿੱਥੇ ਸੀ...

ਕਿਹੜੇ ਘਰ ਦੀ ਕੀ ਕਹਾਣੀ ਸੀ...

ਕਮਿਊਨਿਸਟ ਲਹਿਰ ਕਿਵੇਂ ਉੱਠੀ...



ਦਲਿਤ ਚੇਤਨਾ ਨੇ ਕਿਵੇਂ ਸਿਰ ਚੁੱਕਿਆ...

ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਦੁਆਰੇ ਦੀ ਉਸਾਰੀ ਵਿੱਚ ਕਿਹੜੇ ਲੋਕਾਂ ਨੇ ਕਿਹੜੀਆਂ ਕੁਰਬਾਨੀਆਂ ਦਿੱਤੀਆਂ...

ਉਹ ਇਤਿਹਾਸ ਸੁਣਾਉਂਦੇ ਨਹੀਂ ਸਨ, ਜਿਉਂਦੇ ਸਨ।

ਮੈਂ ਕਈ ਵਾਰ ਸੋਚਦਾ ਸੀ-ਜੇ ਇਹ ਬੰਦਾ ਲਿਖਣ ਬੈਠ ਜਾਂਦਾ ਤਾਂ ਦੁਸਾਂਝ ਕਲਾਂ ਦਾ ਅੱਧਾ ਇਤਿਹਾਸ ਨਵੀਆਂ ਪੀੜ੍ਹੀਆਂ ਲਈ ਬਚ ਜਾਂਦਾ।

ਪਰ ਹਰ ਮਨੁੱਖ ਦੀ ਆਪਣੀ ਲਿਖਤ ਹੁੰਦੀ ਹੈ।

ਕਿਸੇ ਦੀ ਸਿਆਹੀ ਕਾਗਜ਼ ਉੱਤੇ ਉਤਰਦੀ ਹੈ, ਕਿਸੇ ਦੀ ਮਨੁੱਖਾਂ ਦੇ ਦਿਲਾਂ ਉੱਤੇ।

ਚਾਚਾ ਜੀ ਨੇ ਆਪਣੀ ਲਿਖਤ ਮਨੁੱਖਾਂ ਦੇ ਦਿਲਾਂ ਉੱਤੇ ਲਿਖੀ।

ਉਹਨਾਂ ਦੇ ਜੀਵਨ ਦੀ ਇੱਕ ਹੋਰ ਵੱਡੀ ਖ਼ੂਬੀ ਸੀ-ਦੇਣਾ।

ਦੇਣ ਵਾਲਾ ਹੱਥ ਕਦੇ ਹਿਸਾਬ ਨਹੀਂ ਰੱਖਦਾ।

ਪਿੰਡ ਵਿੱਚ ਜਦੋਂ ਵੀ ਕਿਸੇ ਭਲਾਈ ਦੇ ਕੰਮ ਦੀ ਗੱਲ ਹੋਈ-ਗੁਰਦੁਆਰੇ ਦੀ, ਖੇਡਾਂ ਦੀ, ਸਮਾਜਿਕ ਕਾਰਜਾਂ ਦੀ, ਕਿਸੇ ਲੋੜਵੰਦ ਦੀ ਮਦਦ ਦੀ-ਉਹਨਾਂ ਦਾ ਪਰਵਾਰ ਹਮੇਸ਼ਾ ਅੱਗੇ ਖੜ੍ਹਾ ਦਿਖਿਆ। ਇਹ ਸਿਰਫ਼ ਪੈਸੇ ਦੇਣ ਦੀ ਗੱਲ ਨਹੀਂ ਸੀ; ਇਹ ਆਪਣੇ ਪਿੰਡ ਨਾਲ ਨਿਭਾਈ ਹੋਈ ਵਫ਼ਾਦਾਰੀ ਸੀ।

ਮੈਂ ਉਹਨਾਂ ਨੂੰ ਕਦੇ ਇਹ ਕਹਿੰਦੇ ਨਹੀਂ ਸੁਣਿਆ ਕਿ 'ਮੈਂ ਕੀਤਾ।'

ਉਹਨਾਂ ਦੀ ਫ਼ਿਤਰਤ ਹੀ ਐਸੀ ਸੀ ਕਿ ਜੋ ਕੀਤਾ, ਚੁੱਪਚਾਪ ਕੀਤਾ।

ਸ਼ਾਇਦ ਇਸੇ ਲਈ ਉਹਨਾਂ ਦੀਆਂ ਨੇਕੀਆਂ ਦਾ ਸ਼ੋਰ ਨਹੀਂ ਸੁਣਾਈ ਦਿੰਦਾ, ਪਰ ਉਹਨਾਂ ਦੀ ਛਾਂ ਬਹੁਤ ਦੂਰ ਤੱਕ ਜਾਂਦੀ ਹੈ।

ਹਰ ਸਾਲ ਜਦੋਂ ਉਹ ਆਪਣੇ ਪਰਵਾਰ ਸਮੇਤ ਪੰਜਾਬ ਆਉਂਦੇ ਹਨ, ਤਾਂ ਇਹ ਸਿਰਫ਼ ਇੱਕ ਯਾਤਰਾ ਨਹੀਂ ਹੁੰਦੀ। ਇਹ ਜਿਵੇਂ ਆਪਣੀਆਂ ਜੜ੍ਹਾਂ ਕੋਲ ਮੁੜ ਆਉਣ ਦਾ ਤਿਉਹਾਰ ਹੁੰਦਾ ਹੈ।

ਮੈਂ ਉਹਨਾਂ ਦੇ ਬੱਚਿਆਂ ਨੂੰ ਵੀ ਵੇਖਿਆ ਹੈ।

ਉਹਨਾਂ ਦੀ ਬੋਲੀ ਵਿੱਚ ਪਰਦੇਸ ਹੈ, ਪਰ ਸੰਸਕਾਰਾਂ ਵਿੱਚ ਪੰਜਾਬ।

ਇਹ ਆਪਣੇ ਆਪ ਨਹੀਂ ਹੁੰਦਾ।

ਇਸ ਦੇ ਪਿੱਛੇ ਸਾਲਾਂ ਦੀ ਪਰਵਰਿਸ਼ ਹੁੰਦੀ ਹੈ।

ਇੱਕ ਐਸਾ ਘਰ ਹੁੰਦਾ ਹੈ, ਜਿੱਥੇ ਬੱਚਿਆਂ ਨੂੰ ਸਿਰਫ਼ ਕਾਮਯਾਬ ਹੋਣਾ ਨਹੀਂ, ਇਨਸਾਨ ਬਣਨਾ ਵੀ ਸਿਖਾਇਆ ਜਾਂਦਾ ਹੈ।

ਅੱਜ ਉਹਨਾਂ ਦੇ ਪੁੱਤਰ, ਧੀ ਅਤੇ ਉਹਨਾਂ ਦੇ ਪਰਵਾਰ ਆਪਣੀ-ਆਪਣੀ ਜ਼ਿੰਦਗੀ ਵਿੱਚ ਖ਼ੁਸ਼ਹਾਲ ਹਨ। ਉਹਨਾਂ ਦੀ ਕਾਮਯਾਬੀ ਵੇਖ ਕੇ ਮੈਨੂੰ ਕਦੇ ਹੈਰਾਨੀ ਨਹੀਂ ਹੋਈ।

ਕਿਉਂਕਿ ਜਿਸ ਰੁੱਖ ਦੀਆਂ ਜੜ੍ਹਾਂ ਇੰਨੀਆਂ ਡੂੰਘੀਆਂ ਹੋਣ, ਉਸ ਦੀਆਂ ਟਾਹਣੀਆਂ ਹਰੀਆਂ ਹੀ ਹੁੰਦੀਆਂ ਹਨ।

ਅੱਜ ਜਦੋਂ ਮੈਂ ਆਪਣੀ ਜ਼ਿੰਦਗੀ ਦੇ ਵੀਹ ਸਾਲਾਂ ਦੇ ਇਟਲੀ ਵਾਲੇ ਸਫ਼ਰ ਨੂੰ ਪਿੱਛੇ ਮੁੜ ਕੇ ਵੇਖਦਾ ਹਾਂ, ਤਾਂ ਬਹੁਤ ਸਾਰੇ ਚਿਹਰੇ ਧੁੰਦਲੇ ਪੈ ਜਾਂਦੇ ਹਨ।

ਪਰ ਕੁਝ ਚਿਹਰੇ ਹਨ, ਜੋ ਸਮੇਂ ਦੀ ਧੂੜ ਨਾਲ ਵੀ ਮੱਧਮ ਨਹੀਂ ਪੈਂਦੇ।

ਕਾਮਰੇਡ ਧਰਮਪਾਲ ਦੁਸਾਂਝ ਉਹਨਾਂ ਵਿੱਚੋਂ ਇੱਕ ਹਨ।

ਉਹ ਮੇਰੇ ਲਈ ਸਿਰਫ਼ ਚਾਚਾ ਜੀ ਨਹੀਂ।

ਉਹ ਉਸ ਪਹਿਲੀ ਪੀੜ੍ਹੀ ਦੇ ਪ੍ਰਤੀਨਿਧ ਹਨ, ਜਿਸ ਨੇ ਆਪਣੇ ਸੁੱਖਾਂ ਦਾ ਹਿੱਸਾ ਕੱਟ ਕੇ ਪਰਦੇਸ ਆਉਣ ਵਾਲਿਆਂ ਲਈ ਰਾਹ ਬਣਾਇਆ।

ਜਿਸ ਨੇ ਆਪਣੇ ਘਰ ਦੀ ਰਸੋਈ ਨੂੰ ਲੰਗਰ ਬਣਾਇਆ...

ਆਪਣੇ ਘਰ ਨੂੰ ਸਰਾਂ ਬਣਾਇਆ...

ਆਪਣੇ ਤਜਰਬੇ ਨੂੰ ਸਕੂਲ ਬਣਾਇਆ...

ਅਤੇ ਆਪਣੇ ਜੀਵਨ ਨੂੰ ਮਨੁੱਖਤਾ ਦੀ ਖੁੱਲ੍ਹੀ ਕਿਤਾਬ ਬਣਾ ਦਿੱਤਾ।

ਅਜਿਹੇ ਲੋਕ ਤਸਵੀਰਾਂ ਵਿੱਚ ਨਹੀਂ ਰਹਿੰਦੇ।

ਉਹ ਲੋਕਾਂ ਦੀ ਯਾਦ ਵਿੱਚ ਰਹਿੰਦੇ ਹਨ।

ਅਤੇ ਜਦੋਂ ਤੱਕ ਪਰਦੇਸ ਵਿੱਚ ਪੰਜਾਬੀ ਵੱਸਦੇ ਰਹਿਣਗੇ, ਉਦੋਂ ਤੱਕ ਅਜਿਹੇ ਬੂਹਿਆਂ ਦੀਆਂ ਕਹਾਣੀਆਂ ਵੀ ਸੁਣਾਈਆਂ ਜਾਂਦੀਆਂ ਰਹਿਣਗੀਆਂ।

ਕਈ ਵਾਰ ਮੈਂ ਸੋਚਦਾ ਹਾਂ, ਜੇ ਉਸ ਦਸੰਬਰ ਦੀ ਠੰਢ ਵਿੱਚ ਮੇਰੀ ਮੁਲਾਕਾਤ ਕਾਮਰੇਡ ਧਰਮਪਾਲ ਦੁਸਾਂਝ ਨਾਲ ਨਾ ਹੁੰਦੀ, ਤਾਂ ਸ਼ਾਇਦ ਮੇਰੀ ਜ਼ਿੰਦਗੀ ਦਾ ਰਾਹ ਵੀ ਕੁਝ ਹੋਰ ਹੁੰਦਾ।

ਪਰਦੇਸ ਬੰਦੇ ਨੂੰ ਦੋ ਚੀਜ਼ਾਂ ਦਿੰਦਾ ਹੈ-ਰੋਜ਼ੀ ਅਤੇ ਇਕੱਲਾਪਣ। ਰੋਜ਼ੀ ਹਰ ਕੋਈ ਲੱਭ ਲੈਂਦਾ ਹੈ, ਪਰ ਇਕੱਲਾਪਣ ਹਰ ਕੋਈ ਨਹੀਂ ਜਿੱਤ ਸਕਦਾ। ਮੈਨੂੰ ਉਸ ਇਕੱਲਾਪਣ ਤੋਂ ਇੱਕ ਘਰ ਨੇ ਬਚਾਇਆ। ਉਹ ਘਰ, ਜਿੱਥੇ ਮੈਨੂੰ ਕਦੇ ਇਹ ਮਹਿਸੂਸ ਨਹੀਂ ਹੋਣ ਦਿੱਤਾ ਕਿ ਮੈਂ ਮਹਿਮਾਨ ਹਾਂ। ਮੈਂ ਉੱਥੇ ਰਿਹਾ ਨਹੀਂ, ਮੈਂ ਉੱਥੇ ਆਪਣਾ ਹੋ ਕੇ ਰਿਹਾ।

ਮੈਂ ਚਾਚਾ ਜੀ ਨੂੰ ਕਦੇ ਵੱਡੇ-ਵੱਡੇ ਭਾਸ਼ਣ ਦਿੰਦਿਆਂ ਨਹੀਂ ਵੇਖਿਆ। ਉਹਨਾਂ ਦਾ ਜੀਵਨ ਹੀ ਉਹਨਾਂ ਦਾ ਭਾਸ਼ਣ ਸੀ।

ਉਹਨਾਂ ਨੇ ਮੈਨੂੰ ਇੱਕ ਹੋਰ ਗੱਲ ਸਿਖਾਈ-

'ਮਨੁੱਖ ਦੀ ਪਹਿਚਾਣ ਉਸ ਦੀ ਕਮਾਈ ਨਾਲ ਨਹੀਂ, ਉਸ ਦੇ ਕੰਮ ਆਏ ਬੰਦਿਆਂ ਨਾਲ ਹੁੰਦੀ ਹੈ।'

ਇਹ ਵਾਕ ਮੈਂ ਆਪਣੀ ਪੱਤਰਕਾਰੀ ਵਿੱਚ ਵੀ ਸੰਭਾਲ ਕੇ ਰੱਖਿਆ।

ਜਦੋਂ ਮੈਂ ਉਹਨਾਂ ਨੂੰ ਦੱਸਿਆ ਕਿ ਮੈਂ ਅਜੀਤ ਅਖ਼ਬਾਰ ਲਈ ਲਿਖਦਾ ਹਾਂ, ਉਹਨਾਂ ਦੀਆਂ ਅੱਖਾਂ ਵਿੱਚ ਇੱਕ ਵੱਖਰੀ ਚਮਕ ਸੀ। ਉਹ ਹਮੇਸ਼ਾ ਕਹਿੰਦੇ,

'ਲਿਖਦਾ ਰਹਿ ਪਰਮਜੀਤ। ਬੰਦਾ ਮੁੱਕ ਜਾਂਦਾ ਹੈ, ਲਿਖਤ ਨਹੀਂ ਮੁੱਕਦੀ। ਸੱਚ ਲਿਖੀਂ, ਲੋਕਾਂ ਦੇ ਕੰਮ ਦੀ ਲਿਖੀਂ, ਕਿਸੇ ਦੇ ਡਰ ਤੋਂ ਕਲਮ ਨਾ ਝੁਕਾਈਂ।'

ਇਹ ਸ਼ਬਦ ਮੇਰੇ ਲਈ ਕਿਸੇ ਇਨਾਮ ਤੋਂ ਘੱਟ ਨਹੀਂ ਸਨ।

ਜਦੋਂ ਵੀ ਮੇਰੀ ਉਹਨਾਂ ਨਾਲ ਗੱਲ ਹੁੰਦੀ, ਉਹ ਅਖੀਰ ਵਿੱਚ ਇੱਕੋ ਗੱਲ ਕਹਿੰਦੇ-

'ਕਿਸੇ ਵੀ ਵੇਲੇ ਲੋੜ ਪਵੇ, ਬਿਨਾਂ ਝਿਜਕ ਆਵਾਜ਼ ਮਾਰੀਂ। ਅਸੀਂ ਖੜ੍ਹੇ ਹਾਂ।'

ਦੁਨੀਆ ਵਿੱਚ ਬਹੁਤ ਲੋਕ ਇਹ ਗੱਲ ਕਹਿ ਦਿੰਦੇ ਹਨ।

ਪਰ ਕੁਝ ਲੋਕ ਐਸੇ ਹੁੰਦੇ ਹਨ, ਜਿਨ੍ਹਾਂ ਬਾਰੇ ਤੁਹਾਨੂੰ ਪਤਾ ਹੁੰਦਾ ਹੈ ਕਿ ਜੇ ਰਾਤ ਦੇ ਦੋ ਵਜੇ ਵੀ ਫ਼ੋਨ ਕਰ ਦਿੱਤਾ, ਉਹ ਸੱਚਮੁੱਚ ਖੜ੍ਹੇ ਮਿਲਣਗੇ।

ਕਾਮਰੇਡ ਧਰਮਪਾਲ ਦੁਸਾਂਝ ਮੇਰੇ ਲਈ ਉਹਨਾਂ ਚੰਦ ਇਨਸਾਨਾਂ ਵਿੱਚੋਂ ਇੱਕ ਹਨ।

ਅੱਜ ਉਹਨਾਂ ਦੇ ਜਨਮ ਦਿਨ 'ਤੇ ਮੈਂ ਜਦੋਂ ਇਹ ਸਤਰਾਂ ਲਿਖ ਰਿਹਾ ਹਾਂ ਤਾਂ ਮੇਰੇ ਸਾਹਮਣੇ ਕੋਈ ਨੇਤਾ ਨਹੀਂ ਬੈਠਾ, ਕੋਈ ਅਮੀਰ ਆਦਮੀ ਨਹੀਂ ਬੈਠਾ, ਕੋਈ ਵੱਡਾ ਅਹੁਦੇਦਾਰ ਨਹੀਂ ਬੈਠਾ।

ਮੇਰੇ ਸਾਹਮਣੇ ਉਹ ਮਨੁੱਖ ਬੈਠਾ ਹੈ, ਜਿਸ ਨੇ ਆਪਣੀ ਜ਼ਿੰਦਗੀ ਦਾ ਸਭ ਤੋਂ ਸੋਹਣਾ ਹਿੱਸਾ ਦੂਜਿਆਂ ਦੀ ਜ਼ਿੰਦਗੀ ਸੰਵਾਰਨ ਵਿੱਚ ਲਾ ਦਿੱਤਾ।

ਉਸ ਮਨੁੱਖ ਦਾ ਚਿਹਰਾ, ਜਿਸ ਨੇ ਆਪਣੇ ਭਤੀਜਿਆਂ ਨੂੰ, ਭਾਣਜਿਆਂ ਨੂੰ, ਰਿਸ਼ਤੇਦਾਰਾਂ ਨੂੰ, ਪਿੰਡ ਦੇ ਨੌਜਵਾਨਾਂ ਨੂੰ, ਜਾਣ-ਪਛਾਣ ਵਾਲਿਆਂ ਨੂੰ ਸਿਰਫ਼ ਇਟਲੀ ਨਹੀਂ ਸੱਦਿਆ-ਉਹਨਾਂ ਨੂੰ ਜ਼ਿੰਦਗੀ ਦੀ ਪਹਿਲੀ ਪੌੜੀ 'ਤੇ ਖੜ੍ਹਾ ਕੀਤਾ।

ਉਸ ਮਨੁੱਖ ਦਾ ਘਰ, ਜਿੱਥੇ ਰੋਟੀ ਕਦੇ ਗਿਣ ਕੇ ਨਹੀਂ ਪੱਕੀ।

ਉਸ ਘਰ ਦੀ ਰਸੋਈ, ਜਿੱਥੇ ਚਾਚੀ ਜੀ ਦੇ ਹੱਥਾਂ ਦਾ ਸੁਆਦ ਸਿਰਫ਼ ਦਾਲ ਵਿੱਚ ਨਹੀਂ, ਸਗੋਂ ਸੇਵਾ ਵਿੱਚ ਸੀ।

ਉਸ ਪਰਵਾਰ ਦੀ ਏਕਤਾ, ਜਿਸ ਨੇ ਸਾਬਤ ਕੀਤਾ ਕਿ ਜੇ ਘਰ ਦੇ ਵੱਡੇ ਦਾ ਦਿਲ ਵੱਡਾ ਹੋਵੇ ਤਾਂ ਬੱਚੇ ਵੀ ਦੌਲਤ ਨਾਲ ਨਹੀਂ, ਸੰਸਕਾਰਾਂ ਨਾਲ ਅਮੀਰ ਬਣਦੇ ਹਨ।

ਮੈਂ ਨਹੀਂ ਜਾਣਦਾ ਕਿ ਇਤਿਹਾਸ ਦੀਆਂ ਕਿਤਾਬਾਂ ਕਾਮਰੇਡ ਧਰਮਪਾਲ ਦੁਸਾਂਝ ਦਾ ਨਾਮ ਲਿਖਣਗੀਆਂ ਜਾਂ ਨਹੀਂ।

ਪਰ ਮੈਂ ਇਹ ਜ਼ਰੂਰ ਜਾਣਦਾ ਹਾਂ ਕਿ ਜਿਨ੍ਹਾਂ ਸੈਂਕੜੇ ਲੋਕਾਂ ਨੇ ਉਹਨਾਂ ਦੇ ਘਰ ਦੀ ਰੋਟੀ ਖਾਧੀ, ਉਹਨਾਂ ਦੀ ਛੱਤ ਹੇਠਾਂ ਰਾਤ ਕੱਟੀ, ਉਹਨਾਂ ਦੀ ਹਿੰਮਤ ਨਾਲ ਆਪਣੇ ਪੈਰਾਂ 'ਤੇ ਖੜ੍ਹੇ ਹੋਏ, ਉਹਨਾਂ ਸਭ ਦੇ ਦਿਲਾਂ ਵਿੱਚ ਇੱਕ ਅਜਿਹਾ ਸਫ਼ਾ ਹੈ, ਜਿਸ 'ਤੇ ਉਹਨਾਂ ਦਾ ਨਾਂਅ ਕਦੇ ਮਿਟ ਨਹੀਂ ਸਕਦਾ।

ਕਹਿੰਦੇ ਹਨ, ਰੁੱਖ ਆਪਣਾ ਫਲ ਨਹੀਂ ਖਾਂਦਾ।

ਨਦੀ ਆਪਣਾ ਪਾਣੀ ਨਹੀਂ ਪੀਂਦੀ।

ਦੀਵਾ ਆਪਣੇ ਲਈ ਨਹੀਂ ਜਲਦਾ।

ਸ਼ਾਇਦ ਮਹਾਨ ਮਨੁੱਖ ਵੀ ਐਸੇ ਹੀ ਹੁੰਦੇ ਹਨ।

ਉਹ ਆਪਣੀ ਜ਼ਿੰਦਗੀ ਆਪਣੇ ਲਈ ਨਹੀਂ ਜੀਉਂਦੇ।

ਉਹ ਦੂਜਿਆਂ ਦੇ ਰਾਹਾਂ ਵਿੱਚ ਰੌਸ਼ਨੀ ਛੱਡ ਜਾਂਦੇ ਹਨ।

ਚਾਚਾ ਜੀ,

ਤੁਹਾਡੇ ਜਨਮ ਦਿਨ 'ਤੇ ਮੇਰੇ ਕੋਲ ਦੇਣ ਲਈ ਕੋਈ ਤੋਹਫ਼ਾ ਨਹੀਂ।

ਸਿਰਫ਼ ਦਿਲ ਦੀਆਂ ਗਹਿਰਾਈਆਂ ਵਿੱਚੋਂ ਨਿਕਲੀ ਇਹ ਅਰਦਾਸ ਹੈ-

ਤੁਸੀਂ ਤੰਦਰੁਸਤ ਰਹੋ, ਚੜ੍ਹਦੀ ਕਲਾ ਵਿੱਚ ਰਹੋ। ਤੁਹਾਡੇ ਘਰ ਦਾ ਚੁੱਲ੍ਹਾ ਹਮੇਸ਼ਾ ਇੰਝ ਹੀ ਸੇਵਾ ਦੀ ਅੱਗ ਨਾਲ ਤਪਦਾ ਰਹੇ। ਤੁਹਾਡਾ ਪਰਵਾਰ ਇੰਝ ਹੀ ਇਕੱਠਾ, ਖੁਸ਼ਹਾਲ ਅਤੇ ਮਨੁੱਖਤਾ ਦੀ ਰਾਹ 'ਤੇ ਤੁਰਦਾ ਰਹੇ। ਪਰਮਾਤਮਾ ਤੁਹਾਨੂੰ ਲੰਬੀ ਉਮਰ, ਚੰਗੀ ਸਿਹਤ ਅਤੇ ਹੋਰ ਵੀ ਬਹੁਤ ਸਾਰੀਆਂ ਨੇਕੀਆਂ ਕਰਨ ਦੀ ਤਾਕਤ ਬਖ਼ਸ਼ੇ।

ਅਤੇ ਜਦੋਂ ਵੀ ਇਟਲੀ ਵਿੱਚ ਪੰਜਾਬੀ ਪਰਵਾਸ ਦਾ ਇਤਿਹਾਸ ਲਿਖਿਆ ਜਾਵੇਗਾ, ਮੇਰੀ ਕਲਮ ਇਹ ਜ਼ਰੂਰ ਲਿਖੇਗੀ-

'ਕੁਝ ਘਰ ਸਿਰਫ਼ ਘਰ ਨਹੀਂ ਹੁੰਦੇ, ਉਹ ਪੂਰੀਆਂ ਪੀੜ੍ਹੀਆਂ ਦਾ ਆਸਰਾ ਹੁੰਦੇ ਹਨ। ਕਾਮਰੇਡ ਧਰਮਪਾਲ ਦੁਸਾਂਝ ਦਾ ਘਰ ਉਹਨਾਂ ਵਿੱਚੋਂ ਇੱਕ ਸੀ।

ਸੰਪਰਕ : +393381411381